ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free

ਸਾਲ: 1 ਅੰਕ : 12 Phone : 780 465 9118, 403 775 2100 Fax: 780 465 0661, e-mail: info@nawidunia.com ਦਸੰਬਰ-2010



26 ਦਸੰਬਰ - ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ

ਐਡਮਿੰਟਨ ਮੇਅਰ ਪ੍ਰਧਾਨ ਮੰਤਰੀ ਦੇ ਦਰੋਂ ਬੇ-ਆਸ ਪਰਤੇ ਪੰਨਾ-3



ਇਕ ਲੱਖ ਤੋਂ ਬਣਾਏ 400 ਕਰੋੜ ਪੰਨਾ-16



ਮੇਰਾ ਕੰਮ ਚਲਦੇ ਰਹਿਣਾ ਹੈ.. ਡਾ. ਆਤਮਜੀਤ ਪੰਨਾ-29



ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਪੰਨਾ-33



## ਵਿਕੀਲੀਕਸ ਦਾ ਬਾਨੀ ਅਸਾਂਜੇ ਗ੍ਰਿਫਤਾਰ

ਲੰਡਨ (ਨ.ਦ.ਬ) ਆਪਣੀ ਵੈੱਬਸਾਈਟ ਦੇ ਖੁਲਾਸਿਆਂ ਕਾਰਨ ਦੁਨੀਆ ਨੂੰ ਹਿਲਾ ਦੇਣ ਵਾਲੇ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜੇ ਨੂੰ ਬਲਾਤਕਾਰ ਦੇ ਇਕ ਮਾਮਲੇ ਵਿੱਚ ਇਥੋਂ ਗ੍ਰਿਫਤਾਰ ਕਰ ਲਿਆ ਗਿਆ। ਇਕ ਬਰਤਾਨਵੀ ਕੋਰਟ ਨੇ ਜ਼ਮਾਨਤ ਨਾ ਮਨਜ਼ੂਰ ਹੋਣ ਤੋਂ ਬਾਅਦ ਉਨ੍ਹਾਂ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਹੈ। ਵਿਕੀਲੀਕਸ ਨੇ ਅਸਾਂਜੇ ਦੀ ਗ੍ਰਿਫਤਾਰੀ ’ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਇਸ ਨੂੰ ਪ੍ਰੈਸ ਦੀ ਆਜ਼ਾਦੀ ’ਤੇ ਹਮਲਾ ਦੱਸਿਆ ਹੈ। ਵੈਬਸਾਈਟ ਨੇ ਹਾਲ ਹੀ ਵਿੱਚ ਅਮਰੀਕਾ ਦੇ ਕਈ ਗੁਪਤ ਦਸਤਾਵੇਜ਼ਾਂ ਦਾ ਖੁਲਾਸਾ ਕੀਤਾ ਹੈ।



ਆਸਟਰੇਲਿਆਈ ਨਾਗਰਿਕ ਅਸਾਂਜੇ (39) ਨੂੰ ਮੈਟਰੋਪਾਲੀਟਨ ਪੁਲੀਸ ਨੇ ਸਵੀਡਨ ਤੋਂ ਜਾਰੀ ਹੋਏ ਇਕ ਵਾਰੰਟ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਹੈ।

# ਸਿਹਤ ਸੰਭਾਲ ਘੁਟਾਲਾ-ਇਕ ਹੋਰ ਬੋਰਡ ਮੈਂਬਰ ਵਲੋਂ ਅਸਤੀਫਾ

## ਟੋਰੀ ਸਰਕਾਰ ਨੂੰ ਕਸੂਰਵਾਰ ਠਹਿਰਾਇਆ

ਐਲਬਰਟਾ (ਨ.ਦ.ਬ) ਐਲਬਰਟਾ ਸਿਹਤ ਸੇਵਾਵਾਂ ਦਾ ਹਾਲ ਦਿਨ-ਬ-ਦਿਨ ਬਦਤਰ ਹੁੰਦਾ ਜਾ ਰਿਹਾ ਹੈ। ਇਸ ਦੀ ਹਾਲਤ ਉਸ ਰੇਲ ਇੰਜਨ ਵਰਗੀ ਹੋ ਗਈ ਹੈ ਜੋ ਭਾਫ਼ ਤਾਂ ਛੱਡਦਾ ਹੈ ਪਰ ਅੱਗੇ ਨਹੀਂ ਵਧਦਾ ਤੇ ਇਕ ਤੋਂ ਬਾਅਦ ਇਕ ਡੱਬੇ ਇਸ ਨਾਲ ਆ ਕੇ ਟਕਰਾ ਰਹੇ ਹਨ। ਬੀਤੇ ਦਿਨੀਂ ਇਸ ਸੰਕਟ ਵਿੱਚ ਹੋਰ ਵਾਧਾ ਹੋ ਗਿਆ ਜਦੋਂ ਡਾ. ਐਨਡਰੀਅਸ ਲੌਪੇਕਿਸ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਹ ਵਿਭਾਗ ਤੋਂ ਅਸਤੀਫ਼ਾ ਦੇਣ ਵਾਲੇ ਚੌਥੇ ਮੈਂਬਰ ਹਨ। ਇਹ ਅਸਤੀਫ਼ੇ ਐਲਬਰਟਾ ਸਿਹਤ ਸੇਵਾਵਾਂ ਦੇ ਪ੍ਰਧਾਨ ਸਟੀਫਨ ਡੂਕੈਟ ਦੀ ਬਰਖ਼ਾਸਤਗੀ ਦਾ ਨਤੀਜਾ ਹਨ। ਡਾ. ਲੌਪੇਕਿਸ ਨੇ ਇਕ ਅਖ਼ਬਾਰ ਨੂੰ ਲਿਖੇ ਖ਼ਤ ਵਿੱਚ ਡੂਕੈਟ ਦੀ ਭਰਵੀਂ ਸ਼ਲਾਘਾ ਕੀਤੀ ਹੈ ਤੇ ਸਾਰੀਆਂ ਮੁਸ਼ਕਲਾਂ ਲਈ ਸਿਹਤ ਮੰਤਰੀ ਜੀਨ ਜੁਵੋਜ਼ਡਸਕੀ ਨੂੰ ਜ਼ਿੰਮੇਦਾਰ ਦੱਸਿਆ ਹੈ। ਜੁਵੋਜ਼ਡਸਕੀ ਦੀ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਐਲਬਰਟਾ ਸਿਹਤ ਸੇਵਾਵਾਂ ਅਤੇ ਐਲਬਰਟਾ ਹੈਲਥ ਵੈੱਲਨੈੱਸ ਦੀਆਂ ਭੂਮਿਕਾਵਾਂ ਨੂੰ ਲੈ ਕੇ ਦੁਚਿੱਤੀ ਪੈਦਾ ਹੋ ਗਈ ਹੈ। ਏਨਾ ਸਭ ਹੋਣ ਮਗਰੋਂ ਵੀ ਜੁਵੋਜ਼ਡੈਸਕੀ ਦੇ ਵਤੀਰੇ ਵਿੱਚ ਕੋਈ ਨਰਮੀ ਨਜ਼ਰ ਨਹੀਂ ਆ ਰਹੀ। ਸਿਹਤ ਮੰਤਰੀ ਦਾ ਅਜੇ ਵੀ ਐਲਬਰਟਾ ਸਿਹਤ ਸੇਵਾਵਾਂ ਨੂੰ ਲੋੜੀਂਦੀ ਆਜ਼ਾਦੀ ਦੇਣ ਦਾ ਕੋਈ ਇਰਾਦਾ ਨਹੀਂ ਹੈ। ਅਸਤੀਫ਼ਾ ਦੇ ਚੁੱਕੇ ਅਧਿਕਾਰੀਆਂ ਨੇ ਸਾਫ਼ ਕਹਿ ਦਿੱਤਾ ਹੈ ਕਿ ਅੱਜ ਤੋਂ ਬਾਅਦ ਸਿਹਤ ਸੰਭਾਲ ਪ੍ਰਣਾਲੀ ਵਿੱਚ ਜੇਕਰ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਬੀਤੇ ਦਿਨੀਂ ਐਲਬਰਟਾ ਲਿਬਰਲਜ਼ ਵੱਲੋਂ ਇਕ ਲੀਕ ਹੋਇਆ ਦਸਤਾਵੇਜ਼ ਜਾਰੀ ਕੀਤਾ ਗਿਆ ਜੋ ਸਰਕਾਰ ਦੇ ਮਨਸੂਬਿਆਂ ਦੀ ਪੋਲ ਖੋਲ੍ਹਦਾ ਹੈ ਕਿ ਕਿਵੇਂ ਟੋਰੀ ਸਰਕਾਰ ਚੁੱਪ-ਚਪੀਤੇ ਪ੍ਰਾਈਵੇਟ ਸਿਹਤ ਸੇਵਾਵਾਂ ਨੂੰ ਉਤਸ਼ਾਹਤ ਕਰਨ ਦੀਆਂ ਯੋਜਨਾਵਾਂ ਬਣਾ ਰਹੀ ਸੀ।



ਬੀਤੇ ਮਹੀਨੇ ਇਸੇ ਮਾਮਲੇ ਨੂੰ ਲੈ ਕੇ ਵਿਧਾਇਕ ਰਾਜ ਸ਼ਰਮਨ ਨੂੰ ਗਵਰਨਮੈਂਟ ਕੌਕਸ ਵਿਚੋਂ ਕੱਢ ਦਿੱਤਾ ਗਿਆ ਸੀ। ਡਾ. ਸ਼ਰਮਨ ਵੱਲੋਂ ਵਿਸਲ ਬਲੋਅਰ ਦੀ ਨਿਭਾਈ ਭੂਮਿਕਾ ਨੇ ਟੋਰੀ ਸਰਕਾਰ ਨੂੰ ਕਰਾਰੀ ਢਾਹ ਲਾਈ ਹੈ ਤੇ ਲੋਕਾਂ ਦਾ ਭਰੋਸਾ ਫੈਡਰਲ ਸਿਹਤ ਸੇਵਾਵਾਂ ਤੋਂ ਉਠ ਗਿਆ ਹੈ। ਲੀਕ ਹੋਏ ਦਸਤਾਵੇਜ਼ ਦੇ ਸਿਰਲੇਖ ਤੋਂ ਹੀ ਸਰਕਾਰ ਦੇ ਇਰਾਦਿਆਂ ਬਾਰੇ ਕਾਫੀ ਕੁਝ ਸਪਸ਼ਟ ਹੁੰਦਾ ਹੈ। ਸਿਰਲੇਖ ਹੈ ‘ਐਲਬਰਟਾਜ਼ ਹੈਲਥ ਲੈਜੀਸਲੇਸ਼ਨ-ਮੂਵਿੰਗ ਫਾਰਵਰਡ’। ਇਸ ਨੂੰ ਅਸਲੀ ਜਾਮਾ ਪਾਉਣ ਲਈ ਇਸ ਯੋਜਨਾ ਨੂੰ 2 ਹਿੱਸਿਆਂ ਵਿੱਚ ਵੰਡਿਆ ਗਿਆ ਸੀ, ਪਹਿਲਾ ਸੀ-‘ਲੋਕਾਂ ਦਾ ਭਰੋਸਾ ਜਿੱਤਣਾ’ ਤੇ ਦੂਜਾ ਸੀ ‘ਲੈਜੀਸਲੇਸ਼ਨ’ ਜਿਸ ਤਹਿਤ ਮੌਜੂਦਾ ਪਾਲਸੀ ਵਿੱਚ 9 ਤਬਦੀਲੀਆਂ ਕੀਤੀਆਂ ਜਾਣੀਆਂ ਸਨ। ਸਭ ਤੋਂ ਵੱਡੀ ਤਬਦੀਲੀ ਇਹ ਹੋਵੇਗੀ ਕਿ ਡਾਕਟਰਾਂ ਨੂੰ ਪ੍ਰਾਈਵੇਟ ਅਤੇ ਸਰਕਾਰੀ ਸਿਹਤ ਸੇਵਾਵਾਂ ਵਿਚੋਂ ਕਿਸੇ ਇਕ ਦੀ ਪੱਕੀ ਚੋਣ ਕਰਨੀ ਪਏਗੀ ਪਰ ਮਿਡ ਵਾਈਵਜ਼ (ਦਾਈਆਂ) ਅਤੇ ਫਾਰਮਾਸਿਸਟ ਪਬਲਿਕ ਅਤੇ ਪ੍ਰਾਈਵੇਟ ਦੋਵਾਂ ਸੈਕਟਰਾਂ ਵਿੱਚ ਕੰਮ ਕਰਨ ਲਈ ਆਜ਼ਾਦ ਹੋਣਗੇ। ਸਰਕਾਰ ਦਾ ਪੂਰਾ ਇਰਾਦਾ ਹੈ ਕਿ ਪ੍ਰਾਈਵੇਟ ਬੀਮੇ ਨੂੰ ਪਹਿਲ ਦਿੱਤੀ ਜਾਵੇ। ਸਿਹਤ ਮੰਤਰੀ ਨੇ ਇਹ ਕਾਨੂੰਨ ਪਾਸ ਕਰਾਉਣ ਲਈ ਤਾਨਾਸ਼ਾਹੀ ਰਵੱਈਆ ਅਪਨਾਉਣ ਵਿੱਚ ਕੋਈ ਕਮੀ ਨਹੀਂ ਰੱਖੀ ਤੇ ਐਲਬਰਟਾ ਸਿਹਤ ਸਰਵਿਸਿਜ਼ ਦੇ ਅਧਿਕਾਰੀਆਂ ਦੇ ਅਸਤੀਫ਼ੇ ਇਸੇ ਦਾ ਸਬੂਤ ਹਨ।

## ਜਲੰਧਰ ’ਚ ਕਿਰਤੀਆਂ ਦਾ ਲਾਮਿਸਾਲ ਇਕੱਠ

ਜਲੰਧਰ 8 ਦਸੰਬਰ (ਨ ਦ ਬ) ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਸਰਕਾਰੀ ਜਬਰ ਵਿਰੁੱਧ, ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਏ, ਕਿਰਤੀਆਂ ਨੇ ਅੱਜ ਏਥੇ ਇਕ ਲਾਮਿਸਾਲ ਰੈਲੀ ਕਰਕੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਜਬਰਦਸਤ ਰੋਹ ਦਾ ਪ੍ਰਗਟਾਵਾ ਕੀਤਾ। ਦੇਸ਼ ਭਗਤ ਯਾਦਗਾਰ ਦੇ ਵਿਸ਼ਾਲ ਵਿਹੜੇ ਵਿਚ ਹੋਈ ਇਸ 'ਕਿਰਤੀ ਰੈਲੀ’ ਦਾ ਸੱਦਾ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀ.ਪੀ.ਐਮ.) ਪੰਜਾਬ ਵਲੋਂ ਦਿੱਤਾ ਗਿਆ ਸੀ। (**ਪੂਰੀ ਖਬਰ ਪੜ੍ਹੋ ਸਫਾ 6 ‘ਤੇ**)



**ਅਦਾਰਾ ‘ਨਵੀਂ ਦੁਨੀਆ’ ਵਲੋਂ ਆਪਣੇ ਪਾਠਕਾਂ, ਸ਼ੁੱਭ ਚਿੰਤਕਾਂ ਅਤੇ ਇਸ਼ਤਿਹਾਰਦਾਤਾਵਾਂ ਨੂੰ ਮੈਰੀ ਕ੍ਰਿਸਮਿਸ**

## ਸੱਤਾ ਦੀ ਸਭ ਤੋਂ ਵੱਡੀ ਦਲਾਲੀ ਦੀ ਕਹਾਣੀ

ਪੜ੍ਹੋ ਸਫਾ 5, 16, 17, 18, 19 ’ਤੇ

## ਬੰਬ ਧਮਾਕੇ ਨਾਲ ਕੰਬ ਉਠਿਆ ਬਨਾਰਸ

**ਵਾਰਾਨਸੀ** (ਨ.ਦ.ਬ) ਬੰਬ ਧਮਾਕੇ ਨਾਲ ਇਕ ਵਾਰ ਫੇਰ ਕਾਸ਼ੀ ਕੰਬ ਗਈ ਹੈ। ਮੰਗਲਵਾਰ ਸ਼ਾਮ ਸ਼ੀਤਲਾ ਘਾਟ ਦੀਆਂ ਪੌੜੀਆਂ ’ਤੇ ਬੰਬ ਧਮਾਕੇ ਕਾਰਨ ਗਿਆਰਾਂ ਮਹੀਨੇ ਦੀ ਬੱਚੀ ਦੀ ਮੌਤ ਹੋ ਗਈ ਅਤੇ ਦੋ ਵਿਦੇਸ਼ੀ ਨਾਗਰਿਕਾਂ ਸਮੇਤ 60 ਲੋਕ ਜ਼ਖਮੀ ਹੋ ਗਏ। ਮੀਡੀਆ ਨੂੰ ਇੰਡੀਅਨ ਮੁਜਾਹਿਦੀਨ ਦੇ ਨਾਂ ਨਾਲ ਭੇਜੇ ਗਏ ਈ-ਮੇਲ ਵਿੱਚ ਧਮਾਕੇ ਦੀ ਜ਼ਿੰਮੇਵਾਰੀ ਲਈ ਗਈ ਹੈ। ਈ-ਮੇਲ ਮੁੰਬਈ ਦੇ ਮਲਾਡ ਇਲਾਕੇ ਤੋਂ ਭੇਜਿਆ ਗਿਆ ਹੈ। ਧਮਾਕੇ ਤੋਂ ਬਾਅਦ ਦਿੱਲੀ ਤੋਂ ਲੈ ਕੇ ਲਖਨਊ, ਮੁੰਬਈ, ਬੰਗਲੌਰ ਅਤੇ ਹੈਦਰਾਬਾਦ ਵਿੱਚ ਵੀ ਹਾਈ ਐਲਰਟ ਜਾਰੀ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਗ੍ਰਹਿ ਮੰਤਰਾਲੇ ਤੋਂ ਵਿਸਥਾਰ ਵਿੱਚ ਜਾਣਕਾਰੀ ਮੰਗੀ ਹੈ ਅਤੇ ਲੋਕਾਂ ਨੂੰ ਸ਼ਾਂਤੀ ਤੇ ਸਦਭਾਵਨਾ ਬਣਾਏ ਰੱਖਣ ਦੀ ਅਪੀਲ ਕੀਤੀ ਗਈ ਹੈ। ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਧਮਾਕੇ ਦੇ ਮੱਦੇਨਜ਼ਰ ਉਚ ਅਧਿਕਾਰੀਆਂ ਦੀ ਹੰਗਾਮੀ ਮੀਟਿੰਗ ਸੱਦੀ ਅਤੇ ਸਥਿਤੀ ਦੀ ਸਮੀਖਿਆ ਕੀਤੀ। ਹਾਦਸਾ ਉਦੋਂ ਹੋਇਆ ਜਦੋਂ ਘਾਟ ’ਤੇ ਆਰਤੀ ਹੋ ਰਹੀ ਸੀ। ਬੰਬ ਨਕਾਰਾ ਕਰਨ ਵਾਲੇ ਦਸਤੇ ਨੇ ਮੌਕੇ ਤੋਂ ਆਈ.ਈ.ਡੀ ਬਰਾਮਦ ਕੀਤਾ। ਜ਼ਿਲ੍ਹਾ ਅਧਿਕਾਰੀ ਨੇ ਦੱਸਿਆ ਕਿ ਧਮਾਕਾ ਘੱਟ ਸ਼ਕਤੀ ਵਾਲਾ ਸੀ ਪਰ ਮੌਕੇ ਤੋਂ ਦਸ ਮੀਟਰ ਦੂਰ ਤੱਕ ਚੀਥੜੇ ਉਡ ਗਏ। ਇਹ ਬੰਬ ਕੂੜਾਦਾਨ ਵਿੱਚ ਰੱਖਿਆ ਹੋਇਆ ਸੀ।

MILLWOODS PIZZA & INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
Faryad Pannu
Take Out Buffets starting from $ 7.99
780 462 4313 Cell: 780 504 5600
Out door Catering at reasonable rates
www.millwoodspizza.com

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
SARJAN LUTHRA
B.Sc, LL.B.
Barrister Solicitor
780-466-4660

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties
RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੁਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329

www.aj-drivingschool.com
A & J DRIVING SCHOOL
"Where your safety comes first"
Government Approved Driving Education Programs
Hybrid Cars
In house Simulators
Fully Equipped Classroom
Raj Bajwa (Senior Instructor)
raj@aj-drivingschool.com
780.486.5090
17523 - 100 Ave. Edmonton, AB

Bhalinder Dhaliwal B.Comm
Mortgage Specialist
40 ਤੋਂ ਵੱਧ ਬੈਂਕਾਂ ਨਾਲ ਗੱਲ ਕਰਕੇ ਘੱਟ ਰੇਟ ਤੇ ਮੋਰਗੇਜ ਜਾਂ ਲਾਈਨ ਆਫ ਕਰੈਡਿਟ ਦਿਵਾਉਣ ਵਾਲੇ ਭਲਿੰਦਰ ਧਾਲੀਵਾਲ ਨੂੰ ਫੋਨ ਕਰਕੇ ਮੁਫ਼ਤ ਤੇ ਸਹੀ ਸਲਾਹ ਲਵੋ
780.909.3317
www.bhalinderdhaliwal.com
iMortgage solutions inc. VERICO

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

# STP ELECTRIC LTD.

stpelectric@hotmail.com Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

# EAGLE ROCK GOLF COURSE



50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small
We are in this Business Since 2001



**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

**Umrao Ghinger: 780 237 5556**
**Rana Pandher: 780 498 6375**
www.alphatentrentals.com **Office: 780 490 5354**



# PASH DRIVING SCHOOL LTD.

"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ
ਵਿਚ ਸੇਵਾਵਾਂ ਹਾਜ਼ਰ ਹਨ।
**Shalu Badesha 780-660-3071**
**Jas Badesha 780-908-2296**
pashdrivingschool@ymail.com

Eat-In Take-Out

# Shan-E-Punjab
## Sweets & Restaurant

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
**Business Hours:** 11am-9pm

Lunch Buffet & Dinner Buffet

9393-34 Avenue,
Edmonton, AB.

Phone (780) 434-7373

Concept, Design and Installation

# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9

BBB



www.cambridgewindow.com
Better Business Bureau ਦੇ ਮੈਂਬਰ

# ਐਡਮਿੰਟਨ ਮੇਅਰ ਪ੍ਰਧਾਨ ਮੰਤਰੀ ਦੇ ਦਰੋਂ ਬੇ-ਆਸ ਪਰਤੇ

ਐਡਮਿੰਟਨ (ਨ.ਦ.ਬ) ਐਡਮਿੰਟਨ ਮੇਅਰ, ਸਟੀਫਨ ਮੈਂਡਲ ਇਕ ਵਾਰੀ ਫੇਰ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਾ ਇਰਾਦਾ ਉਲਟਾਉਣ ਵਿੱਚ ਨਾਕਾਮ ਰਹੇ ਹਨ। ਉਹ ਖਾਲੀ ਹੱਥ ਪਰਤ ਆਏ ਹਨ। ਦਰਅਸਲ ਮੈਂਡਲ 2017 ਦੀ ਐਡਮਿੰਟਨ ਐਕਸਪੋ ਬਿਡ ਲਈ ਫੰਡਾਂ ਸਬੰਧੀ ਪ੍ਰਧਾਨ ਮੰਤਰੀ ਦਾ ਫੈਸਲਾ ਬਦਲਵਾਉਣ ਲਈ ਉਨ੍ਹਾਂ ਨਾਲ ਮੁਲਾਕਾਤ ਕਰਨ ਗਏ ਸਨ। ਐਡਮਿੰਟਨ ਕੈਨੇਡਾ ਦੀ 150ਵੀਂ ਵਰ੍ਹੇਗੰਢ ਮੌਕੇ ਐਕਸਪੋ ਲਾਉਣ ਦਾ ਇਛੁੱਕ ਹੈ ਪਰ ਕੇਂਦਰ ਸਰਕਾਰ ਨੇ ਇਸ 2.3 ਅਰਬ ਡਾਲਰ ਦੀ ਤਜਵੀਜ਼ ਨੂੰ ਸਮਰਥਨ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਇਸ ਨਾਕਾਮੀ ਦਾ ਭਾਂਡਾ ਮੈਂਡਲ ਨੇ ਸਥਾਨਕ ਪ੍ਰਤੀਨਿਧ ਰੌਨਾ ਐਂਬ੍ਰੋਜ਼ ਸਿਰ ਭੰਨ੍ਹਦਿਆਂ ਆਖਿਆ ਹੈ ਕਿ ਉਸ ਨੇ ਇਸ ਸਾਰੇ ਮਾਮਲੇ ਨੂੰ ਚੰਗੀ ਤਰ੍ਹਾਂ ਪ੍ਰਧਾਨ ਮੰਤਰੀ ਅੱਗੇ ਰੱਖਿਆ ਹੀ ਨਹੀਂ।



ਹਾਰਪਰ ਇਸ ਤੋਂ ਪਹਿਲਾਂ ਵੀ ਕਈ ਵਾਰੀ ਐਡਮਿੰਟਨ ਦਾ ਚੱਕਰ ਲਾ ਚੁੱਕੇ ਹਨ ਪਰ ਉਨ੍ਹਾਂ ਕਦੇ ਵੀ ਇਸ ਮਸਲੇ 'ਤੇ ਆਰਾਮ ਨਾਲ ਬੈਠ ਕੇ ਚਰਚਾ ਕਰਨ ਦੀ ਲੋੜ ਨਹੀਂ ਸਮਝੀ। ਹਾਰਪਰ ਦਾ ਕਹਿਣਾ ਹੈ ਕਿ ਉਨ੍ਹਾਂ ਅਜੇ ਇਸ ਸਬੰਧੀ ਕੋਈ ਯੋਜਨਾਬੰਦੀ ਨਹੀਂ ਕੀਤੀ ਕਿ ਮੁਲਕ ਦਾ ਜਨਮ ਦਿਨ, 1812 ਦੀ ਲੜਾਈ ਦੀ 200ਵੀਂ ਵਰ੍ਹੇਗੰਢ ਨਾਲ ਕਿਵੇਂ ਮਨਾਇਆ ਜਾਵੇ? ਮੈਂਡਲ ਨੇ ਹਾਰਪਰ ਦੇ ਇਸ ਬਿਆਨ 'ਤੇ ਵਿਅੰਗ ਕੱਸਦਿਆਂ ਆਖਿਆ ਕਿ ਅਮਰੀਕੀ ਅਤੇ ਬਰਤਾਨਵੀ ਕਲੋਨੀਆਂ ਵਿਚਾਲੇ ਹੋਈ ਜੰਗ ਵਿਚਾਲੇ ਸੈਂਟਰਲ ਕੈਨੇਡਾ ਦਾ ਸਮਾਗਮ ਐਕਸਪੋ 2017 ਫਸ ਗਿਆ ਹੈ। ਜੇਕਰ ਇਹ ਸੁਪਨਾ ਟੁੱਟਦਾ ਹੈ ਤਾਂ ਸੂਬੇ ਦੀ ਸਰਕਾਰ ਨੂੰ 2 ਅਰਬ ਡਾਲਰ ਦਾ ਨੁਕਸਾਨ ਹੋਵੇਗਾ ਜੋ ਉਸ ਨੇ ਐਲ.ਆਰ.ਟੀ. ਅਤੇ ਵੌਲਟਰ ਡੇਲ ਬਰਿਜ ਦੇ ਤਬਾਦਲੇ ਵਰਗੇ ਸਥਾਨਕ ਪ੍ਰਾਜੈਕਟਾਂ ਉਪਰ ਖਰਚ ਕਰ ਦਿੱਤਾ। ਇਹ ਸੋਚ ਕੇ ਕਿ ਕਦੀ ਇਥੇ ਐਕਸਪੋ 2017 ਹੋਵੇਗਾ।

ਕੇਂਦਰ ਦੇ ਇਸ ਵਤੀਰੇ ਤੋਂ ਖਿਝੇ ਮੇਅਰ ਸਟੀਫਨ ਮੈਂਡਲ ਦਾ ਕਹਿਣਾ ਹੈ ਕਿ ਹਾਰਪਰ ਦੀ ਸਰਕਾਰ ਸਾਡੇ ਇਲਾਕੇ ਵਿੱਚ ਇਹ ਚੀਜ਼ਾਂ ਹੋਣ ਦੇਣ ਲਈ ਤਿਆਰ ਨਹੀਂ, ਪਰ ਜੇ ਇਹ ਤਜਵੀਜ਼ ਉਟਾਰੀਓ ਨੇ ਰੱਖੀ ਹੁੰਦੀ ਤਾਂ ਹਾਰਪਰ ਸਰਕਾਰ ਨੇ ਝੱਟ ਤਿਆਰ ਹੋ ਜਾਣਾ ਸੀ। ਮੀਡੀਆ ਨੂੰ ਦਿੱਤੇ ਇਕ ਬਿਆਨ ਵਿੱਚ ਹਾਰਪਰ ਨੇ ਇਸ ਤਜਵੀਜ਼ ਨੂੰ 'ਹਾਈ ਰਿਸਕ ਪ੍ਰਾਜੈਕਟ' ਕਰਾਰ ਦਿੱਤਾ ਹੈ ਪਰ ਨਾਲ ਹੀ ਰੌਨਾ ਐਂਬ੍ਰੋਜ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਸਾਰੇ ਮਾਮਲੇ ਨੂੰ ਬੜੀ ਗੰਭੀਰਤਾ ਅਤੇ ਰੁਤਬੇ ਨੂੰ ਕਾਇਮ ਰੱਖਕੇ ਨਜਿੱਠਣ ਦਾ ਸਬੂਤ ਪੇਸ਼ ਕੀਤਾ। 79 ਫੀਸਦੀ ਐਲਬਰਟਾ ਵਾਸੀ ਇਸ ਐਕਸਪੋ ਦੇ ਹੱਕ ਵਿੱਚ ਹਨ।

# ਹੁਣ ਜੇਲ੍ਹਾਂ ਵਿੱਚ ਬੰਦ ਮਾਵਾਂ ਨਾਲ ਰੱਖ ਸਕਣਗੀਆਂ ਆਪਣੇ ਲਾਡਲਿਆਂ ਨੂੰ ?

ਔਟਵਾ (ਨ.ਦ.ਬ) ਕੰਜ਼ਰਵੇਟਿਵ ਸਰਕਾਰ ਨੇ ਇਕ ਬੇਹੱਦ ਸਖ਼ਤ ਫੈਸਲਾ ਲੈਂਦਿਆਂ ਉਸ ਸ਼ਲਾਘਾਯੋਗ ਯੋਜਨਾ ਦਾ ਹਮੇਸ਼ਾ ਲਈ ਅੰਤ ਕਰ ਦਿੱਤਾ ਹੈ ਜਿਸ ਤਹਿਤ ਜੇਲ੍ਹਾਂ ਵਿੱਚ ਬੰਦ ਔਰਤਾਂ ਨੂੰ ਆਪਣੇ ਛੋਟੇ ਬੱਚਿਆਂ ਨੂੰ ਆਪਣੇ ਕੋਲ ਰੱਖਣ ਦੀ ਇਜਾਜ਼ਤ ਸੀ। ਇਸ ਵੇਲੇ ਮੁਲਕ ਭਰ ਵਿੱਚ 500 ਔਰਤਾਂ ਨੂੰ ਜੋ ਦੋ ਜਾਂ ਇਸ ਤੋਂ ਵਧ ਸਾਲ ਦੀ ਜੇਲ੍ਹ ਭੁਗਤ ਰਹੀਆਂ ਹਨ। ਤੇ ਇਨ੍ਹਾਂ ਵਿਚੋਂ 2 ਇਨਫੈਂਟਸ ਇਸ ਮਦਰ-ਚਾਈਲਡ ਪ੍ਰੋਗਰਾਮ ਦਾ ਹਿੱਸਾ ਹਨ ਕਿਉਂਕਿ ਇਨ੍ਹਾਂ ਦੇ ਬੱਚੇ 6 ਸਾਲ ਤੋਂ ਘੱਟ ਉਮਰ ਦੇ ਹਨ। ਅਜਿਹੀਆਂ ਔਰਤਾਂ ਨੂੰ ਘੱਟੋ ਘੱਟ ਅਤੇ ਮੱਧ ਦਰਜੇ ਦੀ ਸੁਰੱਖਿਆ ਵਾਲੇ ਹਾਊਸ ਸਟਾਈਲ ਯੂਨਿਟਾਂ ਵਿੱਚ ਰੱਖਿਆ ਜਾਂਦਾ ਹੈ। ਇਸ ਪ੍ਰੋਗਰਾਮ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਮਾਵਾਂ ਆਪਣੇ ਬੱਚਿਆਂ ਨੂੰ ਬਾਲ ਭਲਾਈ ਪ੍ਰਣਾਲੀ ਵਿੱਚ ਫਸਣ ਤੋਂ ਬਚਾ ਸਕਦੀਆਂ ਹਨ। ਇਸ ਵੇਲੇ ਕੈਨੇਡੀਅਨ ਜੇਲ੍ਹਾਂ ਵਿੱਚ ਬੰਦ 500 ਔਰਤਾਂ ਵਿਚੋਂ 330 ਔਰਤਾਂ ਅਜਿਹੀਆਂ ਹਨ ਜਿਨ੍ਹਾਂ ਦੇ ਬੱਚੇ 5 ਸਾਲ ਦੀ ਉਮਰ ਤੋਂ ਘਟਦੇ ਹਨ ਅਤੇ ਜੇਕਰ ਇਹ ਪ੍ਰੋਗਰਾਮ ਲਾਗੂ ਰਹਿੰਦਾ ਹੈ ਤਾਂ ਇਨ੍ਹਾਂ ਵਿਚੋਂ ਕਈ ਇਸ ਯੋਜਨਾ ਦਾ ਲਾਭ ਲੈ ਸਕਦੀਆਂ ਸਨ।

ਉਧਰ ਬਹੁਤੀਆਂ ਔਰਤਾਂ ਇਸ ਪ੍ਰੋਗਰਾਮ ਵਾਸਤੇ ਜਾਂ ਤਾਂ ਅਰਜ਼ੀ ਹੀ ਨਹੀਂ ਦਿੰਦੀਆਂ ਤੇ ਜਾਂ ਫਿਰ ਵੱਡੀ ਗਿਣਤੀ ਨੂੰ ਇਹ ਪਤਾ ਹੀ ਨਹੀਂ ਕਿ ਅਜਿਹਾ ਕੋਈ ਪ੍ਰੋਗਰਾਮ ਚਲਾਇਆ ਵੀ ਜਾ ਰਿਹਾ ਹੈ। ਇਹ ਯੋਜਨਾ ਜੇਕਰ ਬੇਹਤਰ ਢੰਗ ਨਾਲ ਲਾਗੂ ਕੀਤੀ ਜਾਂਦੀ ਹੈ ਤਾਂ ਜੇਲ੍ਹਾਂ ਦਾ ਮਾਹੌਲ ਸੁਖਾਵਾਂ ਹੋ ਜਾਂਦਾ। ਇਸ ਨਾਲ ਕੈਦੀ ਔਰਤਾਂ ਦੇ ਸੁਭਾਅ ਵਿੱਚ ਹਾਂ-ਪੱਖੀ ਸੁਧਾਰ ਹੋਣਾ ਸੀ। ਕਈ ਮਹਿਲਾ ਕੈਦੀਆਂ ਦੇ ਬੱਚੇ ਇਕ ਜਾਂ 2 ਸਾਲ ਦੇ ਵੀ ਹਨ ਜੋ ਹੁਣ ਆਪਣੀਆਂ ਮਾਵਾਂ ਨਾਲ ਰਹਿਣ ਦਾ ਮੌਕਾ ਗੁਆ ਦੇਣਗੇ।

# ਮਰੀਜ਼ਾਂ ਦੀ ਮੰਗ-ਹੈਲਥ ਕੇਅਰ ਵਿੱਚ ਰਿਸ਼ਵਤਖੋਰੀ ਦੀ ਜਾਂਚ ਹੋਵੇ

ਮੌਂਟਰੀਅਲ (ਨ.ਦ.ਬ) ਕਿਊਬਕ ਵਿੱਚ ਡਾਕਟਰਾਂ ਵੱਲੋਂ ਰਿਸ਼ਵਤ ਲੈ ਕੇ ਲੋਕਾਂ ਦਾ ਤਰਜੀਹ ਦੇ ਆਧਾਰ 'ਤੇ ਇਲਾਜ ਕਰਨ ਦਾ ਧੰਦਾ ਜ਼ੋਰਾਂ 'ਤੇ ਹੈ। ਇਹ ਸਭ ਕਾਫੀ ਦੇਰ ਤੋਂ ਚੱਲ ਰਿਹਾ ਸੀ ਪਰ ਹੁਣ ਹੌਲੀ ਹੌਲੀ ਪਰਤਾਂ ਸਭ ਅੱਗੇ ਖੁੱਲ੍ਹਣ ਲੱਗ ਪਈਆਂ ਹਨ। ਮੌਂਟਰੀਅਲ ਦੇ ਨਿਊਰੋਲੌਜੀਕਲ ਇੰਸਟੀਚਿਊਟ ਵਿੱਚ ਇਕ ਔਰਤ ਨੇ ਰਿਸੈਪਸ਼ਨ 'ਤੇ ਜਾ ਕੇ ਸਿਰਫ਼ ਡਾਕਟਰ ਦੇ ਕੁਝ ਪੰਸਦੀਦਾ ਮਰੀਜ਼ਾਂ ਦਾ ਹਵਾਲਾ ਦਿੰਦਿਆਂ ਕੰਮ ਮੰਗਿਆ। ਏਨਾ ਕਹਿਣ ਦੀ ਦੇਰ ਸੀ ਕਿ ਉਸ ਦੀ ਇਕ ਸਾਲ ਦੀ ਸੰਭਾਵੀ ਉਡੀਕ ਛੋਟੀ ਹੋ ਕੇ ਇਕ ਦਿਨ ਵਿਚ ਤਬਦੀਲ ਹੋ ਗਈ। ਡਾਕਟਰ ਨੇ ਉਸ ਨੂੰ ਖੁਦ ਫੋਨ ਕੀਤਾ ਅਤੇ ਅਗਲੇ ਦਿਨ ਉਸ ਦੇ ਨਿੱਜੀ ਦਫ਼ਤਰ ਆਉਣ ਦੀ ਪੇਸ਼ਕਸ਼ ਕੀਤੀ। ਇਕ ਹੋਰ ਮਾਮਲੇ ਵਿੱਚ ਸੈਂਟਾ ਕੈਬਰੀਨੀ ਹਸਪਤਾਲ ਇਥੇ ਇਲਾਜ ਲਈ ਗਈ ਇਕ ਔਰਤ ਨੂੰ ਸਟਾਫ ਨੇ ਸਿਰਹਾਣੇ ਹੇਠਾਂ ਸੌ ਡਾਲਰ ਰੱਖ ਦੇਣ ਨੂੰ ਕਿਹਾ, ਜਦੋਂ ਕਿ ਉਹ ਪਹਿਲਾਂ ਹੀ ਸਰਜਨ ਉਸਦੀ 900 ਡਾਲਰ ਫੀਸ ਅਦਾ ਕਰ ਚੁੱਕੀ ਸੀ। ਅਜਿਹੇ ਬੇਸ਼ੁਮਾਰ ਕਿੱਸੇ ਹੁਣ ਹੌਲੀ ਹੌਲੀ ਸਾਹਮਣੇ ਆ ਰਹੇ ਹਨ। ਇਸ ਚੀਜ਼ ਵੱਲ ਇਸ਼ਾਰਾ ਕਰ ਰਹੇ ਹਨ ਕਿ ਕਿਊਬਕ ਵਿੱਚ ਬਲੈਕ ਮਾਰਕਿਟ ਮੈਡੀਸਿਨ ਦਾ ਇਹ ਧੰਦਾ ਜਿੰਨਾ ਸੋਚਿਆ ਜਾ ਰਿਹਾ ਸੀ, ਉਸ ਨਾਲੋਂ ਕਿਤੇ ਵਧ ਭਿਆਨਕ ਰੂਪ ਧਾਰਨ ਕਰ ਚੁੱਕਾ ਹੈ। ਇਨ੍ਹਾਂ ਸਾਰੀਆਂ ਸ਼ਿਕਾਇਤਾਂ ਦੇ ਬਾਵਜੂਦ ਕਿਊਬਾ ਸਿਹਤ ਵਿਭਾਗ ਦੇ ਉਚ ਅਧਿਕਾਰੀ ਇਸ ਨੂੰ ਮਾਮੂਲੀ ਸਮੱਸਿਆ ਦੱਸ ਰਹੇ ਹਨ। ਉਨ੍ਹਾਂ ਮੁਤਾਬਕ ਛੇਤੀ ਇਲਾਜ ਕਰਾਉਣ ਦੇ ਚੱਕਰ ਵਿੱਚ ਕਿਤੇ ਕਿਤੇ ਅਜਿਹੀ ਰਿਸ਼ਵਤਖੋਰੀ ਹੋ ਰਹੀ ਹੈ ਅਤੇ ਇਸ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਗਏ ਹਨ। ਪਰ ਕਿਊਬਾ ਸਿਹਤ ਮੰਤਰੀ ਯੀਵਜ਼ ਬੋਲਡਕ ਨੇ ਮਾਮਲੇ ਦੀ ਤੈਅ ਤੱਕ ਜਾਣ ਦਾ ਭਰੋਸਾ ਦਿੱਤਾ ਹੈ।

ਰਾਇਲ ਵਿਕਟੋਰੀਆ ਹਸਪਤਾਲ ਅਤੇ ਜਿਊਇਸ਼ ਜਨਰਲ ਹਸਪਤਾਲ ਤੋਂ ਇਲਾਜ ਕਰਾਉਦੇ ਕੁਝ ਮਰੀਜ਼ਾਂ ਨੇ ਗੰਭੀਰ ਦੋਸ਼ ਲਾਉਦਿਆਂ ਦੱਸਿਆ ਹੈ ਕਿ ਕਿਵੇਂ ਉਹ ਛੇਤੀ ਸੇਵਾਵਾਂ ਲੈਣ ਲਈ ਹਸਪਤਾਲ ਚੈਰੀਟੀਜ਼ ਨੂੰ ਫੰਡ ਦਿੰਦੇ ਹਨ ਤੇ ਉਨ੍ਹਾਂ ਦੇ ਡਾਕਟਰ ਉਨ੍ਹਾਂ ਦਾ ਨੰਬਰ ਪਹਿਲਾਂ ਲਾਉਣ ਲਈ ਉਨ੍ਹਾਂ ਤੋਂ ਡਾਲਰ ਬਿਨਾਂ ਝਿਜਕ ਕਬੂਲਦੇ ਹਨ। ਵਿਲੀਅਮ ਗਰੀਨ ਨਾਮਕ ਇਕ ਆਦਮੀ ਨੇ ਦੱਸਿਆ ਕਿ ਕਿਵੇਂ ਉਸ ਨੇ ਆਪਣੀ ਮਾਂ ਦੀ ਜਾਨ ਬਚਾਉਣ ਲਈ ਜਿਊਇਸ਼ ਹਸਪਤਾਲ ਵਿੱਚ ਇਕ ਡਾਕਟਰ ਨੂੰ 2000 ਡਾਲਰ ਦਿਤਾ ਤਾਂ ਜੋ ਸਰਜਨ ਆਪਰੇਸ਼ਨ ਵਿੱਚ ਦੇਰੀ ਨਾ ਲਾਏ। ਮਗਰੋਂ ਸਰਜਨ ਨੇ ਇਹ ਕਹਿ ਕੇ ਪੈਸੇ ਮੋੜ ਦਿੱਤੇ ਕਿ ਉਸ ਵਿੱਚ ਇਹ ਆਪਰੇਸ਼ਨ ਕਰਨ ਦੀ ਕਾਬਲੀਅਤ ਨਹੀਂ। ਫਿਰ ਇਹੀ ਪੈਸੇ ਗ੍ਰੀਨ ਨੇ ਰਾਇਲ ਵਿਕਟੋਰੀਆ ਹਸਪਤਾਲ ਦੇ ਸਰਜਨ ਨੂੰ ਦਿੱਤੇ। ਉਸ ਸਰਜਨ ਨੇ ਪੈਸੇ ਵੀ ਰੱਖ ਲਏ ਤੇ ਆਪਰੇਸ਼ਨ ਵਾਲੇ ਦਿਨ ਗੁੰਮ ਹੋ ਗਿਆ। ਕਈ ਡਾਕਟਰ ਏਨੀ ਜ਼ਿਆਦਾ ਰਿਸ਼ਵਤ ਮੰਗਦੇ ਹਨ ਕਿ ਆਮ ਬੰਦਾ ਤਕਲੀਫ਼ ਵਿੱਚ ਹੁੰਦੇ ਹੋਏ ਵੀ ਇਲਾਜ ਲਈ ਉਨ੍ਹਾਂ ਕੋਲ ਨਹੀਂ ਜਾ ਸਕਦਾ। ਡਾਕਟਰਾਂ ਦੇ ਇਸ ਵਤੀਰੇ ਤੋਂ ਤੰਗ ਆਏ ਕਈ ਲੋਕਾਂ ਨੇ ਕਿਊਬਕ ਕਾਲਜ ਆਫ ਫਿਜ਼ੀਸ਼ੀਅਨ ਕੋਲ ਸ਼ਿਕਾਇਤ ਦਰਜ ਕਰਾਉਣ ਦਾ ਫੈਸਲਾ ਲਿਆ ਹੈ।

# ਮੇਟਿਸ ਲੀਡਰਾਂ ਵੱਲੋਂ ਸ਼ਿਕਾਰ ਦੇ ਹੱਕ ਲਈ ਸੰਘਰਸ਼ ਕਰਨ ਦਾ ਫੈਸਲਾ

ਐਲਬਰਟਾ (ਨ.ਦ.ਬ) ਮੇਟਿਸ ਲੀਡਰਾਂ ਨੇ ਐਲਬਰਟਾ ਵਿੱਚ ਕਿਤੇ ਵੀ ਸ਼ਿਕਾਰ ਕਰਨ ਦੀ ਆਜ਼ਾਦੀ ਦੇ ਆਪਣੇ ਹੱਕ ਨੂੰ ਵਾਪਸ ਲੈਣ ਲਈ ਕਾਨੂੰਨੀ ਲੜਾਈ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਲੀਡਰਾਂ ਦੀ ਮੰਨੀਏ ਤਾਂ ਐਲਬਰਟਾ ਵਿੱਚ ਜਿੱਥੇ ਦਿਲ ਚਾਹੇ, ਉਥੇ ਸ਼ਿਕਾਰ ਕਰਨ ਦਾ ਇਨ੍ਹਾਂ ਲੋਕਾਂ ਨੂੰ ਸੰਵਿਧਾਨਕ ਅਧਿਕਾਰ ਹੈ। ਹਾਲਾਂਕਿ ਸੂਬੇ ਦੀ ਅਦਾਲਤ ਨੇ ਉਨ੍ਹਾਂ ਦੇ ਇਸ ਤਰਕ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਮੇਟਿਸ ਨੇਸ਼ਨ ਆਫ ਐਲਬਰਟਾ ਦੇ ਪ੍ਰਧਾਨ ਓਡਰੇ ਪੋਂ-ਇਟਰਸ ਨੇ ਬਿਆਨ ਜਾਰੀ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਭਾਈਚਾਰੇ ਦੀ ਅੱਜ ਜੋ ਵੀ ਪਛਾਣ ਹੈ, ਉਹ ਉਨ੍ਹਾਂ ਦੇ ਪੁਰਖਿਆਂ ਦੇ ਸੰਘਰਸ਼ ਦਾ ਹੀ ਨਤੀਜਾ ਹੈ ਤੇ ਉਹ ਇਸ ਸੰਘਰਸ਼ ਨੂੰ ਬੇਕਾਰ ਨਹੀਂ ਜਾਣ ਦੇਣਗੇ। ਉਨ੍ਹਾਂ ਇਹ ਵੀ ਆਖਿਆ ਕਿ ਜੱਜ ਨੇ ਬੇਸ਼ੱਕ ਆਪਣਾ ਫੈਸਲਾ ਸੁਣਾ ਦਿੱਤਾ ਹੈ ਪਰ ਅਸੀਂ ਜਾਣਦੇ ਹਾਂ ਕਿ ਅਸੀਂ ਸਹੀ ਹਾਂ ਤੇ ਇਹ ਮਾਮਲਾ ਅੱਗੇ ਤੱਕ ਚੱਲੇਗਾ। ਗੈਰ-ਕਾਨੂੰਨੀ ਤੌਰ 'ਤੇ ਜੰਗਲੀ ਜਾਨਵਰਾਂ ਦੇ ਸ਼ਿਕਾਰ ਦੇ ਦੋਸ਼ ਹੇਠ ਮੇਟਿਸ ਹੰਟਰ ਗੈਰੀ ਹਿਰਸੈਕਰੌਨ ਨੂੰ ਦੋਸ਼ੀ ਪਾਇਆ ਗਿਆ ਸੀ ਅਤੇ 350 ਡਾਲਰ ਦਾ ਜੁਰਮਾਨਾ ਲਾਇਆ ਗਿਆ ਸੀ। ਅਜਿਹੇ ਹੀ ਕਈ ਮਾਮਲੇ ਹੋਰ ਵੀ ਚੱਲ ਰਹੇ ਹਨ ਜਿਨ੍ਹਾਂ ਤਹਿਤ ਇਸ ਭਾਈਚਾਰੇ ਦੇ ਲੋਕਾਂ ਉਪਰ ਜੰਗਲੀ ਜਾਨਵਰਾਂ ਦੇ ਗੈਰ-ਕਾਨੂੰਨੀ ਸ਼ਿਕਾਰ ਦੇ ਮਾਮਲੇ ਦਰਜ ਹਨ। ਮੇਟਿਸ ਭਾਈਚਾਰੇ ਨੂੰ ਉਤਰੀ ਐਲਬਰਟਾ ਦੇ ਇਕ ਖਾਸ 160 ਕਿਲੋਮੀਟਰ ਦੇ ਘੇਰੇ ਵਿੱਚ ਹੀ ਸ਼ਿਕਾਰ ਕਰਨ ਦੀ ਖੁੱਲ੍ਹ ਹੈ। ਅਦਾਲਤ ਵਿੱਚ ਇਹ ਭਾਈਚਾਰਾ ਸਿੱਧ ਨਹੀਂ ਕਰ ਸਕਿਆ ਕਿ 1874 ਵਿੱਚ ਇਲਾਕੇ 'ਚ ਨਾਰਥ-ਵੈਸਟ ਮਾਊਂਟਡ ਪੁਲੀਸ ਦੇ ਆਉਣ ਤੋਂ ਪਹਿਲਾਂ ਦੱਖਣੀ ਐਲਬਰਟਾ ਵਿੱਚ ਮੇਟਿਸ ਭਾਈਚਾਰਾ ਰਹਿੰਦਾ ਸੀ। ਜੱਜ ਨੇ ਆਪਣੇ ਫੈਸਲੇ ਵਿੱਚ ਤਰਕ ਦਿੱਤਾ ਕਿ ਬੇਸ਼ੱਕ ਐਲਬਰਟਾ ਦੇ



ਕੁਝ ਇਲਾਕਿਆਂ ਵਿੱਚ 1870 ਦੇ ਦਹਾਕੇ ਦੌਰਾਨ ਕੁਝ ਲੋਕ ਕਦੀ ਕਦੀ ਆ ਕੇ ਸ਼ਿਕਾਰ ਕਰਿਆ ਕਰਦੇ ਸਨ ਪਰ ਇਸ ਚੀਜ਼ ਦਾ ਕੋਈ ਸਬੂਤ ਨਹੀਂ ਮਿ-ਲਿਆ ਕਿ ਉਹ ਸ਼ਿਕਾਰੀ ਲੋਕ ਮੇਟਿਸ ਭਾਈਚਾਰੇ ਨਾਲ ਸਬੰਧਤ ਸਨ। ਮੇਟਿਸ ਨੇਸ਼ਨ ਦੇ ਵਕੀਲ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਇਸ ਭਾਈਚਾਰੇ ਨੂੰ ਗ੍ਰੇਟ ਲੇਕਸ ਅਤੇ ਕੁਝ ਹੋਰ ਮੈਦਾਨੀ ਇਲਾਕਿਆਂ ਵਿੱਚ ਮਨ-ਮਰਜ਼ੀ ਨਾਲ ਇਹ ਮਾਮਲਾ ਸਿਵਲ ਕੋਰਟ ਵਿੱਚ ਪੇਸ਼ ਕਰ ਦਿੱਤਾ ਹੈ ਪਰ ਇਹ ਸਾਰਾ ਮਾਮਲਾ ਕਾਫੀ ਹੌਲੀ ਚੱਲ ਰਿਹਾ ਹੈ ਤੇ ਬੇਹੱਦ ਮਹਿੰਗਾ ਹੈ। ਇਸ ਵੇਲੇ 28 ਮੇਟਿਸ ਸ਼ਿਕਾਰੀਆਂ ਉਪਰ ਫੌਜਦਾਰੀ ਮਾਮਲੇ ਦਰਜ ਹਨ।

# ਬਰਖਾਸਤ ਡਾਕਟਰ ਰਾਜ ਸ਼ਰਮਨ ਨੇ ਸਿਹਤ ਮੰਤਰੀ ਨੂੰ ਦਿੱਤੀ ਖੁੱਲ੍ਹੀ ਚੁਣੌਤੀ

ਐਡਮਿੰਟਨ(ਨ.ਦ.ਬ) ਟੋਰੀ ਕੋਕਸ ਤੋਂ ਬਰਖਾਸਤ ਕੀਤੇ ਗਏ ਡਾਕਟਰ ਰਾਜ ਸ਼ਰਮਨ ਨੇ ਬੀਤੇ ਦਿਨੀਂ ਆਜ਼ਾਦ ਵਿਧਾਇਕ ਵਜੋਂ ਪਹਿਲੀ ਵਾਰੀ ਪ੍ਰਸ਼ਨ ਕਾਲ ਦੌਰਾਨ ਹਿੱਸਾ ਲਿਆ। ਲਿਬਰਲ ਪਾਰਟੀ ਵੱਲੋਂ ਡਾ.ਸ਼ਰਮਨ ਨੂੰ ਤਿੰਨ ਸਵਾਲ ਦਿੱਤੇ ਗਏ ਸਨ। ਡਾ. ਸ਼ਰਮਨ ਨੇ ਇਸ ਮੌਕੇ ਸਿਹਤ ਮੰਤਰੀ ਜੀਨ ਜਵੈਡਸਕੀ ਕੋਲੋਂ ਉਨ੍ਹਾਂ ਗੁਪਤ ਦਸਤਾਵੇਜ਼ਾਂ ਬਾਰੇ ਪੁੱਛਿਆ ਜਿਨ੍ਹਾਂ ਬਾਰੇ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਦਸਤਾਵੇਜ਼ ਇਸ ਗੱਲ ਦਾ ਸਬੂਤ ਹਨ ਕਿ ਕੰਜ਼ਰਵੇਟਿਵ ਪਾਰਟੀ ਸਿਹਤ ਸੰਭਾਲ ਪ੍ਰਣਾਲੀ ਦੇ ਕਈ ਵਿਭਾਗਾਂ ਨੂੰ ਨਿੱਜੀਕਰਨ ਦੀ ਚੁੱਪ-ਚਪੀਤੇ ਯੋਜਨਾ ਬਣਾ ਰਹੀ ਹੈ। ਡਾ. ਸ਼ਰਮਨ ਨੇ ਸਭ ਦੇ ਸਾਹਮਣੇ ਆਖਿਆ ਕਿ ਉਨ੍ਹਾਂ ਕੋਈ ਦਸਤਾਵੇਜ਼ ਲੀਕ ਨਹੀਂ ਕੀਤੇ, ਸਗੋਂ ਸਿਹਤ ਮੰਤਰੀ ਨੇ ਖੁਦ ਆਦੇਸ਼ ਦੇ ਕੇ ਇਸ ਦੀਆਂ ਕਾਪੀਆਂ ਸਾਰੇ ਮੰਤਰੀਆਂ ਨੂੰ ਭਿਜਵਾਈਆਂ ਸਨ। ਜਵਾਬ ਵਿੱਚ ਜੀਨ ਨੇ ਅਜਿਹੀ ਕੋਈ ਵੀ ਘਟਨਾ ਦੇ ਵਾਪਰਨ ਬਾਰੇ ਸਾਫ਼ ਇਨਕਾਰ ਕਰ ਦਿੱਤਾ।


Great rates. Low fees. Expert advice.



- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

**Anjali Agarwal**, Mortgage Development Manager 780.718.7217 anjali.agarwal@servus.ca servus.ca

servus credit union

feel good about your money.

Canada's Best Managed Companies Platinum Member

# ਐਡਮਿੰਟਨ ਗੁਰਦੁਆਰੇ ਵਿੱਚ ਮੈਂਬਰਸ਼ਿਪ ਦਾ ਵਿਵਾਦ

ਐਡਮਿੰਟਨ (ਨ.ਦ.ਬ) ਪਿਛਲੇ ਦਿਨੀਂ 'ਸਿੱਖ ਯੂਥ ਆਫ ਐਡਮਿੰਟਨ ਨਾਂ ਦੀ ਸੰਸਥਾ ਦੇ ਅਹੁਦੇਦਾਰਾਂ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕ ਉਨ੍ਹਾਂ ਪ੍ਰਤੀ ਪੱਖਪਾਤ, ਦੁਰਵਿਵਹਾਰ ਅਤੇ ਤਾਨਾਸ਼ਾਹੀ ਵਾਲਾ ਵਤੀਰਾ ਅਪਨਾ ਰਹੇ ਹਨ। ਮੈਂਬਰਸ਼ਿਪ ਲਈ ਟਾਲ-ਮਟੋਲ ਵਾਲਾ ਢੰਗ ਵਰਤਿਆ ਜਾ ਰਿਹਾ ਹੈ। ਸੰਸਥਾ ਦੇ ਬੁਲਾਰੇ ਗੁਰਜੋਤ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਰਵੱਈਏ ਬਾਰੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਅਤੇ ਕਮੇਟੀ ਮੈਂਬਰਾਂ ਨੂੰ ਕਈ ਵਾਰੀ ਜਾਣੂ ਕਰਵਾਇਆ ਜਾ ਚੁੱਕਾ ਹੈ ਪਰ ਉਨ੍ਹਾਂ ਨੇ ਇਸ ਪ੍ਰਤੀ ਕੋਈ ਸੰਜੀਦਾ ਪਹੁੰਚ ਨਹੀਂ ਵਿਖਾਈ ਅਤੇ ਅਸੀਂ ਆਪਣੀ ਗੱਲ ਨੂੰ ਅੱਗੇ ਤੋਰਦਿਆਂ ਅਤੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਗੁਰਜੋਤ ਸਿੰਘ ਨੇ ਦੱਸਿਆ ਕਿ ਜੇਕਰ ਉਚ ਪ੍ਰਬੰਧ ਸੰਭਾਲਣ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਮਿਲਦੀ ਹੈ ਤਾਂ ਉਹ ਇਸ ਨੂੰ ਸੰਗਤਾਂ ਦੇ ਸਹਿਯੋਗ ਨਾਲ ਪਾਰਦਰਸ਼ੀ ਢੰਗ ਨਾਲ ਚਲਾਉਣਗੇ। ਨੌਜਵਾਨਾਂ ਦੀ ਸ਼ਮੂਲੀਅਤ ਨੂੰ ਪ੍ਰਬੰਧਕਾਂ ਨੂੰ ਖਤਮ ਨਹੀਂ ਸਮਝਣਾ ਚਾਹੀਦਾ। ਸਗੋਂ ਅਸੀਂ ਆਮ ਸਹਿਮਤੀ ਨਾਲ ਮੈਂਬਰ ਚੁਣੇ ਜਾਣ ਨੂੰ ਪਹਿਲ ਦੇਵਾਂਗੇ।

ਦੂਜੇ ਪਾਸੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਇਕ ਵੱਖਰੀ ਪ੍ਰੈਸ ਕਾਨਫਰੰਸ ਦੌਰਾਨ 'ਸਿੱਖ ਯੂਥ ਆਫ ਐਡਮਿੰਟਨ' ਵੱਲੋਂ ਲਾਏ ਦੋਸ਼ਾਂ ਨੂੰ ਮੂਲੋਂ ਹੀ ਨਕਾਰਦਿਆਂ ਕਿਹਾ ਕਿ ਗੁਰਦੁਆਰਾ ਸੰਵਿਧਾਨ ਦੀਆਂ ਸ਼ਰਤਾਂ ਪੂਰੀਆਂ ਕਰਦਾ ਹਰੇਕ ਵਿਅਕਤੀ ਮੈਂਬਰਸ਼ਿਪ ਲੈ ਸਕਦਾ ਹੈ। ਯੂਥ ਵੱਲੋਂ ਇਹ ਕਾਰਵਾਈ ਬਾਹਰਲੇ ਲੋਕਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ 'ਤੇ ਕਬਜ਼ਾ ਕਰਨ ਦੀ ਭਾਵਨਾ ਨਾਲ ਕੀਤੀ ਜਾ ਰਹੀ ਹੈ। ਕੀਰਤਨ ਕਰਨ ਤੋਂ ਰੋਕਣ ਬਾਰੇ ਬੋਲਦਿਆਂ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਕਿਹਾ ਕਿ ਕਈ ਵਾਰ ਸਮਾਂ ਮਿਲਿਆ ਹੋਣ ਦੇ ਬਾਵਜੂਦ ਯੂਥ ਸਮੇਂ ਸਿਰ ਨਹੀਂ ਪਹੁੰਚੇ ਅਤੇ ਗੁਰਦੁਆਰਾ ਕਮੇਟੀ ਨੂੰ ਤੁਰੰਤ ਹੀ ਪ੍ਰਬੰਧ ਕਰਨਾ ਪੈਂਦਾ ਹੈ। ਦਰਸ਼ਨ ਗਿੱਲ ਨੇ ਗੁਰਦੁਆਰਾ ਕਮੇਟੀ ਵੱਲੋਂ ਦੱਸਿਆ ਕਿ ਕਮੇਟੀ ਸਮੇਂ ਸਮੇਂ ਕੀਰਤਨੀ ਜਥੇ, ਕਥਾ ਵਾਚਕਾਂ, ਰਾਗੀਆਂ ਦਾ ਪ੍ਰਬੰਧ ਕਰਦੀ ਹੈ। ਦੋਵੇਂ ਧਿਰਾਂ ਨੇ ਆਪਣੀ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਸੰਗਤਾਂ ਤੋਂ ਸਹਿਯੋਗ ਦੀ ਆਸ ਪ੍ਰਗਟਾਈ ਹੈ।

# ਤਾਜ਼ਾ ਰਫਿਊਜ਼ੀ ਸੁਧਾਰਾਂ ਖਿਲਾਫ਼ ਵਿਰੋਧੀ ਧਿਰ ਵੱਲੋਂ ਵੋਟਿੰਗ ਦਾ ਫੈਸਲਾ

ਔਟਵਾ (ਨ.ਦ.ਬ) ਮਨੁੱਖੀ ਤਸਕਰੀ ਕਰਨ ਵਾਲਿਆਂ ਅਤੇ ਨਜਾਇਜ਼ ਢੰਗ ਨਾਲ ਆਏ ਲੋਕਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਕੰਜ਼ਰਵੇਟਿਵ ਸਰਕਾਰ ਦੀ ਤਜਵੀਜ਼ ਠੰਢੇ ਬਸਤੇ ਵਿੱਚ ਜਾਂਦੀ ਲੱਗ ਰਹੀ ਹੈ।



ਤਿੰਨਾਂ ਵਿਰੋਧੀ ਪਾਰਟੀਆਂ ਨੇ ਇਸ ਤਜਵੀਜ਼ ਉਪਰ ਕੇਂਦਰ ਸਰਕਾਰ ਖਿਲਾਫ਼ ਵੋਟ ਕਰਨ ਦਾ ਫੈਸਲਾ ਕੀਤਾ ਹੈ। ਲਿਬਰਲ ਲੀਡਰ ਮਾਈਕਲ ਇਗਨੈਟਿਫ ਨੇ ਪਾਰਟੀ ਦੇ ਇਸ ਫੈਸਲੇ ਦਾ ਐਲਾਨ ਕਰਦਿਆਂ, ਸਰਕਾਰ ਦੇ ਇਸ ਪ੍ਰਸਤਾਵ ਦੀ ਸਖ਼ਤ ਆਲੋਚਨਾ ਕੀਤੀ। ਇਸ ਨੂੰ ਗੈਰ ਮਨੁੱਖੀ ਦੱਸਦਿਆਂ ਆਖਿਆ ਕਿ ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਇਸ ਸੂਰਤ ਵਿੱਚ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਨਜਾਇਜ਼ ਹੀ ਸਜ਼ਾ ਭੁਗਤਣੀ ਪੈ ਸਕਦੀ ਹੈ। ਇਸ ਬਿਆਨ ਦੇ ਜਾਰੀ ਹੋਣ ਤੋਂ ਕੁਝ ਦੇਰ ਮਗਰੋਂ ਹੀ ਐਨ.ਡੀ.ਪੀ. ਤੇ ਬਲਾਕ ਕਿਊਬਿਕ ਨੇ ਵੀ ਇਸੇ ਸੁਰ ਵਿੱਚ ਬਿਆਨ ਜਾਰੀ ਕਰਦਿਆਂ ਇਸ ਬਿੱਲ ਨੂੰ ਸ਼ੁਰੂਆਤ ਵਿੱਚ ਹੀ ਖ਼ਤਮ ਕਰਨ ਦਾ ਇਰਾਦਾ ਜ਼ਾਹਰ ਕਰ ਦਿੱਤਾ। ਖਦਸ਼ਾ ਤਾਂ ਇਹ ਵੀ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਇਸ ਮਸਲੇ 'ਤੇ ਤਿੰਨੋਂ ਵਿਰੋਧੀ ਪਾਰਟੀਆਂ ਇਕਮੁੱਠ ਹੋ ਕੇ ਸਰਕਾਰ ਨੂੰ ਬੇ-ਭਰੋਸਗੀ ਮਤੇ ਦੇ ਚੱਕਰਵਿਊ ਵਿੱਚ ਘੇਰ ਕੇ, ਮੁੜ ਚੋਣ ਕਰਾਉਣ ਦੀ ਨੌਬਤ ਲਿਆ ਸਕਦੀਆਂ ਹਨ। ਜੇਕਰ ਇਹ ਬਿੱਲ ਐਕਟ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਇਸ ਸੂਰਤ ਵਿੱਚ ਪਬਲਿਕ ਸੇਫਟੀ ਮਨਿਸਟਰ ਨੂੰ ਕੈਨੇਡਾ ਵਿੱਚ ਪਨਾਹ ਦੀ ਅਰਜ਼ੀ ਦੇਣ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨ ਬਣਾਉਣ ਦਾ ਪੂਰਾ ਅਧਿਕਾਰ ਮਿਲ ਜਾਵੇਗਾ। ਮਨੁੱਖੀ ਤਸਕਰੀ ਦੇ ਧੰਦੇ ਰਾਹੀਂ ਕੈਨੇਡਾ ਵਿੱਚ ਦਾਖ਼ਲ ਹੋਏ ਅਜਿਹੇ ਲੋਕਾਂ ਨੂੰ ਇਕ ਸਾਲ ਦੀ ਹਿਰਾਸਤ ਵੀ ਝਲਣੀ ਪੈ ਸਕਦੀ ਹੈ। ਇਹ ਜੇਲ੍ਹ ਜਾਣ ਵਾਲੀ ਕਾਰਵਾਈ ਹੀ ਅਸਲ ਝਗੜੇ ਦੀ ਜੜ੍ਹ ਹੈ।

ਨਿਊ ਡੈਮੋਕਰੇਟਸ ਦਾ ਕਹਿਣਾ ਹੈ ਕਿ ਜੇਕਰ ਕੁਝ ਕਰਨਾ ਹੀ ਹੈ ਤਾਂ ਤਸਕਰਾਂ ਨੂੰ ਲਭਿਆ ਜਾਵੇ। ਬੇਵਜ੍ਹਾ ਲੋਕਾਂ ਨੂੰ ਤੰਗ ਕਰਨਾ ਕਿਥੋਂ ਦਾ ਇਨਸਾਫ ਹੈ? ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਿੱਲ ਵਿੱਚ ਤਸਕਰਾਂ ਲਈ ਨਿਸ਼ਚਤ ਸਖ਼ਤ ਸਜ਼ਾ ਦੀ ਤਜਵੀਜ਼ ਮੌਜੂਦ ਹੈ। ਇਸ ਵਿੱਚ ਜੇਲ੍ਹ ਅਤੇ ਜੁਰਮਾਨਾ, ਦੋਵੇਂ ਸ਼ਾਮਲ ਹਨ। ਉਧਰ ਸਰਕਾਰ ਦਾ ਤਰਕ ਹੈ ਕਿ ਇਹ ਕਾਨੂੰਨ ਕਿਸੇ ਵੀ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਕਰਦਾ। ਮੁਸ਼ਕਲ ਇਹ ਹੈ ਕਿ ਜੇਕਰ ਬਿੱਲ ਨੂੰ ਮਨਜ਼ੂਰੀ ਮਿਲ ਗਈ ਤਾਂ ਸਾਰੇ ਹੀ ਰਫਿਊਜ਼ੀ ਇਕੋ ਹੀ ਰੱਸੇ ਬੰਨ੍ਹੇ ਜਾਣਗੇ ਕਿਉਂਕਿ ਜਿਹੜੇ ਗੈਰ ਕਾਨੂੰਨੀ ਢੰਗ ਨਾਲ ਨਹੀਂ ਆਏ, ਉਹ ਵੀ ਫਸ ਜਾਣਗੇ।

## ਮੁਸ਼ੱਰਫ਼ ਦੀ ਵਿਦਾਇਗੀ 'ਚ ਜ਼ਰਦਾਰੀ ਅਤੇ ਕਿਆਨੀ ਦਾ ਹੱਥ

### ਵਿਕੀਲੀਕਸ ਦਾ ਪ੍ਰਗਟਾਵਾ

ਇਸਲਾਮਾਬਾਦ, (ਨ.ਦ.ਬ) : ਪਾਕਿਸਤਾਨੀ ਪੀਪਲਜ਼ ਪਾਰਟੀ ਦੇ ਸਹਾਇਕ ਪ੍ਰਧਾਨ ਆਸਿਫ਼ ਅਲੀ ਜ਼ਰਦਾਰੀ ਅਤੇ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਅਸ਼ਫ਼ਾਕ ਪ੍ਰਵੇਜ਼ ਕਿਆਨੀ ਨੇ ਤਤਕਾਲੀ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ਼ ਵਲੋਂ ਕੀਤੀ ਸਿਆਸੀ ਭੁੱਲ ਤੋਂ ਬਾਅਦ ਉਨ੍ਹਾਂ ਦੀ ਸਨਮਾਨਜਨਕ ਵਿਦਾਇਗੀ ਲਈ ਵੱਖ-ਵੱਖ ਯਤਨ ਕੀਤੇ ਸਨ। ਇਸ ਗੱਲ ਦਾ ਪ੍ਰਗਟਾਵਾ ਵਿਕੀਲੀਕਸ ਵਲੋਂ ਜਾਰੀ ਗੁਪਤ ਅਮਰੀਕੀ ਸੁਨੇਹਿਆਂ ਤੋਂ ਹੋਇਆ ਹੈ। ਜਾਣਕਾਰੀ ਅਨੁਸਾਰ ਤਤਕਾਲੀ ਅਮਰੀਕੀ ਰਾਜਦੂਤ ਐਮ.ਡਬਲਿਊ. ਪੈਟਰਸਨ ਵਲੋਂ ਲਿਖੇ ਗਏ ਦੋ ਵੱਖ-ਵੱਖ ਸੁਨੇਹਿਆਂ ਵਿਚ ਇਸ ਬਾਰੇ ਵਿਸਥਾਰਤ ਸਹਿਤ ਜਾਣਕਾਰੀ ਦਿਤੀ ਗਈ ਹੈ ਕਿ ਫ਼ੌਜ ਦੇ ਨਵੇਂ ਮੁਖੀ ਜਨਰਲ ਕਿਆਨੀ ਅਤੇ ਪੀ.ਪੀ.ਪੀ. ਦੇ ਮੁਖੀ ਜ਼ਰਦਾਰੀ ਨੇ ਕਿਸ ਤਰ੍ਹਾਂ ਮੁਸ਼ੱਰਫ਼ ਨਾਲੋਂ ਬੜੇ ਸੁਲਝੇ ਢੰਗ ਨਲ ਦੂਰੀਆਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ ਅਤੇ ਕਿਸ ਤਰ੍ਹਾਂ ਜ਼ਰਦਾਰੀ ਨੇ ਮੁਸ਼ੱਰਫ਼ ਦੀ ਦੇਸ਼ 'ਚੋਂ ਸਨਮਾਨ-ਜਨਕ ਵਿਦਾਇਗੀ ਦੀ ਵਕਾਲਤ ਕੀਤੀ।

# ਤੁਰਨ ਨਾਲ ਘੱਟ ਹੋ ਸਕਦੈ ਫੋੜੇ ਦਾ ਅਸਰ



ਐਡਮਿੰਟਨ (ਨ.ਦ.ਬ) ਅਰੇਡੀਓਲਾਜੀਕਲ ਸੁਸਾਇਟੀ ਆਫ ਨਾਰਥ ਅਮਰੀਕਾ ਵਿੱਚ ਬੀਤੇ ਦਿਨੀਂ ਪੇਸ਼ ਕੀਤੀ ਗਈ ਇਕ ਖੋਜ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਸੈਰ ਕਰਨਾ ਜਾਂ ਤੁਰਨਾ ਅਲਜ਼ਾਈਮਰ ਬਿਮਾਰੀ ਨੂੰ ਵਧਣ ਤੋਂ ਰੋਕਣ ਵਿਚ ਸਹਾਈ ਹੋ ਸਕਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਖੋਜ ਦੌਰਾਨ ਉਨ੍ਹਾਂ ਪਾਇਆ ਕਿ ਜੇਕਰ ਕੋਈ ਹਰ ਰੋਜ਼ ਅੱਠ ਕਿਲੋਮੀਟਰ ਪੈਦਲ ਚੱਲੇ ਤਾਂ ਉਸ ਦੀ ਯਾਦ ਸਕਤੀ ਨੂੰ ਨੁਕਸਾਨ ਪਹੁੰਚਾਉਣ ਵਾਲੀ ਇਸ ਬਿਮਾਰੀ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ। ਸੈਰ ਕਰਨ ਨਾਲ ਅਲਜ਼ਾਈਮਰ ਦੇ ਮਰੀਜ਼ਾਂ ਦੀ ਹਾਲਤ ਵਿਗੜਨ ਦੀ ਸੰਭਾਵਨਾ ਨੂੰ ਦਸ ਸਾਲ ਦੂਰ ਧੱਕਿਆ ਜਾ ਸਕਦਾ ਹੈ ਕਿਉਂਕਿ ਰੋਜ਼ਾਨਾ 8 ਕਿਲੋਮੀਟਰ ਸੈਰ ਦਿਮਾਗ ਦੇ ਉਸ ਹਿੱਸੇ ਦੀ ਰੱਖਿਆ ਕਰਦੀ ਹੈ ਜਿਸ ਉਪਰ ਅਲਜ਼ਾਈਮਰ ਬਿਮਾਰੀ ਸਭ ਤੋਂ ਵਧ ਅਸਰ ਕਰਦੀ ਹੈ ਤੇ ਮਰੀਜ਼ ਆਪਣੀ ਯਾਦਾਸ਼ਤ ਪੂਰੀ ਤਰ੍ਹਾਂ ਗੁਆ ਬੈਠਦੇ ਹਨ। ਅਲਜ਼ਾਈਮਰ ਬਿਮਾਰੀ ਇਕ ਲਾਇਲਾਜ ਬਿਮਾਰੀ ਹੈ ਜਿਸ ਨਾਲ ਹੌਲੀ ਹੌਲੀ ਮਰੀਜ਼ ਦੀ ਯਾਦ ਰੱਖਣ ਦੀ ਅਤੇ ਸੋਚਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਅਲਜ਼ਾਈਮਰ ਸੁਸਾਇਟੀ ਆਫ ਕੈਨੇਡਾ ਮੁਤਾਬਕ ਸਾਲ 2008 ਵਿੱਚ ਕੈਨੇਡਾ ਵਿੱਚ 4,80000 ਲੋਕ ਇਸ ਬਿਮਾਰੀ ਦਾ ਸ਼ਿਕਾਰ ਸਨ। ਇਸ ਬਿਮਾਰੀ ਕਾਰਨ ਕੈਨੇਡਿਆਈ ਅਰਥ ਵਿਵਸਥਾ ਉਪਰ 2008 ਵਿੱਚ 15 ਅਰਬ ਡਾਲਰ ਦਾ ਬੋਝ ਪਿਆ। ਬ੍ਰੇਨ ਵਾਲਯੂਮ ਵਧਣ ਨਾਲ ਅਲਜ਼ਾਈਮਰ ਦਾ ਅਸਰ ਘਟਦਾ ਹੈ ਅਤੇ ਬ੍ਰੇਨ ਵਾਲਯੂਮ ਵਧਾਉਣ ਦਾ ਇਕੋ ਇਕ ਤਰੀਕਾ ਹੈ, ਸਰੀਰਕ ਕਸਰਤ ਅਤੇ ਸੈਰ। ਸੈਰ ਬੇਸ਼ੱਕ ਇਸ ਬਿਮਾਰੀ ਦਾ ਪੱਕਾ ਇਲਾਜ ਨਹੀਂ ਪਰ ਜਿਨ੍ਹਾਂ ਨੂੰ ਇਹ ਬਿਮਾਰੀ ਹੈ, ਉਹ ਸੈਰ ਕਰਕੇ ਇਸ ਦੇ ਦਰਦਨਾਕ ਪ੍ਰਭਾਵਾਂ ਨੂੰ ਘੱਟ ਜ਼ਰੂਰ ਕਰ ਸਕਦੇ ਹਨ ਤੇ ਉਹ ਜੋ ਅਜੇ ਪੂਰੀ ਤਰ੍ਹਾਂ ਤੰਦਰੁਸਤ ਹਨ, ਉਨ੍ਹਾਂ ਨੂੰ ਵੀ ਹਰ ਰੋਜ਼ ਏਨੀ ਹੀ ਸੈਰ ਕਰਨ ਦੀ ਲੋੜ ਹੈ ਤਾਂ ਜੋ ਇਹ ਬਿਮਾਰੀ ਹੋਵੇ ਹੀ ਨਾ।

## ਅਮਰੀਕਾ ਭਾਰਤੀ ਸਮੁੰਦਰੀ ਫ਼ੌਜ ਨੂੰ ਸੌਂਪੇਗਾ ਪਣਡੱਬੀ ਰੋਕੂ ਜਹਾਜ਼

ਨਵੀਂ ਦਿੱਲੀ, (ਨ.ਦ.ਬ) : ਅਮਰੀਕੀ ਰਖਿਆ ਕੰਪਨੀ ਬੋਇੰਗ ਨੇ ਭਾਰਤੀ ਸਮੁੰਦਰੀ ਫ਼ੌਜ ਲਈ ਪਹਿਲੇ ਲੰਬੀ ਦੂਰੀ ਦੇ ਸਮੁੰਦਰੀ ਟੋਹੀ ਅਤੇ ਪਣਡੁੱਬੀ ਰੋਕੂ ਪੀ-8 ਆਈ. ਜਹਾਜ਼ 'ਤੇ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ। ਬੋਇੰਗ ਦੀ ਰਖਿਆ, ਪੁਲਾੜ ਅਤੇ ਸੁਰੱਖਿਆ ਮਾਮਲਿਆਂ ਦੇ ਉਪ ਚੇਅਰਮੈਨ ਵਿਵੇਕ ਲਾਲ ਨੇ ਦਸਿਆ ਕਿ ਬੋਇੰਗ ਦੇ ਪੀ.-8 ਆਈ ਦਲ ਨੇ 6 ਦਸੰਬਰ ਨੂੰ ਕਨਸਾਸ ਵਿਚ ਭਾਰਤੀ ਸਮੁੰਦਰੀ ਫ਼ੌਜ ਦੇ ਇਸ ਜਹਾਜ਼ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਹ ਇਸ ਪ੍ਰੋਗਰਾਮ ਦਾ ਅਹਿਮ ਪੜਾਅ ਹੈ ਕਿਉਂਕਿ ਹੁਣ ਅਸੀਂ ਡਿਜ਼ਾਈਨ ਨਿਰਮਾਣ ਦੇ ਗੇੜ ਵਿਚ ਪਹੁੰਚ ਗਏ ਹਾਂ। ਉਨ੍ਹਾਂ ਦਸਿਆ ਕਿ ਅਮਰੀਕਾ ਸਮੁੰਦਰੀ ਫ਼ੌਜ ਪੀ-8 ਪ੍ਰੋਗਰਾਮ ਦੇ ਮਿਸ਼ਨ ਤੰਤਰ ਨੂੰ ਡਿਜ਼ਾਈਨ ਕਰਨ ਲਈ 44 ਅਰਬ ਡਾਲਰ ਨਿਵੇਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਜਹਾਜ਼ ਦਾ ਮਿਸ਼ਨ ਭਾਰਤੀ ਸਮੁੰਦਰੀ ਫ਼ੌਜ ਦੀਆਂ ਲੋੜਾਂ ਨਾਲ ਮੇਲ ਖਾਂਦਾ ਹੈ। ਉਨ੍ਹਾਂ ਦਸਿਆ ਕਿ ਭਾਰਤੀ ਸਮੁੰਦਰੀ ਫ਼ੌਜ ਦੇ ਮੁਖੀ ਐਡਮਿਰਲ ਨਿਰਮਲ ਵਰਮਾ ਨੂੰ ਹਾਲ ਹੀ ਵਿਚ ਅਮਰੀਕਾ ਦੌਰੇ ਦੌਰਾਨ ਇਸ ਪ੍ਰੋਗਰਾਮ ਦੀ ਜਾਣਕਾਰੀ ਦੇ ਦਿਤੀ ਗਈ ਸੀ।

# ਬਾਗ਼ੀ ਜਗਨਮੋਹਨ ਤੇ ਉਸ ਦੀ ਮਾਂ ਵਲੋਂ ਜ਼ਿਮਨੀ ਚੋਣਾਂ ਲੜਨ ਦਾ ਐਲਾਨ

ਹੈਦਰਾਬਾਦ, (ਨਦਬ) : ਸਾਬਕਾ ਕਾਂਗਰਸ ਸੰਸਦ ਮੈਂਬਰ ਵਾਈ.ਐਸ. ਜਗਨਮੋਹਨ ਰੈਡੀ ਨੇ ਅੱਜ ਇਥੇ ਕਿਹਾ ਕਿ ਉਹ ਅਤੇ ਉਸ ਦੀ ਮਾਂ ਦੋਵੇਂ ਕੋਅੰਪਾ ਲੋਕ ਸਭਾ ਅਤੇ ਕੁਲੀਵਰਲੇਪੁਲਾ ਵਿਧਾਨ ਸਭਾ ਦੀ ਜ਼ਿਮਨੀ ਚੋਣ ਲੜਨਗੇ। ਉਹ ਅੱਜ ਅਪਣੇ ਸਮਰਥਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਅਤੇ ਉਸ ਦੀ ਮਾਂ ਜ਼ਿਮਨੀ ਚੋਣਾਂ ਕਾਂਗਰਸ ਵਿਰੁਧ ਲੜਨਗੇ। ਵਰਣਨਯੋਗ ਹੈ ਕਿ ਰੈਡੀ ਅਤੇ ਉਸ ਦੀ ਮਾਂ ਕ੍ਰਮਵਾਰ ਅਪਣੀ ਲੋਕ ਸਭਾ ਅਤੇ ਵਿਧਾਨ ਸਭਾ ਸੀਟਾਂ ਤੋਂ ਅਸਤੀਫ਼ਾ ਦੇ ਚੁੱਕੇ ਹਨ। ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਜ਼ਬਰਦਸਤ ਆਲੋਚਨਾ ਵੀ ਕੀਤੀ।

# ਉਂਟਾਰੀਓ ਵਿਸ਼ੇਸ਼ ਜਾਂਚ ਯੂਨਿਟ ਮੁੜ ਖੋਲ੍ਹੇਗੀ ਜੀ-20 ਝੜਪਾਂ ਦਾ ਮਾਮਲਾ

ਟੋਰਾਂਟੋ (ਨਦਬ) ਜੂਨ ਮਹੀਨੇ, ਟੋਰਾਂਟੋ ਵਿਖੇ ਹੋਈ ਜੀ-20 ਸਿਖਰ ਵਾਰਤਾ ਦੌਰਾਨ ਰੋਸ ਮੁਜਾਹਰਾ ਕਰਦਿਆਂ ਜ਼ਖ਼ਮੀ ਹੋਏ ਐਡਮ ਨੋਬਡੀ ਦਾ ਮਾਮਲਾ ਫਿਰ ਪ੍ਰੇਸ਼ਾਨੀ ਦਾ ਸਬੱਬ ਬਣ ਜਾ ਰਿਹਾ ਹੈ। ਦਰਅਸਲ ਇਸ ਸੰਮੇਲਨ ਦੌਰਾਨ ਆਪਣੇ ਰੋਸ ਦਾ ਪ੍ਰਦਰਸ਼ਨ ਕਰ ਰਹੇ ਲੋਕਾਂ ਦੀ ਭੀੜ ਨੂੰ ਖਦੇੜਨ ਵਾਸਤੇ ਪੁਲਿਸ ਨੇ ਕਥਿਤ ਤੌਰ 'ਤੇ ਲੋੜੋਂ ਵੱਧ ਸ਼ਕਤੀ ਦੀ ਵਰਤੋਂ ਕੀਤੀ ਸੀ। ਸਿੱਟੇ ਵਜੋਂ ਕਈ ਲੋਕ ਜ਼ਖ਼ਮੀ ਹੋ ਗਏ ਸਨ। ਬਿਨਾਂ ਕਾਰਨ ਕੁੱਟੇ ਗਏ ਇਨ੍ਹਾਂ ਲੋਕਾਂ ਵਿਚ ਐਡਮ ਨੋਬਡੀ ਵੀ ਸ਼ਾਮਿਲ ਸੀ ਜਿਸ ਦੀ ਅੱਖ ਹੇਠ ਜ਼ਖ਼ਮ ਹੋ ਗਿਆ ਸੀ ਤੇ ਪੁਲਿਸ ਦੀ ਇਹ ਸਾਰੀ ਵਧੀਕੀ ਕੈਮਰੇ ਵਿਚ ਕੈਦ ਹੋ ਗਈ ਸੀ। ਉਂਟਾਰੀਓ ਦੀ ਵਿਸੇਸ਼ ਜਾਂਚ ਯੂਨਿਟ ਨੇ ਇਸ ਮਾਮਲੇ ਦੀ ਫ਼ਾਈਲ ਮੁੜ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਅਜੇ ਤਕ ਕਿਸੇ ਅਫ਼ਸਰ ਵਿਰੁੱਧ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਕਿਉਂਕਿ ਫੁਟੇਜ ਵਿਚ ਕਿਸੇ ਦਾ ਚਿਹਰਾ ਸਾਫ਼ ਨਜ਼ਰ ਨਹੀਂ ਆ ਰਿਹਾ।

ਉਧਰ, ਟੋਰਾਂਟੋ ਪੁਲਿਸ ਮੁਖੀ ਬਿਲ ਬਲੇਅਰ ਨੇ ਇਸ ਵੀਡੀਓ ਕਾਰਨ ਪੈਦਾ ਹੋਏ ਜਨਤਕ ਰੋਹ ਲਈ ਸਾਰਾ ਦੋਸ਼ ਐਸ.ਆਈ.ਯੂ. ਦੇ ਡਾਇਰੈਕਟਰ ਈ.ਐਨ. ਸਕਾਟ 'ਤੇ ਲਾਇਆ ਹੈ ਜਿਸ ਨੇ ਲੋਕਾਂ ਨੂੰ ਯੂ ਟਿਊਬ 'ਤੇ ਮੌਜੂਦ ਇਸ ਵੀਡੀਓ ਨੂੰ ਵੇਖਣ ਅਤੇ ਆਪਣੀ ਰਾਇ ਦੇਣ ਲਈ ਪ੍ਰੇਰਿਆ। ਸਕੌਟ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਵੀਡੀਓ ਵੇਖ ਕੇ ਅਫ਼ਸਰਾਂ ਦੀ ਸ਼ਨਾਖਤ ਕਰਨ ਤਾਂ ਜੋ ਜਾਂਚ ਯੂਨਿਟ ਨੂੰ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਵਿਚ ਕੁੱਝ ਮਦਦ ਮਿਲ ਸਕੇ। ਪਰ ਪੁਲਿਸ ਮੁਖੀ ਬਿਲ ਬਲੇਅਰ ਨੇ ਦੋਸ਼ ਲਾਇਆ ਹੈ ਕਿ ਵੀਡੀਓ ਭਰੋਸੇਯੋਗ ਨਹੀਂ ਕਿਉਂਕਿ ਇਸ ਨਾਲ ਛੇੜਛਾੜ ਕੀਤੀ ਗਈ ਹੈ ਤੇ ਇਹ ਸਭ ਟੋਰਾਂਟੋ ਦੀ ਪੁਲਿਸ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੇਠ ਕੀਤਾ ਗਿਆ ਹੈ।

ਮਾਮਲੇ ਵਿਚ ਨਵਾਂ ਮੋੜ ਉਸ ਵੇਲੇ ਆਇਆ ਜਦੋਂ ਆਰਮਸ ਲੈਂਥ ਏਜੰਸੀ ਨੂੰ ਉਸ ਆਦਮੀ ਦਾ ਹਲਫੀਆ ਬਿਆਨ ਮਿਲਿਆ ਜਿਸ ਨੇ ਇਹ ਵੀਡੀਓ ਰਿਕਾਰਡਿੰਗ ਕੀਤੀ ਸੀ। ਉਸ ਆਦਮੀ ਨੇ ਕਸਮ ਖਾਂਦਿਆਂ ਬਿਆਨ ਦਿੱਤਾ ਹੈ ਕਿ ਉਸ ਵਲੋਂ ਟੇਪ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ।

## ਦੋ ਰੁਪਏ ਪ੍ਰਤੀ ਲੀਟਰ ਹੋਰ ਵਧਣਗੇ ਪੈਟਰੋਲ ਅਤੇ ਡੀਜ਼ਲ

ਨਵੀਂ ਦਿੱਲੀ, (ਨ.ਦ.ਬ) : ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਅਗਲੇ ਹਫ਼ਤੇ ਪੈਟਰੋਲ ਦੀਆਂ ਕੀਮਤਾਂ ਵਿਚ ਡੇਢ ਤੋਂ ਦੋ ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਡੀਜ਼ਲ ਦੀਆਂ ਕੀਮਤਾਂ ਵਿਚ ਵੀ 2 ਰੁਪਏ ਪ੍ਰਤੀ ਲੀਟਰ ਵਾਧੇ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ 13 ਦਸੰਬਰ ਨੂੰ ਸੰਸਦ ਦੇ ਮੌਜੂਦਾ ਸੈਸ਼ਨ ਦੀ ਸਮਾਪਤੀ ਤੋਂ ਬਾਅਦ ਤੇਲ ਕੀਮਤਾਂ ਵਿਚ ਵਾਧਾ ਹੋ ਜਾਵੇਗਾ ਕਿਉਂਕਿ ਕੌਮਾਂਤਰੀ ਬਾਜ਼ਾਰ ਵਿਚ ਕੱਚਾ ਤੇਲ 90 ਡਾਲਰ ਪ੍ਰਤੀ ਬੈਰਲ ਦੇ ਪੱਧਰ 'ਤੇ ਪੁੱਜ ਗਿਆ ਹੈ ਜਿਸ ਨਾਲ ਡੀਜ਼ਲ ਦੀ ਖੁਦਰਾ ਕੀਮਤ ਅਤੇ ਉਸ ਦੇ ਆਯਾਤ ਦੀ ਲਾਗਤ ਵਿਚ ਫ਼ਰਕ ਲਗਾਤਾਰ ਵਧ ਰਿਹਾ ਹੈ। ਪੈਟਰੋਲੀਅਮ ਮੰਤਰੀ ਮੁਰਲੀ ਦਿਉੜਾ ਨੇ ਇਸ ਸਬੰਧ ਵਿਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਨਾਲ ਗੱਲਬਾਤ ਕਰਨ ਤੋਂ ਬਾਅਦ ਅਗਲੇ ਹਫ਼ਤੇ ਤੇਲ ਕੀਮਤਾਂ 'ਚ ਵਾਧੇ ਲਈ ਮੰਤਰੀਆਂ ਦੇ ਸਮੂਹ ਦੀ ਮੀਟਿੰਗ ਬੁਲਾਉਣ ਦੀ ਮੰਗ ਰੱਖੀ ਹੈ। ਇਸ ਤੋਂ ਪਹਿਲਾਂ 9 ਨਵੰਬਰ ਨੂੰ ਪੈਟਰੋਲ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ ਸੀ। ਉਸ ਸਮੇਂ ਪੈਟਰੋਲ ਦੀ ਕੀਮਤ ਵਿਚ 32 ਪੈਸੇ ਪ੍ਰਤੀ ਲੀਟਰ ਵਾਧਾ ਕੀਤਾ ਸੀ। ਇੰਡੀਅਨ ਆਇਲ, ਹਿੰਦੋਸਤਾਨ ਪੈਟਰੋਲੀਅਮ ਅਤੇ ਭਾਰਤ ਪੈਟਰੋਲੀਅਮ ਅਨੁਸਾਰ ਇਸ ਸਮੇਂ ਪੈਟਰੋਲ ਦੀ ਵਿਕਰੀ 'ਤੇ 2.40 ਰੁਪਏ ਪ੍ਰਤੀ ਲੀਟਰ ਦਾ ਨੁਕਸਾਨ ਹੋ ਰਿਹਾ ਹੈ।

## ਨਵੇਂ ਸਾਲ ਵਿਚ ਮਿਲਣਗੇ ਨੌਕਰੀਆਂ ਦੇ ਪੰਜ ਗੁਣਾ ਵੱਧ ਮੌਕੇ

ਨਵੀਂ ਦਿੱਲੀ, (ਨ.ਦ.ਬ) : ਨਵਾਂ ਵਰ੍ਹਾ ਐਤਕੀ ਨਵੀਆਂ ਨੌਕਰੀਆਂ ਦੀ ਸੁਗਾਤ ਲੈ ਕੇ ਤੁਹਾਡੀਆਂ ਦਰਾਂ 'ਤੇ ਆਵੇਗਾ। ਅਗਲੇ ਤਿੰਨ ਮਹੀਨਿਆਂ ਦੌਰਾਨ ਦੇਸ਼ ਦੇ ਹਰ ਖੇਤਰ ਵਿਚ ਕੰਪਨੀਆਂ ਵਲੋਂ ਵੱਡੇ ਪੱਧਰ 'ਤੇ ਨਿਯੁਕਤੀਆਂ ਕਰਨ ਦੀ ਉਮੀਦ ਹੈ। ਰੁਜ਼ਗਾਰ ਮੁਹਈਆ ਕਰਵਾਉਣ ਵਾਲੀ ਕੰਪਨੀ ਮੈਨ ਪਾਵਰ ਇੰਡੀਆ ਦੇ ਸਰਵੇ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ। ਦੇਸ਼ 9 ਫ਼ੀ ਸਦੀ ਦੀ ਵਿਕਾਸ ਦਰ ਨਾਲ ਅੱਗੇ ਵਧ ਰਿਹਾ ਹੈ ਅਤੇ ਅਜਿਹੇ ਹਾਲਾਤ ਵਿਚ ਰੁਜ਼ਗਾਰ ਦੇ ਬਾਜ਼ਾਰ ਵਿਚ ਵੀ ਬਹਾਰ ਦੇਖਣ ਨੂੰ ਮਿਲੇਗੀ। ਸਰਵੇ ਮੁਤਾਬਕ 2009 ਦੀ ਚੌਥੀ ਤਿਮਾਹੀ (ਅਕਤੂਬਰ-ਦਸੰਬਰ) ਤੋਂ ਦੇਸ਼ ਵਿਚ ਭਰਤੀ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਨਵੀਆਂ ਨੌਕਰੀਆਂ ਵਿਚ 5 ਫ਼ੀ ਸਦੀ ਵਾਧੇ ਦੇ ਆਸਾਰ ਹਨ। ਸਭ ਤੋਂ ਵੱਧ ਨੌਕਰੀਆਂ ਮੈਨੂਫੈਕਚਰਿੰਗ ਦੇ ਖੇਤਰ ਵਿਚ ਮਿਲਣਗੀਆਂ। ਇਸ ਤੋਂ ਇਲਾਵਾ ਵਿੱਤ, ਬੀਮਾ, ਰੀਅਲ ਅਸਟੇਟ, ਨਿਰਮਾਣ ਆਦਿ ਖੇਤਰਾਂ ਵਿਚ ਵੱਡੀ ਪੱਧਰ 'ਤੇ ਨਵੀਂ ਭਰਤੀ ਦੇ ਰੌਸ਼ਨ ਆਸਾਰ ਹਨ।

## ਛੇ ਪਾਕਿਸਤਾਨੀ ਨਾਗਰਿਕ ਗ੍ਰਿਫ਼ਤਾਰ

ਕੱਛ, (ਨ.ਦ.ਬ) : ਬੀ.ਐਸ.ਐਫ਼. ਦੇ ਜਵਾਨਾਂ ਨੇ ਜਾਖੂ ਜ਼ਿਲ੍ਹੇ ਵਿਚ ਅੱਜ ਸਰਹੱਦ ਨੇੜੇ 6 ਪਾਕਿਸਤਾਨੀ ਨਾਗਰਿਕਾਂ ਨੂੰ ਘੁਸਪੈਠ ਕਰਦਿਆਂ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀਆਂ ਬੀ.ਐਸ.ਐਫ਼. ਵਲੋਂ ਸਮੁੰਦਰ ਵਿਚ ਸ਼ੁਰੂ ਕੀਤੇ ਵਿਸ਼ੇਸ਼ ਅਪਰੇਸ਼ਨ ਦੌਰਾਨ ਕੀਤੀਆਂ ਗਈਆਂ। ਬੀ.ਐਸ.ਐਫ਼. ਦੇ ਬੁਲਾਰੇ ਨੇ ਦਸਿਆ ਕਿ ਉਕਤ ਪਾਕਿਸਤਾਨੀ ਘੁਸਪੈਠੀਏ ਮਛੇਰਿਆਂ ਦੇ ਰੂਪ ਵਿਚ ਘੁਸਪੈਠ ਕਰ ਰਹੇ ਸਨ। ਉਨ੍ਹਾਂ ਦਸਿਆ ਕਿ ਪੁਛਗਿਛ ਤੋਂ ਅਹਿਮ ਇੰਕਸ਼ਾਫ਼ ਹੋਣ ਦੀ ਸੰਭਾਵਨਾ ਹੈ।

## ਨੋਬਲ ਪੁਰਸਕਾਰ ਸਮਾਰੋਹ: ਭਾਰਤ ਨੇ ਠੁਕਰਾਈ ਚੀਨ ਦੀ ਅਪੀਲ

ਨਵੀਂ ਦਿੱਲੀ, (ਨ.ਦ.ਬ): ਭਾਰਤ ਨੇ ਚੀਨ ਦੇ ਬਾਗ਼ੀ ਨੇਤਾ ਲੀਊ ਜ਼ਿਆਉਬੋ ਨੂੰ ਦਿਤੇ ਜਾਣ ਵਾਲੇ ਨੋਬਲ ਸ਼ਾਂਤੀ ਪੁਰਸਕਾਰ ਸਮਾਰੋਹ ਵਿਚ ਹਿੱਸਾ ਲੈਣ ਦਾ ਫ਼ੈਸਲਾ ਕੀਤਾ ਹੈ। ਇਹ ਸਮਾਰੋਹ ਸ਼ੁੱਕਰਵਾਰ ਨੂੰ ਨਾਰਵੇ ਦੇ ਓਸਲੋ ਵਿਚ ਕੀਤਾ ਜਾਵੇਗਾ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਸਿਆ ਕਿ ਚੀਨ ਨੇ ਭਾਰਤ ਸਣੇ ਕਈ ਦੇਸ਼ਾਂ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਸਮਾਰੋਹ ਵਿਚ ਹਿੱਸਾ ਨਾ ਲੈਣ ਪਰ ਨਵੀਂ ਦਿੱਲੀ ਇਸ ਮੁੱਦੇ ਨੂੰ ਪੇਈਚਿੰਗ ਨਾਲ ਦੁਵੱਲੇ ਮੁੱਦੇ ਦੇ ਤੌਰ 'ਤੇ ਨਹੀਂ ਵੇਖਦੀ। ਭਾਰਤ ਉਨ੍ਹਾਂ 44 ਦੇਸ਼ਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਸਮਾਗਮ ਵਿਚ ਸ਼ਾਮਲ ਹੋਣ ਦੀ ਸਹਿਮਤੀ ਦਿਤੀ ਹੈ।

# 45 ਮਿੰਟ ਵਿੱਚ ਕਿਵੇਂ ਲੁਟਾਇਆ ਗਿਆ 2 ਜੀ ?

ਸ਼ਰਦ ਗੁਪਤਾ (ਨਵੀਂ ਦਿੱਲੀ)

**ਸਪੈਕਟਰਮ ਅਲਾਟ ਕਰਨ ਲਈ ਸਾਰੀ ਕਾਰਵਾਈ ਪੂਰੀ ਕਰਨ ਲਈ ਸਿਰਫ਼ 45 ਮਿੰਟ ਦਿੱਤੇ ਗਏ ਸਨ। ਕੁੱਝ ਪਤੱਰਕਾਰਾਂ ਵਲੋਂ ਦਿੱਲੀ ਵਿੱਚ ਸੱਤਾ ਦੇ ਚੌਗਿਰਦੇ ਨੂੰ ਖੰਘਾਲਿਆ ਗਿਆ। ਨੌਕਰਸ਼ਾਹਾਂ ਅਤੇ ਸੰਚਾਰ ਵਿਭਾਗ ਦੇ ਅਧਿਕਾਰੀਆਂ ਤੋਂ ਲੈ ਕੇ ਟੈਲੀਕਾਮ ਕੰਪਨੀਆਂ ਨੇ ਹੀ ਦੱਸਿਆ ਕਿ 45 ਮਿੰਟ ਵਿੱਚ ਕੀ-ਕੁਝ, ਕਿਵੇਂ ਅਤੇ ਕਿਉਂ ਹੋਇਆ? ਕੌਣ ਕੌਣ ਪਰਦੇ ਦੇ ਪਿੱਛੇ ਕੰਮ ਕਰ ਰਹੇ ਸਨ ਅਤੇ ਕੌਣ ਪਰਦੇ ਦੇ ਅੱਗੇ?**

ਅਸ਼ੋਕ ਰੋਡ। ਸੰਚਾਰ ਭਵਨ। ਪਹਿਲੀ ਮੰਜ਼ਿਲ। ਦਸ ਜਨਵਰੀ 2008। ਸਮਾਂ ਦੁਪਹਿਰ ਪੌਣੇ ਤਿੰਨ ਵਜੇ। ਸੰਚਾਰ ਮੰਤਰੀ ਏਂਦੀਮੁਥੁ ਰਾਜਾ ਦੇ ਨਿੱਜੀ ਸਹਾਇਕ ਆਰ.ਕੇ. ਚੰਦੋਲੀਆ ਦਾ ਦਫ਼ਤਰ। ਰਾਜਾ ਦੇ ਹੁਕਮ ਨਾਲ ਇਕ ਪ੍ਰੈਸ ਰਿਲੀਜ਼ ਜਾਰੀ ਹੁੰਦੀ ਹੈ। 2 ਜੀ ਸਪੈਕਟਰਮ 3.30 ਤੋਂ 4.30 ਦਰਮਿਆਨ ਜਾਰੀ ਹੋਵੇਗਾ। ਤੁਰੰਤ ਭਗਦੜ ਮਚ ਗਈ। ਸਿਰਫ਼ 45 ਮਿੰਟ ਬਾਕੀ ਸਨ..

ਉਹ ਇਕ ਆਮ ਦਿਨ ਸੀ। ਕੁਝ ਖਾਸ ਸੀ ਤਾਂ ਸਿਰਫ਼ ਏ. ਰਾਜਾ ਦੀ ਇਸ ਭਵਨ ਦੇ ਦਫ਼ਤਰ ਵਿੱਚ ਮੌਜੂਦਗੀ। ਰਾਜਾ ਇਥੇ ਹਨੇਰੇ ਅਤੇ ਬੇਰੌਣਕ ਗਲਿਆਰਿਆਂ ਵਿਚੋਂ ਲੰਘਣ ਦੀ ਬਜਾਏ ਇਲੈਕਟ੍ਰਾਨਿਕ ਭਵਨ ਦੇ ਚਮਚਮਾਉਂਦੇ ਦਫ਼ਤਰ ਵਿੱਚ ਬੈਠਣਾ ਜ਼ਿਆਦਾ ਪਸੰਦ ਕਰਦੇ ਸਨ। ਪਰ ਅੱਜ ਇਥੇ ਬਿਰਾਜੇ ਸਨ। 2 ਜੀ ਸਪੈਕਟਰਮ ਲਈ ਚਾਰ ਮਹੀਨੇ ਤੋਂ ਚੱਕਰ ਲਗਾ ਰਹੀਆਂ ਕੰਪਨੀਆਂ ਦੇ ਲੋਕ ਵੀ ਇਨ੍ਹਾਂ ਹਨੇਰਿਆਂ ਵਿੱਚ ਮੰਡਰਾਉਂਦੇ ਦੇਖੇ ਗਏ।

ਲੰਚ ਤੱਕ ਮਾਹੌਲ ਦੂਸਰੇ ਸਰਕਾਰੀ ਦਫ਼ਤਰਾਂ ਵਾਂਗ ਸੁਸਤ ਜਿਹਾ ਰਿਹਾ। ਪੌਣੇ ਤਿੰਨ ਵੱਜਦੇ ਹੀ ਤੂਫ਼ਾਨ ਜਿਹਾ ਆ ਗਿਆ। ਗਲਿਆਰਿਆਂ ਵਿੱਚ ਭਜਨੱਠ ਪੈ ਗਈ। ਮੋਬਾਈਲ ਫੋਨਾਂ 'ਤੇ ਹੋਣ ਵਾਲੀ ਗੱਲਬਾਤ ਚੀਖ-ਪੁਕਾਰ ਵਿੱਚ ਬਦਲ ਗਈ। ਉਹ ਚੰਦੋਲੀਆ ਦੇ ਦਫ਼ਤਰ ਤੋਂ ਮਿਲੀ ਅਪਡੇਟ ਆਪਣੇ ਮਾਲਕਾਂ ਨੂੰ ਦੇ ਰਹੇ ਸਨ। ਸਾਢੇ ਤਿੰਨ ਵਜੇ ਤੱਕ ਸਾਰੀ ਖਾਨਾਪੂਰਤੀ ਪੂਰੀ ਕੀਤੀ ਜਾਣੀ ਸੀ। ਉਸ ਤੋਂ ਇਕ ਘੰਟੇ ਬਾਅਦ ਅਰਬਾਂ-ਖਰਬਾਂ ਰੁਪਏ ਦੇ ਮੁਨਾਫ਼ੇ ਦੀ ਲਾਟਰੀ ਲੱਗਣੀ ਵਾਲੀ ਸੀ। ਜਨਵਰੀ ਦੀ ਸਰਦੀ ਵਿੱਚ ਕੰਪਨੀ ਵਾਲਿਆਂ ਦੇ ਮੱਥੇ ਤੋਂ ਪਸੀਨੇ ਚੋ ਰਹੇ ਸਨ। ਮੋਬਾਈਲ 'ਤੇ ਗੱਲ ਕਰਦੇ ਹੋਏ ਆਵਾਜ਼ ਕੰਬ ਰਹੀ ਸੀ। ਸਾਰਿਆਂ ਦੀ ਕੋਸ਼ਿਸ਼ ਸਭ ਤੋਂ ਪਹਿਲਾਂ ਆਉਣ ਦੀ ਹੀ ਸੀ। ਲਾਇਸੈਂਸ ਲਈ ਕਤਾਰ ਦਾ ਕਾਇਦਾ ਫੀਸ ਜਮ੍ਹਾਂ ਕਰਨ ਦੇ ਆਧਾਰ 'ਤੇ ਤੈਅ ਹੋਣਾ ਸੀ। ਫੀਸ ਵੀ ਕਿੰਨੀ-ਸਿਰਫ 1658 ਕਰੋੜ ਰੁਪਏ ਦਾ ਬੈਂਕ ਡਰਾਫਟ। ਨਾਲ ਬੈਂਕ ਗਾਰੰਟੀ, ਵਾਇਰਲੈਸ ਸਰਵਿਸ ਆਪਰੇਟਰ ਲਈ ਅਰਜ਼ੀ, ਗ੍ਰਹਿ ਮੰਤਰਾਲੇ ਦਾ ਸਕਿਉਰਟੀ ਕਲੀਅਰੈਂਸ, ਵਣਜ ਮੰਤਰਾਲੇ ਦੇ ਫਾਰਨ ਇਨਵੈਸਟਮੈਂਟ ਪ੍ਰਮੋਸ਼ਨ ਬੋਰਡ ਦਾ ਮਨਜ਼ੂਰੀ ਪੱਤਰ। ਅਜਿਹੇ ਕਰੀਬ ਇਕ ਦਰਜਨ ਦਸਤਾਵੇਜ਼ ਜਮ੍ਹਾ ਕਰਨੇ ਵੀ ਜ਼ਰੂਰੀ ਸਨ। ਸਮਾਂ ਸਿਰਫ਼ 45 ਮਿੰਟ..

## ਪਰਦੇ ਦੇ ਅੱਗੇ ਦੀ ਕਹਾਣੀ

25 ਸਤੰਬਰ 2007 ਤੱਕ ਸਪੈਕਟਰਮ ਲਈ ਅਰਜ਼ੀ ਦੇਣ ਵਾਲੀਆਂ ਕੰਪਨੀਆਂ ਵਿਚੋਂ ਜਿਨ੍ਹਾਂ ਨੂੰ ਹਰ ਤਰ੍ਹਾਂ ਨਾਲ ਯੋਗ ਮੰਨਿਆ ਗਿਆ, ਉਨ੍ਹਾਂ ਕੰਪਨੀਆਂ ਦੇ ਅਫਸਰਾਂ ਨੇ ਅੱਠਵੀਂ ਮੰਜ਼ਿਲ ਤੱਕ ਜਾਣਾ ਸੀ। ਡਿਪਟੀ ਡਾਇਰੈਕਟਰ ਜਨਰਲ ਆਰ.ਕੇ. ਸ਼੍ਰੀਵਾਸਤਵ ਦੇ ਦਫ਼ਤਰ ਵਿੱਚ। ਇਥੋਂ ਹੀ ਮਿਲਣੇ ਸਨ ਲੈਟਰ ਆਫ਼ ਇੰਟੈਂਟ। ਫੇਰ ਦੂਸਰੀ ਮੰਜ਼ਿਲ ਦੇ ਕਮੇਟੀ ਰੂਮ ਵਿੱਚ ਬੈਠੇ ਟੈਲੀਕਾਮ ਅਕਾਊਂਟ ਸਰਵਿਸ ਦੇ ਅਫਸਰਾਂ ਦੇ ਸਾਹਮਣੇ ਹਾਜ਼ਰੀ। ਇਥੇ ਦਾਖ਼ਲ ਹੋਣੇ ਸਨ 1658 ਕਰੋੜ ਰੁਪਏ ਦੇ ਡਰਾਫਟ ਦੇ ਨਾਲ ਸਾਰੇ ਜ਼ਰੂਰੀ ਕਾਗਜ਼ਾਤ। ਇਥੇ ਅਫਸਰ ਸਟਾਪ ਵਾੱਚ ਲੈ ਕੇ ਬੈਠੇ ਸਨ ਤਾਂ ਕਿ ਕਾਗਜ਼ਾਤ ਜਮ੍ਹਾਂ ਹੋਣ ਦਾ ਸਮਾਂ ਸਕਿੰਟਾਂ ਵਿੱਚ ਦਰਜ ਕੀਤਾ ਜਾ ਸਕੇ। ਕਿਸੇ ਲਈ ਵੀ ਇਕ-ਇਕ ਸੈਕਿੰਡ ਏਨਾ ਕੀਮਤੀ ਇਸ ਤੋਂ ਪਹਿਲਾਂ ਕਦੇ ਨਹੀਂ ਸੀ। ਸਾਰਿਆਂ ਦੀ ਘੜੀਆਂ ਵਿੱਚ ਸੂਈਆਂ ਅੱਗੇ ਸਰਕ ਰਹੀਆਂ ਸਨ। ਬੇਚੈਨੀ, ਘਬਰਾਹਟ ਅਤੇ ਅਫਰਾਤਫਰੀ ਵਧ ਗਈ ਸੀ। ਸ਼ਾਤਰ ਅਤੇ ਪਹਿਲਾਂ ਤੋਂ ਹੀ ਤਿਆਰ ਕੰਪਨੀਆਂ ਦੇ ਤਜਰਬੇਕਾਰ ਅਫਸਰਾਂ ਨੇ ਇਸ ਸਖ਼ਤ ਇਮਤਿਹਾਨ ਵਿੱਚ ਅਵੱਲ ਆਉਣ ਲਈ ਤਰਕਸ਼ ਵਿਚੋਂ ਤੀਰ ਕੱਢੇ। ਆਪਣੀ ਕਾਗਜ਼ੀ ਖਾਨਾਪੂਰਤੀ ਸਮੇਂ ਸਿਰ ਪੂਰੀ ਕਰਨ ਦੇ ਨਾਲ ਮੁਕਾਬਲੇ ਦੀਆਂ ਕੰਪਨੀਆਂ ਦੇ ਲੋਕਾਂ ਨੂੰ ਲਟਕਾਉਣਾ-ਉਲਝਾਉਣਾ ਜ਼ਰੂਰੀ ਸੀ। ਅਚਾਨਕ ਸੰਚਾਰ ਭਵਨ ਵਿੱਚ ਕੁਝ ਲੋਕ ਹਾਜ਼ਰ ਹੋਏ। ਇਹ ਕੁਝ ਕੰਪਨੀਆਂ ਦੇ ਤਾਕਤਵਰ ਸਹਾਇਕ ਸਨ। ਦੇਖਣ ਵਿੱਚ ਦਬੰਗ। ਹੱਟੇ-ਕੱਟੇ। ਕੁਝ ਵੀ ਕਰ ਗੁਜਰਨ ਲਈ ਤਿਆਰ। ਇਨ੍ਹਾਂ ਦੇ ਆਉਂਦੇ ਹੀ ਮਾਹੌਲ ਗਰਮਾ ਗਿਆ। ਇਨ੍ਹਾਂ ਨੂੰ ਆਪਣਾ ਕੰਮ ਪਤਾ ਸੀ। ਆਪਣੇ ਬਾਸ ਦਾ ਰਸਤਾ ਸਾਫ ਰੱਖਣਾ, ਦੂਸਰਿਆਂ ਨੂੰ ਰੋਕਣਾ। ਲਿਫ਼ਟ ਵਿੱਚ ਪਹਿਲਾਂ ਕੌਣ ਦਾਖ਼ਲ ਹੋਵੇ, ਇਸ 'ਤੇ ਝਗੜੇ ਸ਼ੁਰੂ ਹੋ ਗਏ। ਧੱਕਾ-ਮੁੱਕੀ ਹੋਣ ਲੱਗੀ। ਸਾਰਿਆਂ ਨੂੰ ਸਮੇਂ ਸਿਰ ਸਹੀ ਟੇਬਲ 'ਤੇ ਪਹੁੰਚਣ ਦੀ ਜਲਦੀ ਸੀ। ਸਾਬਕਾ ਟੈਲੀਕਾਮ ਮੰਤਰੀ ਸੁਖਰਾਮ ਦੀ ਵਿਸ਼ੇਸ਼ ਕਿਰਪਾ ਦੇ ਪਾਤਰ ਰਹੇ ਹਿਮ-ਾਚਲ ਫਿਊਟਰਸਟਿਕ ਕੰਪਨੀ (ਐਚ.ਐਫ.ਸੀ.ਐਲ.) ਦੇ ਮਾਲਕ ਮਹਿੰਦਰ ਨਾਹਟਾ ਦਾ ਤਾਂ ਕੁਟਾਪਾ ਤੱਕ ਚਾੜ੍ਹ ਦਿੱਤਾ ਗਿਆ । ਉਨ੍ਹਾਂ ਨੂੰ ਕਤਾਰ 'ਚੋਂ ਕੱਢ ਕੇ ਸੰਚਾਰ ਭਵਨ ਦੇ ਬਾਹਰ ਧੱਕ ਦਿੱਤਾ ਗਿਆ। ਦਬੰਗਾਂ ਦੇ ਇਸ ਡਾਇਰੈਕਟ ਐਕਸ਼ਨ ਦੀ ਲਪੇਟ ਵਿੱਚ ਕਈ ਅਫਸਰ ਤੱਕ ਆ ਗਏ। ਕਿਸੇ ਦੇ ਨਾਲ ਹੱਥੋਪਾਈ ਹੋਈ, ਕਿਸੇ ਦੇ ਕੱਪੜੇ ਫਟਦੇ-ਫਟਦੇ ਬਚੇ। ਤੁਰੰਤ ਪੁਲੀਸ ਸੱਦੀ ਗਈ। ਘੜੀ ਦੀਆਂ ਸੂਈਆਂ ਤੇਜ਼ੀ ਨਾਲ ਵਧ ਰਹੀਆਂ ਸਨ। ਹਾਲਾਤ ਕਾਬੂ ਵਿੱਚ ਆਉਂਦੇ ਆਉਂਦੇ ਸਮਾਂ ਪੂਰਾ ਹੋ ਗਿਆ।

**ਸੱਤਾ ਦੀ ਸਭ ਤੋਂ ਵੱਡੀ ਦਲਾਲੀ ਦੀ ਕਹਾਣੀ। ਵਿਸਥਾਰ ਪੜ੍ਹੋ ਸਫ਼ਾ 16, 17,18 ਤੇ 19**

ਜੋ ਕੰਪਨੀਆਂ ਇਸ ਖੇਡ ਵਿੱਚ ਕੁਝ ਮਿੰਟ ਪਹਿਲਾਂ ਪਿਛੇ ਰਹਿ ਗਈਆਂ, ਉਨ੍ਹਾਂ ਦੇ ਨੁਮਾਇੰਦੇ ਅਦਾਲਤ ਜਾਣ ਦੀਆਂ ਧਮਕੀਆਂ ਦਿੰਦੇ ਨਿਕਲੇ। ਲੁੱਟੇ-ਪੁੱਟੇ ਅੰਦਾਜ਼ ਵਿੱਚ। ਇਕ ਕੰਪਨੀ ਦੇ ਪ੍ਰਤੀਨਿਧ ਨੇ ਖੁਦਕੁਸ਼ੀ ਕਰ ਲੈਣ ਦੀ ਧਮਕੀ ਦਿੱਤੀ। ਕਈ ਹੋਰ ਕੰਪਨੀਆਂ ਦੇ ਲੋਕ ਉਥੇ ਧਰਨੇ 'ਤੇ ਬੈਠ ਗਏ। ਪੁਲੀਸ ਦੀ ਮਦਦ ਨਾਲ ਉਨ੍ਹਾਂ ਨੂੰ ਉਥੋਂ ਹਟਾਇਆ ਗਿਆ। ਅਰਜ਼ੀ ਦੇਣ ਵਾਲੀਆਂ 46 ਵਿਚੋਂ ਸਿਰਫ਼ 9 ਕੰਪਨੀਆਂ ਹੀ ਪੌਣੇ ਘੰਟੇ ਦੇ ਇਸ ਇਮਤਿਹਾਨ ਵਿੱਚ ਕਾਮਯਾਬ ਹੋਈਆਂ। ਇਸ ਵਿੱਚ ਯੂਨੀਟੈਕ, ਸਵਾਨ, ਡਾਟਾਕਾਮ, ਐਸਟੇਲ ਅਤੇ ਸ਼ਿਪਿੰਗ ਸਟਾਪ ਡਾਟ ਕਾਮ ਨਵੀਂਆਂ ਕੰਪਨੀਆਂ ਸਨ ਜਦਕਿ ਆਇਡੀਆ, ਟਾਟਾ, ਸ਼ਿਆਮ ਟੈਲੀਲਿੰਕ, ਪਾਸ਼ਵਰਨਾਥ ਬਿਲਡਰਜ਼ ਅਤੇ ਚੀਤਾ ਕਾਰ-ਪੋਰੇਟ ਸਰਵਿਸਿਜ਼ ਦੀਆਂ ਅਰਜ਼ੀਆਂ ਰੱਦ ਹੋ ਗਈਆਂ। ਬਾਈਸੇਲ ਦੇ ਬਾਕੀ ਕਾਗਜ਼ ਪੂਰੇ ਸਨ ਸਿਰਫ਼ ਗ੍ਰਹਿ ਮੰਤਰਾਲੇ ਤੋਂ ਸੁਰੱਖਿਆ ਜਾਂਚ ਦਾ ਪ੍ਰਮਾਣ ਪੱਤਰ ਨਹੀਂ ਸੀ। ਸੇਲੀਨ ਇਨਫਰਾਸਟਰਕਚਰ ਦੀ ਅਰਜ਼ੀ ਦੇ ਨਾਲ ਐਫ.ਆਈ.ਪੀ.ਬੀ. ਦਾ ਕਲੀਅਰੈਂਸ ਨਹੀਂ ਸੀ। ਬਾਈਸੇਲ ਦੇ ਅਫਸਰ ਛਾਤੀ ਕੁੱਟਦੇ ਰਹੇ ਕਿ ਵਿਰੋਧੀਆਂ ਨੇ ਉਨ੍ਹਾਂ ਖਿਲਾਫ ਝੂਠਾ ਕੇਸ ਬਣਾ ਕੇ ਗ੍ਰਹਿ ਮੰਤਰਾਲੇ ਦਾ ਪ੍ਰਮਾਣ ਪੱਤਰ ਰੁਕਵਾ ਦਿੱਤਾ। ਉਸ ਦਿਨ ਸੰਚਾਰ ਭਵਨ ਵਿੱਚ ਸਿਰਫ਼ ਲੁੱਟਮਾਰ ਦਾ ਨਜ਼ਾਰਾ ਸੀ। ਪੌਣੇ ਘੰਟੇ ਦਾ ਇਹ ਐਪੀਸੋਡ ਕਈ ਦਿਨਾਂ ਤੱਕ ਚਰਚਾ ਦਾ ਵਿਸ਼ਾ ਬਣਿਆ ਰਿਹਾ।

## ਪਰਦੇ ਦੇ ਪਿਛੇ ਦੀ ਕਹਾਣੀ

ਇਸ ਦਿਨ। ਸਵੇਰੇ 9 ਵਜੇ। ਸੰਚਾਰ ਮੰਤਰੀ ਏ. ਰਾਜਾ ਦਾ ਸਰਕਾਰੀ ਘਰ। ਕੁਝ ਲੋਕ ਨਾਸ਼ਤੇ ਲਈ ਸੱਦੇ ਗਏ ਸਨ। ਇਨ੍ਹਾਂ ਵਿੱਚ ਟੈਲੀਕਾਮ ਸੈਕਟਰੀ ਸਿਧਾਰਥ ਬੇਹੁਰਾ, ਡੀ.ਡੀ.ਜੀ. (ਅਕਸੈਸ ਸਰਵਿਸਿਜ਼) ਆਰ.ਕੇ. ਸ਼੍ਰੀਵਾਸਤਵ, ਮੰਤਰੀ ਦੇ ਨਿੱਜੀ ਸਹਾਇਕ ਆਰ.ਕੇ. ਚੰਦੋਲੀਆ, ਵਾਇਰਲੈਸ ਸੈਲ ਦੇ ਮੁਖੀ ਚੰਦਰਾ ਅਤੇ ਵਾਇਰਲੈਸ ਯੋਜਨਾ ਸਲਾਹਕਾਰ ਪੀ.ਕੇ. ਗਰਗ ਸਨ। ਧੁੰਦ ਨਾਲ ਭਰੀ ਉਸ ਸਰਦ ਸਵੇਰ ਗਰਮਾਗਰਮ ਚਾਹ ਅਤੇ ਨਾਸ਼ਤੇ ਦਾ ਆਨੰਦ ਲੈਂਦਿਆਂ ਰਾਜਾ ਨੇ ਆਪਣੇ ਇਨ੍ਹਾਂ ਅਫਸਰਾਂ ਨੂੰ ਅਲਰਟ ਕੀਤਾ। 2.45 ਤੋਂ 4.30 ਵਜੇ ਦਰਮਿਆਨ। ਰਾਜਾ ਨੇ ਬਾਰੀਕੀ ਨਾਲ ਸਮਝਾਇਆ ਕਿ ਕਦੋਂ ਕੀ ਕਰਨਾ ਹੈ ਅਤੇ ਕਿਸ ਦੇ ਹਿੱਸੇ ਕੀ ਕੰਮ ਹੈ? ਚਾਹ ਦੀ ਆਖਰੀ ਚੁਸਕੀ ਦੇ ਨਾਲ ਰਾਜਾ ਨੇ ਬੇਫਿਕਰ ਹੋ ਕੇ ਕਿਹਾ ਕਿ ਮੈਨੂੰ ਆਪਣੇ ਲੋਕਾਂ 'ਤੇ ਪੂਰਾ ਭਰੋਸਾ ਹੋ ਗਿਆ ਹੈ।

ਦੁਪਹਿਰ ਤਿੰਨ ਵਜੇ। ਸੰਚਾਰ ਭਵਨ। ਅੱਠਵੀਂ ਮੰਜ਼ਿਲ। ਅਕਸੈਸ ਸਰਵਿਸਿਜ਼ ਦਾ ਦਫ਼ਤਰ। ਫੋਨ ਦੀ ਘੰਟੀ ਵੱਜੀ। ਦੂਸਰੇ ਪਾਸੇ ਡੀ.ਡੀ.ਜੀ. ਆਰ.ਕੇ. ਸ਼੍ਰੀਵਾਸਤਵ ਸਨ। ਇਥੇ ਮੌਜੂਦ ਅਫਸਰਾਂ ਨੂੰ ਚੰਦੋਲੀਆ ਦੇ ਕਮਰੇ ਵਿੱਚ ਬੁਲਾਇਆ ਗਿਆ। ਮੰਤਰੀ ਦੇ ਦਫ਼ਤਰ ਦੇ ਠੀਕ ਸਾਹਮਣੇ ਚੰਦੋਲੀਆ ਦਾ ਕਮਰਾ ਹੈ। ਐਕਸ਼ਨ ਪਲਾਨ ਮੁਤਾਬਕ ਸਾਰੇ ਇਥੇ ਇਕੱਠੇ ਹੋਏ। ਇਨ੍ਹਾਂ ਦਾ ਸਾਹਮਣਾ ਸਵਾਨ ਟੈਲੀਕਾਮ ਅਤੇ ਯੂਨੀਟੈਕ ਦੇ ਉਚ ਅਫਸਰਾਂ ਨਾਲ ਹੋਇਆ। ਚੰਦੋਲੀਆ ਨੇ ਹੁਕਮ ਦਿੱਤਾ ਕਿ ਸਾਹੇਬਾਨ ਤੋਂ ਡਰਾਫਟ ਅਤੇ ਬਾਕੀ ਕਾਗਜ਼ਾਤ ਲੈ ਕੇ ਤਰਜੀਹੀ ਸਰਟੀਫਿਕੇਟ ਦਿਓ। ਬਿਨਾਂ ਦੇਰ ਕੀਤਿਆਂ ਸਵਾਨ ਨੂੰ ਪਹਿਲਾ ਨੰਬਰ ਮਿਲਿਆ, ਯੂਨੀਟੈਕ ਨੂੰ ਦੂਸਰਾ। ਸਭ ਕੁਝ ਆਰਾਮ ਨਾਲ। ਇਥੇ ਕੋਈ ਧੱਕਾਮੁੱਕੀ ਅਤੇ ਅਫ਼ਰਾਤਫਰੀ ਨਹੀਂ ਮੱਚੀ। ਬਾਹਰ ਦੂਜੀਆਂ ਕੰਪਨੀਆਂ ਨੂੰ ਸਾਢੇ ਤਿੰਨ ਵਜੇ ਤੱਕ ਜ਼ਰੂਰੀ ਰਸਮਾਂ ਪੂਰੀਆਂ ਕਰਨ ਵਿੱਚ ਪਸੀਨਾ ਆ ਰਿਹਾ ਸੀ। ਅੰਦਰ ਸਵਾਨ ਅਤੇ ਯੂਨੀਟੈਕ ਨੂੰ ਪੰਦਰ੍ਹਾ ਮਿੰਟ ਵੀ ਨਹੀਂ ਲੱਗੇ। ਇਨ੍ਹਾਂ ਕੰਪਨੀਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਕਰਨਾ ਕੀ ਹੈ। ਇਸ ਲਈ ਇਨ੍ਹਾਂ ਦੇ ਅਫਸਰ ਚੰਦੋਲੀਆ ਦੇ ਦਫ਼ਤਰ ਤੋਂ ਖੁਸ਼ ਹੋ ਕੇ ਜੇਤੂ ਭਾਵ ਨਾਲ ਮੋਬਾਈਲ ਕੰਨ ਨੂੰ ਲਾਈ ਬਾਹਰ ਨਿਕਲੇ।

45 ਮਿੰਟ ਦੇ ਤੇਜ਼ ਰਫ਼ਤਾਰ ਘਟਨਾਕ੍ਰਮ ਨੇ ਇਕ ਲੱਖ 76 ਹਜ਼ਾਰ ਕਰੋੜ ਰੁਪਏ ਦੇ ਘੁਟਾਲੇ ਦੀ ਕਹਾਣੀ ਲਿਖ ਦਿੱਤੀ ਸੀ। ਰਾਜਾ ਲਈ ਬੇਹੱਦ ਅਹਿਮ ਇਹ ਦਿਨ ਸਰਕਾਰੀ ਖਜ਼ਾਨੇ 'ਤੇ ਬਹੁਤ ਭਾਰੀ ਪਿਆ ਸੀ।


**ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।**

- ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? ✶ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
- ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? ✶ ਕੀ ਤੁਸੀਂ ਘਰ ਦੇ ਮੁਖੀਆ ਹੋ ?
- ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

**ਜ਼ਰਾ ਸੋਚੋ ! !**

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।



Jessie Singh
(C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

# ਜਲੰਧਰ ’ਚ ਕਿਰਤੀਆਂ ਦਾ ਲਾਮਿਸਾਲ ਇਕੱਠ

## ਫਰਵਰੀ-ਮਾਰਚ ਵਿਚ ਸਰਕਾਰੀ ਦਫਤਰਾਂ ਅੱਗੇ ਲਗਾਤਾਰ ਧਰਨਿਆਂ ਦਾ ਐਲਾਨ

ਜਲੰਧਰ 8 ਦਸੰਬਰ (ਨ ਦ ਬ)

ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਸਰਕਾਰੀ ਜਬਰ ਵਿਰੁੱਧ, ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਏ, ਕਿਰਤੀਆਂ ਨੇ ਅੱਜ ਏਥੇ ਇਕ ਲਾਮਿਸਾਲ ਰੈਲੀ ਕਰਕੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਜਬਰਦਸਤ ਰੋਹ ਦਾ ਪ੍ਰਗਟਾਵਾ ਕੀਤਾ। ਦੇਸ਼ ਭਗਤ ਯਾਦਗਾਰ ਦੇ ਵਿਸ਼ਾਲ ਵਿਹੜੇ ਵਿਚ ਹੋਈ ਇਸ 'ਕਿਰਤੀ ਰੈਲੀ’ ਦਾ ਸੱਦਾ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀ.ਪੀ.ਐਮ.) ਪੰਜਾਬ ਵਲੋਂ ਦਿੱਤਾ ਗਿਆ ਸੀ।

ਪੰਜਾਬ ਦੇ ਦੂਰ ਦੁਰਾਡੇ ਇਲਾਕਿਆਂ ਤੋਂ ਰੈਲੀ ’ਚ ਸ਼ਾਮਲ ਹੋਣ ਲਈ ਆਏ ਮਜ਼ਦੂਰਾਂ, ਕਿਸਾਨਾਂ, ਮਿਹਨਤਕਸ਼ਾਂ, ਨੌਜਵਾਨਾਂ ਅਤੇ ਔਰਤਾਂ ਦੇ ਜੱਥੇ ਸਰਦੀ ਦੀ ਵੀ ਕੋਈ ਪਰਵਾਹ ਨਾ ਕਰਦੇ ਹੋਏ ਪਿਛਲੀ ਰਾਤ ਤੋਂ ਹੀ ਆਉਣੇ ਸ਼ੁਰੂ ਹੋ ਗਏ ਸਨ। ਦਿਨ ਦੇ 12 ਵਜੇ ਤੱਕ ਦੇਸ਼ ਭਗਤ ਯਾਦਗਾਰ ਹਾਲ ਦਾ ਵਿਸ਼ਾਲ ਕੈਂਪਸ ਪੂਰੀ ਤਰ੍ਹਾਂ ਭਰ ਚੁੱਕਾ ਸੀ। ਦਰਸ਼ਕਾਂ ਅਨੁਸਾਰ ਇਸ ਕੈਂਪਸ ਵਿਚ ਇੰਨੀ ਵੱਡੀ ਰੈਲੀ ਪਹਿਲਾਂ ਕਦੇ ਨਹੀਂ ਸੀ ਹੋਈ ਅਤੇ ਰੈਲੀ ਦੇ ਆਯੋਜਕਾਂ ਦੇ ਸਾਰੇ ਕਿਆਫਿਆਂ ਤੋਂ ਵੀ ਕਿਤੇ ਵੱਡਾ ਇਕੱਠ ਸੀ, ਜਿਸ ਦੇ ਇਕ ਹਿੱਸੇ ਨੂੰ ਬੁਲਾਰਿਆਂ ਦੇ ਭਾਸ਼ਨ ਸੁਣਨ ਲਈ ਨਾਲ ਲੱਗਦੀ ਸੜਕ ’ਤੇ ਵੀ ਖੜੋਣਾ ਪਿਆ। ਇਸ ਰੈਲੀ ਦੀ ਇਹ ਵੀ ਵਿਸ਼ੇਸ਼ਤਾ ਸੀ ਕਿ ਸ਼ਾਮਲ ਹੋਣ ਲਈ ਆਏ ਕਿਰਤੀਆਂ ਵਿਚ ਲੋਹੜੇ ਦਾ ਰੋਹ ਸੀ ਅਤੇ ਉਹ ਲਾਲ ਝੰਡੇ ਚੁੱਕੀ ਅਤੇ ਆਪਣੀਆਂ ਮੁਸ਼ਕਲਾਂ ਨੂੰ ਨਾਅਰਿਆਂ ਦੇ ਰੂਪ ਵਿਚ ਪੇਸ਼ ਕਰਦੇ ਵੱਡੇ ਵੱਡੇ ਕਾਫਲਿਆਂ ਦੇ ਰੂਪ ਵਿਚ ਪੁੱਜੇ ਸਨ।

ਰੈਲੀ ਦੀ ਪ੍ਰਧਾਨਗੀ ਸਰਵਸਾਥੀ ਅਮਰਜੀਤ ਸਿੰਘ ਕੁਲਾਰ, ਤ੍ਰਿਲੋਚਨ ਸਿੰਘ ਰਾਣਾ, ਕੁਲਵੰਤ ਸਿੰਘ ਸੰਧੂ, ਡਾ. ਸਤਨਾਮ ਸਿੰਘ ਅਤੇ ਗੱਜਣ ਸਿੰਘ ਦੁੱਗਾਂ ’ਤੇ ਆਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਇਸ ਠਾਠਾਂ ਮਾਰਦੇ ਇਕੱਠ ਨੂੰ ਸੀ.ਪੀ.ਐਮ. ਪੰਜਾਬ ਦੇ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਅਤੇ ਪਾਰਟੀ ਦੇ ਸਕੱਤਰੇਤ ਮੈਂਬਰਾਂ ਸਰਵਸਾਥੀ ਹਰਕੰਵਲ ਸਿੰਘ, ਰਘਵੀਰ ਸਿੰਘ, ਰਤਨ ਸਿੰਘ ਰੰਧਾਵਾ, ਗੁਰਨਾਮ ਸਿੰਘ ਦਾਊਦ, ਬੋਧ ਸਿੰਘ ਘੁੰਮਣ, ਇੰਦਰਜੀਤ ਸਿੰਘ ਗਰੇਵਾਲ ਅਤੇ ਪਰਗਟ ਸਿੰਘ ਜਾਮਾਰਾਏ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਪ੍ਰਤੀ ਕੇਂਦਰ ਤੇ ਰਾਜ ਸਰਕਾਰ ਦੀ ਮੁਜ਼ਰਮਾਨਾ ਅਣਗਹਿਲੀ ਦੀ ਜ਼ੋਰਦਾਰ ਨਿਖੇਧੀ ਕੀਤੀ। ਉਹਨਾਂ ਨੇ ਇਲਜ਼ਾਮ ਲਾਇਆ ਕਿ ਇਹਨਾਂ ਦੋਵਾਂ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਹੀ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਪ੍ਰਸ਼ਾਸਨਿਕ ਤੇ ਸਮਾਜਕ ਜਬਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਹਾਕਮਾਂ ਵਲੋਂ ਸਾਮਰਾਜੀ ਸੰਸਾਰੀਕਰਨ ਦੀਆਂ ਦੇਸ਼ ਵਿਰੋਧੀ ਨੀਤੀਆਂ ਨੂੰ ਢੀਠਤਾਈ ਨਾਲ ਲਾਗੂ ਕਰਨ ਦੀ ਪਹੁੰਚ ਨੂੰ ਬੁਲਾਰਿਆਂ ਵਲੋਂ ਕਰੜੇ ਹੱਥੀਂ ਲਿਆ ਗਿਆ।

ਬੁਲਾਰਿਆਂ ਨੇ ਦੇਸ਼ ਅੰਦਰ ਵੱਖ ਵੱਖ ਰੰਗਾਂ ਦੀਆਂ ਫਿਰਕੂ ਤੇ ਵੱਖਵਾਦੀ ਸ਼ਕਤੀਆਂ ਵਲੋਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਤੋੜਨ ਤੇ ਕਿਰਤੀ ਲੋਕਾਂ ਵਿਚ ਫੁੱਟ ਪਾਉਣ ਦੇ ਨਾਪਾਕ ਹੱਥਕੰਡਿਆਂ ਦੀ ਵੀ ਜ਼ੋਰਦਾਰ ਨਿਖੇਧੀ ਕੀਤੀ ਤੇ ਲੋਕਾਂ ਨੂੰ ਇਹਨਾਂ ਪ੍ਰਤੀ ਸੁਚੇਤ ਰਹਿਣ ਤੇ ਲੜਨ ਦਾ ਸੱਦਾ ਦਿੱਤਾ।

ਰੈਲੀ ਨੂੰ ਸੰਬੋਧਨ ਕਰਦਿਆਂ ਸਾਥੀ ਰਤਨ ਸਿੰਘ ਰੰਧਾਵਾ ਨੇ ਬਾਰਡਰ ਦੇ ਵਸਨੀਕਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ਪ੍ਰਤੀ ਸਰਕਾਰ ਦੀ ਮੁਜ਼ਰਮਾਨਾ ਅਣਗਹਿਲੀ ਦੀ ਜ਼ੋਰਦਾਰ ਆਲੋਚਨਾ ਕੀਤੀਂ।



ਜਲੰਧਰ ’ਚ ਕਿਰਤੀਆਂ ਦਾ ਲਾਮਿਸਾਲ ਇਕੱਠ ਦਾ ਦ੍ਰਿਸ਼।

ਸਾਥੀ ਮੰਗਤ ਰਾਮ ਪਾਸਲਾ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਨ ਰਾਹੀਂ ਭਾਰਤੀ ਹਾਕਮਾਂ ਵਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਅਣਡਿੱਠ ਕਰਕੇ ਸਾਮਰਾਜੀ ਜਰਵਾਣਿਆਂ ਨਾਲ ਰਣਨੀਤਕ ਸਾਂਝਾਂ ਪਾਉਣ ਦੀ ਜ਼ੋਰਦਾਰ ਆਲੋਚਨਾ ਕੀਤੀ। ਉਹਨਾਂ ਕਿਹਾ ਕਿ 'ਵਿਕੀਲੀਕਸ’ ਵਲੋਂ ਅਮਰੀਕੀ ਸਾਮਰਾਜੀਆਂ ਦੇ ਗੁਪਤ ਦਸਤਾਵੇਜ਼ ਨਸ਼ਰ ਕਰਨ ਨਾਲ ਉਹਨਾਂ ਦੀਆਂ ਭਾਰਤ ਸਮੇਤ ਇਸ ਖਿੱਤੇ ਦੇ ਕਈ ਦੇਸ਼ਾਂ ਵਿਰੁੱਧ ਰਚੀਆਂ ਜਾ ਰਹੀਆਂ ਖਤਰਨਾਕ ਸਾਜਸ਼ਾਂ ਬੇਨਕਾਬ ਹੋਣ ਦੇ ਬਾਵਜੂਦ ਭਾਰਤੀ ਹਾਕਮ, ਧਾੜਵੀ ਸਾਮਰਾਜੀ ਸ਼ਕਤੀਆਂ ਨਾਲ ਸਾਂਝਾ ਨੂੰ ਲਗਾਤਾਰ ਵਧਾ ਰਹੇ ਹਨ ਅਤੇ ਉਹਨਾਂ ਨੂੰ ਦੇਸ਼ ਦੇ ਕੁਦਰਤੀ ਖਜ਼ਾਨਿਆਂ ਨੂੰ ਲੁੱਟਣ ਦੇ ਲਾਇਸੰਸ ਦੇ ਰਹੇ ਹਨ। ਭਾਰਤ ਅੰਦਰ ਹਾਕਮ ਸਿਆਸਤਦਾਨਾਂ-ਅਫਸਰਸ਼ਾਹੀ-ਕਾਰਪੋਰੇਟ ਘਰਾਣਿਆਂ ਦੀ ਤ੍ਰਿਕੜੀ ਦੇ ਨਾਪਾਕ ਗਠਜੋੜ ਦੀ ਚਰਚਾ ਕਰਦਿਆਂ ਸਾਥੀ ਪਾਸਲਾ ਨੇ ਕਿਹਾ ਕਿ ਇਹ ਲੁਟੇਰੇ ਭਾਰਤੀ ਲੋਕਾਂ ਦੀ ਟੈਕਸਾਂ ਰਾਹੀਂ ਉਗਰਾਹੀ ਗਈ ਗਾੜ੍ਹੇ ਪਸੀਨੇ ਦੀ ਕਮਾਈ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ ਅਤੇ ਦੇਸ਼ ਅੰਦਰ ਭ੍ਰਿਸ਼ਟਾਚਾਰ ਚਰਮ ਸੀਮਾ ’ਤੇ ਪੁੱਜ ਚੁੱਕਾ ਹੈ। ਸਿੱਟੇ ਵਜੋਂ ਮੁੱਠੀ ਭਰ ਲੁਟੇਰੇ ਅਰਬਾਂ ਖਰਬਾਂ ਰੁਪਏ ਬਦੇਸ਼ੀ ਬੈਂਕਾਂ ਵਿਚ ਹਰ ਸਾਲ ਜਮ੍ਹਾਂ ਕਰਵਾ ਰਹੇ ਹਨ ਜਦੋਂਕਿ ਦੇਸ਼ ਦੀ 80ਗ ਤੋਂ ਵਧੇਰੇ ਜਨਤਾ ਕੰਗਾਲੀ ਦੇ ਕਗਾਰ ’ਤੇ ਪੁੱਜ ਚੁੱਕੀ ਹੈ। ਉਹਨਾਂ ਕਿਹਾ ਕਿ 'ਨੀਰਾ ਰਾਡੀਆ ਕਾਂਡ’ ਨੇ ਇਹਨਾ ਲੁਟੇਰਿਆਂ ਦੀਆਂ ਘਿਨਾਉਣੀਆਂ ਤੇ ਦੇਸ਼ ਧਰੋਹੀ ਸਰਗਰਮੀਆਂ ਨੂੰ ਵੀ ਪੂਰੀ ਤਰ੍ਹਾਂ ਸਾਹਮਣੇ ਲੈ ਆਂਦਾ ਹੈ। ਨਿੱਜੀਕਰਨ ਦੀ ਨੀਤੀ ਅਧੀਨ ਸਰਕਾਰ ਲੋਕਾਂ ਨੂੰ ਸਿਹਤ ਸੇਵਾਵਾਂ, ਸਿੱਖਿਆ ਸਹੂਲਤਾਂ ਤੇ ਪੀਣ ਵਾਲੇ ਸਾਫ ਪਾਣੀ ਵਰਗੀਆਂ ਬੁਨਿਆਦੀ ਸੇਵਾਵਾਂ ਮੁਹੱਈਆ ਕਰਨ ਤੋਂ ਇਨਕਾਰੀ ਹੋ ਚੁੱਕੀ ਹੈ ਜਦੋਂਕਿ ਦੂਜੇ ਪਾਸੇ ਅਜਾਰੇਦਾਰਾਂ ਤੇ ਜਖੀਰੇਬਾਜ਼ਾਂ ਨੂੰ ਖੁੱਲ੍ਹੀਆਂ ਛੁੱਟੀਆਂ ਦੇ ਰੱਖੀਆਂ ਹਨ ਕਿ ਉਹ ਮਹਿੰਗਾਈ ਨੂੰ ਨਿਰੰਤਰ ਵਧਾ ਕੇ ਕਿਰਤੀ ਲੋਕਾਂ ਦੀ ਲੁੱਟ ਕਰਦੇ ਰਹਿਣ।

ਕੇਂਦਰੀ ਤੇ ਪ੍ਰਾਂਤਕ ਸਰਕਾਰ ਦੀਆਂ ਇਹਨਾਂ ਨੀਤੀਆਂ ਵਿਰੁੱਧ ਵਿਆਪਕ ਜਨਤਕ ਲਾਮਬੰਦੀ ’ਤੇ ਆਧਾਰਤ ਸੰਘਰਸ਼ ਨੂੰ ਤਿੱਖਾ ਕਰਨ ਉਪਰ ਜ਼ੋਰ ਦਿੰਦਿਆਂ ਸਾਥੀ ਪਾਸਲਾ ਨੇ ਸਮੂਹ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਇਕ ਮੰਚ ’ਤੇ ਇਕੱਠੇ ਹੋ ਕੇ ਜਨਤਕ ਲਹਿਰ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ।ਉਹਨਾਂ ਐਲਾਨ ਕੀਤਾ ਕਿ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਪਾਰਟੀ ਵਲੋਂ ਫਰਵਰੀ ਮਾਰਚ ਦੌਰਾਨ ਤਹਿਸੀਲ ਤੇ ਜ਼ਿਲ੍ਹਾ ਕੇਂਦਰਾਂ ’ਤੇ ਸਰਕਾਰੀ ਦਫਤਰਾਂ ਸਾਹਮਣੇ ਅਣਮਿੱਥੇ ਸਮੇਂ ਲਈ ਲਗਾਤਾਰ ਜਨਤਕ ਧਰਨੇ ਦਿੱਤੇ ਜਾਣਗੇ ਅਤੇ ਇਸ ਸੰਘਰਸ਼ ਨੂੰ ਮੰਗਾਂ ਦੀ ਪ੍ਰਾਪਤੀ ਤੱਕ ਜਾਰੀ ਰੱਖਿਆ ਜਾਵੇਗਾ।

ਰੈਲੀ ਵਿਚ ਪਾਸ ਕੀਤੇ ਗਏ ਇਕ ਮਤੇ ਰਾਹੀਂ ਪੰਜਾਬ ਸਰਕਾਰ ਵਲੋਂ 'ਪਬਲਿਕ ਤੇ ਪ੍ਰਾਈਵੇਟ ਪ੍ਰਾਪਰਟੀ ਡੈਮੇਜ਼ ਕੰਟਰੋਲ ਐਕਟ 2010’ ਅਤੇ 'ਪੰਜਾਬ ਸਪੈਸ਼ਲ ਸੁਰੱਖਿਆ ਗਰੁੱਪ ਐਕਟ 2010’ ਦੇ ਨਾਂਅ ਹੇਠ ਬਣਾਏ ਗਏ ਦੋ ਕਾਲੇ ਕਾਨੂੰਨਾਂ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਅਤੇ ਇਹਨਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

**Asian Western Grocery Store**
**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











**For more information call**
**Balraj @**
**780-756-2225**
**780-660-2061**

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

ਐਡਮਿੰਟਨ: **780-465-6900**
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ, ਮੈਡੀਂ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ ਅਤੇ ਜਸਵੀਰ ਦਿਉਲ।

ਕੈਲਗਰੀ: **403-775-2100**
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼ ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



GILL Olson
(MANAGER)

**HARRY'S EXCAVATING**
Ph 780-918-2252

Specialist in : Digging Basements & All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto**
& Transmission Repair Ltd.
& Body Shop

Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



**KOPY CENTRE & PRINTING**
"On Time ~ Every Time"
Digital Printing & Photo Copy

• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...

We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Sidhu Stucco Ltd.**
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

**ADVANCE DRIVING SCHOOL & LIMOS**

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

780-660-4090
# 202-3456 91 St. Edmonton, AB

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

MORTGAGE ALLIANCE
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਉਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਲੋਕਤੰਤਰ ਬਨਾਮ ਪੁਲਿਸ ਤੰਤਰ

ਪੰਜਾਬ ਸਰਕਾਰ ਵਲੋਂ ਪੁਲਿਸ ਨੂੰ ਵਧੇਰੇ ਅਧਿਕਾਰਾਂ ਤੇ ਅਸਲੇ ਨਾਲ ਲੈਸ ਕਰਨ ਲਈ ਬਣਾਏ ਕਾਨੂੰਨਾਂ, ਜਿਹਾ ਕਿ ਮੁਜ਼ਾਹਰਾਕਾਰੀਆਂ ਵਲੋਂ ਠਾਣੇ ਨੂੰ ਮੁਜ਼ਾਹਰੇ ਦੀ ਅਗਾਊਂ ਸੂਚਨਾ ਦੇਣਾ, ਭੰਨ-ਤੋੜ ਦੀ ਸੂਰਤ ਵਿਚ ਹਰਜਨਾ ਵਸੂਲ ਕਰਨਾ ਅਤੇ ਵਿਸ਼ੇਸ਼ ਵਿਅਕਤੀਆਂ ਦੀ ਸੁਰੱਖਿਆ ਅਤੇ ਵਿਸ਼ੇਸ਼ ਦਸਤਿਆਂ ਦਾ ਗਠਨ ਕਰਨਾ ਆਦਿ, ਨੂੰ ਬਣਿਆਂ ਕਈ ਮਹੀਨੇ ਬੀਤ ਗਏ ਹਨ ਪ੍ਰੰਤੂ ਇਨ੍ਹਾਂ ਦੀ ਚਰਚਾ ਅਜੇ ਤਕ ਚੱਲ ਰਹੀ ਹੈ। ਇਨ੍ਹਾਂ ਕਾਨੂੰਨਾਂ ਨੂੰ ਲੋਕਤੰਤਰ ਵਿਚ ਮੁਜ਼ਾਹਰੇ ਅਤੇ ਹੜਤਾਲਾਂ ਨੂੰ ਲੋਕ ਆਵਾਜ਼ ਅਤੇ ਲੋਕ ਭਾਵਨਾਵਾਂ ਨੂੰ ਜਾਨਣ-ਸਮਝਣ ਦਾ ਇਕ ਸਾਧਨ ਸਮਝਿਆ ਜਾਂਦਾ ਹੈ। ਲੋਕਾਂ ਕੋਲੋਂ ਇਹ ਸਾਧਨ ਆਨੀਂ-ਬਹਾਨੀਂ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਮੌਜੂਦਾ ਭਾਰੂ ਰਾਜਨੀਤਿਕ ਪਾਰਟੀਆਂ ਲੋਕਾਂ ਨੂੰ ਲਾਰੇ ਲਾ ਕੇ ਸੱਤਾ ਵਿਚ ਤਾਂ ਆ ਜਾਂਦੀਆਂ ਹਨ ਪ੍ਰੰਤੂ ਮਗਰੋਂ ਉਨ੍ਹਾਂ ਦੇ ਮਸਲਿਆਂ ਤੋਂ ਪਾਸਾ ਵੱਟ ਲੈਂਦੀਆਂ ਹਨ। ਲੋਕ ਸਰਕਾਰ ਦੇ ਇਸ ਵਤੀਰੇ ਪ੍ਰਤੀ ਜਦ ਰੋਸ (ਮੁਜ਼ਾਹਰਾ) ਪ੍ਰਗਟਾਉਂਦੇ ਹਨ ਤਾਂ ਸਰਕਾਰ ਉਨ੍ਹਾਂ ਅੱਗੇ ਆਪਣੀ ਪੁਲਿਸ ਕਰ ਦਿੰਦੀ ਹੈ। ਪੰਜਾਬ ਵਿਚ ਅੱਜਕਲ ਇਸੇ ਤਰ੍ਹਾਂ ਹੀ ਹੋ ਰਿਹਾ ਹੈ। ਵਿਸ਼ੇਸ਼ ਪੁਲਿਸ ਦਸਤਿਆਂ ਦਾ ਗਠਨ ਤਾਂ ਹੋਰ ਵੀ ਮੰਦਭਾਗਾ ਹੈ ਕਿਉਂਕਿ ਅਜਿਹਾ ਹੋਣ 'ਤੇ ਪੰਜਾਬ ਦੇ ਖ਼ਜ਼ਾਨੇ ਭਾਵ ਲੋਕਾਂ ਸਿਰ ਹੋਰ ਆਰਥਿਕ ਬੋਝ ਪੈ ਜਾਵੇਗਾ। ਜਦਕਿ ਪੰਜਾਬ ਦੀ ਦਿਨੋਂ-ਦਿਨ ਪਤਲੀ ਪੈ ਰਹੀ ਆਰਥਿਕ ਹਾਲਤ ਕਿਸੇ ਤੋਂ ਗੁੱਝੀ ਨਹੀਂ। ਬਾਦਲ ਸਰਕਾਰ ਦੀਆਂ ਆਪਣੇ ਵਹਿਸ਼ੀਪੁਣੇ ਲਈ ਪਹਿਲਾਂ ਹੀ ਬਦਨਾਮ ਪੰਜਾਬ ਪੁਲਿਸ ਨੂੰ ਹੋਰ ਤਕੜਾ ਕਰਨ ਦੀਆਂ ਕੋਸ਼ਿਸ਼ਾਂ ਫਿਲਹਾਲ ਕਿਸੇ ਨੂੰ ਵੀ ਉਚਿਤ ਨਹੀਂ ਜਾਪ ਰਹੀਆਂ।

# ਕੌਣ ਬਣੇਗਾ ਪੰਜਾਬ ਦਾ ਨਿਤੀਸ਼ ਕੁਮਾਰ

ਬਿਹਾਰ ਚੋਣਾਂ ਦੇ ਨਤੀਜੇ ਮਿਲੇਣੇ ਸ਼ੁਰੂ ਹੋਏ ਤਾਂ ਇਨ੍ਹਾਂ ਦੀ ਗੂੰਜ ਪੰਜਾਬ ਦੇ ਰਾਜਸੀ ਖੇਤਰ ਵਿਚ ਵੀ ਸੁਣਾਈ ਦੇਣ ਲੱਗੀ। ਬਿਹਾਰ ਵਿਚ ਜਨਤਾ ਦਲ (ਯੂ) ਅਤੇ ਭਾਜਪਾ ਗਠਜੋੜ ਨੂੰ ਉਮੀਦ ਨਾਲੋਂ ਕਿਤੇ ਭਾਰੀ ਜਿੱਤ ਹਾਸਲ ਹੋਈ ਹੈ। ਇਸ ਸੂਬੇ ਵਿਚ ਪਹਿਲਾਂ ਵੀ ਸਰਕਾਰ ਇਸੇ ਗਠਜੋੜ ਦੀ ਹੀ ਸੀ। ਭਾਰਤੀ ਰਾਜਨੀਤੀ ਵਿਚ ਨਕਾਰਾਤਮਿਕ ਵੋਟ ਰੁਝਾਨ ਨਿਰਣਾਇਕ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਇਸ ਵੋਟ ਰੁਝਾਨ ਨੂੰ ਇਸ ਵਾਰ ਹੋਰ ਥਾਵਾਂ ਤੋਂ ਇਲਾਵਾ ਬਿਹਾਰ ਵਿੱਚ ਵੀ ਠੱਲ੍ਹ ਪਈ ਹੈ। ਗਠਜੋੜ ਦੀ ਚੁਣਾਵੀਂ ਜਿੱਤ ਦੇ ਵਿਸ਼ਲੇਸ਼ਣ ਤੋਂ ਜੋ ਨਤੀਜੇ ਮਾਹਿਰਾਂ ਵਲੋਂ ਕੱਢੇ ਗਏ ਹਨ ਉਹਨਾਂ ਅਨੁਸਾਰ ਬਿਹਾਰ ਦੀ ਜਨਤਾ ਨੇ ਵਿਕਾਸ ਅਤੇ ਨਿਤੀਸ਼ ਕੁਮਾਰ ਦੇ ਪੱਖ ਵਿਚ ਆਪਣੀ ਵੋਟ ਭੁਗਤਾਈ ਹੈ। ਬਿਹਾਰ ਵਿਚ ਵਿਕਾਸ ਦੀ ਜੋ ਪ੍ਰਕਿਰਿਆ ਅਰੰਭ ਹੋਈ ਹੈ, ਉਸ ਦਾ ਸਿਹਰਾ ਉਥੋਂ ਦੀ ਜਨਤਾ ਨੇ ਨਿਤੀਸ਼ ਕੁਮਾਰ ਸਿਰ ਬੰਨ੍ਹਿਆ ਹੈ। ਨਿਤੀਸ਼ ਕੁਮਾਰ ਦਾ ਇਹ ਬਿੰਬ ਉਭਰਦਿਆਂ ਹੀ ਪੰਜਾਬ ਦੇ ਨੇਤਾਵਾਂ ਵਿਚ ਆਪਣੇ ਆਪ ਨੂੰ ਨਿਤੀਸ਼ ਕੁਮਾਰ ਕਹਿਣ ਤੇ ਆਗਾਮੀ ਵਿਧਾਭ ਸਭਾ ਚੋਣਾਂ ਦੇ ਬਿਹਾਰ ਦੀ ਤਰਜ਼ ਤੇ ਰਹਿਣ ਦੀ ਭਵਿੱਖਬਾਣੀ ਕਰਨ ਦੀ ਹੋੜ ਲੱਗ ਗਈ ਹੈ। ਪਹਿਲ ਸੁਖਬੀਰ ਬਾਦਲ ਨੇ ਇਹ ਬਿਆਨ ਦੇ ਕੇ ਕੀਤੀ ਕਿ ਪੰਜਾਬ ਦਾ ਮੌਜੂਦਾ ਸੱਤਾਧਾਰੀ ਗਠਜੋੜ ਵੀ ਬਿਹਾਰ ਦੇ ਸੱਤਾਧਾਰੀ ਗਠਜੋੜ ਵਾਂਗ ਮੁੜ ਸੱਤਾ ਵਿਚ ਆਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਜ਼ੀਰਕਪੁਰ ਤੋਂ ਪਟਿਆਲਾ ਦੇ ਰੋਡ ਸ਼ੋਅ ਦੌਰਾਨ ਕਿਹਾ ਕਿ ਪੰਜਾਬ ਵਿਚ ਵਿਕਾਸ ਵਿਰੋਧੀਆਂ (ਮੌਜੂਦਾ ਹੁਕਮਰਾਨ ਗਠਜੋੜ) ਦਾ ਉਹੀ ਹਸ਼ਰ ਹੋਵੇਗਾ ਜੋ ਬਿਹਾਰ ਚੋਣਾਂ ਵਿਚ ਹੋਇਆ ਹੈ। ਜ਼ਿਕਰਯੋਗ ਹੈ ਕਿ ਬਿਹਾਰ ਵਿਚ ਪਰਵਾਰਵਾਦੀ ਰਾਜਨੀਤੀ ਨੂੰ ਵੀ ਜਨਤਾ ਨੇ ਨਕਾਰ ਦਿਤਾ ਹੈ। ਮਨਪ੍ਰੀਤ ਬਾਦਲ ਨੇ ਅਪਾਣੀ ਜਾਗੋ ਪੰਜਾਬ ਯਾਤਰਾ ਦੌਰਾਨ ਬਿਹਾਰ ਚੋਣ ਨਤੀਜਿਆਂ ਦੇ ਹਵਾਲੇ ਨਾਲ ਕਿਹਾ ਕਿ ਜੇਕਰ ਲੋਕ ਇਕ ਵਿਅਕਤੀ (ਨਿਤੀਸ਼ ਕੁਮਾਰ) ਪਿਛੇ ਖੜੇ ਹੋ ਸਕਦੇ ਹਨ ਤਾਂ ਪੰਜਾਬ ਵਿਚ ਕੀ ਨਹੀਂ ਹੋ ਸਕਦਾ। ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੀ ਗੱਲ ਹੈ ਨਹੀਂ ਤਾਂ ਕੱਲ ਤੱਕ ਪੰਜਾਬ ਦੀ ਕਿਸੇ ਗਲ ਦੀ ਤੁਲਨਾ ਬਿਹਾਰ ਨਾਲ ਕਰਨਾ ਇਕ ਮਿਹਣਾ ਹੀ ਸਮਝਿਆ ਜਾਂਦਾ ਸੀ ਤੇ ਇਹ ਤੁਹਮਤ ਸਿਆਸੀ ਵਿਰੋਧੀ ਤੇ ਆਮ ਲਾਈ ਜਾਂਦੀ ਸੀ ਕਿ ਫਲਾਣਾ ਪੰਜਾਬ ਦਾ ਬਿਹਾਰੀਕਰਨ ਕਰ ਰਿਹਾ ਹੈ।

# ਸਿੱਖਿਆ ਮੰਤਰੀ ਦਾ ਛਾਪਾ

ਪੰਜਾਬ ਵਿਚ ਲਾਲ ਫੀਤਾਸ਼ਾਹੀ ਤੇ ਕੰਮ ਦੇ ਸਭਿਆਚਾਰ ਦੀ ਘਾਟ ਦਾ ਵਰਤਾਰਾ ਆਮ ਹੈ। ਲੋਕਾਂ ਦੇ ਅਤੀ ਜ਼ਰੂਰੀ ਕੰਮ ਉਪਰੋਕਤ ਵਰਤਾਰਿਆਂ ਦੀ ਭੇਟ ਚੜ੍ਹ ਰਹੇ ਹਨ। ਬਹੁਤ ਸਾਰੇ ਕੰਮ ਸਾਲਾਂਬੱਧੀ ਅਧੂਰੇ ਪਏ ਰਹਿੰਦੇ ਹਨ। ਲੋਕ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟ ਕੱਟ ਕੇ ਹੰਭ ਹੁਟ ਜਾਂਦੇ ਹਨ। ਕੰਮ ਹੋਣ ਵੀ ਕਿਵੇਂ? ਏਥੇ ਨਾ ਤਾਂ ਅਫ਼ਸਰ ਇਮਾਨਦਾਰੀ ਤੇ ਕਾਇਦੇ-ਕਾਨੂੰਨ ਅਨੁਸਾਰ ਡਿਊਟੀ ਕਰਦੇ ਹਨ ਤੇ ਨਾ ਹੀ ਬਾਬੂ ਆਪਣੀਆਂ ਸੀਟਾਂ 'ਤੇ ਕੰਮ ਦੀ ਭਾਵਨਾ ਨਾਲ ਹਾਜ਼ਰੀ ਭਰਦੇ ਹਨ। ਉਹ ਬਸ ਆਪਣੀ ਮੇਜ 'ਤੇ ਆਪਣਾ ਹੈਲਮਟ ਜਾਂ ਐਨਕ ਰੱਖ ਕੇ ਹੀ ਆਪਣੀ ਦਿਨ ਭਰ ਦੀ ਹਾਜ਼ਰੀ ਦਿਖਾਉਂਦੇ ਹਨ। ਹਾਲ ਹੀ ਵਿੱਚ ਪੰਜਾਬ ਦੇ ਨਵੇਂ ਬਣੇ ਸਿੱਖਿਆ ਮੰਤਰੀ ਵਲੋਂ ਡੀ.ਪੀ.ਆਈ. (ਸੈਕੰਡਰੀ) ਦੇ ਦਫ਼ਤਰ 'ਤੇ ਛਾਪਾ ਮਾਰਿਆ ਗਿਆ ਤਾਂ 32 ਕਰਮਚਾਰੀ ੈਰ ਹਾਜ਼ਰ ਪਾਏ ਗਏ। ਮੰਤਰੀ ਵਲੋਂ ਕੰਮਾਂ ਦੀ ਪ੍ਰਗਤੀ ਬਾਰੇ ਪੁੱਛ-ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਅਨੇਕਾਂ ਫ਼ਾਈਲਾਂ ਵਰ੍ਹਿਆਂ ਤੋਂ ਨਿਪਟਾਰੇ ਬ ੈਰ ਹੀ ਬੰਦ ਪਈਆਂ ਹਨ ਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਤਾਂ ਕੋਈ ਅੰਤ ਹੀ ਨਹੀਂ। ਮੰਤਰੀ ਵਲੋਂ ਕਰਮਚਾਰੀਆਂ ਦੀ ੈਰ ਹਾਜ਼ਰੀ ਤੇ ਲੋਕਾਂ ਦੀ ਦਫ਼ਤਰਾਂ ਅੰਦਰ ਖੱਜਲ ਖੁਆਰੀ ਨੂੰ ਗੰਭੀਰਤਾ ਨਾਲ ਲੈਣ ਦੇ ਬਿਆਨ ਅਜੇ ਚਰਚਾ 'ਚ ਹੀ ਸਨ ਕਿ ਗੁਰਦਾਸਪੁਰ ਜ਼ਿਲ੍ਹੇ (ਸਿੱਖਿਆ ਮੰਤਰੀ ਦਾ ਆਪਣਾ ਇਲਾਕਾ) ਦੇ ਇਕ ਸਕੂਲ ਵਿਚ ਪਏ ਛਾਪੇ ਦੌਰਾਨ ਪਾਇਆ ਗਿਆ ਕਿ ਅਧਿਆਪਕ ਸਕੂਲ ਵਿਚ ਸ਼ਰਾਬ ਦੀ ਦਾਅਵਤ ਉਡਾ ਰਹੇ ਸਨ। ਅਧਿਆਪਕਾਂ ਵਿਚ ਸਕੂਲ ਦਾ ਕਾਰਜਕਾਰੀ ਮੁਖੀ ਸੀ ਸ਼ਾਮਲ ਸੀ। ਸਿੱਖਿਆ ਵਿਭਾਗ ਦੇ ਇਹ ਦੁਖਦ ਸਮਾਚਾਰ ਸਾਡੀ ਪ੍ਰਸ਼ਾਸਕੀ ਮਸ਼ੀਨਰੀ ਤੇ ਨੈਤਿਕ ਕਦਰਾਂ ਕੀਮਤਾਂ ਦੀ ਮੌਜੂਦਾ ਸਥਿਤੀ ਬਾਰੇ ਕੀ ਸੰਕੇਤ ਦਿੰਦੇ ਹਨ, ਇਸ ਦਾ ਅੰਦਾਜ਼ਾ ਅਸੀ ਸਹਿਜੇ ਹੀ ਲਗਾ ਸਕਦੇ ਹਾਂ।



## ਪੰਜਾਬ ਇਸ ਮਹੀਨੇ

ਪੰਜਾਬ ਪਾਲ

# ਫਸਲਾਂ ਲਈ ਵੀ ਪਾਣੀ ਪ੍ਰਦੂਸ਼ਿਤ

ਪੀਣ ਵਾਲੇ ਪਾਣੀ ਦੇ ਪ੍ਰਦੂਸ਼ਿਤ ਹੋਣ ਦੀ ਚਰਚਾ ਤਾਂ ਆਮ ਹੀ ਚਲਦੀ ਰਹੀ ਹੈ। ਹੁਣ ਇਹ ਰੀਪੋਰਟਾਂ ਵੀ ਮਿਲਣ ਲੱਗੀਆਂ ਹਨ ਕਿ ਪੰਜਾਬ ਦਾ ਪਾਣੀ ਹੌਲੀ ਹੌਲੀ ਸਿੰਚਾਈ ਲਈ ਵੀ ਆਯੋਗ ਹੁੰਦਾ ਜਾ ਰਿਹਾ ਹੈ। ਇਸ ਪ੍ਰਦੂਸ਼ਿਤ ਪਾਣੀ ਦੀ ਮਾਰ ਹੇਠ ਇਸ ਸਮੇਂ ਚਾਰ ਜ਼ਿਲ੍ਹਿਆਂ ਦੇ ਆਉਣ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਹ ਪਾਣੀ ਖਾਰਾ ਆਦਿ ਹੋਣ ਕਾਰਨ ਹੀ ਫ਼ਸਲਾਂ ਲਈ ਘਾਤਕ ਨਹੀਂ ਸਗੋਂ ਇਸ ਵਿੱਚ ਭਾਰੀ ਧਾਤਾਂ ਘੁਲੀਆਂ ਹੋਈਆਂ ਹਨ ਜਿਸ ਕਰ ਕੇ ਫਸਲਾਂ ਦੇ ਝਾੜ ਵਿਚ ਕਾਫ਼ੀ ਗਿਰਾਵਟ ਆਉਣ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਪੰਜਾਬ ਦੇ ਵੱਖ ਵੱਖ ਖੇਤਰਾਂ ਦੇ ਟਿਊਬਵੈਲਾਂ ਤੋਂ ਲਏ ਨਮੂਨਿਆਂ ਦਾ ਪ੍ਰਯੋਗਸ਼ਾਲਾ ਨਿਰੀਖਣ ਇਸ ਤੱਥ ਨੂੰ ਸਾਹਮਣੇ ਲਿਆਇਆ ਹੈ ਕਿ ਕੁੱਝ ਜ਼ਿਲ੍ਹਿਆਂ ਦੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਵੀ ਹੈ। ਪੰਜਾਬ ਖੇਤੀਬਾੜੀ ਪ੍ਰਾਂਤ ਹੈ ਤੇ ਇਸ ਦੇ ਪਾਣੀ ਦਾ ਫ਼ਸਲਾਂ ਲਈ ਪ੍ਰਦੂਸ਼ਿਤ ਤੇ ਘਾਤਕ ਹੋਣਾ, ਪੰਜਾਬ ਦੇ ਪਹਿਲਾਂ ਹੀ ਸੰਕਟ ਹੇਠ ਚਲ ਰਹੇ ਖੇਤੀਬਾੜੀ ਸੈਕਟਰ ਲਈ ਖਤਰੇ ਦੀ ਘੰਟੀ ਹੈ। ਪੰਜਾਬ ਦੇ ਪਾਣੀ ਨੂੰ ਪ੍ਰਾਣੀਆਂ ਤੇ ਪੌਦਿਆਂ ਲਈ ਉਦੋਂ ਤਕ ਸੁਰੱਖਿਅਤ ਨਹੀਂ ਬਣਾਇਆ ਜਾ ਸਕਦਾ ਜਦੋਂ ਤਕ ਇਸ ਸਬੰਧੀ ਕੋਈ ਕਾਰਗਰ ਯੋਜਨਾ ਬਣਾ ਕੇ ਇਸ ਨੂੰ ਜੰਗੀ ਪੱਧਰ 'ਤੇ ਲਾਗੂ ਨਹੀਂ ਕੀਤਾ ਜਾਂਦਾ। ਇਸ ਸਮੇਂ ਤਾਂ ਪਾਣੀ ਸਬੰਧੀ ਬਹੁਤ ਵੱਡੀ ਲਾਪ੍ਰਵਾਹੀ (ਲਗਭਗ ਹਰ ਪੱਧਰ 'ਤੇ) ਵਰਤੀ ਜਾ ਰਹੀ ਹੈ। ਫੈਕਟਰੀਆਂ ਦਾ ਧਾਤਾਂ ਰਲਿਆ ਪਾਣੀ ਅੰਨ੍ਹੇਵਾਹ ਨਦੀਆਂ-ਨਲਿਆਂ 'ਚ ਵਹਾਇਆ ਜਾ ਰਿਹਾ ਹੈ, ਜੋ ਜ਼ਮੀਨ ਹੇਠਲੇ ਪਾਣੀ 'ਚ ਮਿਲ ਕੇ ਇਸ ਨੂੰ ਪ੍ਰਾਣੀ ਜਗਤ ਤੇ ਬਨਸਪਤੀ ਲਈ ਹਾਨੀਕਾਰਕ ਬਣਾ ਰਿਹਾ ਹੈ।

# ਜਾਅਲੀ ਕਰੰਸੀ

ਪੰਜਾਬ ਵਿਚ ਜਾਅਲੀ ਕਰੰਸੀ ਦਾ ਕਾਰੋਬਾਰ ਕਾਫੀ ਦੇਰ ਤੋਂ ਚਲਦਾ ਆ ਰਿਹਾ ਹੈ। ਸਰਹੱਦੀ ਜ਼ਿਲ੍ਹਿਆਂ ਵਿਚ ਇਹ ਕਾਰੋਬਾਰ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਵਰਗਾ ਹੀ ਹੈ। ਇਸ ਧੰਦੇ ਵਿਚ ਜੁਟੇ ਹੋਏ ਅਪਰਾਧੀ ਆਮ ਕਰ ਕੇ ਕਿਸੇ ਨਾ ਕਿਸੇ ਗੈਂਗ ਨਾਲ ਜੁੜੇ ਹੋਏ ਹੁੰਦੇ ਹਨ ਤੇ ਜਦੋਂ ਅਜਿਹੇ ਮਾਮਲਿਆਂ ਵਿਚ ਕਿਸੇ ਗੈਂਗ ਦਾ ਨਾਂ ਬੋਲਦਾ ਹੈ ਤਾਂ ਸੁਣਨ ਵਾਲੇ ਨੂੰ ਕੋਈ ਖਾਸ ਹੈਰਾਨੀ ਨਹੀਂ ਹੁੰਦੀ। ਹੈਰਾਨੀ ਉਦੋਂ ਹੁੰਦੀ ਹੈ ਜਦੋਂ ਅਪਰਾਧੀ ਕਿਸੇ ਧਾਰਮਿਕ ਸੰਸਥਾ ਨਾਲ ਜੁੜਿਆ ਹੋਇਆ ਹੁੰਦਾ ਹੈ। ਇਵੇਂ ਹੀ ਹੋਇਆ ਜਦੋਂ ਜਾਅਲੀ ਕਰੰਸੀ ਦਾ ਕਾਰੋਬਾਰ ਕਰਨ ਵਾਲੇ ਦੋ ਵਿਅਕਤੀ ਪਿਛਲੇ ਦਿਨੀਂ ਪੁਲਿਸ ਦੁਆਰਾ ਜਾਅਲੀ ਕਰੰਸੀ ਸਮੇਤ ਗ੍ਰਿਫ਼ਤਾਰ ਕੀਤੇ ਗਏ। ਇਹ ਦੋਵੇਂ ਵਿਅਕਤੀ ਇਕ ਧਾਰਮਕ ਸੰਸਥਾ ਦੇ ਕਰਮਚਾਰੀ ਸਨ। ਕਰਮਚਾਰੀ ਵੀ ਕਿਸੇ ਛੋਟੀ ਮੋਟੀ ਧਾਰਮਿਕ ਸੰਸਥਾ ਦੇ ਨਹੀਂ ਸਗੋਂ ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ। ਧਾਰਮਿਕ ਸੰਸਥਾ ਦੇ ਮੈਂਬਰਾਂ ਤੋਂ ਹੀ ਨਹੀਂ ਸਗੋਂ ਕਰਮਚਾਰੀਆਂ ਤੋਂ ਵੀ ਇਹੋ ਉਮੀਦ ਕੀਤੀ ਜਾਂਦੀ ਹੈ ਕਿ ਉਹ ਧਾਰਮਿਕ ਮਾਹੌਲ ਦੇ ਰੰਗ ਵਿਚ ਰੰਗੇ ਹੋਏ ਹੋਣ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਹੋ ਸਮਝਿਆ ਜਾਂਦਾ ਹੈ ਕਿ ਧਾਰਮਿਕ ਸੰਸਥਾ ਆਪਣੇ ਮਨੋਰਥ ਵਿਚ ਅਸਫ਼ਲ ਰਹਿ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਕੋਲੋਂ ਜਾਅਲੀ ਕਰੰਸੀ ਬਰਾਮਦ ਹੋਣ ਦੀ ਘਟਨਾ ਨੇ ਇਸ ਦੀ ਆਲੋਚਨਾ ਕਰਨ ਵਾਲਿਆਂ ਦੇ ਇਸ ਦੋਸ਼ ਨੂੰ ਹੋਰ ਵੀ ਬਲ ਬਖਸ਼ਿਆ ਹੈ ਕਿ ਪੰਜਾਬ ਦੀ ਵਿਸ਼ੇਸ਼ ਰਾਜਨੀਤਿਕ ਪਾਰਟੀ ਦੇ ਦਬਦਬੇ ਅਧੀਨ ਇਹ ਸੰਸਥਾ ਆਪਣੇ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦੇ ਮੂਲ ਮਨੋਰਥ ਤੋਂ ਭਟਕ ਗਈ ਹੈ, ਜਿਸ ਸੰਸਥਾ ਦਾ ਆਪਣੇ ਕਰਮਚਾਰੀਆਂ 'ਤੇ ਵੀ ਧਾਰਮਿਕ ਪ੍ਰਭਾਵ ਨਹੀਂ ਪੈ ਰਿਹਾ, ਉਹ ਭਲਾ ਆਮ ਸਿੱਖਾਂ ਨੂੰ 'ਪਤਿਤ' ਹੋਣੋਂ ਕਿਵੇਂ ਬਚਾ ਸਕਦੀ ਹੈ?

# ਛੇਕੜਲੀ ਗੱਲ

**ਸਾਡੇ** ਨੇਤਾਵਾਂ ਨੂੰ ਅਕਸਰ ਜ਼ੋਰ ਦੇ ਕੇ ਇਹ ਕਿਹਾ ਜਾਂਦਾ ਹੈ ਕਿ ਉਹ ਕੰਧ 'ਤੇ ਲਿਖਿਆ ਪੜ੍ਹ ਲੈਣ। ਪਰ ਉਨ੍ਹਾਂ ਦੀ ਹਾਲਤ ਤਾਂ ਸਰਕਾਰੀ ਨੌਕਰੀ ਲਈ ਚੁਣੇ ਜਾਣ ਉਪਰੰਤ ਡਾਕਟਰੀ ਮੁਆਇਨੇ ਲਈ ਪੇਸ਼ ਹੋਏ ਉਸ ਉਮੀਦਵਾਰ ਵਰਗੀ ਹੈ ਜਿਸ ਨੂੰ ਨਜ਼ਰ ਦੀ ਜਾਂਚ ਲਈ ਡਾਕਟਰ ਨੇ ਪੁਛਿਆ ਕਿ ਸਾਹਮਣੀ ਕੰਧ 'ਤੇ ਕੀ ਲਿਖਿਆ ਹੋਇਆ ਹੈ। ਅੱਗੋਂ ਆਪਣੀ ਐਨਕ ਦੇ ਮੋਟੇ ਸ਼ੀਸ਼ਿਆਂ ਵਿਚੋਂ ਝਾਕਦਿਆਂ ਉਮੀਦਵਾਰ ਨੇ ਡਾਕਟਰ ਨੂੰ ਮੋੜਵਾਂ ਸਵਾਲ ਕੀਤਾ, ''ਪਹਿਲਾਂ ਮੈਨੂੰ ਇਹ ਦੱਸੋ, ਕੰਧ ਕਿੱਥੇ ਹੈ?''



# ਸਬਸਿਡੀ ਵਿਰੋਧੀ ਜਾਲ ਵਿੱਚ ਖੁਦ ਫਸੇ ਮਨਪ੍ਰੀਤ

ਚੰਡੀਗੜ੍ਹ (ਨ.ਦ.ਬ) ਪੰਜਾਬ ਦੇ ਸਰਕਾਰੀ ਖ਼ਜ਼ਾਨੇ ਨੂੰ ਭਰਨ ਲਈ ਕਿਸਾਨਾਂ ਅਤੇ ਗਰੀਬਾਂ ਨੂੰ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਖਤਮ ਕਰਨ ਦਾ ਸਿਆਸੀ ਪ੍ਰੋਗਰਾਮ ਲੈ ਕੇ ਸਿਆਸੀ ਸਫ਼ਰ 'ਤੇ ਨਿਕਲੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਕ ਤੋਂ ਬਾਅਦ ਇਕ ਜਾਲ ਵਿਚ ਫਸਦੇ ਜਾ ਰਹੇ ਹਨ। ਸਬਸਿਡੀਆਂ ਦਾ ਵਿਰੋਧ ਕਰਨ ਵਾਲੇ ਮਨਪ੍ਰੀਤ ਬਾਦਲ ਦੇ ਪਰਿਵਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਖੁਦ 19 ਲੱਖ ਰੁਪਏ ਤੋਂ ਜ਼ਿਆਦਾ ਦੀ ਸਬਸਿਡੀ ਦਾ ਸਵਾਦ ਲਿਆ ਹੈ।

ਮਨਪ੍ਰੀਤ ਬਾਦਲ, ਉਨ੍ਹਾਂ ਦੇ ਪਿਤਾ ਗੁਰਦਾਸ ਬਾਦਲ ਅਤੇ ਭੈਣ ਨੂੰ ਡੱਬਾਬੰਦ ਕਿੰਨੂ ਹੋਰਾਂ ਸੂਬਿਆਂ ਵਿੱਚ ਭੇਜਣ ਲਈ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਤੋਂ ਮਿਲੀ ਸਬਸਿਡੀ ਜਗਜ਼ਾਹਰ ਹੋ ਜਾਣ ਨਾਲ ਮਨਪ੍ਰੀਤ ਦਾ ਦੋਹਰਾ ਕਿਰਦਾਰ ਸਾਹਮਣੇ ਆ ਗਿਆ ਹੈ। ਸਰਕਾਰੀ ਦਸਤਾਵੇਜ਼ਾਂ ਮੁਤਾਬਕ ਤਿੰਨ ਸਾਲਾਂ ਦੌਰਾਨ ਕਿੰਨੂ ਨੂੰ ਡੱਬਾਬੰਦ ਕਰ ਕੇ ਹੋਰਨਾਂ ਸੂਬਿਆਂ ਨੂੰ ਭੇਜਣ ਲਈ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਨਾਲ ਮਨਪ੍ਰੀਤ ਬਾਦਲ ਨੇ 8.26 ਲੱਖ ਰੁਪਏ ਅਤੇ ਉਨ੍ਹਾਂ ਦੇ ਪਿਤਾ ਤੇ ਭੈਣ ਨੇ 11 ਲੱਖ ਰੁਪਏ ਦੀ ਸਬਸਿਡੀ ਹਾਸਲ ਕੀਤੀ।

ਪਿਛਲੇ ਤਿੰਨ ਸਾਲਾਂ ਦੌਰਾਨ ਸਬਸਿਡੀ ਦਾ ਉਚੇ ਸੁਰ ਵਿੱਚ ਵਿਰੋਧ ਕਰਦੇ ਆ ਰਹੇ ਮਨਪ੍ਰੀਤ ਬਾਦਲ ਦੇ ਨਵੇਂ ਸਿਧਾਂਤ ਦੀ ਵੀ ਇਨ੍ਹਾਂ ਅੰਕੜਿਆਂ ਨਾਲ ਹਵਾ ਨਿਕਲ ਗਈ, ਜਿਸ ਵਿੱਚ ਉਨ੍ਹਾਂ ਨੇ ਵੱਡੇ ਤੇ ਧਨਾਢ ਕਿਸਾਨਾਂ ਨੂੰ ਸਬਸਿਡੀ ਦੇ ਘੇਰੇ ਤੋਂ ਬਾਹਰ ਰੱਖਣ 'ਤੇ ਜ਼ੋਰ ਦਿੱਤਾ ਸੀ। ਗੌਰਤਲਬ ਹੈ ਕਿ ਕੁਝ ਦਿਨ ਪਹਿਲਾਂ ਸਿਧਾਂਤਕ ਮਤਭੇਦਾਂ ਕਾਰਨ ਪਾਰਟੀ ਤੇ ਸਰਕਾਰ ਤੋਂ ਬਾਹਰ ਆਉਣ ਦੇ ਮਨਪ੍ਰੀਤ ਬਾਦਲ ਦੇ ਦਾਅਵਿਆਂ ਨੂੰ ਉਨ੍ਹਾਂ ਦੇ ਪਿਤਾ ਗੁਰਦਾਸ ਬਾਦਲ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਲੜਾਈ ਦਾ ਅਸਲ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਾਰਸ ਵਜੋਂ ਪਾਰਟੀ ਤੇ ਸਰਕਾਰ ਦੀ ਕਮਾਂਡ ਸੰਭਾਲਣਾ ਸੀ। ਗੁਰਦਾਸ ਬਾਦਲ ਨੇ ਇਕ ਮੁਲਾਕਾਤ ਦੌਰਾਨ ਕਿਹਾ ਸੀ-ਉਨ੍ਹਾਂ ਅਤੇ ਪ੍ਰਕਾਸ਼ ਸਿੰਘ ਬਾਦਲ ਵਿਚਾਲੇ ਗੁਪਤ ਸਮਝੌਤਾ ਹੋਇਆ ਸੀ ਕਿ ਮਨਪ੍ਰੀਤ ਨੂੰ ਸੂਬੇ ਦੀ ਸਿਆਸਤ ਵਿੱਚ ਰੱਖ ਕੇ ਪਾਰਟੀ ਪ੍ਰਧਾਨ ਤੇ ਮੁੱਖ ਮੰਤਰੀ ਬਣਾਉਣ ਲਈ ਤਿਆਰ ਕੀਤਾ ਜਾਵੇਗਾ, ਜਦਕਿ ਸੁਖਬੀਰ ਬਾਦਲ ਕੇਂਦਰੀ ਸਿਆ-ਸਤ ਵਿੱਚ ਰਹਿਣਗੇ। ਗੁਰਦਾਸ ਬਾਦਲ ਨੇ ਕਿਹਾ ਸੀ ਕਿ ਇਸ ਸਮਝੌਤੇ ਦਾ ਉਲੰਘਣ ਸੁਖਬੀਰ ਬਾਦਲ ਨੂੰ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾ ਕੇ ਕੀਤਾ ਗਿਆ। ਆਪਣੇ ਸਿਆਸੀ ਕਰੀਅਰ ਦੇ ਸਾਰੇ ਰਸਤੇ ਬੰਦ ਹੋਣ ਤੋਂ ਬਾਅਦ ਮਨਪ੍ਰੀਤ ਕੋਲ ਪਾਰਟੀ ਤੋਂ ਬਾਹਰ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਸੀ।

ਗੁਰਦਾਸ ਬਾਦਲ ਨੇ ਇਹ ਵੀ ਮੰਨਿਆ ਕਿ ਪ੍ਰਕਾਸ਼ ਸਿੰਘ ਬਾਦਲ ਮਨਪ੍ਰੀਤ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਹੀ ਉਸ ਨੂੰ ਸਿਆਸਤ ਵਿੱਚ ਲਿਆਏ ਸਨ।

ਵਿੱਤ ਮੰਤਰੀ ਦੀ ਕੁਰਸੀ ਤੱਕ ਪਹੁੰਚਾਉਣ ਵਿੱਚ ਵੀ ਬਾਦਲ ਦਾ ਹੱਥ ਹੈ। ਇਕ ਸਿਆਸੀ ਚਿੰਤਕ ਦਾ ਕਹਿਣਾ ਹੈ ਕਿ ਗੁਰਦਾਸ ਬਾਦਲ ਦੇ ਬਿਆਨਾਂ ਨਾਲ ਇਹ ਪਤਾ ਲੱਗਦਾ ਹੈ ਕਿ ਬਾਦਲ ਪਰਿਵਾਰ ਅਕਾਲੀ ਦਲ ਤੇ ਪੰਜਾਬ ਦੀ ਸੱਤਾ ਨੂੰ ਕਿਵੇਂ ਆਪਣੀ ਜੱਦੀ ਜਾਇਦਾਦ ਸਮਝ ਕੇ ਆਪਸ ਵਿੱਚ ਵੰਡਣ ਲਈ ਯੋਜਨਾਵਾਂ ਬਣਾਉਂਦਾ ਹੈ ਪਰ ਇਸ ਨਾਲ ਪਰਿਵਾਰਵਾਦ ਖਿਲਾਫ ਦੁਹਾਈ ਦੇਣ ਵਾਲੇ ਮਨਪ੍ਰੀਤ ਦੇ ਹੱਥ ਕੁਝ ਨਹੀਂ ਲੱਗਿਆ।

# ਮੰਮੀ ਕਿੱਥੇ ਹੈ, ਓਹਦੇ ਕੋਲ ਜਾਣੈ....

## ਸਰਪੰਚ ਮਨਿੰਦਰ ਕੌਰ ਦੀ ਦੋ ਸਾਲਾ ਬੱਚੀ ਦੀ ਪੁਕਾਰ

ਰੋਪੜ (ਨ.ਦ.ਬ) ਦਾਜ ਦੀ ਬਲੀ ਚੜ੍ਹੀ ਗਨੂੰਰਾ ਪਿੰਡ ਦੀ ਸਰਪੰਚ ਮਨਿੰਦਰ ਕੌਰ ਦੀ ਦੋ ਸਾਲਾ ਬੱਚੀ ਰਵਲੀਨ ਥੋੜ੍ਹੀ ਦੇਰ ਤਾਂ ਆਪਣੇ ਪੜਦਾਦੇ ਦੇ ਘਰ ਬੱਚਿਆਂ ਨਾਲ ਖੇਡਦੀ ਰਹੀ ਪਰ ਥੋੜ੍ਹੀ ਦੇਰ ਬਾਅਦ ਪੁੱਛਣ ਲੱਗੀ 'ਮੰਮੀ ਕਿਥੇ ਗਈ ਹੈ..ਮੈਂ ਓਹਦੇ ਕੋਲ ਜਾਣੈ'। ਰਵਲੀਨ ਦੇ ਇਹ ਸ਼ਬਦ ਸੀਨਾ ਚੀਰ ਜਾਂਦੇ ਹਨ। ਨੂਰਪੁਰ ਬੇਦੀ ਅਧੀਨ ਪੈਂਦੇ ਪਿੰਡ ਗਨੂੰਰਾ ਦੀ ਸਰਪੰਚ ਮਨਿੰਦਰ ਕੌਰ (27) ਦੀ ਉਸ ਦੇ ਪਤੀ ਨੇ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।

ਸੂਤਰਾਂ ਮੁਤਾਬਕ ਕਰੀਬ ਢਾਈ ਵਰ੍ਹੇ ਪਹਿਲਾਂ ਅਮਰੀਕ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਗਨੂੰਰਾ ਨਾਲ ਵਿਆਹੀ ਮਨਿੰਦਰ ਕੌਰ ਦਾ ਆਪਣੇ ਪਤੀ ਨਾਲ ਅਕਸਰ ਤਕਰਾਰ ਰਹਿੰਦਾ ਸੀ। ਮ੍ਰਿਤਕਾ ਦੇ ਪਿਤਾ ਮਨਜੀਤ ਸਿੰਘ ਅਤੇ ਚਾਚਾ ਕਾਮਰੇਡ ਗੁਰਦਿਆਲ ਸਿੰਘ ਢੇਰ ਅਨੁਸਾਰ ਉਨ੍ਹਾਂ ਦੀ ਧੀ ਨੂੰ ਘੱਟ ਦਾਜ ਲਿਆਉਣ ਬਦਲੇ ਅਕਸਰ ਕੁੱਟਮਾਰ ਦਾ ਸੰਤਾਪ ਵੀ ਸਹਿਣਾ ਪੈਂਦਾ ਸੀ। ਪੰਜ ਦਸੰਬਰ ਦੀ ਰਾਤ ਕਰੀਬ 11.15 ਵਜੇ ਆਏ ਫੋਨ 'ਤੇ ਉਨ੍ਹਾਂ ਨੂੰ ਮਨਿੰਦਰ ਕੌਰ ਦੇ ਸਖ਼ਤ ਬਿਮਾਰ ਹੋਣ ਦੀ ਖ਼ਬਰ ਦਿੱਤੀ ਗਈ ਪਰ ਉਨ੍ਹਾਂ ਨੇ ਉਸ ਦੇ ਸਹੁਰੇ ਘਰ ਜਾ ਕੇ ਉਸ ਨੂੰ ਮ੍ਰਿਤਕ ਹਾਲਤ ਵਿੱਚ ਦੇਖਿਆ। ਭਾਵੇਂ ਕਿ ਉਸ ਦੀ ਮੌਤ ਦਾ ਕਾਰਨ ਸਹੁਰੇ ਪਰਿਵਾਰ ਵੱਲੋਂ ਖੁਦਕੁਸ਼ੀ ਦੱਸਿਆ ਗਿਆ ਪਰ ਉਸ ਦੇ ਗੱਲ 'ਤੇ ਪਏ ਜ਼ਖ਼ਮਾਂ ਦੇ ਨਿਸ਼ਾਨਾਂ ਨੇ ਛੇਤੀ ਹੀ ਪੁਲੀਸ ਦੀ ਮੌਜੂਦਗੀ ਵਿੱਚ ਇਹ ਪੱਖ ਉਜਾਗਰ ਕਰ ਦਿੱਤਾ ਕਿ ਉਸ ਦੀ ਹੱਤਿਆ ਗਲ ਘੁੱਟ ਕੇ ਕੀਤੀ ਗਈ ਹੈ। ਪੁਲੀਸ ਨੇ ਜਾਂਚ ਮਗਰੋਂ ਮਨਿੰਦਰ ਕੌਰ ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਮ੍ਰਿਤਕਾ ਦੇ ਪਤੀ ਅਮਰੀਕ ਸਿੰਘ, ਸਹੁਰਾ ਜਰਨੈਲ ਸਿੰਘ ਤੇ ਸੱਸ ਕੁਲਵਿੰਦਰ ਕੌਰ ਖਿਲਾਫ ਕੇਸ ਦਰਜ ਕਰ ਲਿਆ ਹੈ। ਉਸ ਦੇ ਪਤੀ ਨੂੰ ਬਾਅਦ ਵਿੱਚ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਜਦਕਿ ਸੱਸ ਤੇ ਸਹੁਰਾ ਫਰਾਰ ਹਨ।

ਪਿੰਡ ਵਾਸੀਆਂ ਨੇ ਦੱਸਿਆ ਕਿ ਮਨਿੰਦਰ ਆਪਣੇ ਪਤੀ ਅਮਰੀਕ ਦੇ ਸ਼ਰਾਬ ਪੀਣ ਦੀ ਆਦਤ ਤੋਂ ਦੁਖੀ ਸੀ ਅਤੇ ਇਸ ਦਾ ਵਿਰੋਧ ਕਰਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਮਨਿੰਦਰ ਨੂੰ ਅਮਰੀਕ ਦੇ ਕਿਸੇ ਹੋਰ ਔਰਤ ਨਾਲ ਸਬੰਧਾਂ ਦਾ ਵੀ ਸ਼ੱਕ ਸੀ।

### ਪ੍ਰਤਿਭਾਵਾਨ ਸੀ ਮਨਿੰਦਰ

ਮਨਿੰਦਰ ਜ਼ਿਲ੍ਹੇ ਵਿੱਚ ਸਭ ਤੋਂ ਘੱਟ ਉਮਰ ਦੀ ਮਹਿਲਾ ਸਰਪੰਚ ਸੀ। ਪੜ੍ਹਾਈ ਵਿੱਚ ਅੱਵਲ ਆਉਣ ਵਾਲੀ ਮਨਿੰਦਰ ਕੌਰ ਨੇ ਹਿਮਾਚਲ ਪ੍ਰਦੇਸ਼ ਦੀ ਯੂਨੀਵਰਸਿਟੀ ਤੋਂ ਐਮ.ਕਾਮ ਤੇ ਪੀ.ਜੀ.ਡੀ.ਸੀ. ਦੇ ਕੋਰਸ ਵਿੱਚ ਪਹਿਲਾ ਸਥਾਨ ਹਾਸਲ ਕਰ ਕੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਸੀ। ਇਹ ਬੜੇ ਦੁੱਖ ਦੀ ਗੱਲ ਹੈ ਕਿ ਪੂਰੇ ਪਿੰਡ ਨੂੰ ਸੰਭਾਲਣ ਵਾਲੀ ਸਰਪੰਚ ਆਪਣੇ ਹੀ ਘਰ ਦੇ ਝਗੜੇ ਨੂੰ ਸੁਲਝਾਉਣ ਵਿੱਚ ਬੇਬਸ ਰਹੀ ਅਤੇ ਅੰਤ ਇਹ ਹੋਇਆ ਕਿ ਮਨਿੰਦਰ ਕੌਰ ਨੂੰ ਆਪਣੀ ਜਾਨ ਦੇ ਕੇ ਇਸ ਦੀ ਕੀਮਤ ਚੁਕਾਉਣੀ ਪਈ। ਪੁਲੀਸ ਬੇਸ਼ੱਕ ਇਸ ਮਾਮਲੇ ਵਿੱਚ ਵੱਖ ਵੱਖ ਥਿਊਰੀਆਂ 'ਤੇ ਕੰਮ ਕਰ ਰਹੀ ਹੈ ਪਰ ਆਮ ਲੋਕਾਂ ਦਾ ਕਹਿਣਾ ਹੈ ਕਿ ਮਨਿੰਦਰ ਬਹੁਤ ਜ਼ਿੰਮੇਵਾਰ ਮਹਿਲਾ ਸੀ।

ਹੱਤਿਆ ਕਰਨ ਲਈ ਵਰਤੀ ਚੁੰਨੀ ਤੇ ਸ਼ਰਾਬ ਦੀ ਬੋਤਲ ਬਰਾਮਦ

ਪੁਲੀਸ ਨੇ ਉਹ ਚੁੰਨੀ ਬਰਾਮਦ ਕਰ ਲਈ ਹੈ, ਜਿਸ ਨਾਲ ਮਨਿੰਦਰ ਦਾ ਗਲਾ ਘੋਟਿਆ ਗਿਆ ਸੀ। ਇਸ ਤੋਂ ਇਲਾਵਾ ਪੁਲੀਸ ਨੇ ਕਮਰੇ ਵਿਚੋਂ ਸ਼ਰਾਬ ਦੀ ਅੱਧੀ ਬੋਤਲ ਵੀ ਆਪਣੇ ਕਬਜ਼ੇ ਵਿੱਚ ਲੈ ਲਈ ਹੈ।

ਓਧਰ ਪੰਜਾਬ ਭਰ ਦੀਆਂ ਇਸਤਰੀ ਜਥੇਬੰਦੀਆਂ ਬੇਸ਼ੱਕ ਮਨਿੰਦਰ ਦੇ ਪਰਿਵਾਰ ਨਾਲ ਖੜੀਆਂ ਹਨ, ਪਰ ਇਲਾਕੇ ਦੇ ਕੁਝ ਅਕਾਲੀ ਲੀਡਰ ਅਜੇ ਵੀ ਕਾਤਲਾਂ ਨੂੰ ਬਚਾਉਣ ਵਿੱਚ ਜੁਟੇ ਹੋਏ ਹਨ। ਇਲਾਕੇ ਵਿੱਚ ਖੁੱਲ੍ਹੇਆਮ ਚਰਚਾ ਹੋ ਰਹੀ ਹੈ ਕਿ ਨੂੰਹ ਨੂੰ ਮਾਰਨ ਵਾਲੇ ਟੱਬਰ ਨੂੰ ਕੁਝ ਅਕਾਲੀ ਆਗੂ ਬਚਾਉਣ ਵਿੱਚ ਜੁਟੇ ਹੋਏ ਹਨ ਤੇ ਇਨ੍ਹਾਂ ਨੇ ਹੀ ਸੱਸ-ਸਹੁਰੇ ਨੂੰ ਸ਼ਰਨ ਦਿੱਤੀ ਹੋਈ ਹੈ।

ਇਕ ਪਾਸੇ ਜਿਥੇ ਇਲਾਕੇ ਦੇ ਸਿੱਖ ਬੁੱਧੀਜੀਵੀ ਇਸ ਗੱਲ ਨੂੰ ਲੈ ਕੇ ਚਿੰਤਾ ਪ੍ਰਗਟਾ ਰਹੇ ਹਨ ਕਿ ਸਿੱਖ ਧਰਮ ਵਿਚ ਕੁੜੀਮਾਰਾਂ ਨਾਲ ਕੋਈ ਸਾਂਝ ਨਾ ਰੱਖਣ ਦੀ ਗੱਲ ਆਖੀ ਗਈ ਹੈ, ਪਰ ਕੁਝ ਸਥਾਨਕ ਲੀਡਰ ਧੀਆਂ ਵਰਗੀ ਨੂੰਹ ਨੂੰ ਕਤਲ ਕਰਨ ਵਾਲਿਆਂ ਅਤੇ ਉਸ ਦੀ ਦੋ ਸਾਲਾਂ ਦੀ ਬੱਚੀ ਦਾ ਬਚਪਨ ਰੋਲਣ ਵਾਲਿਆਂ ਨੂੰ ਬਚਾਉਣ ਵਿਚ ਲੱਗੇ ਹੋਏ ਹਨ। ਉਨ੍ਹਾਂ ਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਇਹ ਲੀਡਰ ਇਸ ਨੂੰ ਖੁਦਕੁਸ਼ੀ ਕਿਉਂ ਸਿੱਧ ਕਰਨਾ ਚਾਹੁੰਦੇ ਸਨ ਤੇ ਇਹੋ ਲੀਡਰ ਕੁੜੀ ਦੇ ਮਾਪਿਆਂ ਨੂੰ ਵੀ ਸੂਚਨਾ ਮਿਲਣ ਤੋਂ ਪਹਿਲਾਂ ਘਟਨਾ ਵਾਲੀ ਥਾਂ 'ਤੇ ਪੁੱਜ ਗਏ। ਇਸ ਸਾਰੇ ਕਾਰੇ ਵਿਚੋਂ ਸਾਜ਼ਿਸ਼ ਦੀ ਬੋਅ ਆਉਂਦੀ ਹੈ। ਭਾਰਤ ਦੀ ਜਨਵਾਦੀ ਇਸਤਰੀ ਸਭਾ ਦੀ ਸੂਬਾ ਪ੍ਰਧਾਨ ਸੁਰਿੰਦਰ ਕੌਰ ਨੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਫਰਾਰ ਲੋਕਾਂ ਨੂੰ ਛੇਤੀ ਗ੍ਰਿਫਤਾਰ ਨਾ ਕੀਤਾ ਤਾਂ ਉਹ ਰੋਸ ਮੁਜ਼ਾਹਰੇ ਕਰਨ ਲਈ ਮਜਬੂਰ ਹੋਣਗੇ।

# ਸੂ ਕੀ ਨੂੰ ਭਾਰਤ ਤੋਂ ਵੱਡੀਆਂ ਆਸਾਂ

ਨਵੀਂ ਦਿੱਲੀ, (ਨ.ਦ.ਬ) : ਮਿਆਂਮਾਰ ਦੀ ਲੋਕਤੰਤਰ ਹਮਾਇਤੀ ਵਿਰੋਧੀ ਧਿਰ ਦੀ ਆਗੂ ਆਂਗ ਸਾਨ ਸੂ ਕੀ ਚਾਹੁੰਦੀ ਹੈ ਕਿ ਭਾਰਤ ਉਨ੍ਹਾਂ ਦੇ ਦੇਸ਼ ਵਿਚ ਲੋਕਤੰਤਰ ਪ੍ਰਕਿਰਿਆ ਬਹਾਲ ਕਰਨ ਲਈ ਸਰਗਰਮ ਭੂਮਿਕਾ ਨਿਭਾਵੇ। ਸੂ ਕੀ ਨੇ ਅੱਜ ਇਥੇ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਨੂੰ ਮਿਆਂਮਾਰ ਵਿਚ ਅਪਣੇ ਵਪਾਰਕ ਹਿਤਾਂ ਤੋਂ ਉਪਰ ਉਠ ਕੇ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਨਾਤੇ ਅਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਮਿਆਂਮਾਰ ਦੀ ਫ਼ੌਜੀ ਸਰਕਾਰ ਨਾਲ ਭਾਰਤ ਦੇ ਵਧ ਰਹੇ ਵਪਾਰ ਬਾਰੇ ਟਿਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਦੁਵੱਲੇ ਵਪਾਰ ਦੇ ਵਿਰੋਧ ਵਿਚ ਨਹੀਂ ਹੈ ਪਰ ਉਹ ਚਾਹੁੰਦੀ ਹੈ ਕਿ ਭਾਰਤ ਲੋਕਤੰਤਰ ਦੀ ਪ੍ਰਕਿਰਿਆ ਵਿਚ ਸਰਗਰਮੀ ਨਾਲ ਭੂਮਿਕਾ ਨਿਭਾਵੇ ਅਤੇ ਉਸ ਦੀ ਪਾਰਟੀ ਨੈਸ਼ਨਲ ਲੀਗ ਡੈਮੋਕ੍ਰੇਸੀ ਨਾਲ ਸੰਪਰਕ ਕਾਇਮ ਕਰੇ।

**ਲੋਕਤੰਤਰ ਦੀ ਬਹਾਲੀ ਲਈ ਦੁਨੀਆ ਦੇ ਸੱਭ ਤੋਂ ਵੱਡੇ ਲੋਕਤੰਤਰ ਤੋਂ ਮੰਗਿਆ ਸਹਿਯੋਗ**

# ਕਲਰਜ਼ ਚੈਨਲ ਨੂੰ ਸਰਕਾਰ ਫਿਰ ਨੋਟਿਸ ਜਾਰੀ ਕਰੇ: ਹਾਈ ਕੋਰਟ

ਮੁੰਬਈ, (ਨ.ਦ.ਬ) : ਮੁੰਬਈ ਹਾਈ ਕੋਰਟ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਹੁਕਮ ਦਿਤੇ ਕਿ ਉਹ ਬਿਗ ਬੌਸ ਪ੍ਰੋਗਰਾਮ ਦਾ ਪ੍ਰਸਾਰਣ ਕਰਨ ਵਾਲੇ ਚੈਨਲ 'ਕਲਰਜ਼' ਨੂੰ ਇਕ ਵਾਰ ਮੁੜ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਇਸ ਮਾਮਲੇ ਦੀ ਮੁੜ ਸੁਣਵਾਈ ਕਰਨ। ਇਸ ਤੋਂ ਇਲਾਵਾ ਅਦਾਲਤ ਨੇ ਬਿਗ ਬੌਸ ਪ੍ਰੋਗਰਾਮ ਨੂੰ ਪ੍ਰਾਈਮ ਟਾਈਮ ਤੋਂ ਹਟਾ ਕੇ ਰਾਤ 11 ਵਜੇ ਤੋਂ ਬਾਅਦ ਪ੍ਰਸਾਰਤ ਕਰਨ ਦੇ ਮੰਤਰਾਲੇ ਦੇ ਹੁਕਮਾਂ 'ਤੇ ਵੀ ਉਦੋਂ ਤਕ ਰੋਕ ਲਾਉਣ ਦਾ ਫ਼ੈਸਲਾ ਕੀਤਾ ਹੈ ਜਦੋਂ ਤਕ ਉਹ ਨਵਾਂ ਹੁਕਮ ਪਾਸ ਨਹੀਂ ਕਰਦੀ। ਜੱਜ ਡੀ.ਕੇ. ਦੇਸ਼ਮੁਖ ਅਤੇ ਆਰ. ਵਾਈ ਗਾਨੂੰ ਦੇ ਡਵੀਜ਼ਨ ਬੈਂਚ ਨੇ ਕਥਿਤ ਤੌਰ 'ਤੇ ਪ੍ਰੋਗਰਾਮ ਜਾਂ ਉਸ ਦੇ ਕਿਸੇ ਹਿੱਸੇ ਨੂੰ ਇਤਰਾਜ਼ਯੋਗ ਦੱਸੇ ਜਾਣ ਦੇ ਮਾਮਲੇ ਨੂੰ ਧਿਆਨ ਵਿਚ ਰਖਦਿਆਂ ਮੰਤਰਾਲੇ ਨੂੰ 24 ਘੰਟੇ ਦੇ ਅੰਦਰ-ਅੰਦਰ ਉਕਤ ਨੋਟਿਸ ਜਾਰੀ ਕਰਨ ਦੇ ਹੁਕਮ ਦਿਤੇ ਹਨ। ਇਸ ਤੋਂ ਬਾਅਦ ਚੈਨਲ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਜਵਾਬ ਦੇਣਾ ਹੋਵੇਗਾ ਅਤੇ ਇਸ ਤੋਂ ਬਾਅਦ ਚੈਨਲ ਦੇ ਅਧਿਕਾਰੀਆਂ ਨੂੰ ਨਿਜੀ ਸੁਣਵਾਈ ਦਾ ਮੌਕਾ ਦਿਤਾ ਜਾਵੇਗਾ।

# 2 ਜੀ ਸਪੈਕਟ੍ਰਮ ਘਪਲੇ ਬਾਰੇ ਐਨ.ਡੀ.ਏ. ਵੀ ਘੇਰੇ 'ਚ

ਨਵੀਂ ਦਿੱਲੀ, (ਨ.ਦ.ਬ) : 2 ਜੀ ਸਪੈਕਟ੍ਰਮ ਘਪਲੇ ਨੂੰ ਲੈ ਕੇ ਵਿਰੋਧ ਕਰ ਰਹੀ ਭਾਜਪਾ ਨੂੰ ਸੁਪਰੀਮ ਕੋਰਟ ਨੇ ਜ਼ੋਰਦਾਰ ਝਟਕਾ ਦਿੰਦਿਆਂ ਅੱਜ ਇਥੇ ਕਿਹਾ ਕਿ 2 ਜੀ ਘਪਲਾ ਸਿਰਫ਼ 1.76 ਲੱਖ ਕਰੋੜ ਰੁਪਏ ਤਕ ਹੀ ਸੀਮਤ ਨਹੀਂ ਹੈ, ਇਸ ਘਪਲੇ ਦਾ ਦਾਇਰਾ ਹੋਰ ਵੀ ਵੱਡਾ ਹੋ ਸਕਦਾ ਹੈ। ਇਸ ਲਈ ਇਸ ਮਾਮਲੇ ਦੀ ਜਾਂਚ ਵੀ ਵੱਡੇ ਪੱਧਰ 'ਤੇ ਹੋਣੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਜਾਂਚ 2001 ਤੋਂ ਕੀਤੀ ਜਾਣੀ ਚਾਹੀਦੀ ਹੈ। ਦੇਸ਼ ਦੀ ਸੱਭ ਤੋਂ ਉਤਲੀ ਅਦਾਲਤ ਨੇ ਕਿਹਾ ਕਿ ਫ਼ਿਲ-ਹਾਲ ਅਸੀਂ ਕਿਸੇ ਇਕ ਪਾਰਟੀ ਨੂੰ ਨਿਸ਼ਾਨਾ ਨਹੀਂ ਬਣਾ ਸਕਦੇ। ਐਨ.ਡੀ.ਏ. ਸਰਕਾਰ ਦੇ ਸ਼ਾਸਨਕਾਲ ਦੌਰਾਨ ਹੋਏ ਸਪੈਕਟ੍ਰਮ ਵੰਡ ਨਾਲ ਸਬੰਧਤ ਮਾਮਲੇ ਦੀ ਜਾਂਚ ਦੇ ਦਾਇਰੇ ਹੇਠ ਲਿਆਂਦੇ ਜਾਣੇ ਚਾਹੀਦੇ ਹਨ। ਸੁਪਰੀਮ ਕੋਰਟ ਨੇ ਅਜਿਹਾ ਕਰਦਿਆਂ 2001 ਵਿਚ ਤਤਕਾਲੀ ਸਰਕਾਰ ਦੀਆਂ ਨੀਤੀਆਂ ਦੀ ਜਾਣਕਾਰੀ ਵੀ ਮੰਗੀ ਹੈ। ਉਸ ਸਮੇਂ ਸਪੈਕਟ੍ਰਮ ਵੰਡਣ ਦਾ ਫ਼ੈਸਲਾ ਪਹਿਲਾਂ ਆਉ, ਪਹਿਲਾਂ ਪਾਉ ਦੇ ਆਧਾਰ 'ਤੇ ਹੁੰਦਾ ਸੀ। ਜੱਜ ਜੀ.ਐਸ. ਸਿੰਘਵੀ ਅਤੇ ਏ.ਕੇ. ਗਾਂਗੁਲੀ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਮਾਮਲੇ ਦੀ ਜਾਂਚ ਫ਼ਰਵਰੀ 2011 ਤਕ ਕਰਨ ਦੇ ਹੁਕਮ ਵੀ ਦਿਤੇ ਹਨ। ਕੋਰਟ ਨੇ ਮਾਮਲੇ ਦੀ ਸੁਣਵਾਈ ਦੌਰਾਨ ਸਾਲਿਸਟਰ ਜਨਰਲ ਤੋਂ ਪੁਛਿਆ ਕਿ ਕੀ ਇਸ ਮਾਮਲੇ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਜਾ ਸਕਦਾ ਹੈ? ਅਦਾਲਤ ਨੇ ਸਾਲਿਸਟਰ ਜਨਰਲ ਨੂੰ ਇਹ ਵੀ ਕਿਹਾ ਕਿ ਉਹ ਇਸ ਮਾਮਲੇ 'ਤੇ ਕੇਂਦਰ ਸਰਕਾਰ ਨੂੰ ਪੁੱਛ ਕੇ ਜਵਾਬ ਦੇ ਸਕਦੇ ਹਨ। ਉਧਰ ਸੀ.ਬੀ.ਆਈ. ਨੇ ਕਿਹਾ ਕਿ ਇਸ ਮਾਮਲੇ ਵਿਚ ਸੀ.ਬੀ.ਆਈ. ਦੀ ਨਿਗਰਾਨੀ 'ਤੇ ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਹੈ। ਅਦਾਲਤ ਨੇ ਡਬਲ ਤਕਨੀਕ, ਸੀ.ਡੀ.ਐਮ.ਏ. ਅਤੇ ਜੀ.ਐਸ.ਐਮ. ਦੇ ਤਬਾਦਲੇ ਸਬੰਧੀ ਨੀਤੀ 'ਤੇ ਵੀ ਟਿਪਣੀਆਂ ਕੀਤੀਆਂ। ਅਦਾਲਤ ਦੇ ਇਸ ਫ਼ੈਸਲੇ ਨੂੰ ਅਹਿਮ ਸਮਝਿਆ ਜਾ ਰਿਹਾ ਹੈ ਕਿਉਂਕਿ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਲਗਾਤਾਰ ਇਸ ਗੱਲ 'ਤੇ ਕਾਇਮ ਹਨ ਕਿ ਉਹ ਅਪਣੇ ਤੋਂ ਪਹਿਲੇ ਮੰਤਰੀਆਂ ਦੇ ਨਕਸ਼ੇ ਕਦਮ 'ਤੇ ਹੀ ਚੱਲ ਰਹੇ ਹਨ ਅਤੇ ਉਨ੍ਹਾਂ ਨੇ 2001 ਦੀ ਨੀਤੀ ਦਾ ਹੀ ਪਾਲਣ ਕੀਤਾ ਸੀ।

# ਉਤਰੀ ਭਾਰਤ ਵਿਚ ਠੰਢ ਹੋਈ ਤੇਜ਼

ਨਵੀਂ ਦਿੱਲੀ, (ਨ.ਦ.ਬ) : ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਸਰਦੀ ਵਧ ਗਈ ਹੈ ਅਤੇ ਸ਼ਹਿਰ ਦਾ ਪਾਰਾ 2.3 ਡਿਗਰੀ ਤਕ ਥੱਲੇ ਆ ਗਿਆ ਹੈ। ਡਿੱਗਦੇ ਤਾਪਮਾਨ ਨਾਲ ਬਜ਼ੁਰਗਾਂ 'ਤੇ ਸਭ ਤੋਂ ਵੱਧ ਅਸਰ ਪਿਆ ਹੈ। ਜਲੰਧਰ ਦੇ ਆਦਮਪੁਰ ਸਥਿਤ ਹਵਾਈ ਫ਼ੌਜ ਦੇ ਸੂਤਰਾਂ ਨੇ ਦਸਿਆ ਕਿ ਆਦਮਪੁਰ ਵਿਚ ਅੱਜ ਦਾ ਘੱਟ ਤੋਂ ਘੱਟ ਤਾਪਮਾਨ 2.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਕੱਲ ਦੇ ਮੁਕਾਬਲੇ ਘੱਟ ਹੈ। ਪੰਜਾਬ ਦਾ ਇਹ ਸਭ ਤੋਂ ਸਰਦ ਇਲਾਕਾ ਹੈ। ਉਨ੍ਹਾਂ ਕਿਹਾ ਕਿ ਆਦਮਪੁਰ ਦਾ ਵਧੇਰੇ ਤਾਪਮਾਨ 22.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਜਲੰਧਰ ਵਿਚ ਹੁਣੇ ਹੀ ਸਰਦੀ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਦਿੱਲੀ ਦੇ ਲੋਕਾਂ ਨੂੰ ਅੱਜ ਠੰਢ ਭਰੀ ਸਵੇਰ ਦਾ ਸਾਹਮਣਾ ਕਰਨਾ ਪਿਆ। ਦਿੱਲੀ ਵਿਚ ਅੱਜ ਘੱਟ ਤੋਂ ਘੱਟ ਤਾਪਮਾਨ 8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਕਲ ਦੇ ਮੁਕਾਬਲੇ 0.3 ਡਿਗਰੀ ਸੈਲਸੀਅਸ ਵਧੇਰੇ ਹੈ। ਰਾਜਧਾਨੀ ਵਿਚ ਵਧੇਰੇ ਤਾਪਮਾਨ 23.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਕਲ ਪਾਰਾ ਘੱਟ ਤੋਂ ਘੱਟ 8 ਅਤੇ ਵੱਧ ਤੋਂ ਵੱਧ 22 ਡਿਗਰੀ ਦੇ ਆਸ-ਪਾਸ ਰਹੇਗਾ।

# ਭ੍ਰਿਸ਼ਟਾਚਾਰ ਸਾਡੀ ਜ਼ਿੰਦਗੀ ਦਾ ਹਿੱਸਾ ਬਣਿਆ: ਜਸਟਿਸ ਅਲਤਮਸ ਕਬੀਰ

ਨਵੀਂ ਦਿੱਲੀ, (ਨ.ਦ.ਬ) : ਸੁਪਰੀਮ ਕੋਰਟ ਦੇ ਸੀਨੀਅਰ ਜੱਜ ਅਲਤਮਸ ਕਬੀਰ ਨੇ ਕਿਹਾ ਕਿ ਭ੍ਰਿਸ਼ਟਾਚਾਰ ਜੀਵਨ ਦਾ ਅੰਗ ਬਣ ਗਿਆ ਹੈ ਅਤੇ ਇਸ ਬੁਰਾਈ 'ਤੇ ਰੋਕ ਲਗਾਉਣ ਲਈ ਰਾਜ ਵਿਚ ਸੰਵੇਦਨਸ਼ੀਲਤਾ ਅਤੇ ਨਰੋਈਆਂ ਕਦਰਾਂ ਕੀਮਤਾਂ ਦੀ ਲੋੜ ਹੈ। ਜੱਜ ਅਲਤਮਸ ਕਬੀਰ ਨੇ ਸਵਾਲ ਕੀਤਾ ਕਿ ਅੱਜ ਕਿਉਂ ਲੋਕ ਲਾਚਾਰ ਹਨ ਅਤੇ ਕਿਉਂ ਅਸੀਂ ਅਪਣੀਆਂ ਕਦਰਾਂ ਕੀਮਤਾਂ ਨੂੰ ਲੈ ਕੇ ਲੜਖੜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਸਵਾਲ ਦਾ ਜਵਾਬ ਬਹੁਤ ਹੀ ਅਸਾਨ ਹੈ ਕਿਉਂਕਿ ਹੁਣ ਜੀਵਨ ਜਿਊਣ ਦਾ ਇਕ ਢੰਗ ਤਰੀਕਾ ਬਣ ਗਿਆ ਹੈ ਅਤੇ ਇਸ ਨੂੰ ਇਕ ਜੀਵਨ ਢੰਗ ਦੇ ਰੂਪ ਵਿਚ ਅਪਣਾਅ ਲਿਆ ਗਿਆ ਹੈ। ਉਹ ਅੱਜ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਦੇ ਪ੍ਰਬੰਧ ਡਾਇਰੈਕਟਰ ਈ. ਸ੍ਰੀਧਰਨ ਅਤੇ ਟਾਟਾ ਸਮੂਹ ਦੇ ਸਥਾਨਕ ਡਾਇਰੈਕਟਰ ਵਾਕਲੂ ਵਲੋਂ ਸੰਪਾਦਤ ਪੁਸਤਕ 'ਰਿਸਟੋਰਿੰਗ ਵੈਲਿਊਜ਼' (ਕਦਰਾਂ ਕੀਮਤਾਂ ਦੀ ਮੁੜ ਬਹਾਲੀ) ਦੇ ਰਿਲੀਜ਼ ਸਮਾਰੋਹ ਵਿਚ ਹਿੱਸਾ ਲੈਣ ਆਏ ਸਨ। ਉਨ੍ਹਾਂ ਕਦਰਾਂ ਕੀਮਤਾਂ 'ਤੇ ਆਧਾਰਤ ਸਿਖਿਆ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਮਾਨਸਕ ਤੌਰ 'ਤੇ ਬਦਲਾਅ ਲਿਆਉਣਾ ਬਹੁਤ ਜ਼ਰੂਰੀ ਹੈ।

# ਸਿਰਫ਼ ਪਤੀ ਨੂੰ ਹੀ ਤਲਾਕ ਦਾ ਅਧਿਕਾਰ

## ਦਾਰੁਲ ਉਲੂਮ ਦਾ ਨਵਾਂ ਫ਼ਤਵਾ

ਨਵੀਂ ਦਿੱਲੀ, (ਨ.ਦ.ਬ) : ਦਾਰੁਲ ਉਲੂਮ ਦਿਉਬੰਦ ਨੇ ਅਪਣੇ ਨਵੇਂ ਫ਼ਤਵੇ ਵਿਚ ਕਿਹਾ ਹੈ ਕਿ ਇਸਲਾਮ ਮੁਤਾਬਕ ਸਿਰਫ਼ ਪਤੀ ਨੂੰ ਹੀ ਤਲਾਕ ਦੇਣ ਦਾ ਅਧਿਕਾਰ ਹੈ। ਪਤਨੀ ਵਲੋਂ ਦਿਤਾ ਤਲਾਕ ਮੰਨਣਯੋਗ ਨਹੀਂ। ਇਸਲਾਮੀ ਮਾਹਰਾਂ ਦਾ ਮੰਨਣਾ ਹੈ ਕਿ ਇਹ ਫ਼ਤਵਾ ਸਹੀ ਹੈ ਅਤੇ ਇਸਲਾਮ ਮੁਤਾਬਕ ਔਰਤਾਂ ਨੂੰ ਤਲਾਕ ਦਾ ਅਧਿਕਾਰ ਨਹੀਂ। ਉਂਜ ਉਨ੍ਹਾਂ ਨੂੰ ਪਤੀ ਤੋਂ ਵੱਖ ਹੋਣ ਦਾ ਅਧਿਕਾਰ ਪ੍ਰਾਪਤ ਹੈ। ਦਿਉਬੰਦ ਦੀ ਵੈੱਬਸਾਈਟ 'ਤੇ ਸਮਾਜਕ ਮਾਮਲਿਆਂ ਦੇ ਤਲਾਕ ਸਬੰਧੀ ਫ਼ਤਵਿਆਂ ਦੇ ਸਵਾਲ ਨੰਬਰ 27580 ਵਿਚ ਪੁਛਿਆ ਗਿਆ ਹੈ ਕਿ ਮੇਰੀ ਘਰ ਵਾਲੀ ਨੇ ਮੈਥੋਂ ਪੇਕੇ ਜਾਣ ਬਾਰੇ ਪੁਛਿਆ ਤਾਂ ਮੈਂ ਮਨ੍ਹਾਂ ਕਰ ਦਿਤਾ ਜਿਸ 'ਤੇ ਮੇਰੀ ਪਤਨੀ ਨਾਰਾਜ਼ ਹੋ ਗਈ ਅਤੇ ਗੁੱਸੇ ਵਿਚ ਆ ਕੇ ਮੇਰੇ ਕੋਲ ਤਿੰਨ ਵਾਰ ਤਲਾਕ, ਤਲਾਕ, ਤਲਾਕ ਕਹਿ ਗਈ ਪਰ ਹੁਣ ਵੀ ਉਹ ਮੇਰੇ ਨਾਲ ਰਹਿ ਰਹੀ ਹੈ। ਕੀ ਸਾਡਾ ਨਿਕਾਹ ਜਾਇਜ਼ ਹੈ ਜਾਂ ਨਹੀਂ। ਇਸ 'ਤੇ ਦਿਉਬੰਦ ਨੇ ਜਵਾਬ ਦਿਤਾ ਹੈ ਕਿ ਇਸਲਾਮ ਮੁਤਾਬਕ ਕੇਵਲ ਪਤੀ ਨੂੰ ਹੀ ਤਲਾਕ ਦੇਣ ਦਾ ਅਧਿਕਾਰ ਹੈ। ਇਸ ਲਈ ਤੁਹਾਡਾ ਨਿਕਾਹ ਅਜੇ ਵੀ ਕਾਇਮ ਹੈ। ਵਰਨਣਯੋਗ ਹੈ ਕਿ ਦਿਉਬੰਦ ਨੇ ਪਿਛਲੇ ਦਿਨੀਂ ਅਪਣੇ ਇਕ ਫ਼ਤਵੇ ਵਿਚ ਕਿਹਾ ਸੀ ਕਿ ਜੇ ਪਤੀ ਫ਼ੋਨ 'ਤੇ ਵੀ ਅਪਣੀ ਪਤਨੀ ਨੂੰ ਤਿੰਨ ਵਾਰ ਤਲਾਕ ਕਹਿ ਦੇਵੇ ਅਤੇ ਭਾਵੇਂ ਕਿਸੇ ਕਾਰਨ ਪਤਨੀ ਨੇ ਇਹ ਸੁਣਿਆ ਵੀ ਨਾ ਹੋਵੇ ਤਾਂ ਵੀ ਨਿਕਾਹ ਟੁੱਟ ਜਾਂਦਾ ਹੈ। ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿਚ ਮੁਸਲਿਮ ਮਾਮਲਿਆਂ ਦੇ ਪ੍ਰੋ. ਅਖ਼ਤਰੁਲ ਵਾਸੇ ਨੇ ਦਸਿਆ ਕਿ ਮਹਿਲਾਵਾਂ ਨੂੰ ਇਸਲਾਮ ਮੁਤਾਬਕ ਵੱਖ ਹੋਣ ਦਾ ਅਧਿਕਾਰ ਹੈ ਪਰ ਉਨ੍ਹਾਂ ਨੂੰ ਤਲਾਕ ਦੇਣ ਦਾ ਅਧਿਕਾਰ ਨਹੀਂ। ਉਨ੍ਹਾਂ ਫ਼ਤਵੇ ਨੂੰ ਸਹੀ ਦਸਿਆ।

# ਵਿਸ਼ਵ

## ਅੱਜ-ਕੱਲ੍ਹ

# ਬ੍ਰਾਜ਼ੀਲ ਦੀ ਵੀਰਾਂਗਨਾ ਦਿਲਮਾ ਰੂਸਫ਼ ਬਣੀ ਰਾਸ਼ਟਰਪਤੀ

ਚੰਡੀਗੜ੍ਹ (ਨ.ਦ.ਬ)
ਲਾਤੀਨੀ ਅਮਰੀਕਾ ਦੇ ਸਭ ਤੋਂ ਵੱਡੇ ਦੇਸ਼ ਬ੍ਰਾਜ਼ੀਲ ਵਿੱਚ ਤਾਨਾਸ਼ਾਹੀ ਰਾਜ ਵਿਰੁੱਧ ਲੰਮਾਂ ਸਮਾਂ ਜੂਝਦੀ ਰਹਿਣ ਵਾਲੀ, 6 ਸਾਲ ਫ਼ੌਜੀ ਡਿਕਟੇਟਰਸ਼ਿਪ ਦੀ ਜੇਲ੍ਹ ਕੱਟਣ ਵਾਲੀ ਤੇ ਆਪਣੀ ਪਾਰਟੀ ਦੀਆਂ ਸਫ਼ਾਂ ਵਿੱਚ ਹਰਮਨ ਪਿਆਰੀ ਦਿਲਮਾ ਰੂਸਫ਼ ਨੂੰ ਰਾਸ਼ਟਰਪਤੀ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਹੋਈ ਹੈ। ਉਸ ਨੂੰ ਕੁੱਲ ਵੋਟਾਂ ਦਾ 55.6 ਫੀਸਦੀ ਅਤੇ ਉਸਦੀ ਨੇੜਲੀ ਵਿਰੋਧੀ ਸੋਸ਼ਲ ਡੈਮੋਕਰੇਟ ਪਾਰਟੀ ਦੀ ਉਮੀਦਵਾਰ ਜੋਸ ਸੈਰਾ ਨੂੰ 44.4 ਫੀਸਦੀ ਵੋਟਾਂ ਹਾਸਲ ਹੋਈਆਂ ਹਨ। ਕਿਊਬਾ ਦੇ ਇਨਕਲਾਬ ਅਤੇ ਫੀਦਲ ਕਾਸਤਰੋ ਦੀ ਸ਼ਖਸੀਅਤ ਤੋਂ ਪ੍ਰਭਾਵਤ ਦਿਲਮਾ ਰੂਸਫ਼ ਬ੍ਰਾਜ਼ੀਲ ਦੇ ਹਰਮਨ ਪਿਆਰੇ ਆਗੂ, ਸਾਬਕ ਰਾਸ਼ਟਰਪਤੀ ਲੂਲਾ ਡੀ ਸਿਲਵਾ ਦੀ ਵਰਕਰਜ਼ ਪਾਰਟੀ ਨਾਲ ਸਬੰਧ ਰੱਖਦੀ ਹੈ। ਜ਼ਿਕਰਯੋਗ ਹੈ ਕਿ ਬ੍ਰਾਜ਼ੀਲ ਦੀ ਲੂਲਾ ਡੀ ਸਿਲਵਾ ਦੀ ਸਰਕਾਰ ਅਮਰੀਕੀ ਸਾਮਰਾਜ ਦੀਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦਾ ਸਖ਼ਤ ਵਿਰੋਧ ਕਰਦੀ ਰਹੀ ਹੈ। ਜਿੱਤ ਮਗਰੋਂ ਬ੍ਰਾਜ਼ੀਲ ਦੀ ਨਵੀਂ ਰਾਸ਼ਟਰਪਤੀ ਦਾ ਕਹਿਣਾ ਹੈ, 'ਅਸੀਂ ਜਮਹੂਰੀਅਤ ਨੂੰ ਨਵਾਂ ਅੰਜਾਮ ਦੇਵਾਂਗੇ। ਇਸ ਨੂੰ ਬੁਲੰਦੀਆਂ ਉਤੇ ਪਹੁੰਚਾਵਾਂਗੇ। ਦੇਸ਼ ਖੁਸ਼ਹਾਲੀ ਵੱਲ ਪੁਲਾਂਘਾ ਪੁੱਟੇਗਾ। ਸਾਡਾ ਰਾਜ ਸਭ ਦਾ ਰਾਜ ਹੋਵੇਗਾ। ਇਹ ਜਮਹੂਰੀਅਤ ਲੋਕ ਜਮਹੂਰੀਅਤ ਹੋਵੇਗੀ।' ਭਾਰਤ ਤੋਂ ਦੁੱਗਣੇ ਖੇਤਰਫਲ ਵਾਲੇ ਬ੍ਰਾਜ਼ੀਲ ਵਿੱਚ ਇਸ ਬਹਾਦਰ ਤੇ ਸੰਗਰਾਮੀ ਔਰਤ ਨੂੰ ਦੇਸ਼ ਦੀ ਵਾਗਡੋਰ ਸੰਭਾਲ ਕੇ ਬ੍ਰਾਜ਼ੀਲੀਆਂ ਨੇ ਦੇਸ਼ ਦੀ ਪਹਿਲੀ ਇਸਤਰੀ ਰਾਸ਼ਟਰਪਤੀ ਹੋਣ ਦਾ ਮਾਣ ਬਖਸ਼ਿਆ ਹੈ। ਦਿਲਮਾ ਰੂਸਫ਼ ਇਕ ਮਾਹਿਰ ਅਰਥ-ਸ਼ਾਸਤਰੀ ਹੈ। ਬ੍ਰਾਜ਼ੀਲ ਦਾ ਅਰਥਚਾਰਾ ਦੁਨੀਆ ਦਾ ਅੱਠਵੇਂ ਨੰਬਰ ਦਾ ਅਰਥਚਾਰਾ ਹੈ। ਮਾਰਚ 2010 ਤੋਂ ਇਸ ਦੀ ਵਿਕਾਸ ਦਰ 11 ਫੀਸਦੀ ਚੱਲ ਰਹੀ ਹੈ। ਰਾਸ਼ਟਰਪਤੀ ਲੂਲਾ ਡੀ ਸਿਲਵਾ ਵੱਲੋਂ ਅਪਣਾਈਆਂ ਖੱਬੇ ਪੱਖੀ ਪ੍ਰਗਤੀਸ਼ੀਲ ਨੀਤੀਆਂ ਨੇ ਤਿੰਨ ਕਰੋੜ ਲੋਕਾਂ ਨੂੰ ਗਰੀਬੀ ਦੀ ਜਿਲ੍ਹਣ ਵਿਚੋਂ ਕੱਢਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਬ੍ਰਾਜ਼ੀਲ ਦੇ ਲੋਕਾਂ ਨੂੰ ਨਵੀਂ ਰਾਸ਼ਟਰਪਤੀ ਦਿਲਮਾ ਰੂਸਫ਼ ਤੋਂ ਬਹੁਤ ਉਮੀਦਾਂ ਹਨ। ਸਾਬਕਾ ਰਾਸ਼ਟਰਪਤੀ ਲੂਲਾ ਡੀ ਸਿਲਵਾ ਨੇ ਵੀ ਆਸ ਪ੍ਰਗਟਾਈ ਹੈ ਕਿ ਉਹ ਮੇਰੀਆਂ ਨੀਤੀਆਂ ਨੂੰ ਹੀ ਅੱਗੇ ਲਿਜਾਏਗੀ। ਦਿਲਮਾ ਰੂਸਫ਼ ਦੀ ਜਿੱਤ ਅਸਲ ਵਿੱਚ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡੀ ਸਿਲਵਾ ਦੀਆਂ ਖੱਬੇ ਪੱਖੀ ਤੇ ਪ੍ਰਗਤੀਸ਼ੀਲ ਨੀਤੀਆਂ ਦੀ ਹੀ ਜਿੱਤ ਹੈ।

ਪਾਰਟੀ ਦੀਆਂ ਸਫ਼ਾਂ ਵਿੱਚ ਹਰਮਨ ਪਿਆਰੀ ਦਿਲਮਾ ਰੂਸਫ਼ ਨੂੰ ਰਾਸ਼ਟਰਪਤੀ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਹੋਈ ਹੈ। ਉਸ ਨੂੰ ਕੁੱਲ ਵੋਟਾਂ ਦਾ 55.6 ਫੀਸਦੀ ਅਤੇ ਉਸਦੀ ਨੇੜਲੀ ਵਿਰੋਧੀ ਸੋਸ਼ਲ ਡੈਮੋਕਰੇਟ ਪਾਰਟੀ ਦੀ ਉਮੀਦਵਾਰ ਜੋਸ ਸੈਰਾ ਨੂੰ 44.4 ਫੀਸਦੀ ਵੋਟਾਂ ਹਾਸਲ ਹੋਈਆਂ ਹਨ।



# ਅਮਰੀਕੀ ਫੌਜੀ ਨੇ ਨਿਹੱਥੇ ਅਫ਼ਗਾਨਾਂ ਦੀ ਜਾਨ ਲੈਣ ਦਾ ਦੋਸ਼ ਕਬੂਲਿਆ



ਵਾਸ਼ਿੰਗਟਨ (ਨ.ਦ.ਬ) ਜਾਂਚ ਕਮੇਟੀ ਅੱਗੇ ਬੀਤੇ ਦਿਨੀਂ ਇਕ ਅਮਰੀਕੀ ਫੌਜੀ ਮੈਡ੍ਰਿਕ ਨੇ ਕਬੂਲਿਆ ਹੈ ਕਿ ਉਸ ਨੇ ਨਿਹੱਥੇ ਅਫ਼ਗਾਨ ਕਿਸਾਨਾਂ ਅਤੇ ਹੋਰਾਂ ਉਪਰ ਗੋਲੀਆਂ ਦਾ ਮੀਂਹ ਵਰ੍ਹਾਇਆ ਸੀ। ਅਮਰੀਕੀ ਫੌਜ ਦੇ 12 ਜਵਾਨਾਂ ਖਿਲਾਫ਼ ਇਸ ਹਰਕਤ ਕਾਰਨ ਕੋਰਟ ਮਾਰਸ਼ਲ ਦੀ ਕਾਰਵਾਈ ਚੱਲ ਰਹੀ ਹੈ। ਇਨ੍ਹਾਂ ਖਿਲਾਫ਼, ਅਫ਼ਗਾਨਿਸਤਾਨ ਦੇ ਬੇਕਸੂਰ ਲੋਕਾਂ ਵਿੱਚ ਦਹਿਸ਼ਤ ਪੈਦਾ ਕਰਨ ਦਾ ਦੋਸ਼ ਹੈ। 12 ਵਿਚੋਂ 5 ਜਵਾਨਾਂ ਖਿਲਾਫ਼ ਕਤਲ ਦਾ ਦੋਸ਼ ਆਇਦ ਕੀਤਾ ਗਿਆ ਹੈ। ਹੋਰਾਂ ਉਪਰ ਇਹ ਦੋਸ਼ ਹੈ ਕਿ ਇਨ੍ਹਾਂ ਹੈਵਾਨੀਅਤ ਦਾ ਸਬੂਤ ਦਿੰਦਿਆਂ ਲੋਕਾਂ ਨੂੰ ਮਾਰ ਕੇ ਉਨ੍ਹਾਂ ਦੇ ਹੱਥਾਂ ਦੀਆਂ ਉਂਗਲਾਂ 'ਵਾਰ ਟ੍ਰਾਫ਼ੀਜ਼' ਵਜੋਂ ਇਕੱਠੀਆਂ ਕੀਤੀਆਂ। 25 ਸਾਲਾ ਸਟਾਫ਼ ਸਾਰਜੈਂਟ ਰੌਬਰਟ ਸਟੀਫਨਜ਼ ਨੇ ਕਬੂਲ ਕੀਤਾ ਕਿ ਉਸ ਨੇ ਆਪਣੇ ਸਾਥੀਆਂ ਸਮੇਤ ਸੁਕੈਡਰਨ ਲੀਡਰ ਦੇ ਹੁਕਮਾਂ 'ਤੇ ਬਿਨਾਂ ਕਾਰਨ 2 ਅਫ਼ਗਾਨ ਨਾਗਰਿਕਾਂ 'ਤੇ ਗੋਲੀਆਂ ਚਲਾਈਆਂ ਸਨ। ਵਾਸ਼ਿੰਗਟਨ ਵਿੱਚ ਚੱਲ ਰਹੇ ਇਸ ਮੁਕੱਦਮੇ ਦੌਰਾਨ ਸਾਲ 2001 ਤੋਂ ਹੁਣ ਤੱਕ ਅਮਰੀਕੀ ਫੌਜੀਆਂ ਦੀਆਂ ਕਾਲੀਆਂ ਕਰਤੂਤਾਂ ਦਾ ਭਿਆਨਕ ਚਿਹਰਾ ਸਾਹਮਣੇ ਆਇਆ ਹੈ।

ਜਾਂਚ ਦੌਰਾਨ ਇਨ੍ਹਾਂ 12 ਜਵਾਨਾਂ ਵਿਚੋਂ ਹੀ ਚਾਰ ਵੱਲੋਂ ਲੜਾਈ ਦੌਰਾਨ ਮਾਰੇ ਗਏ ਲੋਕਾਂ ਦੀਆਂ ਦਿਲ ਕੰਬਾਊ ਫੋਟੋਆਂ ਖਿੱਚਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਨ੍ਹਾਂ ਫੌਜੀਆਂ ਨੇ ਲਾਸ਼ਾਂ ਦੇ ਨਾਲ ਤਰ੍ਹਾਂ ਤਰ੍ਹਾਂ ਦੇ ਪੋਜ਼ ਬਣਾ ਕੇ ਹੱਸ ਹੱਸ ਕੇ ਫੋਟੋਆਂ ਖਿਚਵਾਈਆਂ।

ਫਿਲਹਾਲ ਇਹ ਤਸਵੀਰਾਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਰੱਖੀਆਂ ਗਈਆਂ ਹਨ ਪਰ ਇਹ ਕਾਫ਼ੀ ਹੱਦ ਤੱਕ 2004 ਵਿੱਚ ਇਰਾਕ ਵਿੱਚ ਇਰਾਕੀ ਕੈਦੀਆਂ ਦੀਆਂ ਖਿੱਚੀਆਂ ਸ਼ਰਮਨਾਕ ਤਸਵੀਰਾਂ ਨਾਲ ਮੇਲ ਖਾਂਦੀਆਂ ਹਨ। ਇਰਾਕ ਦੀ ਅਬੂ ਗਰਾਇਵਾ ਜੇਲ੍ਹ ਵਿੱਚ ਵੀ ਇਹ ਹਰਕਤ ਅਮਰੀਕੀ ਫੌਜੀਆਂ ਨੇ ਹੀ ਕੀਤੀ ਸੀ।

ਵਿਕੀਲੀਕਸ ਦਾ ਖੁਲਾਸਾ

# ਓਬਾਮਾ ਦੀ ਕੈਨੇਡਾ ਫੇਰੀ ਹੀਣ ਭਾਵਨਾ ਦੂਰ ਕਰੇਗੀ

ਔਟਵਾ (ਨ.ਦ.ਬ) ਵਿਕੀਲੀਕਸ ਵੱਲੋਂ ਜਾਰੀ ਕੀਤੀ ਇਕ ਖੁਫੀਆ ਜਾਣਕਾਰੀ ਤੋਂ ਔਟਵਾ ਅਤੇ ਵਾਈਟ ਹਾਊਸ ਵਿਚਾਲੇ ਹੋਈ ਗੁਪਤ ਗੱਲਬਾਤ ਦਾ ਖੁਲਾਸਾ ਹੋਇਆ ਹੈ। ਇਕ ਕੇਬਲ ਜਾਰੀ ਹੋਣ ਨਾਲ ਕੈਨੇਡਾ ਦੇ ਅਧਿਕਾਰੀਆਂ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਆਖਿਆ ਸੀ ਕਿ ਉਨ੍ਹਾਂ ਦੀ ਕੈਨੇਡਾ ਫੇਰੀ ਨਾਲ ਕੈਨੇਡਾ ਦੀ ਹੀਣ ਭਾਵਨਾ ਕੁਝ ਸਮੇਂ ਲਈ ਦੂਰ ਹੋ ਜਾਵੇਗੀ।

ਇਕ ਹੋਰ ਕੇਬਲ ਅਨੁਸਾਰ ਕੈਨੇਡਾ ਦੇ ਲੋਕ ਟੈਕਸ ਅਦਾਕਾਰਾਂ ਦੇ ਪੈਸੇ ਦੇ ਸਿਰ 'ਤੇ ਚੱਲਦੇ ਸੀ.ਬੀ.ਸੀ. ਟੀ.ਵੀ. ਸ਼ੋਅ 'ਦੀ ਬਾਰਡਰ' ਰਾਹੀਂ ਅਮਰੀਕਾ ਵਿਰੋਧੀ ਦਾ ਮਜ਼ਾ ਲੈਂਦੇ ਹਨ। ਕੈਨੇਡਿਆਈ ਡਿਪਲੋਮੈਟਸ ਨੇ ਆਪਸੀ ਗੱਲਬਾਤ ਵਿੱਚ ਕਿਹਾ ਕਿ ਕੁਝ ਅਜਿਹੇ ਪ੍ਰੋਗਰਾਮ ਕੈਨੇਡਾ ਵਿੱਚ ਚੱਲ ਰਹੇ ਹਨ ਜੋ ਅਮਰੀਕਾ ਦੀ ਨਕਾਰਾਤਮਕ ਦਿੱਖ ਬਣਾਉਣ ਲਈ ਖ਼ਬਰਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ।

ਲੀਕ ਹੋਈ ਗੱਲਬਾਤ ਅਧਿਕਾਰੀ ਇਕ ਥਾਂ ਕਹਿੰਦੇ ਹਨ ਕਿ ਇਹ ਕੈਨੇਡਿਆਈ ਸਿਆਸਤਦਾਨਾਂ ਦੀ ਹੀਣ ਭਾਵਨਾ ਹੀ ਹੈ ਕਿ ਉਹ ਚੋਣ-ਪ੍ਰਚਾਰ ਦੌਰਾਨ ਰੋਜ਼ੀ-ਰੋਟੀ ਦੇ ਮਸਲਿਆਂ ਨੂੰ ਹੀ ਉਛਾਲਦੇ ਰਹਿੰਦੇ ਹਨ ਅਤੇ '900 ਪੌਂਡ ਗੁਰੀਲਾ' ਦੱਖਣੀ ਸਰਹੱਦ ਦਾ ਜ਼ਿਕਰ ਕਰਨ ਦੀ ਹਿੰਮਤ ਨਹੀਂ ਕਰਦੇ।

ਸਾਲ 2004 ਦੌਰਾਨ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਦੀ ਕੈਨੇਡਾ ਫੇਰੀ ਤੋਂ ਪਹਿਲਾਂ ਸਾਂਝੀਆਂ ਹੋਈਆਂ ਕੇਬਲਜ਼ ਵਿੱਚ ਇਕ ਥਾਂ ਅਮਰੀਕਾ ਨੇ ਕੈਨੇਡਾ ਦੀ ਸਰਕਾਰ ਨੂੰ ਸਥਿਰ ਪਰ ਕਮਜ਼ੋਰ ਸਰਕਾਰ ਦੱਸਿਆ। ਵਿਕੀਲੀਕਸ ਕੋਲ ਕੈਨੇਡਾ ਅਤੇ ਅਮਰੀਕਾ ਵਿਚਾਲੇ ਹੋਈ ਇਸ ਤਰ੍ਹਾਂ ਦੀ ਗੁਪਤ ਗੱਲਬਾਤ ਦੀਆਂ ਢਾਈ ਲੱਖ ਕੇਬਲ ਹਨ।

ਇਕ ਸਨਸਨੀਖੇਜ਼ ਖੁਲਾਸੇ ਵਿੱਚ ਕੈਨੇਡਿਆਈ ਅਧਿਕਾਰੀਆਂ ਦੀ ਉਸ ਗੱਲਬਾਤ ਦਾ ਪਤਾ ਲੱਗਦਾ ਹੈ ਜੋ ਉਨ੍ਹਾਂ ਆਪਣੇ ਅਮਰੀਕੀ ਹਮਰੁਤਬਾ ਨਾਲ ਕੀਤੀ ਅਤੇ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਇਰਾਕ ਵਿੱਚ ਫੌਜ ਨਾ ਭੇਜਣ ਕਾਰਨ ਸਜ਼ਾ ਦਿੱਤੀ ਗਈ ਸੀ। ਇਸ ਗੱਲਬਾਤ ਵਿੱਚ ਕੈਨੇਡਿਆਈ ਅਧਿਕਾਰੀਆਂ ਨੇ ਆਪਣਾ ਡਰ ਸਾਂਝਾ ਕਰਦਿਆਂ ਆਖਿਆ ਕਿ ਅਮਰੀਕਾ ਦਾ ਸਾਥ ਨਾ ਦਿੰਦਿਆਂ ਹੋਇਆਂ, ਇਰਾਕ ਵਿੱਚ ਫੌਜ ਭੇਜਣ ਵਿੱਚ ਲਾਈ ਦੇਰੀ ਕਾਰਨ ਉਹ ਅਲੱਗ-ਥਲੱਗ ਪੈ ਸਕਦਾ ਹੈ। ਇਕ ਕੇਬਲ ਤਾਂ ਇਥੋਂ ਤੱਕ ਖੁਲਾਸਾ ਕਰਦੀ ਹੈ ਕਿ ਕੈਨੇਡੀਅਨ ਅਧਿਕਾਰੀਆਂ, ਮੰਤਰੀਆਂ ਅਤੇ ਆਮ ਲੋਕਾਂ ਦੇ ਕੈਨੇਡਾ ਸਾਂਝੇ ਮਿਸ਼ਨ ਨੂੰ ਸਾਲ 2011 ਤੋਂ ਅੱਗੇ ਜਾਰੀ ਰੱਖਣ ਵਿੱਚ ਰਤਾ ਵੀ ਦਿਲਚਸਪੀ ਨਹੀਂ। ਕੈਨੇਡਾ ਅਫ਼ਗਾਨ ਮਿਸ਼ਨ ਦੀ ਪਹਿਲਾਂ ਹੀ ਭਾਰੀ ਕੀਮਤ ਆਪਣੇ ਲੋਕਾਂ ਦੀ ਜਾਨ ਗੁਆ ਕੇ ਦੇ ਚੁੱਕਾ ਹੈ।

## ਸ਼ਰਾਬ ਪੀਣ ਵਿਚ ਭਾਰਤੀ ਫ਼ਾਡੀ, ਬਰਤਾਨਵੀ ਅੱਗੇ

### ਮੋਟਾਪੇ ਵਿਚ ਅਮਰੀਕੀ ਨੰਬਰ ਇਕ

ਲੰਡਨ (ਨ.ਦ.ਬ) : ਸ਼ਰਾਬ ਪੀਣ ਵਿਚ ਬ੍ਰਿਟੇਨ ਦੇ ਲੋਕ ਸੱਭ ਤੋਂ ਅੱਗੇ ਹਨ ਜਦਕਿ ਭਾਰਤੀ ਸੱਭ ਤੋਂ ਘੱਟ ਸ਼ਰਾਬ ਪੀਂਦੇ ਹਨ। ਇਨ੍ਹਾਂ 'ਚੋਂ 27 ਫ਼ੀ ਸਦੀ ਲੋਕ ਹੀ ਅਜਿਹੇ ਹਨ ਜਿਨ੍ਹਾਂ ਨੇ ਸ਼ਾਇਦ ਹੀ ਕਦੇ ਸ਼ਰਾਬ ਨੂੰ ਹੱਥ ਲਾਇਆ ਹੋਵੇ। ਬ੍ਰਿਟੇਨ ਦੇ ਇਕ ਅਖ਼ਬਾਰ ਵਲੋਂ ਕੀਤੇ ਸਰਵੇ 'ਚ ਦਸਿਆ ਗਿਆ ਹੈ ਕਿ ਦੁਨੀਆਂ ਭਰ ਵਿਚ ਸੱਭ ਤੋਂ ਵੱਧ ਸ਼ਰਾਬ ਬ੍ਰਿਟੇਨ ਦੇ ਲੋਕ ਪੀਂਦੇ ਹਨ ਅਤੇ ਉਹ ਵੀ ਨਿਤਨੇਮ ਦੇ ਨਾਲ। ਸਰਵੇ ਮੁਤਾਬਕ 84 ਫ਼ੀ ਸਦੀ ਬਰਤਾਨਵੀ ਸ਼ਰਾਬ ਦੇ ਆਦੀ ਹਨ ਜਦਕਿ ਭਾਰਤ ਵਿਚ 27 ਫ਼ੀ ਸਦੀ ਲੋਕਾਂ ਨੇ ਕਦੇ ਸ਼ਰਾਬ ਪੀਤੀ ਹੀ ਨਹੀਂ। ਸਰਵੇਖਣ ਵਿਚ ਪਾਇਆ ਗਿਆ ਕਿ ਹਰ 10 ਵਿਚੋਂ ਇਕ ਬਰਤਾਨਵੀ ਰੋਜ਼ਾਨਾ ਦਾਰੂ ਪੀਂਦਾ ਹੈ। ਕਰੀਬ 41 ਫ਼ੀ ਸਦੀ ਬਰਤਾਨਵੀ ਰੋਜ਼ਾਨਾ ਸ਼ਰਾਬ ਪੀਂਦੇ ਹਨ ਅਤੇ ਇਹ ਪ੍ਰਤੀਸ਼ਤ ਆਸਟਰੇਲੀਆ ਦੇ ਮੁਕਾਬਲੇ ਦੁਗਣੇ ਤੋਂ ਵੀ ਵੱਧ ਹੈ। ਆਸਟਰੇਲੀਆ ਵਿਚ 27 ਫ਼ੀ ਸਦੀ ਲੋਕ ਰੋਜ਼ਾਨਾ ਸ਼ਰਾਬ ਪੀਂਦੇ ਹਨ। ਸਰਵੇ ਅਨੁਸਾਰ ਮੋਟਾਪੇ ਵਿਚ ਬ੍ਰਿਟੇਨ ਚੌਥੇ ਸਥਾਨ 'ਤੇ ਹੈ ਜਿਥੇ ਮੋਟਾਪੇ ਦੀ ਦਰ 33 ਫ਼ੀ ਸਦੀ ਹੈ ਜਦਕਿ ਅਮਰੀਕਾ 53 ਫ਼ੀ ਸਦੀ ਦਰ ਨਾਲ ਮੋਟਾਪੇ ਦੇ ਸੱਭ ਤੋਂ ਉਪਰਲੇ ਟੰਬੇ 'ਤੇ ਹੈ। ਇਸੇ ਸੂਚੀ 'ਚ 44 ਫ਼ੀ ਸਦੀ ਦਰ ਨਾਲ ਮੈਕਸੀਕੋ ਦੂਜੇ ਅਤੇ ਆਸਟਰੇਲੀਆ 34 ਫ਼ੀ ਸਦੀ ਦਰ ਨਾਲ ਚੌਥੇ ਟੰਬੇ 'ਤੇ ਹੈ। ਸਰਵੇਖਣ ਕਰਾਉਣ ਵਾਲੀ ਕੰਪਨੀ ਦੇ ਡਾਕਟਰ ਬਿੰਟਲੇ ਨੇ ਕਿਹਾ ਕਿ ਹੈਰਾਨ ਕਰਨ ਵਾਲੀ ਗੱਲ ਹੈ ਕਿ ਸਿਹਤਮੰਦ ਜੀਵਨ ਸ਼ੈਲੀ ਦੇ ਮਾਮਲੇ ਵਿਚ ਅਸੀਂ ਕਈ ਦੇਸ਼ਾਂ ਤੋਂ ਪਿੱਛੇ ਹਾਂ।

## ਵਿਕੀਲੀਕਸ ਦੇ ਖੁਲਾਸਿਆਂ ਨੂੰ ਲੈ ਕੇ ਅਮਰੀਕਾ ਸਮੇਤ ਸਾਥੀ ਮੁਲਕਾਂ ਦਾ ਗੁੱਸਾ

ਵਿਕੀਲੀਕਸ ਵੱਲੋਂ ਪੈਦਾ ਕੀਤੀ ਸਥਿਤੀ ਕਾਰਨ ਸ਼ਰਮਿੰਦਗੀ ਦਾ ਸਾਹਮਣਾ ਕਰ ਰਹੀਆਂ ਕਈ ਮੁਲਕਾਂ ਦੀਆਂ ਸਰਕਾਰਾਂ ਦਾ ਗੁੱਸਾ ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਉਪਰ ਨਿਕਲਿਆ। ਇਹ ਮੁਲਕ ਅਮਰੀਕਾ ਤੋਂ ਖਾਸੇ ਨਾਰਾਜ਼ ਹਨ ਕਿਉਂਕਿ ਕਈ ਅਜਿਹੇ ਦਸਤਾਵੇਜ਼ ਸਾਹਮਣੇ ਆਏ ਹਨ ਜਿਨ੍ਹਾਂ ਵਿੱਚ ਅਮਰੀਕਾ ਨੇ ਇਨ੍ਹਾਂ ਦਾ ਮਜ਼ਾਕ ਵੀ ਉਡਾਇਆ ਹੈ ਤੇ ਇਨ੍ਹਾਂ ਸਬੰਧੀ ਤਿੱਖੀ ਬਿਆਨਬਾਜ਼ੀ ਵੀ ਕੀਤੀ ਹੋਈ ਹੈ।

ਓਬਾਮਾ ਵੱਲੋਂ ਦਬਾਅ ਪਾਏ ਜਾਣ 'ਤੇ ਐਮੇਜ਼ੋਨ ਦੇ ਬੂਟਡਿ ਐਕਟਿਵਿਸਟ ਨੇ ਐਮੇਜ਼ੋਨ ਦੇ ਸਰਵਰਾਂ ਤੋਂ ਵਿਕੀਲੀਕਸ ਦੀ ਵੈੱਬਸਾਈਟ ਹੀ ਹਟਾ ਦਿੱਤੀ ਹੈ। ਉਧਰ ਵਿਕੀਲੀਕਸ ਦਾ ਮਾਲਕ ਜੂਲੀਅਨ ਅਸਾਂਜੇ ਬਲਾਤਕਾਰ ਦੇ ਦੋਸ਼ਾਂ ਕਾਰਨ ਇੰਟਰਪੋਲ ਤੋਂ ਭੱਜਦਾ ਫਿਰ ਰਿਹਾ ਹੈ। ਕਈ ਮੁਲਕਾਂ ਦੇ ਲੀਡਰ ਇਹ ਜਾਣ ਕੇ ਅਮਰੀਕਾ ਉਪਰ ਭੜਕੇ ਹਨ ਕਿ ਉਪਰੋਂ ਉਪਰੋਂ ਦੋਸਤੀ ਦਾ ਵਿਖਾਵਾ ਕਰਨ ਵਾਲੇ ਅਮਰੀਕਾ ਨੂੰ ਅਸਲ ਵਿੱਚ ਇਨ੍ਹਾਂ ਮੁਲਕਾਂ ਦੀ ਕਾਬਲੀਅਤ ਅਤੇ ਇਰਾਦਿਆਂ ਉਪਰ ਸ਼ੱਕ ਸੀ। ਇਨ੍ਹਾਂ ਨਾਰਾਜ਼ ਆਗੂਆਂ ਵਿੱਚ ਰੂਸੀ ਪ੍ਰਧਾਨ ਮੰਤਰੀ ਵਲਾਦੀਮੀਰ ਪੁਤਿਨ ਵੀ ਸ਼ਾਮਲ ਹਨ। ਅਮਰੀਕਾ ਨੇ ਇਕ ਦਸਤਾਵੇਜ਼ ਵਿੱਚ ਆਖਿਆ ਹੈ ਕਿ ਮਾਸਕੋ ਉਪਰ ਮਾਫ਼ੀਆ ਦਾ ਭਾਰੀ ਅਸਰ ਹੈ ਅਤੇ ਰੂਸੀ ਰਾਸ਼ਟਰਪਤੀ ਦਮਿਤ੍ਰੀ ਮੇਦਵੇਦੇਵ ਪੁਤਿਨ ਦੇ ਬੈਟਮੈਟ ਦੇ ਰੌਬਿਨ ਦਾ ਰੋਲ ਅਦਾ ਕਰਦੇ ਹਨ। ਤੁਰਕੀ ਦੇ ਪ੍ਰਧਾਨ ਮੰਤਰੀ ਤਈਅਪ ਅਰਦੋਗਾਨ ਬਾਰੇ ਅਮਰੀਕਾ ਨੇ ਇਕ ਗੱਲਬਾਤ ਵਿੱਚ ਆਖਿਆ ਕਿ ਉਨ੍ਹਾਂ ਦੇ ਸਵਿਟਜ਼ਰਲੈਂਡ ਵਿੱਚ ਕਈ ਗੁਪਤ ਬੈਂਕ ਖਾਤੇ ਹਨ।

ਅਰਜਨਟੀਨਾ ਸਰਕਾਰ ਦਾ ਕਹਿਣਾ ਹੈ ਕਿ ਇਹ ਹਿਲੇਰੀ ਕਲਿੰਟਨ ਲਈ ਬੇਹੱਦ ਸ਼ਰਮ ਵਾਲੀ ਗੱਲ ਹੈ ਕਿ ਉਸ ਨੇ ਰਾਸ਼ਟਰਪਤੀ ਕ੍ਰਿਸਟੀਨਾ ਕਿਰਚਨਰ ਦੀ ਜਾਸੂਸੀ ਕਰਵਾਈ, ਇਹ ਪਤਾ ਲਾਉਣ ਲਈ ਕਿ ਉਨ੍ਹਾਂ ਦੀ ਦਿਮਾਗੀ ਹਾਲਤ ਕਿਹੋ ਜਿਹੀ ਹੈ।

ਚੀਨ ਪਹਿਲਾਂ ਹੀ ਵਿਕੀਲੀਕਸ ਵੈਬਸਾਈਟਸ ਬਲਾਕ ਕਰ ਚੁੱਕਾ ਹੈ। ਉਧਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਅਮਰੀਕੀ ਰਾਜਦੂਤ ਨਾਲ ਦੋਵਾਂ ਮੁਲਕਾਂ ਦੀ ਯੁੱਧਨੀਤੀ ਅਤੇ ਇਸ ਵਿਸ਼ੇ ਉਪਰ ਭਾਈਵਾਲਤਾ ਬਾਰੇ ਚਰਚਾ ਕੀਤੀ ਹੈ।

ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

ਸੰਪਾਦਕੀ

# ਲੋਕਪੱਖੀ ਸਿਆਸਤ ਜਾਂ ਲੋਕਾਂ ਉਪਰ ਹਕੂਮਤ

ਪੰਜਾਬ ਦੇ ਸਿਆਸੀ ਮਾਹੌਲ ਵਿਚ ਅੱਜਕਲ ਤੇਜ਼ੀ ਦਾ ਆਲਮ ਹੈ। ਠੰਢ ਵਿਚ ਵੀ ਗਰਮੀ ਦਾ ਅਹਿਸਾਸ। ਕਲ੍ਹ ਤਕ ਹਾਸ਼ੀਏ 'ਤੇ ਸੁੱਟੇ ਗਏ ਮਨਪ੍ਰੀਤ ਸਿੰਘ ਬਾਦਲ ਅੱਜ 'ਪੋਲੀਟੀਕਲ ਸਟਾਰ' ਹੋ ਗਏ ਹਨ। ਤਾਇਆ ਜੀ (ਸ. ਪ੍ਰਕਾਸ਼ ਸਿੰਘ ਬਾਦਲ) ਦੇ ਲਾਡਲੇ ਭਤੀਜੇ (ਸ. ਮਨਪ੍ਰੀਤ ਸਿੰਘ ਬਾਦਲ) ਹੁਰਾਂ ਦੀ ਜ਼ਮੀਰ ਅਚਾਨਕ ਹੀ ਜਾਗ ਪਈ ਹੈ। ਉਹ ਕਹਿੰਦੇ ਹਨ ਕਿ ਪੰਜਾਬ ਨੂੰ ਅੱਜ ਇਕ ਨਾਇਕ ਦੀ ਜ਼ਰੂਰਤ ਹੈ। ਇਸ ਦਾ ਕੀ ਅਰਥ ਕੱਢਿਆ ਜਾਵੇ? ਇਹੀ ਨਾ ਕਿ ਉਹ ਖੁਦ ਆਪਣੇ ਆਪ ਨੂੰ ਨਾਇਕ ਦੱਸ ਰਹੇ ਹਨ। ਕੌਨਵੈਂਟ ਸਕੂਲਾਂ ਵਿਚ ਪੜ੍ਹ ਕੇ ਫ਼ਰ੍ਹਾਟੇਦਾਰ ਅੰਗਰੇਜ਼ੀ ਬੋਲਣ ਵਾਲੇ ਮਨਪ੍ਰੀਤ ਸਿੰਘ ਬਾਦਲ ਪੰਜਾਬ ਦੇ ਹਰ ਘਰ ਦਾ ਕੁੰਡਾ ਖੜਕਾਉਣ ਦੀ ਗੱਲ ਕਰ ਰਹੇ ਹਨ ਪਰ ਕੁੰਡਾ ਖੜਕਾ ਕੇ ਉਨ੍ਹਾਂ ਨੇ ਲੋਕਾਂ ਨੂੰ ਕਹਿਣਾ ਕੀ ਹੈ? ਇਸ ਦੇ ਬਾਰੇ ਉਹ ਖੁਦ ਵੀ ਸਪੱਸ਼ਟ ਨਹੀਂ ਹਨ। ਅਸੀਂ ਸਿਆਸਤ ਵਿਚ ਆਪਣੇ ਰਸਤੇ ਆਪ ਬਣਾਉਣ ਦੇ ਯਤਨਾਂ ਦੇ ਪ੍ਰਸੰਸ਼ਕ ਹਾਂ ਪਰ ਕੀ ਇਹ ਯਤਨ ਕੇਵਲ ਅਖਬਾਰੀ ਬਿਆਨਾਂ ਅਤੇ ਭਾਵੁਕ ਤਕਰੀਰਾਂ ਤਕ ਹੀ ਰੱਖ ਕੇ ਕੋਈ ਮੰਜ਼ਿਲ ਸਰ ਕੀਤੀ ਜਾ ਸਕਦੀ ਹੈ? ਮਨਪ੍ਰੀਤ ਬਾਦਲ ਨਾਲ ਆਪਣੇ ਹੀ ਪਰਿਵਾਰ ਵਿਚ ਕੀ ਹੋਇਆ, ਕੀ ਨਹੀਂ ਜਾਂ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬ ਦੀ ਵਾਗਡੋਰ ਸੰਭਾਲਣ ਦੇ ਆਪਣੇ ਵਾਅਦੇ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਕਿਉਂ ਨਹੀਂ ਖੜੋਏ? ਇਹ ਸਵਾਲ ਪੰਜਾਬ ਦੀਆਂ ਸਿਆਸੀ ਫ਼ਿਜ਼ਾਵਾਂ ਵਿਚ ਤੈਰ ਰਹੇ ਹਨ, ਇਨ੍ਹਾਂ ਦਾ ਜਵਾਬ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੇ ਭਰਾ ਗੁਰਦਾਸ ਸਿੰਘ ਬਾਦਲ ਜਾਂ ਸੁਖਬੀਰ ਅਤੇ ਮਨਪ੍ਰੀਤ ਸਿੰਘ ਬਾਦਲ ਕੋਲ ਹੀ ਹੋ ਸਕਦਾ ਹੈ। ਪਰ ਸਾਡਾ ਸਵਾਲ ਤਾਂ ਹੋਰ ਹੈ। ਸਾਡਾ ਸਵਾਲ ਆਪਣੇ ਲੋਕਾਂ ਦੇ ਨਜ਼ਰੀਏ ਤੋਂ ਹੈ।

ਸਵਾਲ ਇਹ ਹੈ ਕਿ ਜੇਕਰ ਪਰਿਵਾਰ ਨੇ 'ਮਾਣ' ਨਹੀਂ ਬਖਸ਼ਿਆ ਤਾਂ ਮਨਪ੍ਰੀਤ ਬਾਦਲ ਨੇ ਆਪਣੇ ਰਾਹ ਜੁਦਾ ਕਰ ਲਏ ਹਨ ਫਿਰ ਤਾਂ ਮਨਪ੍ਰੀਤ ਉਸੇ ਪੁਰਾਣੀ ਘਸੀ ਪਿਟੀ ਸਿਆਸਤ ਦੇ ਵਾਰਸ ਹੀ ਕਹੇ ਜਾਣਗੇ। ਹੁਣ ਤੱਕ ਦੀ ਉਹਨਾਂ ਦੀ ਸਰਗਰਮੀ ਵੀ ਇਹੀ ਦੱਸਦੀ ਹੈ। ਹਾਂ ਜੇਕਰ ਉਨ੍ਹਾਂ ਨੇ ਆਪਣੇ ਵਖੱਰੇ ਸਿਆਸੀ ਨਜ਼ਰੀਏ ਜਾਂ ਵਖੱਰੇ ਰਾਜਨੀਤਿਕ ਸਿਧਾਂਤ ਕਾਰਨ ਆਪਣੇ ਲਈ ਨਵਾਂ ਰਾਹ ਚੁਣਿਆ ਹੈ ਤਾਂ ਗੱਲ ਬਹੁਤ ਹੀ ਅਹਿਮ ਹੋ ਜਾਂਦੀ ਹੈ। ਫਿਰ ਮਨਪ੍ਰੀਤ ਨੂੰ ਵਧੇਰੇ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਪਰ ਇਸ ਬਾਰੇ ਸਥਿਤੀ ਬਿਲਕੁਲ ਹੀ ਸਪੱਸ਼ਟ ਨਹੀਂ ਹੈ। ਨਾ ਹੀ ਮਨਪ੍ਰੀਤ ਤੇ ਨਾ ਹੀ ਉਨ੍ਹਾਂ ਦੇ ਸਲਾਹਕਾਰਾਂ ਨੇ ਹਾਲੇ ਤਕ ਕੋਈ ਅਜਿਹਾ ਖਾਕਾ ਲੋਕਾਂ ਸਾਹਮਣੇ ਰਖਿਆ ਹੈ ਜਿਸ ਤੋਂ ਸਮਝ ਆ ਸਕੇ ਕਿ ਮਨਪ੍ਰੀਤ ਦਾ ਅਸਲੀ ਨਿਸ਼ਾਨਾ ਕੀ ਹੈ?

ਗੱਲ ਥੋੜ੍ਹੀ ਹੋਰ ਖੋਲ੍ਹਦੇ ਹਾਂ। ਮਸਲਾ ਉਸ ਤੀਸਰੇ ਬਦਲ ਦਾ ਹੈ ਜਿਸ ਨੂੰ ਉਸਾਰਨ ਦਾ ਦਾਅਵਾ ਅੱਜਕਲ ਮਨਪ੍ਰੀਤ ਵਲੋਂ ਕੀਤਾ ਜਾ ਰਿਹਾ ਹੈ। ਸਵਾਲ ਹੈ ਕਿ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਵਿਰੁੱਧ ਤੀਸਰਾ ਬਦਲ ਪੇਸ਼ ਕਰਨ ਲਈ ਜ਼ਰੂਰੀ ਕੀ ਹੈ? ਕੀ ਕੇਵਲ ਬਿਆਨਬਾਜ਼ੀ ਅਤੇ ਹਮਦਰਦੀ ਬਟੋਰਨ ਲਈ ਆਪਣੇ ਆਪ ਨੂੰ ਸ਼ਹੀਦ ਗਰਦਾਨ ਕੇ ਭਾਵੁਕ ਤਕਰੀਰਾਂ ਨਾਲ ਹੀ ਕਿਸੇ ਠੋਸ ਬਦਲ ਦੀ ਤਵੱਕੋ ਕੀਤੀ ਜਾ ਸਕਦੀ ਹੈ? ਨਹੀਂ, ਬਿਲਕੁਲ ਨਹੀਂ। ਇਹ ਠੀਕ ਹੈ ਕਿ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੀਆਂ ਲੋਕਾਂ ਵੱਲ ਪਿੱਠ ਕਰ ਕੇ ਖੜੋਨ ਵਾਲੀਆਂ ਨੀਤੀਆਂ ਸਦਾ ਹੀ ਇਹ ਜ਼ਰੂਰਤ ਬਣਾਈ ਰਖਦੀਆਂ ਹਨ ਕਿ ਪੰਜਾਬ ਵਿਚ ਇਕ ਮਜ਼ਬੂਤ ਤੀਸਰਾ ਸਿਆਸੀ ਬਦਲ ਪੈਦਾ ਹੋਵੇ। ਪਰ ਇਸ ਲਈ ਸਭ ਤੋਂ ਜ਼ਰੂਰੀ ਉਨ੍ਹਾਂ ਲੋਕ ਹਿਤੈਸ਼ੀ ਤਾਕਤਾਂ ਨੂੰ ਇਕ ਮੰਚ 'ਤੇ ਲਿਆਉਣਾ ਹੈ ਜੋ ਸੱਚ-ਮੁੱਚ ਹੀ ਲੋਕਾਂ ਦੀ ਬਾਂਹ ਫੜਨ ਲਈ ਸਦਾ ਹੀ ਸਰਗਰਮ ਰਹਿੰਦੀਆਂ ਹਨ ਅਤੇ ਨਾਲ ਹੀ ਇਕ ਅਜਿਹਾ ਲੋਕ-ਪੱਖੀ ਪ੍ਰੋਗਰਾਮ ਵੀ ਦਸਤਾਵੇਜ਼ੀ ਰੂਪ ਵਿਚ ਤੁਹਾਡੇ ਕੋਲ ਹੋਣਾ ਚਾਹੀਦਾ ਹੈ, ਜਿਹਦੇ 'ਤੇ ਅਮਲ ਕਰਦਿਆਂ ਲੋਕ-ਮੁਕਤੀ ਦੇ ਰਾਹ ਵੱਲ ਵਧਿਆ ਜਾ ਸਕੇ। ਪਰ ਹਾਲੇ ਤਕ ਵੀ ਮਨਪ੍ਰੀਤ ਬਾਦਲ ਦੇ ਏਜੰਡੇ 'ਤੇ ਅਜਿਹਾ ਕੁੱਝ ਵੀ ਨਹੀਂ ਹੈ।

ਦਰਅਸਲ ਮਨਪ੍ਰੀਤ ਬਾਦਲ ਨੂੰ ਕੁੱਝ ਅਖੌਤੀ ਸਿਆਸੀ ਚਿੰਤਕਾਂ ਨੇ ਅਜਿਹੇ ਭੁਚਲਾਵੇ ਵਿਚ ਲੈ ਆਂਦਾ ਹੈ ਜਿਹੜਾ ਉਨ੍ਹਾਂ ਨੂੰ ਦਿਨੇ ਹੀ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਦੇ ਸੁਪਨੇ ਦਿਖਾ ਰਿਹਾ ਹੈ। ਉਹ ਲੋਕ ਪੰਜਾਬ ਦੀਆਂ ਜ਼ਮੀਨੀ ਅਤੇ ਸਿਆਸੀ ਹਕੀਕਤਾਂ ਤੋਂ ਵਾਕਫ਼ ਹੀ ਨਹੀਂ ਹਨ ਜਾਂ ਫਿਰ ਸਦਾ ਵਾਂਗ ਹਰ ਨਵੇਂ ਸਿਆਸੀ ਵਿਸਫੋਟ ਵਿਚੋਂ ਆਪਣੇ ਲਈ ਲਾਭ ਦੇ ਕੁੱਝ ਲਾਟੂ ਭਾਲ ਰਹੇ ਹਨ।

ਕਹਿਣਾ ਅਸੀਂ ਇਹੀ ਚਾਹੁੰਦੇ ਹਾਂ ਕਿ ਪੰਜਾਬ ਵਿਚ ਹੀ ਨਹੀਂ ਸਗੋਂ ਪੂਰੇ ਮੁਲਕ ਵਿਚ ਤੀਸਰੇ ਰਾਜਨੀਤਿਕ ਬਦਲ ਦੀ ਉਸਾਰੀ ਬਿਨਾਂ ਲੋਕ-ਸੰਘਰਸ਼ਾਂ ਦੇ ਸੰਭਵ ਹੀ ਨਹੀਂ ਹੈ ਤੇ ਲੋਕ-ਸੰਘਰਸ਼ਾਂ ਦਾ ਮਤਲਬ 'ਜਾਗੋ ਪੰਜਾਬ' ਯਾਤਰਾ ਦੇ ਨਾਂਅ 'ਤੇ ਸੂਬੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਜਾਣ ਦਾ ਐਲਾਨ ਕਰਨਾ ਨਹੀਂ ਹੁੰਦਾ। ਲੋਕ- ਸੰਘਰਸ਼ ਕਦੇ ਵੀ ਚੁਣਾਵੀਂ ਹਲਕਿਆਂ ਤੱਕ ਸੀਮਤ ਅਤੇ ਉਹਨਾਂ ਦੇ ਮੁਹਤਾਜ ਨਹੀਂ ਹੁੰਦੇ ਸਗੋਂ ਕਿਰਤੀਆਂ, ਕਿਰਸਾਨਾਂ ਦੇ ਵਿਹੜਿਆਂ 'ਚੋਂ ਉਠ ਕੇ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਨੂੰ ਘੇਰਨ ਤਕ ਜਾਂਦੇ ਹਨ। ਇਹੀ ਲੋਕ ਦਬਾਅ ਹੁੰਦਾ ਹੈ ਜਿਹੜਾ ਵੱਡੀ ਤੋਂ ਵੱਡੀ ਤਾਕਤ ਨੂੰ ਝੁਕਾਅ ਦੇਣ ਦੀ ਸਮਰਥਾ ਰਖੱਦਾ ਹੈ। ਇਸ ਲਈ ਜੇਕਰ ਸੱਚਮੁੱਚ ਹੀ ਪੰਜਾਬ ਵਿਚ ਇਕ ਤੀਸਰਾ ਮੋਰਚਾ ਜਾਂ ਤੀਸਰਾ ਬਦਲ ਉਸਾਰਨ ਵਲ ਵਧਣਾ ਹੈ ਤਾਂ ਇਹ ਧਿਆਨ ਵਿਚ ਰਖਣਾ ਪਵੇਗਾ ਕਿ ਇਹ ਮੋਰਚਾ ਸਤਾ ਲਈ ਹੀ ਨਹੀਂ ਹੋਵੇਗਾ ਸਗੋਂ ਤੀਸਰੇ ਧਰੂਵ ਦੀ ਵਿਚਾਰਧਾਰਾ ਲਈ ਪਹਿਲਾਂ ਹੋਵੇਗਾ। ਕਿਉਂਕਿ ਵਿਚਾਰ ਤੋਂ ਬਿਨਾਂ ਕੁੱਝ ਵੀ ਸੰਭਵ ਨਹੀਂ ਹੈ। ਸੋ ਮਨਪ੍ਰੀਤ ਬਾਦਲ ਸਣੇ ਤੀਸਰੇ ਮੋਰਚੇ ਲਈ ਇਛੁੱਕ ਹਰ ਸਿਆਸੀ ਕਾਰਕੁੰਨ ਲਈ ਇਹ ਜ਼ਰੂਰੀ ਹੈ ਕਿ ਉਹ ਪਹਿਲਾਂ ਇਹ ਤੈਅ ਕਰਨ ਕਿ ਉਹ ਲੋਕ ਪੱਖੀ ਸਿਆਸਤ ਕਰਨਾ ਚਾਹੁੰਦੇ ਹਨ ਜਾਂ ਫਿਰ ਲੋਕਾਂ ਉਪਰ ਹਕੂਮਤ ਕਰਨਾ ਹੀ ਉਨ੍ਹਾਂ ਦਾ ਇਕੋ ਇਕ ਨਿਸ਼ਾਨਾ ਹੈ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਪੰਜਾਬ ਵਿੱਚ ਸਿਆਸੀ ਸਪੇਸ ਦਾ ਸਵਾਲ



ਪ੍ਰੋ. ਰਾਕੇਸ਼ ਰਮਨ

ਸਿਆਸੀ ਸਪੇਸ ਪੰਜਾਬ ਦੇ ਸਿਆਸੀ ਖੇਤਰ ਦਾ ਇੱਕ ਗੰਭੀਰ ਮਾਮਲਾ ਹੈ। ਇਸ ਬਾਰੇ ਸ਼ੁਰੂ ਵਿੱਚ ਹੀ ਇਹ ਸਪੱਸ਼ਟ ਕਰ ਦੇਣਾ ਮੁਨਾਸਿਬ ਹੋਵੇਗਾ ਕਿ ਇਥੇ ਜਿਸ ਸਿਆਸੀ ਸਪੇਸ ਦੀ ਚਰਚਾ ਕੀਤੀ ਜਾ ਰਹੀ ਹੈ। ਉਸ ਦਾ ਸਬੰਧ ਸੂਬੇ ਦੀ ਵੋਟ-ਰਾਜਨੀਤੀ ਨਾਲ ਹੈ। ਲੋਕਤੰਤਰ ਰਾਜਨੀਤਕ ਪ੍ਰਣਾਲੀ ਵਿੱਚ ਵੋਟ-ਰਾਜਨੀਤੀ ਕਾਫ਼ੀ ਅਹਿਮੀਅਤ ਹਾਸਲ ਕਰ ਲੈਂਦੀ ਹੈ। ਨਿਰਸੰਦੇਹ, ਇਹ ਰਾਜਨੀਤੀ ਦੀਆਂ ਕਈ ਪਰਤਾਂ ਵਿੱਚੋਂ ਉਪਰਲੀ ਪਰਤ ਹੋਣ ਦਾ ਪ੍ਰਭਾਵ ਪੈਦਾ ਕਰਦੀ ਰਹਿੰਦੀ ਹੈ। ਅਸੀਂ ਅਕਸਰ ਇਸੇ ਰਾਜਨੀਤਕ ਪਰਤ ਨੂੰ ਸਮੁੱਚੀ ਰਾਜਨੀਤੀ ਵਜੋਂ ਦੇਖਣ ਦੇ ਭੁਲੇਖੇ ਦਾ ਸ਼ਿਕਾਰ ਵੀ ਹੋ ਜਾਦੇ ਹਾਂ। ਅਸਲ ਵਿੱਚ ਵੋਟ-ਰਾਜਨੀਤੀ ਤੋਂ ਇਲਾਵਾ ਵੀ ਰਾਜਨੀਤੀ ਦੀਆਂ ਕਈ ਪਰਤਾਂ ਤੇ ਥਾਵਾਂ ਹਨ। ਪੰਜਾਬ ਦੀ ਵੋਟ-ਰਾਜਨੀਤੀ ਦੇ ਖੇਤਰ ਨੂੰ ਮੱਲੀ ਬੈਠੀਆਂ ਅਜੋਕੀਆਂ ਤਾਕਤਾਂ ਸਿਆਸੀ ਸਪੇਸ਼ ਦੀ ਥੁੜ ਦਾ ਜੋ ਅਹਿਸਾਸ ਨਵੀਆਂ ਤੇ ਪ੍ਰਗਤੀਸ਼ੀਲ ਸਿਆਸੀ ਧਿਰਾਂ ਨੂੰ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਦੇ ਨਜ਼ਰੀਏ ਤੋਂ ਕਰਵਾ ਰਹੀਆਂ ਹਨ, ਉਹ ਥੁੜ ਉਨ੍ਹਾਂ ਨੂੰ ਹੇਠਲੀਆਂ ਪਰਤਾਂ ਦੀ ਰਾਜਨੀਤੀ ਕਰਦਿਆਂ ਕਦੇ ਮਹਿਸੂਸ ਨਹੀਂ ਹੁੰਦੀ। ਇਸ ਮਾਮਲੇ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਹੇਠਲੀਆਂ ਪਰਤਾਂ ਦੀ ਰਾਜਨੀਤੀ ਕਰਦਿਆਂ ਇਨ੍ਹਾਂ ਨੂੰ ਸਿਆਸਤ ਵਿੰਚ ਭਾਰੂ ਸਥਿਤੀ ਰੱਖਣ ਵਾਲੀਆਂ ਧਿਰਾਂ ਕੋਈ ਵਿਸ਼ੇਸ਼ ਚੁਨੌਤੀ ਪੇਸ਼ ਨਹੀਂ ਕਰਦੀਆਂ। ਜਦ ਕਿ ਜਦੋਂ ਇਹ ਚੁਣਾਵੀ ਰਾਜਨੀਤੀ (ਰਾਜਸੀ ਸੱਤਾ ਦੀ ਪ੍ਰਾਪਤੀ ਲਈ) ਵਿੱਚ ਕੁੱਦਦੀਆਂ ਹਨ ਤਾਂ ਇਨ੍ਹਾਂ ਨੂੰ ਰੋਕਣ ਲਈ ਭਾਰੂ ਸਿਆਸੀ ਧਿਰਾਂ ਪੱਬਾਂ ਭਾਰ ਹੋ ਜਾਂਦੀਆਂ ਹਨ। ਇਸ ਸਮੇਂ ਪੰਜਾਬ ਦੀ ਸਿਆਸੀ ਸਪੇਸ ਦਾ ਪ੍ਰਮੁੱਖ ਹਿੱਸਾ ਕਾਂਗਰਸ ਅਤੇ ਅਕਾਲੀ ਦਲ ਦੇ ਪ੍ਰਭਾਵ ਹੇਠ ਹੇ। ਅਕਾਲੀ ਦਲ ਨੂੰ ਨਵਗਠਿਤ ਪੰਜਾਬ ਦੀ ਆਬਾਦੀ ਦੇ ਫਿਰਕੂ ਤਵਾਜ਼ਨ ਦਾ ਵਿਸ਼ੇਸ਼ ਲਾਭ ਮਿਲਿਆ ਤੇ ਇਸ ਨੇ ਸੂਬੇ ਦੇ ਨਵਗਠਨ ਵਜੋਂ ਬਹੁਗਿਣਤੀ ਵਿੱਚ ਹੋ ਰਹੇ ਸਿੱਖ ਭਾਈਚਾਰੇ ਨੂੰ ਆਪਣੇ ਵੋਟ ਬੈਂਕ ਵਜੋਂ ਵਰਤਣ ਦੀ ਰਣਨੀਤੀ ਅਪਣਾ ਲਈ। ਕਾਂਗਰਸ ਕੋਲ ਕੌਮੀ ਮੁਕਤੀ ਅੰਦੋਲਨ ਵਿੱਚ ਨਿਭਾਈ ਆਪਣੀ ਭੂਮਿਕਾ ਦਾ ਵਿਰਸਾ ਸੀ। ਇਹੀ ਇਸ ਦਾ ਚੁਣਾਵੀ ਮਨੋਰਥ ਪੂਰਾ ਕਰਦਾ ਰਿਹਾ। ਉਪਰੋਥਲੀ ਸਰਕਾਰਾਂ ਬਣਾਉਣ ਦੇ ਮੌਕੇ ਮਿਲਣ ਕਰ ਕੇ ਇਨ੍ਹਾ ਪਾਰਟੀਆਂ ਨੇ ਪੰਜਾਬ ਦੀ ਵੋਟ ਰਾਜਨੀਤੀ ਉਪਰ ਆਪਣੀ ਐਸੀ ਪਕੜ ਬਣਾਈ ਕਿ ਇਨ੍ਹਾਂ ਪਾਰਟੀਆਂ ਨੂੰ ਵੋਟ ਦੇਣਾ ਵੋਟਰਾਂ ਦੀ ਆਦਤ ਜਿਹੀ ਹੀ ਬਣ ਗਈ। ਦੂਜੇ ਸ਼ਬਦਾਂ ਵਿੱਚ ਇਨ੍ਹਾਂ ਪਾਰਟੀਆਂ ਲਈ ਵੋਟ ਦਾ ਫੈਸਲਾ ਲੋਕਾਂ ਦੇ ਅਵਚੇਤਨ ਦਾ ਹਿੱਸਾ ਹੀ ਬਣ ਗਿਆ। ਇਸ ਜ਼ਿਹਨੀ-ਜੜ੍ਹਤਾ ਕਾਰਨ ਬਣੇ ਸਿਆਸੀ ਮਾਹੌਲ ਵਿੱਚ ਦੂਸਰੀਆਂ ਸਿਆਸੀ ਧਿਰਾਂ ਦੀ ਬੇਬਸੀ ਲਗਾਤਾਰ ਬਣੀ ਹੋਈ ਹੈ। ਇਕ ਭਾਰਤੀ ਜਨਤਾ ਪਾਰਟੀ ਹੀ ਅਜਿਹੀ ਸਿਆਸੀ ਪਾਰਟੀ ਹੈ ਜਿਹੜੀ ਆਪਣੇ ਮੌਕਾ ਪ੍ਰਸਤ ਗਠਜੋੜ ਕਾਰਨ ਆਕਲੀ ਦਲ ਨਾਲ ਸੱਤਾ ਦੀ ਹਿੱਸੇਦਾਰੀ ਵੰਡਾਉਣ ਵਿਚ ਸਫਲ ਹੋ ਜਾਂਦੀ ਹੈ। ਉਂਜ ਇਸ ਦੀ ਆਪਣੀ ਕੋਈ ਸੁਤੰਤਰ ਹੋਂਦ ਤੇ ਰਾਜਸੀ ਤਾਕਤ ਪੰਜਾਬ ਵਿੱਚ ਮੌਜੂਦ ਨਹੀਂ ਹੈ।

ਪੰਜਾਬ ਵਿੱਚ ਕਿਰਤੀ ਤੇ ਕਿਸਾਨ ਵਰਗਾਂ ਦੀਆਂ ਸਮੱਸਿਆਵਾਂ ਦੇ ਮੁੱਦਿਆਂ ਨੂੰ ਕਮਿਊਨਿਸਟ ਹੀ ਉਭਾਰਦੇ ਆਏ ਹਨ। ਕਿਰਤੀਆਂ ਦੀਆਂ ਜਥੇਬੰਦੀਆਂ (ਜਨਤਕ) ਦੀ ਅਗਵਾਈ ਤਾਂ ਹੁਣ ਤਕ ਵੀ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਟਰੇਡ ਯੂਨੀਅਨ ਨੇਤਾਵਾਂ ਦੇ ਹੱਥ ਹੀ ਹੈ। ਕਿਸਾਨੀ ਦੇ ਮਾਮਲਿਆਂ ਨੂੰ ਵੀ ਅਜੋਕੀ ਫਿਰਕੂ ਤੇ ਖੇਤਰੀ ਰੰਗਤ ਮਿਲਣ ਤੋਂ ਪਹਿਲਾਂ ਇਸ ਵਰਗ ਵਿੱਚ ਕਮਿਊਨਿਸਟਾਂ ਦੀ ਅਗਵਾਈ ਬੜੀ ਜ਼ੋਰਦਾਰ ਸਮਝੀ ਜਾਂਦੀ ਸੀ। ਅਤਿਕਥਨੀ ਨਹੀਂ ਹੋਵੇਗੀ ਜੇਕਰ ਕਿਹਾ ਜਾਵੇ ਕਿ ਪੰਜਾਬ ਦੇ ਕਿਸਾਨਾਂ ਨੇ ਆਪਣੇ ਸਭ ਤੋਂ ਸ਼ਾਨਦਾਰ ਘੋਲ ਕਮਿਊਨਿਸਟਾਂ ਦੀ ਅਗਵਾਈ ਵਿੱਚ ਹੀ ਲੜੇ ਹਨ। ਪ੍ਰੰਤੂ ਦੂਜੇ ਪਾਸੇ ਪੰਜਾਬ ਵਿਧਾਨ ਸਭਾ ਅੰਦਰ ਪੰਜਾਬ ਦੇ ਦੋ ਪ੍ਰਮੁੱਖ ਵਿਸ਼ਾਲ ਵਰਗਾਂ ਦੇ ਹਿੱਤਾਂ ਦੀ ਰਾਜਨੀਤੀ ਕਰਨ ਵਾਲਿਆਂ ਦੀ ਪ੍ਰਤੀਨਿਧਤਾ ਘਟਦੀ ਘਟਦੀ ਸਿਫ਼ਰ ਤੱਕ ਪੰਹੁਚ ਗਈ ਹੈ ਜਾਂ ਇਉਂ ਕਹਿ ਲਵੋ ਕਿ ਪੰਜਾਬ ਦੀ ਵੋਟ ਰਾਜਨੀਤੀ ਵਿੱਚ ਇਨ੍ਹਾਂ ਲਈ ਸਪੇਸ ਨਾਂ-ਮਾਤਰ ਹੀ ਰਹਿ ਗਈ ਹੈ।

ਕਮਿਊਨਿਸਟ ਰਾਜਨੀਤੀ ਜਮਾਤੀ ਵਿਚਾਰਧਾਰਾ ਦੀ ਰਾਜਨੀਤੀ ਹੈ। ਇਸ ਦਾ ਮੂਲ ਮਨੋਰਥ ਜਮਾਤੀ ਸਮਾਜ ਨੂੰ ਸ਼੍ਰੇਣੀ ਰਹਿਤ ਸਮਾਜ ਵਿੱਚ ਤਬਦੀਲ ਕਰਨਾ ਹੈ ਨਾ ਕਿ ਵੋਟ ਰਾਜਨੀਤੀ ਰਾਹੀਂ ਕੇਵਲ ਤੇ ਕੇਵਲ ਸੱਤਾ ਹਾਸਲ ਕਰਨਾ। ਹਾਲਾਂ ਕਿ ਸੱਤਾ ਹਾਸਲ ਕਰਨ ਨੂੰ ਵੀ ਇਸ ਵਿਚਾਰਧਾਰਕ ਰਾਜਨੀਤੀ ਵਿੰਚ ਘੱਟ ਮਹੱਤਵ ਨਹੀਂ ਦਿੱਤਾ ਜਾਂਦਾ ਫਿਰ ਵੀ ਯੋਗ ਇਹੋ ਸਮਝਿਆ ਜਾਂਦਾ ਹੈ ਕਿ ਕਮਿਊਨਿਸਟ ਰਾਜਨੀਤੀ ਸਮਾਜ ਦੇ ਮਿਹਨਤਕਸ਼ ਵਰਗਾਂ ਵਿੱਚ ਆਪਣੀਆਂ ਗਤੀਵਿਧੀਆਂ ਨੂੰ ਵਧੇਰੇ ਜ਼ਰੂਰੀ ਖਿਆਲ ਕਰਨ ਤੇ ਕੇਵਲ ਵੋਟ ਰਾਜਨੀਤੀ ਉਪਰ ਹੀ ਆਪਣੇ ਅਸਲ ਨਿਸ਼ਾਨੇ ਦੀ ਪ੍ਰਾਪਤੀ ਲਈ ਟੇਕ ਨਾ ਰੱਖਣ। ਇਸ ਕਰ ਕੇ ਕਮਿਊਨਿਸਟ ਰਾਜਨੀਤੀ ਦੀ ਹੋਂਦ ਰਾਜਨੀਤੀ ਦੀਆਂ ˆਰ ਚੁਣਾਵੀ ਪਰਤਾਂ ਵਿੱਚ ਬਣੀ ਹੋਈ ਹੈ। ਕਮਿਊਨਿਸਟ ਮਹਿਜ਼ ਚੁਣਾਵੀ ਮੁਫ਼ਾਦ ਲਈ ਆਪਣੀ ਮੁੱਦਾ ਅਧਾਰਤ ਪ੍ਰਤੀਬੱਧ ਰਾਜਨੀਤ ਨੂੰ ਤਿਲਾਂਜਲੀ ਦੇਣ ਲਈ ਤਿਆਰ ਨਹੀਂ। ਜੇਕਰ ਕਦੇ ਅਜਿਹਾ ਵਾਪਰਿਆ ਵੀ ਹੈ ਤਾਂ ਇਸ ਨਾਲ ਕਮਿਊਨਿਸਟਾਂ ਦੀ ਸਰਗਰਮੀ ਉਪਰਲੀ ਪਰਤ (ਵੋਟ ਰਾਜਨੀਤੀ) ਵਿੱਚ ਅਪਾਣਾ ਪ੍ਰਗਟਾਵਾ ਕਿਉਂ ਨਹੀਂ ਕਰ ਪਾਉਂਦੀ।

ਕਮਿਊਨਿਸਟ ਪੰਜਾਬ ਦੀ ਰਾਜਨੀਤ ਵਿੰਚ ਤੀਜੀ ਧਿਰ ਹੋਣ ਦੇ ਦਾਅਵੇਦਾਰ ਰਹੇ ਹਨ ਤੇ ਇਨ੍ਹਾਂ ਵਲੋਂ ਤੀਜੇ ਮੋਰਚੇ ਨੂੰ ਚੋਣਾਂ ਵਿੱਚ ਉਤਾਰਨ ਦੇ ਕਈ ਵਾਰ ਯਤਨ ਹੋ ਚੁੱਕੇ ਹਨ। ਤੀਜੀ ਸ਼ਕਤੀ ਵਜੋਂ ਵੋਟ ਰਾਜਨੀਤੀ ਵਿੱਚ ਕਮਿਊਨਿਸਟਾਂ ਦੀ ਅਸ਼ਫਲਤਾ ਦਾ ਮੁੱਖ ਕਾਰਨ ਇਹ ਹੈ ਕਿ ਇਨ੍ਹਾਂ ਦੀ ਰਾਜਨੀਤੀ ਵਿੱਚ ਵਿਚਾਰਧਾਰਾ ਭਾਰੂ ਰਹਿੰਦੀ ਹੈ ਤੇ ਲੋਕ ਰੁਚੀ ਅਨੁਕੂਲ ਰਾਜਸੀ ਮੁਹਾਵਰੇ ਦੀ ਘਾਟ ਵੋਟ ਖਿੱਚਣ ਪੱਖੋਂ ਉਨ੍ਹਾਂ ਦੀ ਸੀਮਾ ਬਣ ਜਾਂਦੀ ਹੈ।, ਲੋਕਪ੍ਰਿਯਾ ਤਰਜ ਦੀ ਰਾਜਨੀਤ ਨੂੰ ਵੀ ਤੀਜੀ ਧਿਰ ਵਜੋਂ ਉਭਾਰਨ ਦੇ ਯਤਨ ਹੋਏ ਹਨ। ਬਲਵੰਤ ਸਿੰਘ ਰਾਮੂਵਾਲੀਆ ਦੀ ਅਗਵਾਈ ਵਿੱਚ ਲੋਕ ਭਲਾਈ ਪਾਰਟੀ ਹੋਂਦ ਵਿਚ ਆਈ। ਲੋਕਾਂ ਦੇ ਆਮ ਜੀਵਨ ਨਾਲ ਜੁੜੇ ਮੁੱਦਿਆਂ ਨੂੰ ਉਭਾਰਿਆ ਗਿਆ। ਵਿਦੇਸ਼ਾਂ ਵਿੱਚ ਖੱਜਲ ਖੁਆਰ ਹੋਣ ਵਾਲੇ ਪੰਜਾਬੀਆਂ ਦੇ ਮਸਲੇ ਪਾਰਟੀ ਪੱਧਰ 'ਤੇ ਉਠਾਏ ਤੇ ਹੱਲ ਕੀਤੇ ਗਏ। ਪਰ ਸਿਆਸੀ ਸਪੇਸ ਹਾਸਲ ਕਰਨ ਵਿੱਚ ਲੋਕ ਭਲਾਈ ਪਾਰਟੀ ਦੇ ਹੱਥ ਵੀ ਕੇਵਲ ਮਾਯੂਸੀ ਹੀ ਲੱਗੀ। ਨਾ ਤਾਂ ਪਾਰਟੀ ਲੋਕ ਸਭਾ ਵਿੱਚ ਹੀ ਪ੍ਰਵੇਸ਼ ਪਾ ਸਕੀ ਤੇ ਨਾ ਹੀ ਇਸ ਨੂੰ ਵਿਧਾਨ ਸਭਾ ਵਿਚ ਕੋਈ ਸੀਟ ਹਾਸਲ ਹੋ ਸਕੀ। ਮਾਲਵੇ 'ਚ ਲੱਗਣ ਵਾਲੇ ਕਈ ਜੋੜ ਮੇਲਿਆਂ ਵਿੱਚ ਬਲਵੰਤ ਸਿੰਘ ਰਾਮੂਵਾਲੀਆ ਨੂੰ ਸੁਣਨ ਲਈ ਤਾਂ ਲੋਕਾਂ ਦੀ ਭੀੜ ਉਮੜਦੀ ਰਹੀ, ਪਰ ਇਹ ਭੀੜ ਵੋਟ ਵਿੱਚ ਵਟਣ ਲਈ ਤਿਆਰ ਨਾ ਹੋ ਸਕੀ।

ਲੋਕ ਰੁਚੀ ਮੁਤਾਬਕ ਗਠਤ ਲੋਕਪਿਯਾ ਤੀਜੀ ਸਿਆਸੀ ਧਿਰ ਮਿੱਥੇ ਉਦੇਸ਼ ਨੂੰ ਸਾਕਾਰ ਕਰਨ ਵਿੱਚ ਹੀ ਅਸਫ਼ਲ ਨਹੀਂ ਰਹੀ ਸਗੋਂ ਇਸ ਦੁਆਰਾ ਸਥਾਪਤ ਕੀਤੇ ਗਏ ਸਿਆਸਤਦਾਨ ਵੀ ਹੌਲੀ ਹੌਲੀ ਪੰਜਾਬ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਨੇ ਆਪਣੇ ਵਿੱਚ ਜਜ਼ਬ ਕਰ ਲਏ। ਪੰਜਾਬ ਦੀਆਂ ਦੋਵੇਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਵਿੱਚ ਕਈ ਅਜਿਹੇ ਸਿਆਸਤਦਾਨ ਹਨ, ਜਿਨ੍ਹਾਂ ਦਾ ਨਜ਼ਰੀਆ ਤੇ ਸਿਆਸੀ ਵਿਹਾਰ ਸਬੰਧਤ ਪਾਰਟੀ ਦੇ ਆਮ ਨਜ਼ਰੀਏ ਤੇ ਸਿਆਸੀ ਸਭਿਆਚਾਰ ਨਾਲ ਮੇਲ ਨਹੀਂ ਖਾਂਦਾ ਪਰ ਫਿਰ ਵੀ ਇਹ ਇਨ੍ਹਾਂ ਸਿਆਸੀ ਪਾਰਟੀਆਂ ਰਾਹੀਂ ਹੀ ਆਪਣੀ ਹੋਂਦ ਜਤਾ ਰਹੇ ਹਨ। ਸਿਆਸੀ ਸਪੇਸ ਨਾ ਮਿਲਣਾ ਹੀ ਉਹ ਵਜ੍ਹਾ ਹੈ ਜਿਹੜੀ ਇਨ੍ਹਾਂ ਲਈ ਮੁੜ ਘਿੜ ਕੇ ਕਾਂਗਰਸ ਜਾਂ ਅਕਾਲੀ ਦਲ ਵਿੱਚ ਜਾਣ ਦੀ ਮਜਬੂਰੀ ਬਣ ਜਾਂਦੀ ਹੈ। ਲੋਕ ਭਲਾਈ ਪਾਰਟੀ ਦੇ ਕਈ ਆਗੂ ਅਕਾਲੀ ਦਲ 'ਚ ਚਲੇ ਗਏ ਹਨ। ਖ਼ੁਦ ਬਲਵੰਤ ਸਿੰਘ ਰਾਮੂਵਾਲੀਆ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਦਾ ਉਮੀਦਵਾਰ ਬਣਾਉਣ ਦੀ ਪੇਸ਼ਕਸ਼ ਕੀਤੀ ਗਈ ਸੀ।

ਤੀਜੀਆਂ ਧਿਰਾਂ ਲਈ ਪੰਜਾਬ ਦੀ ਵੋਟ ਰਾਜਨੀਤ ਅੰਦਰ ਸਿਆਸੀ ਸਪੇਸ ਦੀ ਸਮੱਸਿਆ ਦੇ ਕਈ ਕਾਰਨ ਹਨ। ਵੱਡਾ ਕਾਰਨ ਇਹੋ ਨਜ਼ਰ ਆਉਂਦਾ ਹੈ ਕਿ ਇਹ ਸਪੇਸ ਹੈ ਹੀ ਸੀਮਿਤ। ਲੋਕ ਬਹੁਤ ਸਾਰੀਆਂ ਧਿਰਾਂ ਨੂੰ ਸੁਣ ਸਕਦੇ ਹਨ, ਸਤਿਕਾਰ ਦੇ ਸਕਦੇ ਹਨ, ਜਿਵੇਂ ਕਿ ਉਹ ਕਰ ਵੀ ਰਹੇ ਹਨ ਪਰ ਸਭ ਨੂੰ ਵੋਟ ਨਹੀਂ ਦੇ ਸਕਦੇ। ਹੇਠਲੀਆਂ ਪਰਤਾਂ ਵਿੱਚ ਉਨ੍ਹਾਂ ਨੇ ਹਰ ਧਿਰ ਦੀ ਹੋਂਦ ਬਰਕਰਾਰ ਰੱਖੀ ਹੋਈ ਹੈ। ਟਰੇਡ ਯੂਨੀਅਨਾਂ ਵਿੱਚ ਕਮਿਊਨਿਸਟਾਂ ਦੀ, ਦਲਿਤ ਮਾਮਲਿਆਂ ਵਿੱਚ ਬਹੁਜਨ ਸਮਾਜ ਪਾਰਟੀ ਦੀ, ਵਿਦੇਸ਼ਾਂ ਦੇ ਚਕਰ ਵਿੱਚ ਫਸੇ ਹੋਏ ਲੋਕਾਂ ਦੇ ਪੇਚੀਦਾ ਮਾਮਲਿਆਂ ਵਿੱਚ ਲੋਕ ਭਲਾਈ ਪਾਰਟੀ ਦੀ, ਗੱਲ ਕੀ ਜਿਥੇ ਕਿਤੇ ਜਿਸ ਦੀ ਮੁਹਾਰਤ, ਪਛਾਣ ਤੇ ਭਰੋਸੇਯੋਗਤਾ ਬਣੀ ਹੋਈ ਹੈ, ਉਥੇ ਲੋਕਾਂ ਨੇ ਉਨ੍ਹਾਂ ਨੂੰ ਸਵੀਕਾਰ ਕੀਤਾ ਹੋਇਆ ਹੈ। ਪ੍ਰੰਤੂ ਵੋਟ ਸਮੇਂ ਲੋਕ ਵੱਡੀ ਗਿਣਤੀ ਵਿੱਚ ਇੱਕ ਵਖਰੇ ਮਿਜ਼ਾਜ ਦੀ ਗ੍ਰਿਫ਼ਤ ਵਿੱਚ ਹੁੰਦੇ ਹਨ। ਉਹ ਇਨ੍ਹਾਂ ਧਿਰਾਂ (ਤੀਜੀਆਂ) ਨੂੰ ਵੋਟ ਰਾਜਨੀਤੀ ਵਿੱਚ ਸਪੇਸ ਦੇਣ ਤੋਂ ਉਕ ਜਾਂਦੇ ਹਨ।

ਤੀਜੀਆਂ ਸਿਆਸੀ ਧਿਰਾਂ ਦੀ ਸਾਰਥਿਕ ਤੇ ਸਸ਼ਕਤ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਰ ਇਨ੍ਹਾਂ ਧਿਰਾਂ ਦੀ ਸਰਗਰਮੀ ਅਰਥਾਤ ਯੋਗਦਾਨ ਅਤੇ ਵੋਟ -ਰਾਜਨੀਤੀ ਵਿੱਚ ਇਨ੍ਹਾਂ ਦਾ ਅਸਲ ਮਹੱਤਵ ਉਘੜ ਕੇ ਸਾਹਮਣੇ ਨਹੀਂ ਆ ਸਕੇਗਾ। ਦੇਖੋ, ਲੋਕ ਇਨ੍ਹਾਂ ਨੂੰ ਵੋਟ ਰਾਜਨੀਤੀ ਵਿੱਚ ਇਨ੍ਹਾਂ ਦੀ ਬਣਦੀ ਸਪੇਸ ਦੇਣ ਲਈ ਕਦੋਂ ਆਪਣੇ ਵੋਟ ਬੈਂਕਾਂ ਦੇ ਬੂਹੇ ਖੋਲ੍ਹਣਗੇ।

# ਚਿੱਠੀਆਂ

ਪਿਆਰਿਓ

'ਨਵੀਂ ਦੁਨੀਆ' ਸਚਮੁੱਚ ਹੀ ਪੰਜਾਬੀ ਪੱਤਰਕਾਰੀ ਵਿਚ ਤਾਜ਼ੀ ਹਵਾ ਦੇ ਬੁਲੇ ਵਾਂਗ ਆਈ ਹੈ। ਇਹਨੇ ਕਨੇਡਾ ਵਿਚ ਪੰਜਾਬੀ ਪੱਤਰਕਾਰੀ ਦੇ ਨਵੇਂ ਪਰਚਮ ਲਹਿਰਾਏ ਹਨ। ਹਰ ਪੰਨੇ 'ਚੋਂ ਤੁਹਾਡੀ ਮਿਹਨਤ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਅੱਜ ਦੇ ਆਪਾ-ਧਾਪੀ ਵਾਲੇ ਯੁੱਗ ਵਿਚ ਜਿਸ ਠਰੰਮੇ ਅਤੇ ਸੁੱਚਤਾ ਨਾਲ ਤੁਸੀਂ ਕੰਮ ਕਰ ਰਹੇ ਹੋ, ਇਹ ਹਨੇਰੇ ਰਸਤਿਆਂ ਵਿਚ ਚਿਰਾਗ ਬਾਲਣ ਵਾਂਗ ਹੈ। ਰੁਕਿਓ ਨਾ ਸਾਡਾ ਸਾਥ ਜਾਰੀ ਰਹੇਗਾ।

**ਨਵਰਾਜ, ਹਰਪ੍ਰੀਤ, ਕੁਲਵੰਤ ਅਤੇ ਮਨਰਾਜ**
**ਸਰੀ ਕਨੇਡਾ**

ਤੁਹਾਡੇ ਵਲੋਂ ਭੇਜੇ ਨਵੀਂ ਦੁਨੀਆ ਦੇ ਪਰਚੇ ਕੈਲਗਰੀ ਵਿੱਚ ਮਿਲ ਗਏ ਸਨ। ਧੰਨਵਾਦ।

ਤੁਹਾਡਾ ਪਰਚਾ ਮੈਨੂੰ ਕਾਫੀ ਚੰਗਾ ਲੱਗਾ। ਮੈਟਰ ਦੀ ਚੋਣ ਬਹੁਤ ਵਧੀਆ ਹੈ। ਮੈਂ ਹੁਣੇ ਹੀ ਅਗਸਤ 2010 ਦੇ ਪਰਚੇ ਵਿੱਚ ਤਾਰਿਕ ਅਲੀ ਦੀ ਇੰਟਰਵੀਊ ਪੜ੍ਹ ਕੇ ਹਟਿਆਂ ਹਾਂ। ਇਸ ਤਰ੍ਹਾਂ ਦੀ ਸਮੱਗਰੀ ਸਾਰੀ ਦੁਨੀਆ ਵਿੱਚ ਪੰਜਾਬੀ ਪੜ੍ਹਨ ਵਾਲਿਆਂ ਨੂੰ ਉਪਲੱਬਧ ਹੋਣੀ ਚਾਹੀਦੀ ਹੈ। ਜੇ ਤੁਸੀਂ ਵੈੱਬਸਾਈਟ ਜਾਂ ਬਲੌਗ ਬਣਾ ਕੇ ਇਸ ਤਰ੍ਹਾਂ ਦੀ ਸਮੱਗਰੀ ਉਸ ਵਿੱਚ ਪਾ ਦਿਉ ਤਾਂ ਹੌਲੀ ਹੌਲੀ ਇਨ੍ਹਾਂ ਨੂੰ ਪੜ੍ਹਨ ਵਾਲਿਆਂ ਦੀ ਗਿਣਤੀ ਵਧ ਜਾਏਗੀ।

ਇਕ ਵਾਰ ਫੇਰ ਨਵੀਂ ਦੁਨੀਆ ਦੇ ਅੰਕ ਭੇਜਣ ਲਈ ਧੰਨਵਾਦ ਅਤੇ ਕਾਮਯਾਬੀ ਲਈ ਸ਼ੁਭ ਇਛਾਵਾਂ

**ਸੁਖਵੰਤ ਹੁੰਦਲ, ਬੀਸੀ**

# ਰਹੱਸਾਂ ਦਾ ਨਸ਼ਾ



**ਯਸ਼ਵੰਤ ਵਿਆਸ**

ਕੁਝ ਰਹੱਸ ਖੁੱਲ੍ਹਣ ਲਈ ਬਣਾਏ ਜਾਂਦੇ ਹਨ। ਕੁਝ ਖੁੱਲ੍ਹਣ ਮਗਰੋਂ ਹੋਰ ਜ਼ਿਆਦਾ ਰਹੱਸਮਈ ਵਾਤਾਵਰਣ ਬਣਾ ਕੇ ਚਲੇ ਜਾਂਦੇ ਹਨ। ਰਹੱਸ ਦਾ ਹੋਣਾ ਏਨਾ ਰਹੱਸਮਈ ਹੈ, ਕਿ ਜੋ ਚਾਹੇ ਉਹ ਰਹੱਸਮਈ ਢੰਗ ਨਾਲ ਸਾਧਾਰਨ ਚੀਜ਼ ਨੂੰ ਵੀ ਰਹੱਸ ਵਿੱਚ ਬਦਲ ਸਕਦਾ ਹੈ। ਮਹਾਨ ਚੀਜ਼ਾਂ ਨੂੰ ਸਰਲ ਢੰਗ ਨਾਲ ਪੇਸ਼ ਕਰਨ ਪਿੱਛੇ ਰਹੱਸ ਇਹ ਹੁੰਦਾ ਹੈ ਕਿ ਸਰਲਤਾ ਆਪਣੇ ਆਪ ਵਿੱਚ ਅਮੁੱਲ ਹੁੰਦੀ ਹੈ। ਜਿਵੇਂ ਤੁਹਾਨੂੰ ਪਤਾ ਚੱਲ ਜਾਏ ਕਿ ਟਾਟਾ ਟੈਕਸੀ ਵਿੱਚ ਸਫ਼ਰ ਕਰਦੇ ਹਨ, ਅੰਬਾਨੀ ਲੋਕਲ ਵਿੱਚ ਜਾਂਦੇ ਹਨ, ਰਾਹੁਲ ਪੈਦਲ ਨਿਕਲ ਜਾਂਦੇ ਹਨ ਜਾਂ ਅਮਿਤਾਭ ਬੱਚਨ ਚੌਪਾਟੀ ਬੈਠੇ ਗੋਲਗੱਪੇ ਖਾਂਦੇ ਹਨ ਤਾਂ ਇਹ ਅਦਭੁੱਦ ਰਹੱਸ ਵਾਂਗ ਲਏ ਜਾਣਗੇ ਕਿਉਂਕਿ ਇਹ ਸਰਲਤਾ ਉਨ੍ਹਾਂ ਨੂੰ ਮਹਾਨ ਬਣਾ ਦਿੰਦੀ ਹੈ।



ਪਰ ਇਸ ਦੇ ਉਲਟ ਕੁਝ ਟੁੱਚੇ ਰਹੱਸ ਵੀ ਹੁੰਦੇ ਹਨ।

ਜਿਵੇਂ ਹਾਲ ਹੀ ਵਿੱਚ ਰਹੱਸ ਖੁੱਲ੍ਹਣ ਦਾ ਲੰਬਾ ਸਿਲਸਿਲਾ ਚੱਲਿਆ। ਇਸ ਵਿੱਚ 'ਮਹਾਨ' ਲੋਕਾਂ ਨੂੰ ਟੁੱਚੇ ਕੰਮਾਂ ਵਿੱਚ ਸ਼ਾਮਲ ਦਿਖਾਇਆ ਗਿਆ। ਉਹ ਇਮਾਰਤਾਂ, ਜ਼ਮੀਨ, ਫਲੈਟ, ਖੇਡ, ਸਪੈਕਟਰਮ ਆਦਿ ਦੇ ਮਾਮਲੇ ਵਿੱਚ ਸਾਧਾਰਨ ਕਾਗਜ਼ੀ ਰਹੱਸਾਂ ਦੇ ਸ਼ਿਕਾਰ ਹੋ ਗਏ। ਦੇਸ਼ ਨਹੀਂ ਹਿੱਲਿਆ, ਸੰਸਦ ਵਿੱਚ ਜ਼ਰੂਰ ਹੰਗਾਮਾ ਹੁੰਦਾ ਰਿਹਾ। ਇਸ ਹੰਗਾਮੇ ਦਾ ਵੀ ਕੋਈ ਮਤਲਬ ਨਹੀਂ ਸੀ ਕਿਉਂਕਿ ਸਰਕਾਰ ਨੇ ਜੋ ਬਿੱਲ ਕੱਢਣੇ ਸਨ, ਉਹ ਉਵੇਂ ਹੀ ਕੱਢ ਕੇ ਲੈ ਗਈ। ਇਸ ਦੌਰਾਨ ਹਟਾਉਣ, ਕੱਢਣ, ਅਸਤੀਫ਼ਾ ਦੇਣ ਦੀ ਅਦਭੁੱਤ ਪਰੰਪਰਾ ਦਰਮਿਆਨ ਐਲਾਨ ਹੋਇਆ ਕਿ ਸਭ ਦੀ ਨਿਗਰਾਨੀ ਕਰਨ ਲਈ ਬਣੇ ਕੇਂਦਰੀ ਚੌਕਸੀ ਕਮਿਸ਼ਨਰ ਵੀ ਦਾਗ਼ੀ ਹਨ। ਚੌਕਸੀ ਕਮਿਸ਼ਨਰ ਕੋਲ ਹਰ ਦੋਸ਼ ਦਾ ਇਕ ਹੀ ਰਹੱਸਮਈ ਜਵਾਬ ਸੀ- 'ਸਰਕਾਰ ਨੇ ਮੈਨੂੰ ਨਿਯੁਕਤ ਕੀਤਾ ਹੈ ਅਤੇ ਮੈਂ ਕੰਮ ਕਰਦਾ ਰਹਾਂਗਾ।'

ਭਾਵ ਸਰਕਾਰ ਨੂੰ ਪਤਾ ਹੁੰਦਾ ਹੈ ਕਿ ਕੌਣ ਕੀ ਹੈ, ਫੇਰ ਵੀ ਉਹ ਇਸ ਨੂੰ ਰਹੱਸ ਖੁੱਲ੍ਹਣ ਦੀ ਅਖੰਡ ਪਰੰਪਰਾ ਤਹਿਤ ਉਦੋਂ ਤੱਕ ਚਲਾਉਂਦੀ ਰਹਿੰਦੀ ਹੈ, ਜਦੋਂ ਤੱਕ ਕੋਈ ਇਹ ਰਹੱਸ ਖੋਲ੍ਹ ਹੀ ਨਾ ਦਏ। ਕਿਉਂਕਿ ਉਸ ਨੂੰ ਜੇਕਰ ਖੁੱਲ੍ਹੇ ਰਹੱਸਾਂ ਦੇ ਭਰੋਸੇ ਸਰਕਾਰ ਚਲਾਉਣੀ ਪਏ, ਤਾਂ ਉਹ ਇਕ ਦਿਨ ਵੀ ਨਹੀਂ ਚੱਲ ਸਕਦੀ।

ਇਸ ਲਈ ਰਹੱਸ ਖੋਲ੍ਹਣਾ ਵੀ ਇਕ ਧੰਦਾ ਹੈ। ਇਸ ਦੀ ਆਪਣੀ ਟਾਇਮਿੰਗ ਹੁੰਦੀ ਹੈ। ਜਦੋਂ ਸਰਕਾਰ ਨੇ ਖੁੱਲ੍ਹਵਾਉਣਾ ਹੈ, ਉਹ ਖੁੱਲ੍ਹ ਜਾਂਦਾ ਹੈ। ਬਦਕਿਸਮਤੀ ਨਾਲ ਜਦੋਂ ਉਸ ਦੇ ਚਾਹੇ ਬਿਨਾਂ ਖੁੱਲ੍ਹ ਜਾਂਦਾ ਹੈ, ਤਾਂ ਜਵਾਬੀ ਰਹੱਸਾਂ ਦਾ ਇੰਤਜ਼ਾਮ ਕਰਨਾ ਪੈਂਦਾ ਹੈ। ਜਿਸ ਨੂੰ ਸਾਰੇ ਜਾਣਦੇ ਹਨ, ਉਹ ਸਬੂਤਾਂ ਦੇ ਠੱਪੇ ਨਾਲ ਮਹਾਨ ਸੱਚ ਵਾਂਗ ਪ੍ਰਗਟ ਹੁੰਦਾ ਹੈ।

ਕੀ ਇਹ ਤੁਹਾਨੂੰ ਨਹੀਂ ਪਤਾ ਕਿ ਸੱਤਾ, ਪੂੰਜੀਪਤੀ ਅਤੇ ਕੁਝ ਤਾਕਤਵਰ ਮੀਡੀਆ ਵਾਲੇ ਇਕ-ਦੂਜੇ ਕੋਲ ਘੁੰਮਦੇ ਅਤੇ ਸਹੀ ਚੀਜ਼ਾਂ ਤੈਅ ਕਰਦੇ ਪਾਏ ਜਾਂਦੇ ਹਨ। ਕੀ ਇਹ ਦੱਸਣ ਦੀ ਲੋੜ ਹੈ ਕਿ ਮੰਤਰਾਲੇ ਵੰਡਣ ਅਤੇ ਲਾਭ ਪਹੁੰਚਾਉਣ ਲਈ ਇਕੱਲੇ ਮੰਤਰੀ ਨਹੀਂ, ਪੂਰਾ ਚੇਨਈ-ਦਿੱਲੀ ਦਸਤਾ ਕੰਮ ਵਿੱਚ ਆਉਂਦਾ ਹੈ।

ਕੀ ਟੈਲੀਫੋਨ 'ਤੇ ਰਸਮੀ ਤੌਰ 'ਤੇ ਐਲਾਨੀ ਲੋਕ ਸੰਪਰਕ ਸੰਸਥਾ ਦੇ ਮੁਖੀ ਦੀ ਦਿਖ ਚਮਕਾਉਣ ਜਾਂ ਆਪਣੇ ਖਪਤਕਾਰਾਂ ਨੂੰ ਉੱਚਾ ਚੁੱਕਣ ਦੇ ਪ੍ਰੋਗਰਾਮ 'ਤੇ ਪਹਿਲੀ ਵਾਰ ਕੰਮ ਕੀਤਾ ਗਿਆ ਹੈ?

ਕੀ ਹੈ ਜੋ ਤੁਹਾਨੂੰ ਪਤਾ ਨਹੀਂ ਹੈ? ਪਰ ਹੁਣ ਜਦ ਖੁੱਲ੍ਹਿਆ ਹੈ, ਤਾਂ ਰਹੱਸ ਹੀ ਜਾਣੋ! ਵਿਕੀਲੀਕਸ ਦਾ ਪੱਤਰਕਾਰੀ ਜਾਂ ਸਮਾਜਕ ਕਲਿਆਣ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਪਰ ਅਸੀਂ ਖ਼ੁਸ਼ ਹਾਂ ਕਿ ਉਸ ਨੇ ਰਹੱਸ ਖੋਲ੍ਹਿਆ ਕਿ ਅਮਰੀਕਾ ਸੋਚਦਾ ਹੈ। ਅਸੀਂ ਕਾਬੁਲ ਵਿੱਚ ਇਕ ਅਤਿਵਾਦੀ ਨੂੰ ਛੱਡ ਕੇ ਆਉਂਦੇ ਹਾਂ, ਉਹ ਲਾਹੌਰ ਵਿੱਚ ਭਾਸ਼ਣ ਦਿੰਦਾ ਹੈ, ਪਰ ਪਾਕਿਸਤਾਨ ਨਾਲ ਅੱਤਵਾਦ ਦਾ ਰਿਸ਼ਤਾ ਕੀ ਹੈ, ਇਹ ਰਹੱਸ ਖੋਲ੍ਹਣ ਲਈ ਵਿਕੀਲੀਕਸ ਚਾਹੀਦਾ ਹੈ। ਮੰਤਰੀ ਕਿਵੇਂ ਮੰਤਰੀ ਬਣਦੇ ਹਨ, ਇਹ ਜਾਣਨ ਲਈ ਰਿਕਾਰਡਿੰਗ ਚਾਹੀਦੀ ਹੈ। ਉਸ 'ਤੇ ਵੀ ਈਮਾਨ ਦੀ ਇਕ ਘੰਟੇ ਦੀ ਟੀ.ਵੀ. ਬਹਿਸ ਚਾਹੀਦੀ ਹੈ।

ਸਾਨੂੰ ਰਹੱਸ ਦਾ ਨਸ਼ਾ ਹੋ ਗਿਆ ਹੈ। ਇਸ ਦਾ ਧੰਦਾ ਕਰਨ ਵਾਲੇ ਪੁੜੀਆਂ ਲੈ ਕੇ ਘੁੰਮ ਰਹੇ ਹਨ। ਸਾਨੂੰ ਤਲਬ ਲੱਗੀ ਰਹਿੰਦੀ ਹੈ, ਉਹ ਪੁੜੀਆਂ ਵੇਚਦੇ ਹਨ।

ਇਹ ਇਵੇਂ ਹੀ ਪੁੜੀਆਂ ਵੇਚਦੇ ਰਹਿਣਗੇ, ਤੁਸੀਂ ਨਸ਼ੇ ਦੀ ਰੰਗੀਨ ਦੁਨੀਆ ਵਿੱਚ ਤੈਰਦੇ ਰਹੋ!

**ਮੇਰੀ ਨਜ਼ਰ**

# ਸੰਵੇਦਨਾ ਦਾ ਟੋਟਾ



**ਰਿਤਿਕ ਰੌਸ਼ਨ**

ਇਹ ਸਾਡੇ ਲਈ ਵਾਕਯ ਹੀ ਬੜੇ ਮਾਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਵਿੱਚ ਭਗਵਾਨ ਤਾਂ ਕੀ, ਇਨਸਾਨ ਵੀ ਪੂਜੇ ਜਾਂਦੇ ਹਨ। ਗੁਰੂ ਅਤੇ ਮਾਤਾ-ਪਿਤਾ ਨੂੰ ਈਸ਼ਵਰ ਦਾ ਦਰਜਾ ਦਿੱਤਾ ਗਿਆ ਹੈ। ਅਣਜਾਣ ਵਿਅਕਤੀਆਂ ਨੂੰ ਵੀ ਅਸੀਂ ਅੰਕਲ-ਆਂਟੀ, ਭਾਈ ਸਾਹਿਬ-ਭਾਬੀ ਜੀ, ਚਾਚਾ-ਚਾਚੀ, ਬੇਟਾ-ਬੇਟਾ ਕਹਿ ਕੇ ਬੁਲਾਉਂਦੇ ਹਾਂ। ਇਥੇ ਭਗਵਾਨ ਅਤੇ ਇਨਸਾਨ ਤਾਂ ਕੀ ਨਦੀ-ਪਹਾੜ, ਪੌਦੇ ਅਤੇ ਜਾਨਵਰ ਤੱਕ ਪੂਜੇ ਜਾਂਦੇ ਹਨ। ਅਜਿਹੀ ਸਮਾਜਕ-ਸੰਸਕ੍ਰਿਤਕ ਵਿਵਸਥਾ ਵਾਲੇ ਦੇਸ਼ ਵਿੱਚ ਮਨੁੱਖੀ ਪੱਧਰ 'ਤੇ ਸਾਨੂੰ ਬਹੁਤ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸ਼ਰੀਰਕ ਤੌਰ 'ਤੇ ਅਸਮਰਥ ਲੋਕਾਂ ਪ੍ਰਤੀ ਨਾ ਤਾਂ ਸਰਕਾਰ ਅਤੇ ਨਾ ਹੀ ਸਮਾਜ ਸੰਵੇਦਨਸ਼ੀਲ ਹੈ। ਦੇਸ਼ ਵਿੱਚ ਅੱਜ ਡੇਢ ਕਰੋੜ ਲੋਕ ਸ਼ਰੀਰਕ ਤੌਰ 'ਤੇ ਅਸਮਰਥ ਹਨ, ਜਿਨ੍ਹਾਂ ਨੂੰ ਸਰਕਾਰ ਅਤੇ ਸਮਾਜ ਨੇ ਉਨ੍ਹਾਂ ਦੇ ਹਾਲ 'ਤੇ ਛੱਡ ਰੱਖਿਆ ਹੈ। ਉਹ ਵੀ ਸਾਡੇ ਵਾਂਗ ਜ਼ਿੰਦਗੀ ਨੂੰ ਭਰਪੂਰ ਜਿਉਣਾ ਚਾਹੁੰਦੇ ਹਨ, ਪਰ ਜ਼ਿਆਦਾਤਰ ਲੋਕ ਘਰ ਦੇ ਕੋਨੇ ਦੀ ਇਕ ਛੋਟੀ ਜਿਹੀ ਸੁੰਨਸਾਨ, ਹਨੇਰੀ ਦੁਨੀਆ ਵਿੱਚ ਪਏ ਮੌਤ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਕੁਝ ਲੋਕਾਂ ਨੂੰ ਤਾਂ ਘਰ ਦਾ ਕੋਨਾ ਵੀ ਨਸੀਬ ਨਹੀਂ ਹੁੰਦਾ, ਜਾਂ ਭੀਖ ਮੰਗ ਕੇ ਫੁੱਟਪਾਥ 'ਤੇ ਜਿਉਣ ਅਤੇ ਇਕ ਦਿਨ ਬੇਨਾਮ ਮੌਤ ਮਰ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਸਮਾਜ ਅਤੇ ਸਰਕਾਰ ਨੇ ਉਨ੍ਹਾਂ ਦੀ ਦੁਨੀਆ ਵਿੱਚ ਝਾਕਣ ਅਤੇ ਮਦਦ ਕਰਨ ਦੀ ਕੋਸ਼ਿਸ਼ ਬਹੁਤ ਘੱਟ ਕੀਤੀ ਹੈ। ਜੇਕਰ ਮੈ ਫਿਲਮ ਗੁਜ਼ਾਰਿਸ਼ ਨਾ ਕੀਤੀ ਹੁੰਦੀ, ਤਾਂ ਮੈਨੂੰ ਵੀ ਕਦੇ ਇਨ੍ਹਾਂ ਲੋਕਾਂ ਨੂੰ ਨੇੜੇ ਤੋਂ ਦੇਖਣ ਅਤੇ ਸਮਝਣ ਦਾ ਮੌਕਾ ਨਾ ਮਿਲਦਾ। ਗੁਜ਼ਾਰਿਸ਼ ਵਿੱਚ ਮੈਂ ਇਕ ਪੈਰਾਪਲੇਜਿਕ (ਕਮਰ ਤੋਂ ਹੇਠਾ ਲਕਵਾਗ੍ਰਸਤ ਸਰੀਰ ਵਾਲਾ ਵਿਅਕਤੀ) ਦਾ ਕਿਰਦਾਰ ਨਿਭਾਇਆ ਹੈ। ਇਸ ਕਿਰਦਾਰ ਲਈ ਰਿਸਰਚ ਦੇ ਸਬੰਧ ਵਿੱਚ ਮੈਂ 20 ਪੈਰਾਪਲੇਜਿਕ ਲੋਕਾਂ ਨੂੰ ਮਿਲਿਆ ਸੀ। ਮੈਂ ਦੇਖਿਆ ਕਿ ਉਹ ਆਪਣੀ ਸ਼ਰੀਰਕ ਮਜਬੂਰੀ ਦੇ ਬਾਵਜੂਦ ਜੀਵਨ ਪ੍ਰਤੀ ਬੜਾ ਸਾਕਾਰਾਤਮਕ ਦ੍ਰਿਸ਼ਟੀਕੋਣ ਰੱਖਦੇ ਹਨ। ਉਨ੍ਹਾਂ ਵਿੱਚ ਗ਼ਜ਼ਬ ਦੀ ਜਿਉਣ ਸ਼ਕਤੀ ਅਤੇ ਕੁਝ ਕਰ ਗੁਜਰਨ ਦੀ ਤਮੰਨਾ ਹੈ। ਉਹ ਦੁਨੀਆ ਦੇ ਅਸਲੀ ਹੀਰੋ-ਹੀਰੋਈਨ ਹਨ।



ਫਿਲਮ ਗੁਜ਼ਾਰਿਸ਼ ਵਿਚ ਐਸ਼ਵਰਿਆ ਰਾਏ ਨਾਲ ਰਿਤਿਕ ਰੌਸ਼ਨ।

ਅਸੀਂ ਦੇਸ਼ ਦੇ ਚਹੁੰਮੁਖੀ ਦੇ ਵਿਕਾਸ ਅਤੇ ਭਵਿੱਖ ਵਿੱਚ ਦੁਨੀਆ/ ਵਿੱਚ ਮਹਾਂਸ਼ਕਤੀ ਬਣਨ ਦੀ ਕਲਪਨਾ ਕਰਦੇ ਹਾਂ ਪਰ ਕੀ ਅਪਾਹਜਾਂ ਨੂੰ ਲੈ ਕੇ ਅਸੀਂ ਕਦੇ ਵਿਕਸਿਤ ਦੇਸ਼ਾਂ ਨਾਲ ਆਪਣਾ ਮੁਕਾਬਲਾ ਕੀਤਾ ਹੈ? ਬਹੁਤ ਸਾਰੇ ਦੇਸ਼ਾਂ ਵਿੱਚ ਸ਼ਰੀਰਕ ਤੌਰ 'ਤੇ ਅਸਮਰਥ ਵਿਅਕਤੀਆਂ ਨੂੰ ਪਲਣ-ਪੜ੍ਹਨ-ਵਧਣ ਦੀ ਸੁਵਿਧਾ ਸਰਕਾਰੀ ਤੌਰ 'ਤੇ ਦਿੱਤੀ ਜਾਂਦੀ ਹੈ। ਉਥੇ ਸ਼ਰੀਰਕ ਅਸਮਰਥਾਵਾਂ ਦੇ ਵਰਗੀਕਰਨ ਦੇ ਆਧਾਰ 'ਤੇ ਸਪੈਸ਼ਲ ਸਕੂਲ ਹਨ। ਆਮ ਸਕੂਲਾਂ ਵਿੱਚ ਵੀ ਉਨ੍ਹਾਂ ਦੇ ਦਾਖ਼ਲੇ ਦਾ ਬਦਲ ਖੁੱਲ੍ਹਾ ਹੋਇਆ ਹੈ। ਸਕੂਲਾਂ ਵਿੱਚ ਉਨ੍ਹਾਂ ਨੂੰ ਪੜ੍ਹਾਉਣ ਲਈ ਖਾਸਤੌਰ 'ਤੇ ਸਿੱਖਿਅਤ ਟੀਚਰ ਹਨ। ਜਮਾਤਾਂ ਵਿੱਚ ਉਨ੍ਹਾਂ ਦੇ ਬੈਠਣ ਲਈ ਸਪੈਸ਼ਲ ਟਾਇਲਟਸ ਬਣਾਉਣਾ ਵੀ ਸਕੂਲ ਲਈ ਜ਼ਰੂਰੀ ਹੁੰਦਾ ਹੈ। ਅਪਾਹਜ ਵਿਅਕਤੀ ਦੀ ਪੜ੍ਹਾਈ ਦਾ ਹੀ ਨਹੀਂ, ਉਸ ਦੇ ਚੱਲਣ-ਫਿਰਨ, ਹੋਸਟਲ, ਕੇਅਰਟੇਕਰ ਆਦਿ ਦਾ ਖਰਚ ਵੀ ਸਰਕਾਰ ਝੱਲਦੀ ਹੈ, ਉਪਰੋਂ ਵਿਦਿਆਰਥੀ ਨੂੰ ਵਿਸ਼ੇਸ਼ ਵਜ਼ੀਫਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਰੁਜ਼ਗਾਰ ਵਿੱਚ ਰਾਖਵਾਂਕਰਨ ਦਿੱਤਾ ਜਾਂਦਾ ਹੈ। ਵੱਖ ਵੱਖ ਤਰ੍ਹਾਂ ਦੀਆਂ ਸ਼ਰੀਰਕ ਅਸਮਰਥਾਵਾਂ ਲਈ ਸਰਕਾਰੀ ਅਤੇ ਨਿੱਜੀ ਖੇਤਰ ਦੇ ਸੌ ਤੋਂ ਵੱਧ ਰੁਜ਼ਗਾਰਾਂ ਵਿੱਚ ਅਜਿਹੇ ਵਿਅਕਤੀਆਂ ਨੂੰ ਤਰਜੀਹੀ ਤੌਰ 'ਤੇ ਨਿਯੁਕਤ ਕੀਤਾ ਜਾਂਦਾ ਹੈ। ਇਹੀ ਨਹੀਂ, ਉਥੇ ਬਾਹਰ ਦੀ ਦੁਨੀਆ ਵਿੱਚ ਵੀ ਅਜਿਹੇ ਵਿਅਕਤੀਆਂ ਦੀਆਂ ਸਹੂਲਤਾਂ ਦਾ ਜ਼ਰੂਰੀ ਪ੍ਰਬੰਧ ਹੈ। ਮਾਲ, ਏਅਰਪੋਰਟ, ਆਡੀਟੋਰੀਅਮ, ਸਿਨੇਮਾਘਰ, ਕੋਰਟ- ਕੋਈ ਵੀ ਅਜਿਹਾ ਜਨਤਕ ਥਾਂ ਨਹੀਂ ਮਿਲੇਗਾ, ਜਿਥੇ ਆਉਣ-ਜਾਣ ਦੀ ਵਿਸ਼ੇਸ਼ ਸਹੂਲਤ ਉਨ੍ਹਾਂ ਨੂੰ ਨਾ ਮਿਲੀ ਹੋਵੇ।

ਜਿਥੋਂ ਤੱਕ ਮੇਰੀ ਜਾਣਕਾਰੀ ਹੈ, ਆਪਣੇ ਦੇਸ਼ ਵਿੱਚ ਵੀ ਕਾਨੂੰਨੀ ਤੌਰ 'ਤੇ ਅਸਮਰਥ ਵਿਅਕਤੀਆਂ ਲਈ ਬੁਨਿਆਦੀ ਸਹੂਲਤਾਂ ਅਤੇ ਸਹਾਇਤਾ ਦਾ ਪ੍ਰਬੰਧ ਹੈ, ਪਰ ਉਸ 'ਤੇ ਅਮਲ ਬਹੁਤ ਘੱਟ ਹੁੰਦਾ ਹੈ। ਅਪਾਹਜਾਂ ਲਈ ਕਿਸ ਮਾਲ ਵਿੱਚ ਸਪੈਸ਼ਲ ਟਾਇਲਟਸ ਹਨ ਅਤੇ ਕਿਸ ਸਿਨੇਮਾਘਰ ਵਿੱਚ ਸਪੈਸ਼ਲ ਸੀਟਾਂ ਹਨ? ਉਨ੍ਹਾਂ ਨੂੰ ਮਦਦ ਦੇਣ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਅਤੇ ਉਨ੍ਹਾਂ ਵਿੱਚ ਜੁਝਾਰੂ ਲੋਕ ਵੀ ਘੱਟ ਹਨ। ਖੈਰ, ਮੈਂ ਸੰਕਲਪ ਲਿਆ ਹੈ ਕਿ ਮੈਂ ਜਿਨ੍ਹਾਂ ਪੈਰਾਪਲੇਜਿਕ ਲੋਕਾਂ ਨੂੰ ਮਿਲਿਆ ਹਾਂ, ਸਾਰੀ ਉਮਰ ਉਨ੍ਹਾਂ ਦੀ ਹਰ ਸੰਭਵ ਮਦਦ ਕਰਾਂਗਾ। ਮੈਂ ਚਾਹੁੰਦਾ ਹਾਂ ਕਿ ਸਾਰੇ ਲੋਕ ਅਜਿਹੇ ਲੋਕਾਂ ਦੀ ਮਦਦ ਲਈ ਅੱਗੇ ਆਉਣ। ਅਸੀਂ ਪ੍ਰਤੀ ਸੌ ਦੇ ਵਿੱਚ ਇਕ ਹੀ ਅਪਾਹਜ ਵਿਅਕਤੀ ਹੈ। ਕੀ ਸੌ ਲੋਕ ਮਿਲ ਕੇ ਇਕ ਇਨਸਾਨ ਨੂੰ ਨਹੀਂ ਸੰਭਾਲ ਸਕਦੇ।

**ਧੁਖ਼ਦਾ ਕਾਲਮ**

# 'ਬਣੋ ਸੂਰਜ ਜਾਂ ਜੁਗਨੂੰ ਹੀ ਬਣੋ, ਚੀਰੋ ਹਨੇਰਾ'

**ਸੁਸ਼ੀਲ ਦੁਸਾਂਝ**

''ਮੁਹੱਬਤ ਦੇ ਅਰਥ
ਬਹੁਤ ਵਸੀਹ ਨੇ
ਮੈਂ ਮੁਹੱਬਤ ਕਰਦਾਂ ਹਾਂ
ਜ਼ਿੰਦਗੀ ਨੂੰ
ਮੇਰੇ ਲਈ ਮੁਹੱਬਤ ' ਜ਼ਿੰਦਗੀ ' ਹੈ
ਤੇ ਜ਼ਿੰਦਗੀ 'ਮੁਹੱਬਤ ' ਹੈ।'

ਜ਼ਿੰਦਗੀ ਪ੍ਰਤੀ ਬੇਇੰਤਹਾ ਮੁਹੱਬਤ ਦਾ ਇਜ਼ਹਾਰ ਕਰਦੀਆਂ ਇਹ ਕਾਵਿ -ਸਤਰਾਂ ਅਜੀਤ ਸਿੰਘ ਦਿਉਲ ਦੀਆਂ ਹਨ। ਅਜੀਤ ਸਿੰਘ ਦਿਉਲ ਫਿਲਮ ਸਟਾਰ ਧਰਮਿੰਦਰ ਦੇ ਨਿੱਕੇ ਭਰਾ ਹਨ। ਮੁੰਬਈ ਵਿਚ ਫਿਲਮਾਂ ਦੇ ਚਕਾਚੌਂਧ ਮਹੌਲ ਵਿਚ ਵਿਚਰਦਿਆਂ ਵੀ ਅਜੀਤ ਸਿੰਘ ਦਿਉਲ ਦਾ ਜ਼ਿੰਦਗੀ ਅਤੇ ਮੁਹੱਬਤ ਪ੍ਰਤੀ ਨਜ਼ਰੀਆਂ ਜੇ ਨਹੀਂ ਬਦਲਿਆ ਤਾਂ ਇਹਦਾ ਕਾਰਨ ਉਹ ਸਮਾਜਕ ਜੀਵਨ ਹੈ ਜਿਹੜਾ ਸੱਚੀਆਂ -ਸੁੱਚੀਆਂ ਅਤੇ ਮਾਨਵੀ ਕਦਰਾਂ ਕੀਮਤਾਂ ਦੀ ਬੁਨਿਆਦ ਉਪਰ ਉਸਰਿਆ ਹੋਇਆ ਸੀ। ਪਰ ਅੱਜ ਸਭ ਕੁਝ ਖਿਲਰ -ਪੱਤਰ ਰਿਹਾ ਹੈ। ਅੱਜ ਜ਼ਿੰਦਗੀ ਦੇ ਹੱਥਾਂ ਵਿਚੋਂ ਮੁਹੱਬਤ ਕਿਰਦੀ ਜਾ ਰਹੀ ਹੈ ਅਤੇ ਜ਼ਿੰਦਗੀ ਪ੍ਰਤੀ ਵਧ ਰਹੀ ਬੇਮੁਖਤਾ ਨੇ ਕੱਲ ਤੱਕ ਹੱਸਦੇ ਖੇਡਦੇ ਵਿਹੜਿਆਂ ਵਿਚ ਗਮਾਂ ਦੀਆਂ ਦਰੀਆਂ ਵਿਛਾ ਦਿੱਤੀਆਂ ਹਨ। ਸ਼ਾਇਰ ਲੇਖਕ ਤਾਂ ਅੱਜ ਵੀ ਜ਼ਿੰਦਗੀ ਦੀਆਂ ਬਾਤਾਂ ਹੀ ਪਾਉਂਦੇ ਹਨ ਪਰ ਅਸਲੀਅਤ ਵਿਚ ਜ਼ਿੰਦਗੀ ਪ੍ਰਤੀ ਉਪਰਾਮਤਾ ਦਾ ਮਾਹੌਲ ਕਿਉ ਬਣਦਾ ਜਾ ਰਿਹਾ ਹੈ?

ਚੰਡੀਗੜ੍ਹ ਵਿਚ ਹੀ ਪਿਛਲੇ ਕੁੱਝ ਮਹੀਨਿਆਂ ਤੋਂ ਖੁਦਕੁਸ਼ੀਆਂ ਦੀ ਤਾਦਾਦ ਇਕਦਮ ਵੱਧੀ ਹੈ। ਚੰਡੀਗੜ੍ਹ ਵਰਗੇ ਆਧੁਨਿਕ ਅਤੇ ਜਾਗਰੂਕ ਸ਼ਹਿਰ ਦੇ ਨਾਲ ਹੀ ਜੇਕਰ ਆਪਣੇ ਪੂਰੇ ਮੁਲਕ ਦੀ ਗੱਲ ਵੀ ਕਰਨੀ ਹੋਵੇ ਤਾਂ ਹਰ ਸਾਲ ਭਾਰਤ ਵਿਚ ਔਸਤਨ ਸਵਾ ਲੱਖ ਲੋਕ ਆਪਣੀ ਮਰਜ਼ੀ ਨਾਲ ਆਪਣੀ ਜੀਵਨ-ਜੋਤ ਨੂੰ ਬੁਝਾ ਲੈਂਦੇ ਹਨ। ਇਸ ਤੋਂ ਬਿਨਾ 4 ਲੱਖ ਲੋਕ ਉਹ ਹਨ ਜਿਹੜੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਬਚਾ ਲਏ ਜਾਂਦੇ ਹਨ। ਇਕ ਹੋਰ ਹੈਰਾਨੀਜਨਕ ਤੱਥ ਇਹ ਹੈ ਕਿ ਲਗਪਗ ਸੌ ਫੀਸਦੀ ਸਾਖਰਤਾ ਦਾ ਟੀਚਾ ਹਾਸਲ ਕਰਨ ਵਾਲਾ ਭਾਰਤ ਦਾ ਇਕੋ-ਇਕ ਸੂਬਾ ਕੇਰਲ ਖੁਦਕੁਸ਼ੀਆਂ ਵਿਚ ਸਭ ਤੋਂ ਅੱਗੇ ਹੈ। ਕੇਰਲ ਵਿਚ ਹਰ ਪੰਦਰਾਂ ਮਿੰਟ ਬਾਅਦ ਕੋਈ ਨਾ ਕੋਈ ਵਿਅਕਤੀ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਕੇਰਲ ਨੂੰ ਦੇਸ਼ ਵਿਚ 'ਖੁਦਕੁਸ਼ੀਆਂ ਦੀ ਰਾਜਧਾਨੀ' ਕਿਹਾ ਜਾਣ ਲੱਗਾ ਹੈ। ਦੇਸ਼ ਵਿਚ ਖੁਦਕੁਸ਼ੀ ਦਾ ਕੌਮੀ ਔਸਤ ਇਕ ਲੱਖ ਦੀ ਆਬਾਦੀ 'ਤੇ 11 ਹੈ ਜਦਕਿ ਕੇਰਲ ਵਿਚ ਇਹ ਔਸਤ 30 ਹੈ। ਭਾਰਤ ਵਿਚ ਖੁਦਕੁਸ਼ੀਆਂ ਦੇ ਰੁਝਾਨ ਵਿਚ ਅਚਾਨਕ ਆਈ ਇਹ ਤੇਜ਼ੀ ਜਿੱਥੇ ਭੈਅ-ਭੀਤ ਕਰਨ ਵਾਲੀ ਹੈ ਉੱਥੇ ਹੁਕਮਰਾਨਾਂ ਅਤੇ ਸਮਾਜ ਵਿਗਿਆਨੀਆਂ ਲਈ ਇਕ ਵੱਡੀ ਚਣੌਤੀ ਵੀ ਹੈ। ਲੋੜ ਉਨ੍ਹਾਂ ਕਾਰਨਾਂ ਨੂੰ ਤਲਾਸ਼ਣ ਅਤੇ ਦੂਰ ਕਰਨ ਦੀ ਹੈ ਜਿਹੜੇ ਭਾਰਤੀ ਸਮਾਜ ਵਿਚ ਇਸ ਹੱਦ ਤੱਕ ਨਿਰ-ਾਸ਼ਤਾ ਦਾ ਮਾਹੌਲ ਪੈਦਾ ਕਰ ਰਹੇ ਹਨ ਕਿ ਲੋਕ ਮੁਸ਼ਕਲਾਂ, ਦੁਸ਼ਵਾਰੀਆਂ ਦਾ ਮੁਕਾਬਲਾ ਕਰਨ ਦੀ ਥਾਂ ਖੁਦਕੁਸ਼ੀ ਵਰਗੇ ਸਿਰੇ ਦੇ ਕਦਮ ਤਕ ਚੁਕਣ ਵੱਲ ਵਧਦੇ ਜਾ ਰਹੇ ਹਨ।

ਆਮ ਤੋਰ 'ਤੇ ਮਨੋਵਿਗਿਆਨੀ ਜਿਨ੍ਹਾਂ ਕਾਰਨਾਂ ਨੂੰ ਖੁਦਕੁਸ਼ੀਆਂ ਦੇ ਇਸ ਰੁਝਾਨ ਲਈ ਜ਼ਿੰਮੇਵਾਰ ਮੰਨਦੇ ਹਨ ਉਨ੍ਹਾਂ ਵਿਚ ਪਰਿਵਾਰਕ ਕਲੇਸ਼, ਪੜ੍ਹਾਈ , ਕੰਮ-ਕਾਰ, ਕਾਰੋਬਾਰ ਵਿਚ ਨਾਕਾਮੀ, ਘਰੇਲੂ ਹਿੰਸਾ , ਕਰਜ਼ੇ ਦਾ ਭਾਰ ,ਦਾਜ ਦਹੇਜ ਆਰਥਕ ਤੰਗੀਆਂ-ਤੁਰਸ਼ੀਆਂ, ਨਸ਼ੇ-ਪੱਤੇ ਅਤੇ ਆਤਮ ਵਿਸ਼ਵਾਸ਼ ਦੀ ਕਮੀ ਆਦਿ ਪ੍ਰਮੁੱਖ ਹਨ। ਬਿਨਾ ਸ਼ੱਕ ਇਹ ਵੱਡੀਆਂ ਸਮੱਸਿਆਵਾਂ ਹਨ ਅਤੇ ਪਿਛਲੇ 10 ਕੁ ਸਾਲਾਂ ਵਿਚ ਇਨ੍ਹਾਂ ਵਿਚ ਅੰਤਾਂ ਦਾ ਵਾਧਾ ਵੀ ਲਗਾਤਾਰ ਜਾਰੀ ਹੈ ਪਰ ਸੰਸਾਰ ਦਾ ਕੋਈ ਵੀ ਹਿੱਸਾ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਤੰਗੀਆਂ -ਤੁਰਸ਼ੀਆਂ, ਮੁਸ਼ਕਲਾਂ, ਦੁਖ ਦਰਦ ਪੀੜਾਂ ਆਦਿ ਖੁਸ਼ੀਆਂ-ਖੇੜਿਆਂ ਦੇ ਨਾਲ -ਨਾਲ ਹੀ ਚਲਿਆ ਕਰਦੀਆਂ ਹਨ। ਹਾਂ ਇਹ ਠੀਕ ਹੈ ਮੌਜੂਦਾ ਦੌਰ ਵਿਚ ਮਨੁੱਖੀ ਜੀਵਨ ਵਿਚ ਦੁਖਾਂ ਦਰਦਾਂ ਅਤੇ ਮੁਸੀਬਤਾਂ ਦੇ ਪਹਾੜ ਨਿਰੰਤਰ ਦੂਣ-ਸਵਾਏ ਹੋ ਰਹੇ ਹਨ ਤੇ ਮਨ ਦੀ ਝੀਲ ਵਿਚ ਹਰ ਰੋਜ਼ ਨਵੇਂ ਰੇਗਿਸਤਾਨ ਉੱਗ ਰਹੇ ਹਨ। ਜੀਵਨ ਦੇ ਹਰ ਮੋੜ 'ਤੇ ਤਣਾਅ ਦਾ ਫਨੀਅਰ ਡੱਸਦਾ ਹੈ ਤੇ ਧੁੱਪ ਵੀ ਕਾਲੀ ਰਾਤ ਵਾਂਗ ਚੁੱਭਦੀ ਹੈ। ਪਰ ਖੁਦਕੁਸ਼ੀ ਤਾਂ ਇਨ੍ਹਾਂ ਪ੍ਰਸਥਿਤੀਆਂ ਤੋਂ ਹਾਰ ਜਾਣਾ ਹੈ, ਲੋੜ ਤਾਂ ਇਨ੍ਹਾਂ ਦਾ ਮੁਕਾਬਲਾ ਕਰਨ ਦੀ ਹੈ।

ਦਰਅਸਲ ਜਦੋਂ ਤੋਂ ਸੰਸਾਰੀਕਰਨ ਦੇ ਦੌਰ ਨੇ ਬੰਦੇ ਨੂੰ ਖੁੱਲ੍ਹੇ ਬਾਜ਼ਾਰ ਦੇ ਹਵਾਲੇ ਕੀਤਾ ਹੈ, ਉਦੋਂ ਤੋਂ ਹੀ ਮਨੁੱਖੀ ਮਨ ਦੇ ਆਲੇ-ਦੁਆਲੇ ਹਰ ਪਲ ਨਵੇਂ ਤੋਂ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਤਾਜ਼ਾ ਰਿਪੋਰਟ ਮੁਤਾਬਕ ਸੰਸਾਰ ਵਿਚ ਇਕ ਅਰਬ ਦੇ ਕਰੀਬ ਲੋਕ ਕਿਸੇ ਨਾ ਕਿਸੇ ਮਾਨਸਿਕ ਬਿਮਾਰੀ ਦਾ ਸ਼ਿਕਾਰ ਹਨ ਤੇ ਇਹਦੇ ਵਿਚੋਂ 20 ਕਰੋੜ ਦੇ ਲਗਪਗ ਲੋਕ ਆਪਣੇ ਮੁਲਕ ਦੇ ਹਨ। ਜਰਾ ਸੋਚੋ ਜਿਸ ਮੁਲਕ ਦੀ ਕੁਲ ਆਬਾਦੀ ਦਾ ਲਗਪਗ 18 ਫੀਸਦੀ ਮਾਨਸਿਕ ਰੋਗੀ ਹੋਵੇ ਉਹ ਮੁਲਕ ਸੰਸਾਰ ਦੀਆਂ ਮਹਾਸ਼ਕਤੀਆਂ ਨਾਲ ਆਪਣਾ ਵਰ ਕਿਵੇਂ ਮੇਚ ਲਵੇਗਾ? ਅਗਲੀ ਹੈਰਾਨੀ ਤੇ ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਆਪਣੇ ਮੁਲਕ ਵਿਚ ਮਾਨਸਿਕ ਰੋਗੀਆਂ ਦੇ ਇਲਾਜ ਲਈ ਨਾ ਤਾਂ ਲੋੜੀਦੇ ਹਸਪਤਾਲ ਹੀ ਹਨ ਤੇ ਨਾ ਹੀ ਡਾਕਟਰ। ਜਿਸ ਮੁਲਕ ਨੂੰ ਇਸ ਵਕਤ 32 ਹਜ਼ਾਰ ਮਾਹਿਰ ਮਾਨਸਿਕ ਰੋਗਾਂ ਦੇ ਡਾਕਟਰਾਂ ਦੀ ਤੁਰੰਤ ਜ਼ਰੂਰਤ ਹੈ, ਉੱਥੇ ਸਿਰਫ 3300 ਡਾਕਟਰ ਹਨ। ਉਪਰੋ ਸਿਤਮ ਇਹ ਹੈ ਕਿ ਮਾਨਸਿਕ ਰੋਗੀਆਂ ਨੂੰ ਅਸੀਂ ਬਿਨਾਂ ਕਿਸੇ ਲਗ-ਲਪੇਟ ਦੇ ਸਿੱਧੇ ਹੀ 'ਪਾਗਲਾਂ' ਦੇ ਖਾਨੇ ਵਿਚ ਵਗਾਹ ਮਾਰਦੇ ਹਾਂ। ਸਾਡੇ ਸਮਾਜ ਵਿਚ ਪਹਿਲਾਂ ਤਾਂ ਮਾਨਸਿਕ ਰੋਗੀ ਹੀ ਇਹ ਮੰਨਣ ਲਈ ਤਿਆਰ ਨਹੀਂ ਕਿ ਉਸਨੂੰ ਕੋਈ ਮਾਨਸਿਕ ਪ੍ਰੇਸ਼ਾਨੀ ਜਾਂ ਬਿਮਾਰੀ ਹੈ ਤੇ ਜੇ ਉਹ ਆਪਣੀ ਬਿਮਾਰੀ ਮੰਨ ਕੇ ਇਲਾਜ ਲਈ ਤੁਰ ਵੀ ਪੈਂਦਾ ਹੈ ਤਾਂ ਸਾਡਾ ਆਲਾ ਦੁਆਲਾ ਉਸ ਦੀ ਬਿਮਾਰੀ ਨੂੰ ਸਮਝਣ ਅਤੇ ਉਹਦੇ ਇਲਾਜ ਵਿਚ ਉਹਦੀ ਮਦਦ ਕਰਨ ਦੀ ਥਾਂ ਉਹਨੂੰ ਪਾਗਲ ਗਰਦਾਨ ਕੇ ਆਪਣੀ ' 'ਬੁੱਧੀਮਤਾ' ' ਦਾ ਖੁਲ੍ਹਾ ਪ੍ਰਗਟਾਵਾ ਕਰਨ ਵਿਚ ਹੀ ਆਪਣੀ ਸ਼ਾਨ ਸਮਝਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਮਾਨਸਿਕ ਰੋਗਾਂ ਨੂੰ ਵੀ ਬਾਕੀ ਰੋਗਾਂ ਵਾਂਗ ਹੀ ਇਕ ਰੋਗ ਸਮਝਕੇ ਉਹਦੇ ਇਲਾਜ ਲਈ ਯਤਨ ਹੋਣ ਅਤੇ ਨੋਜਵਾਨਾਂ ਵਿਚ ਖਾਸ ਤੌਰ 'ਤੇ ਖਪਤ ਸੱਭਿਆਚਾਰ ਦੇ ਨਫ਼ੇ-ਨੁਕਸਾਨਾਂ ਬਾਰੇ ਜਾਗਰੂਕਤਾ ਲਿਆਉਣ ਦੇ ਉਪਰਾਲੇ ਕੀਤੇ ਜਾਣ ਤਾਂ ਹੀ ਇਕ ਬਿਮਾਰ ਮੁਲਕ ਵਿਚ ਤਬਦੀਲ ਹੁੰਦੇ ਅਤੇ ਖੁਦਕੁਸ਼ੀਆਂ ਵੱਲ ਵਧ ਰਹੇ ਮੁਲਕ ਨੂੰ ਬਚਾਇਆ ਜਾ ਸਕੇਗਾ। ਪਰ ਇਹ ਕੰਮ ਕਰੇ ਕੌਣ? ਮੁਲਕ ਵਿਚ ਭਾਰੂ ਸਿਆਸੀ ਧਿਰਾਂ ਨੂੰ ਤਾਂ ਇਹਦਾ ਕੋਈ ਫ਼ਿਕਰ ਨਹੀਂ ਕਿਉਂਕਿ ਉਨ੍ਹਾਂ ਦੀਆਂ ਸਿਆਸੀ ਲੋੜਾਂ ਇਕ ਬਿਮਾਰ ਅਤੇ ਬੇਬਸ ਸਮਾਜ ਹੀ ਪੂਰੀਆਂ ਕਰਦਾ ਹੈ। ਤਾਂ ਫਿਰ ਕੀ ਹੋਵੇ? ਇਥੇ ਲੋੜ ਉਨ੍ਹਾਂ ਧਿਰਾਂ ਦੀ ਨਿਸ਼ਾਨ ਦੇਹੀ ਕਰਨ ਦੀ ਹੈ ਜਿਹੜੀਆਂ ਅਮਲੀ ਰੂਪ ਵਿਚ ਇਕ ਚੰਗੇਰੇ ਅਤੇ ਨਰੋਏ ਸਮਾਜ ਦੀ ਸਿਰਜਣਾ ਦੇ ਇਤਿਹਾਸਕ ਕਾਰਜ ਵਿਚ ਗੰਭੀਰਤਾ ਨਾਲ ਜੁਟੀਆਂ ਹੋਈਆਂ ਹਨ। ਜਿੱਥੇ ਆਮ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਕਾਰਜ ਵਲ ਉਚੇਚਾ ਦਿਆਨ ਦੇਣਾ ਪਵੇਗਾ, ਉਥੇ ਇਨ੍ਹਾਂ ਧਿਰਾਂ ਨੂੰ ਵੀ ਆਪਣਾ ਘੇਰਾ ਵਿਸ਼ਾਲ ਕਰਨ ਦੇ ਨਵੇਂ ਤੌਰ ਤਰੀਕੇ ਸੋਚਣੇ ਪੈਣਗੇ। ਅਖੀਰ ਵਿਚ ਅਮਰੀਕਾ ਵਸੱਦੇ ਸ਼ਾਇਰ ਮਿੱਤਰ ਕੁਲਵਿੰਦਰ ਦੇ ਇਸ ਸ਼ਿਅਰ ਨਾਲ ਦਿਓ ਆਗਿਆ-

**' ਬਣੋ ਸੂਰਜ ਜਾਂ ਜੁਗਨੂੰ ਹੀ ਬਣੋ, ਚੀਰੋ ਹਨੇਰਾ**
**ਨਾ ਫੁਲਾਂ ਵਾਂਗ ਮੁਰਝਾਓ ਚਰਾਗ਼ਾਂ ਦਾ ਸਮਾਂ ਹੈ '**

ਇਕ ਤੋਂ ਇਕ ਮਹਾਂਘੁਟਾਲਾ ਸਾਹਮਣੇ ਆ ਰਿਹਾ ਹੈ। ਸਿਆਸੀ ਭ੍ਰਿਸ਼ਟਾਚਾਰ ਨੂੰ ਲੈ ਕੇ ਹੋ-ਹੱਲਾ ਮਚਿਆ ਹੈ। ਪਰ ਕਾਰੋਬਾਰੀ ਭ੍ਰਿਸ਼ਟਾਚਾਰ ਦੀ ਜ਼ਿਆਦਾ ਚਰਚਾ ਨਹੀਂ ਹੁੰਦੀ, ਜਦਕਿ ਕਾਲਾ ਧੰਨ ਹੀ ਭ੍ਰਿਸ਼ਟਾਚਾਰ ਦਾ ਜਨਮਦਾਤਾ ਹੈ। ਇਸ ਜੰਜਾਲ ਦੇ ਖਾਤਮੇ ਦੀ ਅਚੂਕ ਦਵਾਈ ਹੈ, ਪਾਰਦਰਸ਼ਤਾ। ਪਰ ਉਹ ਕਿਵੇਂ ਆਏਗੀ..

*ਕਵਰ ਸਟੋਰੀ*

# ਭ੍ਰਿਸ਼ਟਾਚਾਰ ਦਾ ਮਹਾਂਉਤਸਵ

ਐਨ. ਵਿੱਠਲ



ਇਨ੍ਹੀਂ ਦਿਨੀਂ ਅਸੀਂ ਜਿਸ ਚੀਜ਼ ਦੇ ਗਵਾਹ ਬਣ ਰਹੇ ਹਾਂ, ਉਹ ਭ੍ਰਿਸ਼ਟਾਚਾਰ ਦਾ ਅਸਲ ਮਹਾਂਉਤਸਵ ਹੈ। ਕਈ ਉਤਸਵਾਂ ਨਾਲ ਲੈਸ ਮਹਾਂਉਤਸਵ ਵਾਂਗ ਇਕ ਤੋਂ ਬਾਅਦ ਦੂਜਾ ਮਹਾਂਘੁਟਾਲਾ ਸਾਹਮਣੇ ਆਉਣ ਦੀ ਅੰਤਹੀਣ ਕਥਾ ਚੱਲ ਰਹੀ ਹੈ। ਬੇਸ਼ੱਕ, ਜਨਤਕ ਜੀਵਨ ਵਿੱਚ ਭ੍ਰਿਸ਼ਟਾਚਾਰ ਬਹੁਤ ਪੁਰਾਣੀ ਗੱਲ ਹੈ, ਪਰ ਤਿੰਨ ਮਹਾਂਘੁਟਾਲਿਆਂ-ਕਾਮਨਵੈਲਥ ਖੇਡ ਘੁਟਾਲੇ, 2-ਜੀ ਸਪੈਕਟਰਮ ਅਤੇ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦੀ ਰੌਸ਼ਨੀ ਵਿੱਚ ਕੁਝ ਸਵਾਲ ਖੜੇ ਹੁੰਦੇ ਹਨ।

ਇਹ ਜ਼ਰੂਰੀ ਹੀ ਸੀ ਕਿ ਯੂ.ਪੀ.ਏ. ਸਰਕਾਰ ਦੀ ਦੂਸਰੀ ਪਾਰੀ ਵਿੱਚ ਪਹਿਲੀ ਪਾਰੀ ਦੀਆਂ ਪਰੰਪਰਾਵਾਂ ਜਾਰੀ ਰੱਖੀਆਂ ਜਾਂਦੀਆਂ। ਸੋ, ਸਿਆਸੀ ਮਾਮਲੇ ਕਾਂਗਰਸ ਮੁਖੀ ਵੱਲੋਂ ਸੰਭਾਲੇ ਗਏ ਅਤੇ ਪ੍ਰਸ਼ਾਸਿਨਕ ਮਾਮਲਿਆਂ ਵਿੱਚ ਪ੍ਰਧਾਨ ਮੰਤਰੀ ਦਾ ਦਬਦਬਾ ਰਿਹਾ। ਪਰ ਲੋਕਤੰਤਰ ਵਿੱਚ ਹਰ ਮਾਮਲਾ ਆਖ਼ਰਕਾਰ ਇਕ ਸਿਆਸੀ ਮਾਮਲਾ ਹੁੰਦਾ ਹੈ ਅਤੇ ਕਾਂਗਰਸ ਅਸ਼ੋਕ ਚਵਾਨ ਜਾਂ ਕਲਮਾਡੀ ਖਿਲਾਫ ਕਾਰਵਾਈ ਦਾ ਸਿਹਰਾ ਸਜਾਉਣ ਦਾ ਕੋਈ ਦਾਅਵਾ ਨਹੀਂ ਕਰ ਸਕਦੀ। ਅਸਲ ਵਿੱਚ, ਸੁਪਰੀਮ ਕੋਰਟ ਨੇ ਤਾਂ ਪ੍ਰਧਾਨ ਮੰਤਰੀ ਨੂੰ ਇਹ ਕਿਹਾ ਕਿ ਉਹ ਦੱਸਣ, ਉਨ੍ਹਾਂ ਨੇ ਏਨੇ ਮਹੀਨਿਆਂ ਵਿੱਚ ਕਿਉਂ ਰਾਜਾ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ! ਇਸ ਦਾ ਸੱਚਾ ਜਵਾਬ ਇਹ ਹੈ ਕਿ ਖੁੱਲ੍ਹਮਖੁੱਲ੍ਹਾ ਭ੍ਰਿਸ਼ਟਾਚਾਰ ਦੇ ਖਿਲਾਫ਼ ਕਾਰਵਾਈ ਲਈ ਸਿਆਸੀ ਇੱਛਾ ਸ਼ਕਤੀ ਦਾ ਪ੍ਰਦਰਸ਼ਨ ਤਦ ਹੁੰਦਾ ਹੈ, ਜਦੋਂ ਕਾਰਵਾਈ ਨੂੰ ਟਾਲਿਆ ਨਾ ਜਾ ਸਕੇ ਅਤੇ 'ਟੀ.ਆਈ.ਐਨ.ਏ.' (ਦਿਅਰ ਇਜ਼ ਨੋ ਆਲਟਰਨੇਟਿਵ-ਹੋਰ ਕੋਈ ਚਾਰਾ ਨਹੀਂ ਹੈ) ਕਾਰਕ ਹਾਵੀ ਹੋ ਜਾਣ। ਹਾਲਾਂਕਿ ਇਸ ਤਰ੍ਹਾਂ ਦਾ ਜਵਾਬ ਅਸੀਂ ਮਨਮੋਹਨ ਸਿੰਘ ਦੇ ਮੂੰਹ ਤੋਂ ਕਦੇ ਸੁਣਾਂਗੇ ਵੀ ਨਹੀਂ। ਰਾਜਾ ਅਤੇ 2 ਜੀ ਘੁਟਾਲੇ ਦੇ ਮਾਮਲੇ ਵਿੱਚ ਵਿਰੋਧੀ ਧਿਰ ਦੀ ਇਕਜੁੱਟਤਾ ਨੇ ਸਿਆਸੀ ਦਬਾਅ ਬਣਾਇਆ। ਸੁਬਰਾਮਨੀਅਮ ਸਵਾਮੀ ਦੀ ਜਨਹਿੱਤ ਪਟੀਸ਼ਨ ਵਿੱਚ ਸੁਪਰੀਮ ਕੋਰਟ ਦੇ ਨਿਰੀਖਣ ਨੇ ਕਾਨੂੰਨੀ ਦਬਾਅ ਬਣਾਇਆ। ਤਾਮਿਲਨਾਡੂ ਤੋਂ ਅੰਮਾ ਇਕ ਬੀਮਾ ਪਾਲਸੀ ਲੈ ਕੇ ਆਈ। ਦੇਖੋ ਅਤੇ ਨਜ਼ਰ ਰੱਖੋ! 'ਹੋਰ ਕੋਈ ਚਾਰਾ ਨਹੀਂ' ਕਾਰਕ ਇਕ ਵਾਰ ਫੇਰ ਇਕ ਵੋਟ ਬੈਂਕ ਦੇ ਨਾਲ ਆਇਆ। ਤਾਮਿਲਨਾਡੂ ਵਿੱਚ ਵਿਧਾਨ ਸਭਾ ਚੋਣਾਂ ਦੀ ਹਰਕਤ ਸ਼ੁਰੂ ਹੋ ਚੁੱਕੀ ਹੈ। ਕਾਂਗਰਸ ਨੇ ਪਿਛਲੇ ਚਾਰ ਦਹਾਕਿਆਂ ਤੋਂ ਸੱਤਾ ਦਾ ਸਵਾਦ ਨਹੀਂ ਦੇਖਿਆ ਹੈ ਅਤੇ ਸੱਤਾ ਦੇ ਮੌਜੂਦਾ ਬਟਵਾਰੇ ਵਿੱਚ ਇਹ ਸ਼ਕਤੀਹੀਣ ਸਾਂਝੇਦਾਰੀ ਵਾਂਗ ਹੈ। ਦਬਾਅ ਦਾ ਹੋਰ ਬਿੰਦੂ ਇਹ ਵੀ ਸੀ ਕਿ ਨਾਲ ਨਾਲ ਦੋ ਹੋਰ ਮਹਾਂਘੁਟਾਲੇ ਸਾਹਮਣੇ ਆਏ-ਕਾਮਨਵੈਲਥ ਅਤੇ ਆਦਰਸ਼ ਘੁਟਾਲਾ। ਹਰ ਘੁਟਾਲੇ ਦਾ ਆਪਣਾ 'ਹੋਰ ਕੋਈ ਚਾਰਾ ਨਹੀਂ' ਤੱਤ ਵੀ ਸੀ।

## ਕਾਲੇ ਧੰਨ ਦੀ ਭੂਮਿਕਾ

ਹਾਲਾਂਕਿ ਸਿਆਸੀ ਭ੍ਰਿਸ਼ਟਾਚਾਰ ਨੂੰ ਲੈ ਕੇ ਕਾਫ਼ੀ ਹੋ-ਹੱਲਾ ਹੋ ਰਿਹੈ ਹੈ, ਪਰ ਘੁਟਾਲੇ ਦੇ ਹੋਰ ਖਿਡਾਰੀਆਂ ਬਾਰੇ ਕੀ ਖਿਆਲ ਹੈ? ਆਖ਼ਰਕਾਰ, ਭ੍ਰਿਸ਼ਟਾਚਾਰ ਕੋਈ ਇਕ ਮਾਰਗੀ ਸੜਕ ਤਾਂ ਹੈ ਨਹੀਂ। ਨਜਾਇਜ਼ ਤੌਰ 'ਤੇ ਕੁਝ ਵੀ ਲੈਣ ਵਾਲੇ ਦੇ ਪਿੱਛੇ ਇਕ ਦੇਣੇ ਵਾਲਾ ਵੀ ਹੁੰਦਾ ਹੈ। ਤਾਂ ਫੇਰ ਭ੍ਰਿਸ਼ਟਾਚਾਰ ਵਿੱਚ ਕਾਰੋਬਾਰ ਦੀ ਭੂਮਿਕਾ ਬਾਰੇ ਜ਼ਿਆਦਾ ਚਰਚਾ ਕਿਉਂ ਨਹੀਂ ਹੁੰਦੀ? ਅਤੇ ਤੱਥ ਇਹ ਹੈ ਕਿ ਕਾਰੋਬਾਰੀ ਭ੍ਰਿਸ਼ਟਾਚਾਰ ਬਹੁਤ ਪੁਰਾਣੀ ਬੁਰਾਈ ਹੈ।

ਜਵਾਹਰ ਲਾਲ ਨਹਿਰੂ ਦੀ ਹਕੂਮਤ ਦੌਰਾਨ ਐਲ.ਆਈ.ਸੀ. ਘੁਟਾਲੇ ਤੋਂ ਸ਼ੁਰੂ ਕਰੀਏ, ਤਾਂ ਇੰਦਰਾ ਗਾਂਧੀ ਦੇ ਸਮੇਂ ਵਿੱਚ ਤੁਲਮੋਹਨ ਰਾਮ ਕਾਂਡ ਤੋਂ ਹੁੰਦੇ ਹੋਏ ਅਜਿਹੇ ਘੁਟਾਲਿਆਂ ਦੀ ਨਾ ਮੁੱਕਣ ਵਾਲੀ ਲੜੀ ਰਹੀ ਹੈ, ਜਿਨ੍ਹਾਂ ਵਿੱਚ ਕਾਰੋਬਾਰੀ ਸ਼ਾਮਲ ਰਹੇ। ਭਾਰਤ ਦੀ ਆਜ਼ਾਦੀ ਤੋਂ ਬਾਅਦ ਦੇ ਪਹਿਲੇ ਚਾਰ ਦਹਾਕਿਆਂ ਵਿੱਚ ਰਾਜ ਦੇ ਸਮਾਜਵਾਦੀ ਦਰਸ਼ਨ ਨੇ ਅਰਥਵਿਵਸਥਾ ਦੇ ਨਿਰਦੇਸ਼ਕਾਂ ਨੂੰ ਕੰਟਰੋਲ ਕੀਤਾ। ਇਹ 'ਪਰਮਿਟ ਲਾਇਸੈਂਸ' ਰਾਜ ਵੱਲ ਲੈ ਗਿਆ। ਅਜਿਹਾ



ਭ੍ਰਿਸ਼ਟਾਚਾਰ, ਜਿਸ ਵਿੱਚ ਕਾਰੋਬਾਰ ਸ਼ਾਮਲ ਸੀ, ਜ਼ਿਆਦਾਤਰ ਪਰਮਿਟ ਅਤੇ ਲਾਇਸੈਂਸ ਦੇ ਮੁੱਦਿਆਂ ਨਾਲ ਹੀ ਜੁੜਿਆ ਸੀ। 1991 ਵਿੱਚ ਆਰਥਕ ਉਦਾਰੀਕਰਨ ਤੋਂ ਬਾਅਦ ਕਾਰੋਬਾਰ ਨਾਲ ਜੁੜੇ ਭ੍ਰਿਸ਼ਟਾਚਾਰ ਨੇ ਨੀਤੀਆਂ ਨਾਲ ਸਬੰਧਤ ਸਿਆਸੀ ਫੈਸਲਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਪ੍ਰਭਾਵਤ ਕੀਤਾ ਹੈ। ਤ੍ਰਾਸਦੀ ਇਹ ਹੈ ਕਿ ਸਾਡਾ ਮੌਜੂਦਾ ਜਮਹੂਰੀ ਸਿਆਸੀ ਤੰਤਰ ਭ੍ਰਿਸ਼ਟਾਚਾਰ 'ਤੇ ਆਧਾਰਿਤ ਹੈ। ਕਾਲਾ ਧੰਨ ਸਾਡੀ ਸ਼ੈਲੀ ਦੇ ਲੋਕਤੰਤਰ ਨੂੰ ਜੀਵਨ ਦੇਣ ਵਾਲੇ ਖ਼ੂਨ ਵਾਂਗ ਹੈ। ਹਰ ਪਾਰਟੀ ਨੂੰ ਟਨਾਂ ਧੰਨ ਦੀ ਲੋੜ ਹੈ ਅਤੇ ਇਹ ਵੀ ਕਰਾਰੇ ਨੋਟਾਂ ਦੇ ਰੂਪ ਵਿੱਚ। ਭ੍ਰਿਸ਼ਟਾਚਾਰ, ਕਾਲੇ ਧੰਨ ਲਈ ਆਕਸੀਜਨ ਵਾਂਗ ਹੈ ਅਤੇ ਕਾਲਾ ਧੰਨ ਭ੍ਰਿਸ਼ਟਾਚਾਰ ਲਈ ਸਾਹ ਨਾਲੀ ਹੈ। ਹਰ ਪਾਰਟੀ ਜਦ ਤੱਕ ਵਿਰੋਧੀ ਧਿਰ ਵਿੱਚ ਰਹਿੰਦੀ ਹੈ, ਭ੍ਰਿਸ਼ਟਾਚਾਰ ਦੇ ਖਿਲਾਫ਼ ਖ਼ੂਬ ਰੌਲਾ ਪਾਉਂਦੀ ਹੈ। ਸੱਤਾ ਵਿੱਚ ਆਉਂਦੀ ਹੈ, ਤਾਂ ਇਹ ਵੀ ਖਿਡਾਰੀ ਬਣ ਜਾਂਦੀ ਹੈ। ਗਠਜੋੜਾਂ ਦੇ ਯੁੱਗ ਨੇ ਅਜਿਹੀ ਸਥਿਤੀ ਬਣਾ ਦਿੱਤੀ ਹੈ, ਜਿੱਥੇ ਛੋਟੇ ਦਲ ਵੀ ਔਕਾਤ ਤੋਂ ਅੱਗੇ ਵਧ ਚੜ੍ਹ ਕੇ ਧਮਕਾਉਣ ਵਿੱਚ ਸਮਰਥ ਹੋ ਗਏ ਹਨ।




## ਪਾਰਦਰਸ਼ੀ ਹੋਵੇ ਹਰ ਕੰਮ

ਹਰ ਕੰਮ ਵਿੱਚ ਪਾਰਦਰਸ਼ਤਾ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਸਭ ਤੋਂ ਅਚੂਕ ਦਵਾਈ ਹੈ। ਇਹ ਪਾਰਦਰਸ਼ਤਾ ਸਿਆਸੀ ਪਾਰਟੀਆਂ ਲਈ ਚੰਦਾ ਜੁਟਾਉਣ ਦੇ ਕੰਮ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਹਾਲਾਂਕਿ ਇਸ ਮਾਮਲੇ ਵਿੱਚ ਅਮਰੀਕਾ ਅਤੇ ਬਰਤਾਨੀਆ ਦੀ ਉਦਾਹਰਣ ਕਾਫੀ ਨਹੀਂ ਹੈ, ਪਰ ਸ਼ੁਰੂਆਤ ਦੇ ਲਹਿਜ਼ੇ ਨਾਲ ਚੰਗੀ ਹੋ ਸਕਦੀ ਹੈ। ਭਾਰਤ ਵਿੱਚ ਸਿਆਸੀ ਦਲਾਂ ਵੱਲੋਂ ਚੋਣ ਖਰਚ ਜੁਟਾਉਣ ਦੀ ਪ੍ਰਕਿਰਿਆ ਵਿੱਚ ਜੋ ਭੇਤ ਵਰਤਿਆ ਜਾਂਦਾ ਹੈ, ਉਹ ਹਟਾਇਆ ਜਾਣਾ ਚਾਹੀਦਾ ਹੈ। ਸਿਆਸੀ ਦਲਾਂ ਨੂੰ ਮਿਲਣ ਵਾਲਾ ਚੰਦਾ ਟੈਕਸਾਂ ਤੋਂ ਮੁਕਤ ਤਾਂ ਹੋ ਸਕਦਾ ਹੈ, ਪਰ ਪਾਰਟੀਆਂ ਲਈ ਉਨ੍ਹਾਂ ਦੀ ਵਰਤੋਂ ਦਾ ਲੇਖਾ-ਜੋਖਾ ਰੱਖਣਾ ਜ਼ਰੂਰੀ ਹੋਣਾ ਚਾਹੀਦਾ ਹੈ। ਇਕ ਸੁਝਾਅ ਇਹ ਵੀ ਹੈ ਕਿ ਰਾਜ ਚੋਣਾਂ ਲਈ ਕੋਸ਼ ਬਣਾਏ, ਤਾਂ ਕਿ ਧੰਨਸ਼ਕਤੀ ਤੋਂ ਵਾਂਝੇ ਸਿਆਣੇ ਲੋਕ ਵੀ ਹਾਰ ਦੀ ਚਿੰਤਾ ਤੋਂ ਬਿਨਾਂ ਚੋਣਾਂ ਲੜ ਸਕਣ। ਇਥੋਂ ਤੱਕ ਕਿ ਜਰਮਨੀ ਵਰਗੇ ਵਿਕਸਤ ਦੇਸ਼ ਵਿੱਚ, ਜਿਥੇ ਰਾਜ ਵੱਲੋਂ ਚੋਣ ਕੋਸ਼ ਪ੍ਰਚਲਿਤ ਹੈ, ਹੇਲਮੁਟ ਕੋਲ ਵਰਗੇ ਉਘੇ ਨੇਤਾ ਵੀ ਨਕਾਰ ਦਿੱਤੇ ਗਏ, ਕਿਉਂਕਿ ਉਨ੍ਹਾਂ 'ਤੇ ਰਾਜ ਵੱਲੋਂ ਮੁਹੱਈਆ ਕਰਾਏ ਗਏ ਕੋਸ਼ ਤੋਂ ਬਾਹਰੋਂ ਚੰਦਾ ਜੁਟਾਉਣ ਦਾ ਦੋਸ਼ ਸੀ। ਭਾਰਤ ਵਰਗੇ ਦੇਸ਼ ਵਿੱਚ ਇਹ ਰਾਜ ਲਈ ਬਹੁਤ ਟਾਲਿਆ ਨਾ ਜਾਣ ਵਾਲਾ ਵਾਕਯ ਹੈ। ਜ਼ਾਹਰ ਹੈ, ਫਿਲਹਾਲ ਭ੍ਰਿਸ਼ਟਾਚਾਰ ਦਾ ਲਾਭ ਲੈਣ ਵਾਲੀਆਂ ਸਿਆਸੀ ਪਾਰਟੀਆਂ ਵਿਆਪਕ ਪਾਰਦਰਸ਼ਤਾ ਦਾ ਬਦਲਾਅ ਲਿਆਉਣ ਲਈ ਪਹਿਲ ਕਦੇ ਨਹੀਂ ਕਰਨਗੀਆਂ, ਇਸ ਲਈ 'ਹੋਰ ਕੋਈ ਚਾਰਾ ਨਹੀਂ' ਵਰਗੇ ਕਾਰਕ ਬਣਾਏ ਜਾਣਾ ਜ਼ਰੂਰੀ ਹੈ। ਇਹ ਅਜਿਹੀਆਂ ਸੰਸਥਾਵਾਂ ਦੇ ਜ਼ਰੀਏ ਹੋਵੇਗਾ, ਜਿਨ੍ਹਾਂ ਕੋਲ ਕਾਨੂੰਨੀ ਮੁੱਕਾ ਹੈ। ਨਿਆਂਪਾਲਿਕਾ, ਚੋਣ ਕਮਿਸ਼ਨ, ਕੈਗ ਅਤੇ ਸੀ.ਵੀ.ਸੀ. ਅਜਿਹੀਆਂ ਹੀ ਸੰਸਥਾਵਾਂ ਹਨ, ਜੋ ਅਜਿਹਾ ਨਕਸ਼ਾ ਬਣਾ ਸਕਦੀਆਂ ਹਨ, ਜਿਸ ਵਿੱਚ ਸਿਆਸੀ ਦਲਾਂ ਨੂੰ ਚੰਗੀ ਸਾਸ਼ਨ ਪ੍ਰਣਾਲੀ ਅਪਨਾਉਣ ਲਈ ਮਜਬੂਰ ਕੀਤਾ ਜਾ ਸਕੇ। ਇਹ ਭ੍ਰਿਸ਼ਟਾਚਾਰ ਦੇ ਮੌਜੂਦਾ ਸ਼ਿਕੰਜੇ ਵਿੱਚ ਬਹੁਤ ਅਨੋਖੀ ਗੱਲ ਹੈ।

# ਘੁਟਾਲੇ ਨਹੀਂ ਮਹਾਂਘੁਟਾਲੇ



## 2 ਜੀ ਸਪੈਕਟਰਮ

ਇਕ ਲੱਖ 76 ਹਜ਼ਾਰ ਕਰੋੜ ਰੁਪਏ ਦਾ 2 ਜੀ ਸਪੈਕਟਰਮ ਘੁਟਾਲਾ ਦੇਸ਼ ਵਿੱਚ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਮਾਮਲਾ ਮੰਨਿਆ ਜਾ ਰਿਹਾ ਹੈ। ਇਸ ਮਾਮਲੇ ਵਿੱਚ ਡੀ.ਐਮ.ਕੇ. ਦੇ ਏ.ਰਾਜਾ ਨੂੰ ਸੰਚਾਰ ਮੰਤਰੀ ਦੇ ਅਹੁਦੇ ਤੋਂ ਹੱਥ ਧੋਣਾ ਪਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਹੁਕਮ 'ਤੇ ਇਸ ਘੁਟਾਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾ ਰਹੀ ਹੈ।

## ਕਾਮਨਵੈਲਥ ਖੇਡਾਂ

ਖੇਡ ਪ੍ਰਬੰਧਾਂ ਦੀ ਲਾਗਤ ਵਿੱਚ ਅਪ੍ਰਤੱਖ ਵਾਧੇ ਨੇ ਇਸ ਘੁਟਾਲੇ ਦਾ ਭਾਂਡਾ ਭੰਨਿਆ। ਖੇਡ ਖਤਮ ਹੋਣ ਤੋਂ ਬਾਅਦ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਗਏ। ਜਾਂਚ ਦੇ ਘੇਰੇ ਵਿੱਚ ਪ੍ਰਬੰਧਕ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਸਮੇਤ ਸਾਰੇ ਸਫੇਦਪੋਸ਼ ਸ਼ਾਮਲ ਹਨ ਅਤੇ ਸਬੰਧਤ ਲੋਕਾਂ 'ਤੇ ਛਾਪੇ ਪੈ ਰਹੇ ਹਨ।

## ਹਾਊਸਿੰਗ ਕਰਜ਼ਾ

ਕੀਰਬ ਇਕ ਹਜ਼ਾਰ ਕਰੋੜ ਰੁਪਏ ਦੇ ਇਸ ਘੁਟਾਲੇ ਵਿੱਚ ਐਲ.ਆਈ.ਸੀ. ਹਾਊਸਿੰਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਆਰ.ਆਰ. ਨਾਇਰ ਸੀ.ਬੀ.ਆਈ. ਦੀ ਗ੍ਰਿਫ਼ਤ ਵਿੱਚ ਹਨ। ਐਲ.ਆਈ.ਸੀ. ਹਾਊਸਿੰਗ ਫਾਈਨਾਂਸ ਦੇ ਅਧਿਕਾਰੀਆਂ 'ਤੇ ਖੁਦਰਾ ਖਪਤਕਾਰਾਂ ਦੀ ਬਜਾਏ ਕੰਪਨੀਆਂ ਅਤੇ ਬਿਲਡਰਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਕਰਜ਼ਾ ਦੇਣ ਦਾ ਦੋਸ਼ ਹੈ। ਭਾਵ ਆਮ ਆਦਮੀ ਦਾ ਹੱਕ ਮਾਰ ਕੇ ਬਿਲਡਰਾਂ ਨੂੰ ਲਾਭ ਪਹੁੰਚਾਇਆ।

## ਆਈ.ਪੀ.ਐਲ.

ਕ੍ਰਿਕਟ ਪ੍ਰੇਮੀਆਂ ਦਾ ਮਨੋਰੰਜਨ ਕਰਨ ਵਾਲਾ ਅਰਬਾਂ ਰੁਪਇਆਂ ਦਾ ਕ੍ਰਿਕਟ ਟੂਰਨਾਮੈਂਟ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਵੀ ਬੇਨਿਯਮੀਆਂ ਅਤੇ ਘੁਟਾਲਿਆਂ ਦਾ ਸ਼ਿਕਾਰ ਹੋ ਗਿਆ। ਫ੍ਰੈਂਚਾਈਜ਼ੀ ਟੀਮਾਂ ਦੀ ਹਿੱਸੇਦਾਰੀ ਅਤੇ ਮਾਲਕਾਨਾ ਹੱਕ ਨੂੰ ਲੈ ਕੇ ਆਈ.ਪੀ.ਐਲ. ਵਿੱਚ ਉਠੇ ਵਿਵਾਦ ਦਾ ਨਤੀਜਾ ਭਾਰੀ ਬੇਨਿਯਮੀਆਂ ਦੇ ਖੁਲਾਸੇ ਦੇ ਰੂਪ ਵਿੱਚ ਹੋਇਆ। ਅੰਤ ਬੀ.ਸੀ.ਸੀ.ਆਈ. ਨੇ ਲੀਗ ਦੇ ਕਮਿਸ਼ਨਰ ਲਲਿਤ ਮੋਦੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਅਤੇ ਪੂਰੇ ਮਾਮਲੇ ਦੀ ਜਾਂਚ ਜਾਰੀ ਹੈ।

## ਆਦਰਸ਼ ਸੁਸਾਇਟੀ

ਕਾਰਗਿਲ ਸ਼ਹੀਦਾਂ ਦੀਆਂ ਵਿਧਵਾਵਾਂ ਲਈ ਤਿਆਰ ਕੀਤੀ ਜਾ ਰਹੀ ਛੇ ਮੰਜ਼ਿਲਾ ਇਮਾਰਤ ਨੂੰ ਬਿਨਾਂ ਵਾਤਾਵਰਣ ਵਿਭਾਗ ਦੀ ਮਨਜ਼ੂਰੀ ਦੇ 31 ਫਲੋਰ ਵਿੱਚ ਬਦਲ ਦਿੱਤਾ ਗਿਆ। ਸਿਆਸੀ ਆਗੂ, ਉਨ੍ਹਾਂ ਦੇ ਰਿਸ਼ਤੇਦਾਰਾਂ, ਨੌਕਰਸ਼ਾਹਾਂ ਅਤੇ ਫੌਜ ਦੇ ਉੱਚ ਅਫਸਰਾਂ ਨੂੰ ਫਲੈਟਸ ਵੰਡੇ ਗਏ। ਇਸ ਘੁਟਾਲੇ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਨੂੰ ਉਨ੍ਹਾਂ ਦੀ ਕੁਰਸੀ ਤੋਂ ਬੇਦਖ਼ਲ ਕਰ ਦਿੱਤਾ ਅਤੇ ਜਾਂਚ ਫਿਲਹਾਲ ਸੀ.ਬੀ.ਆਈ. ਦੇ ਹੱਥਾਂ ਵਿੱਚ ਹੈ।



ਦਿੱਲੀ 'ਚ ਡਿੱਗਿਆ ਪੁਲ

# ਪੰਜਾਬੀ ਅਖ਼ਬਾਰ 'ਲੋਕ ਆਵਾਜ਼' ਲੋਕ ਅਰਪਿਤ

ਐਡਮਿੰਟਨ (ਨ.ਦ.ਬ.)- ਗੁਰਪੁਰਬ ਦੇ ਮੌਕੇ 'ਤੇ ਐਡਮਿੰਟਨ ਦੇ ਰਸੋਈ ਰੈਸਟੋਰੈਂਟ ਵਿਖੇ ਪੰਜਾਬੀ ਅਖ਼ਬਾਰ 'ਲੋਕ ਆਵਾਜ਼' ਨੂੰ ਲੋਕ ਅਰਪਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸਟੇਜ ਸਕੱਤਰ ਹਰਜੀਤ ਸੰਧੂ ਨੇ ਸਮਾਗਮ ਸਬੰਧੀ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕਰਕੇ ਕੀਤੀ। ਉਪਰੰਤ ਨੌਜਵਾਨ ਗੀਤਕਾਰ ਲਾਡੀ ਸੂਸਾਂਵਾਲੇ ਨੇ ਆਪਣਾ ਚਰਚਿਤ ਗੀਤ 'ਵਤਨਾਂ ਤੋਂ ਆਇਆ ਹਵਾ ਦਿਆ ਬੁੱਲਿਆ' ਸੁਣਾ ਕੇ ਲੋਕਾਂ ਨੂੰ ਪੰਜਾਬ ਦੇ ਪਿੰਡਾਂ ਦੀ ਯਾਦ ਦਿਵਾਈ। ਪਵਿੱਤਰ ਧਾਲੀਵਾਲ ਨੇ 'ਲੋਕ ਆਵਾਜ਼' ਅਤੇ ਇਸ ਦੇ ਮੁੱਖ ਸੰਪਾਦਕ ਜਰਨੈਲ ਬਸੋਤਾ ਬਾਰੇ ਜਾਣਕਾਰੀ ਸਾਝੀ ਕੀਤੀ। ਨਵੀਂ ਦੁਨੀਆ ਦੇ ਸੰਪਾਦਕ ਦਲਬੀਰ ਸਾਂਗਿਆਣ ਨੇ ਕਿਹਾ ਕਿ ਪੰਜਾਬੀ ਅਖ਼ਬਾਰਾਂ ਹਮੇਸ਼ਾਂ ਤੋਂ ਹੀ ਹੋਰਨਾਂ ਅੰਗਰੇਜ਼ੀ ਅਖ਼ਬਾਰਾਂ ਦਾ ਆਸਰਾ ਲੈਦੀਆਂ ਆਈਆਂ ਹਨ। ਖਾਸ ਤੌਰ 'ਤੇ ਵਿਦੇਸ਼ੀ ਪੰਜਾਬੀ ਅਖ਼ਬਾਰਾਂ ਨੂੰ ਇਸ ਨਮੂਨੇ ਨੂੰ ਬਦਲਣ ਦੀ ਬਹੁਤ ਜਰੂਰਤ ਹੈ। ਐਡਵੋਕੇਟ ਗੁਰਪ੍ਰੀਤ ਗਿੱਲ ਨੇ ਕਿਹਾ ਕਿ ਪ੍ਰਿੰਟ ਮੀਡੀਏ ਲਈ ਅੱਜ ਸਭ ਤੋਂ ਵੱਡੀ ਚੁਣੌਤੀ ਇੰਟਰਨੈਟ ਹੈ। ਬਲਤਾਰ ਬਰਾੜ, ਪਾਲ ਸਿੰਘ ਪੁਰੇਵਾਲ, ਕੌਸਲਰ ਅਮਰਜੀਤ ਸੋਹੀ, ਐਮ. ਐਲ. ਏ. ਨਰੇਸ਼ ਭਾਰਦਵਾਜ ਅਤੇ ਐਮ. ਐਲ. ਏ. ਪੀਟਰ ਸੰਧੂ ਨੇ ਵੀ ਸੁਭ ਇਛਾਵਾਂ ਭੇਟ ਕੀਤੀਆਂ। ਅੰਤ ਵਿੱਚ ਆਏ ਲੋਕਾਂ ਦਾ ਧੰਨਵਾਦ ਕਰਦਿਆਂ 'ਲੋਕ ਆਵਾਜ਼' ਅਖ਼ਬਾਰ ਦੇ ਮੁੱਖ ਸੰਪਾਦਕ ਜਰਨੈਲ ਬਸੋਤਾ ਨੇ ਕਿਹਾ ਕਿ ਉਹ ਪਾਠਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨਗੇ ਅਤੇ ਪੱਤਰਕਾਰੀ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦਾ ਯਤਨ ਕਰਨਗੇ।

## ਮਾਰਕਸਵਾਦ ਨੂੰ ਅੱਜ ਦੀਆਂ ਚਣੌਤੀਆਂ' 'ਤੇ ਵਿਚਾਰ ਗੋਸਟੀ

ਐਡਮਿੰਟਨ (ਨ.ਦ.ਬ.)- ਪ੍ਰੋਗਰੈਸਿਵ ਪੀਪਲਜ਼ ਫੋਰਮ ਵੱਲੋਂ ਸਥਾਨਿਕ ਸ਼ੁਭਮ ਰੈਸਟਰੋਰੈਂਟ ਵਿਖੇ 'ਮਾਰਕਸਵਾਦ ਨੂੰ ਅੱਜ ਦੀਆਂ ਚਣੌਤੀਆਂ' ਨਾਂ ਦੇ ਵਿਸ਼ੇ 'ਤੇ ਵਿਚਾਰ ਗੋਸਟੀ ਦਾ ਅਯੋਜਨ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਸਾਬਕਾ ਐਮ. ਐਲ. ਏ. ਡਾ. ਰਾਜ ਪੰਨੂੰ ਵੱਲੋਂ ਕੀਤੀ ਗਈ ਜਦਕਿ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਆਏ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਤੇ ਸੀ.ਪੀ.ਆਈ.ਐਮ.ਐਲ ਦੇ ਸੂਬਾ ਕਮੇਟੀ ਮੈਂਬਰ ਨਿਰਭੈਅ ਸਿੰਘ ਢੁੱਡੀਕੇ ਨੇ ਮੁੱਖ ਮਹਿਮਾਨ ਵੱਜੋ ਸ਼ਮੂਲੀਅਤ ਕੀਤੀ। ਗੱਲਬਾਤ ਦੀ ਸ਼ੁਰੂਆਤ ਦਲਬੀਰ ਸਾਂਗਿਆਣ ਨੇ ਵਿਸ਼ੇ ਸਬੰਧੀ ਰੌਸ਼ਨੀ ਪਾਉਦੇ ਹੋਏ ਕੀਤੀ। ਉਪਰੰਤ ਡਾ. ਕਾਲੀਆ ਨੇ ਵਿਸ਼ੇ 'ਤੇ ਗੱਲਬਾਤ ਇੱਕ ਸਵਾਲ ਰਾਹੀਂ ਸ਼ੁਰੂ ਕਰਦਿਆਂ ਕਿਹਾ ਕਿ ਇਨਸਾਨ ਹਾਲਤਾਂ ਨੂੰ ਬਦਲਦਾ ਹੈ ਸੱਚ ਹੈ, ਪਰ ਇਸ ਨੂੰ ਮਾਰਕਸਵਾਦੀ ਸੋਚ ਦਾ ਹਿੱਸਾ ਕਿਵੇ ਬਣਾਇਆ ਜਾਵੇ? ਇਸ ਸਵਾਲ ਦਾ ਜਵਾਬ ਦਿੰਦਿਆਂ ਡਾ. ਰਾਜ ਪੰਨੂੰ ਨੇ ਕਿਹਾ ਕਿ ਜਦੋਂ ਮਾਰਕਸਵਾਦ ਨੂੰ ਲਿਖਿਆ ਗਿਆ ਤਾਂ ਉਸ ਸਮੇਂ ਪੂੰਜੀਵਾਦ ਸਿਖਰ 'ਤੇ ਸੀ। ਸਹਿਜੇ-ਸਹਿਜੇ ਲੈਲਨ ਵੱਲੋਂ ਮਾਰਕਸਵਾਦ ਨੂੰ ਅਮਲੀਜਾਮਾ ਪਹਿਨਾਇਆ ਗਿਆ, ਉਪਰੰਤ ਐਡਿਮ ਸਮਿਥ ਨੇ ਇੱਕ ਹੋਰ ਕਿਤਾਬ ਲਿਖ ਕੇ ਪੂੰਜੀਵਾਦੀ ਢਾਂਚੇ ਦੀਆਂ ਬੁਰਾਈਆਂ ਨੂੰ ਲੋਕਾਂ ਸਾਹਮਣੇ ਲਿਆਂਦਾ, ਉਸ ਨੇ ਅਤੇ ਮਾਰਕਸ ਨੇ ਲੋਕਾਂ ਨੂੰ ਦੱਸਿਆ ਕਿ ਕਿਵੇਂ ਇਹ ਢਾਂਚਾ ਮਨੁੱਖਤਾ ਨੂੰ ਖ਼ਤਮ ਕਰ ਰਿਹਾ ਹੈ। ਸ਼੍ਰੇਣੀ ਵੰਡ ਨੂੰ ਠੀਕ ਕਰਨ ਅਤੇ ਸੁਝਾਅ ਦੇਣ 'ਚ ਮਾਰਕਸ ਤੇ ਸਮਿੱਥ ਦੀ ਬਹੁਤ ਵੱਡੀ ਦੇਣ ਹੈ।

ਮੁੱਖ ਮਹਿਮਾਨ ਨਿਰਭੈਅ ਸਿੰਘ ਢੁੱਡੀਕੇ ਨੇ ਕਿਹਾ ਕਿ ਇਨਕਲਾਬ ਇੱਕ ਜਾਂ ਦੋ ਦਿੰਨ 'ਚ ਨਹੀਂ ਆਉਦਾ, ਇਸ ਲਈ ਕਈ ਸਾਲ ਜਾਂ ਫਿਰ ਕਈ ਯੁੱਗ ਲਗ ਸਕਦੇ ਹਨ। ਦਲਬੀਰ ਸਾਂਗਿਆਣ ਨੇ ਕਿਹਾ ਕਿ ਅੱਜ ਅਸੀ ਅਜ਼ਾਦ ਹੋ ਕੇ ਵੀ ਮਾਨਸਿਕ ਤੌਰ 'ਤੇ ਪੂੰਜੀਵਾਦੀਆਂ ਦੇ ਗੁਲਾਮ ਹਾਂ। ਅਸੀਂ ਉਨ੍ਹਾਂ ਵੱਲੋਂ ਬਣਾਏ ਢਾਂਚੇ ਅੰਦਰ ਆਪਣੇ ਆਪ ਨੂੰ ਅਨੁਕੂਲ ਕਰ ਚੁੱਕੇ ਹਾਂ । ਜਸਬੀਰ ਦਿਉਲ ਨੇ ਕਿਹਾ ਕਿ ਅੱਜ ਦੀਆਂ ਪ੍ਰਸਥਿਤੀਆਂ ਨੂੰ ਸਨਮੁੱਖ ਰੱਖ ਕੇ ਹੀ ਇਹਨਾਂ ਚਣੌਤੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਵੈਨਕੂਅਰ ਤਰਕਸ਼ੀਲ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਗਿੱਲ ਨੇ ਕਿਹਾ ਕਿ ਅੱਜ ਦੇ ਦੌਰ 'ਚ ਸਾਨੂੰ ਮਾਰਕਸਵਾਦ ਦਾ ਆਸਰਾ ਲੈਣਾ ਚਾਹੀਦਾ ਹੈ।

## ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਕਾਰਕੁੰਨਾਂ ਦੀ ਹੱਲਾਸ਼ੇਰੀ ਲਈ ਸਮਾਗਮ

ਐਡਮਿੰਟਨ (ਨ.ਦ.ਬ): ਪੰਜਾਬੀ ਕਲਚਰਲ ਐਸੋਸੀਏਸ਼ਨ, ਐਡਮਿੰਟਨ (ਪੀ ਸੀ ਏ) ਨੇ ਆਪਣੇ ਪ੍ਰੋਗਰਾਮਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵਲੰਟੀਅਰਾਂ ਵਲੋਂ ਪਾਏ ਯੋਗਦਾਨ ਦੀ ਸ਼ਲਾਘਾ ਤੇ ਹੌਂਸਲਾ-ਅਫਜ਼ਾਈ ਹਿੱਤ ਪਿਛਲੇ ਦਿਨੀਂ ਸਥਾਨਕ ਰੈਸਟੋਰੈਂਟ ਰਸੋਈ 'ਚ ਸ਼ਾਮ ਦੇ ਖਾਣੇ ਦੀ ਇਕ ਦਾਅਵਤ ਦਾ ਆਯੋਜਨ ਕੀਤਾ ਗਿਆ।ਇਸ ਵਿੱਚ ਪੀ ਸੀ ਏ ਦੇ ਅਹੁਦੇਦਾਰਾਂ, ਵੱਖ-ਵੱਖ ਤਰ੍ਹਾਂ ਸੰਸਥਾ ਦੇ ਕੰਮ 'ਚ ਹੱਥ ਵਟਾਉਣ ਵਾਲੇ ਕਾਰਕੁੰਨਾਂ ਅਤੇ ਪੰਜਾਬੀ ਮੀਡੀਏ ਦੇ ਮੈਂਬਰਾਂ ਨੇ ਹਾਜ਼ਰੀ ਲਵਾਈ।ਹਰਜੀਤ ਸੰਧੂ ਵਲੋਂ ਸਾਰਿਆਂ ਨੂੰ ਜੀ ਆਇਆਂ ਕਿਹਾ ਗਿਆ।ਮੀਟਿੰਗ 'ਚ ਹਾਜ਼ਿਰ ਸਭ ਨੇ ਇਕ ਯਾਦਗਾਰੀ ਫੋਟੋ ਵੀ ਖਿਚਵਾਈ। ਹੋਰਨਾਂ ਤੋ ਇਲਾਵਾ ਗੁਰ-ਚਰਨ ਬਰਾੜ, ਸੋਨੀ ਗਿੱਲ, ਪਵਿੱਤਰ ਧਾਲੀਵਾਲ, ਪਰਮਿੰਦਰ ਧਾਲੀਵਾਲ, ਦਲਬੀਰ ਸਾਂਗਿਆਣ, ਅਮਰਜੀਤ ਸੋਹੀ, ਬਖਸ਼ ਸੰਘਾ, ਜਗਦੇਵ ਸੋਹੀ, ਮਨਪ੍ਰੀਤ ਭਠੱਲ ਨੇ ਹਾਜ਼ਰੀ ਲਵਾਈ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
◈ INDIVIDUAL TAX RETURNS
◈ INCORPORATION OF COMPANIES
◈ PAYROLL, T4 SLIPS
◈ CORPORATE TAX RETURNS
◈ TAX RETURNS FOR SELF EMPLOYED
◈ SMALL BUSINESS SETUP & BOOKKEEPING
◈ ACCOUNTING & G.S.T. RETURNS
◈ FINANCIAL STATEMENTS

KAPIL SHARMA
FOR FAST REFUND USE E-FILES
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
780-469-2677
FAX : 780-469-2026

chipmaster
auto paint systems
The "Ultimate" Auto Paint & Detail System
Services:
• Insurance Claims
• Scratches
• Rock Chips
• Bumper Scuffs, Cracks and Dents
Don't Replace It - Repair It

Chipmaster Features:
* Fully Trained & Licensed Technicians
* No Appointments for Estimates
* Unique Paint Matching System
* Repairs to Luxury Vehicles with Metallic & Pearl Paint
* Specializing in Light Collision
"Serving Millwoods Autorow"
Ph. 780-461-2619 Fax: 780-485-2618

## ਸੱਤਾ ਦੀ ਸਭ ਤੋਂ ਵੱਡੀ ਦਲਾਲੀ ਦੀ ਕਹਾਣੀ

# ਇਕ ਲੱਖ ਤੋਂ ਬਣਾਏ 400 ਕਰੋੜ

**ਪੌਣੇ ਦੋ ਲੱਖ ਕਰੋੜ ਦਾ 2ਜੀ ਸਪੈਕਟਰਮ ਘੁਟਾਲਾ ਕੋਈ ਇਕ ਦਿਨ ਵਿੱਚ ਨਹੀਂ ਹੋ ਗਿਆ। ਹਾਈ ਪ੍ਰੋਫੈਸ਼ਨਲ ਦਲਾਲਾਂ ਨੇ ਏ. ਰਾਜਾ ਨੂੰ ਦੋ ਵਾਰ ਸੰਚਾਰ ਮੰਤਰੀ ਬਣਾਉਣ ਲਈ ਪੂਰੀ ਲਾਬਿੰਗ ਕੀਤੀ। ਤਾਂ ਕਿ ਉਹ ਮਿਲ ਜੁਲ ਕੇ ਅਰਬਾਂ ਰੁਪਏ ਬਣਾ ਸਕਣ। ਮਾਮਲਾ ਸਾਫ ਹੁੰਦਾ ਹੈ ਨੀਰਾ ਰਾਡੀਆ ਦੀ ਵੱਖ ਵੱਖ ਲੋਕਾਂ ਨਾਲ ਫੋਨ 'ਤੇ ਹੋਈ ਗੱਲਬਾਤ ਨਾਲ। ਇਹ ਫੋਨ ਆਮਦਨ ਕਰ ਵਿਭਾਗ ਨੇ ਟੇਪ ਕੀਤੇ। ਕਿਸ ਨੇ ਨੀਰਾ ਨੂੰ ਕੀ ਕਿਹਾ, ਪੜ੍ਹੋ ਇਹ ਗੱਲਬਾਤ।**

### ਨੀਰਾ ਰਾਡੀਆ

### ਕੀਨੀਆ ਵਿੱਚ ਜਨਮ, ਲੰਡਨ ਵਿੱਚ ਵਿਆਹ

ਕੀਨੀਆ ਵਿੱਚ ਪੈਦਾ ਹੋਈ ਨੀਰਾ ਸ਼ਰਮਾ ਦਸ ਸਾਲ ਦੀ ਉਮਰ ਵਿੱਚ ਹੀ ਆਪਣੇ ਮਾਤਾ-ਪਿਤਾ ਨਾਲ ਲੰਡਨ ਚਲੀ ਗਈ ਸੀ। ਉਨ੍ਹਾਂ ਦੇ ਪਿਤਾ ਵੀ ਸ਼ਹਿਰੀ ਹਵਾਬਾਜ਼ੀ ਦੇ ਖੇਤਰ ਨਾਲ ਜੁੜੇ ਸਨ। ਨੀਰਾ ਨੇ ਗੁਜਰਾਤੀ ਮੂਲ ਦੇ ਬਰਤਾਨਵੀ ਵਪਾਰੀ ਜਨਕ ਰਾਡੀਆ ਨਾਲ ਵਿਆਹ ਕੀਤਾ, ਤਿੰਨ ਬੱਚੇ ਵੀ ਹੋਏ ਪਰ ਦੋਵਾਂ ਵਿਚਾਲੇ ਤਲਾਕ ਹੋ ਗਿਆ ਤੇ ਨੀਰਾ ਭਾਰਤ ਆ ਗਈ। ਉਹ ਦਿੱਲੀ ਦੇ ਸਭ ਤੋਂ ਪੌਸ਼ ਇਲਾਕਿਆਂ ਵਿੱਚ ਮੰਨੇ ਜਾਂਦੇ ਛਤਰਪੁਰ ਦੇ ਇਕ ਸ਼ਾਨਦਾਰ ਫਾਰਮ ਹਾਊਸ ਵਿੱਚ ਰਹਿੰਦੀ ਹੈ। ਲੰਡਨ ਦੀ ਮੂਲ ਨਿਵਾਸੀ ਨੀਰਾ ਰਾਡੀਆ ਜਦੋਂ 1995 ਵਿੱਚ ਭਾਰਤ ਆਈ ਤਾਂ ਉਸ ਕੋਲ ਸਿਰਫ਼ ਇਕ ਲੱਖ ਰੁਪਏ ਸਨ। ਸਹਾਰਾ ਸਮੂਹ ਲਈ ਲਾਈਜਨ ਤੋਂ ਭਾਰਤ ਵਿੱਚ ਆਪਣਾ ਕੈਰੀਅਰ ਸ਼ੁਰੂ ਕਰਨ ਤੋਂ ਬਾਅਦ ਉਹ ਯੂ.ਕੇ. ਏਅਰ, ਏ.ਐਲ.ਐਮ. ਅਤੇ ਸਿੰਗਾਪੁਰ ਏਅਰਲਾਈਨਜ਼ ਦੀ ਭਾਰਤ ਵਿੱਚ ਪ੍ਰਤੀਨਿਧ ਰਹੀ। ਪਰ ਉਹ ਦੀਆਂ ਇਛਾਵਾਂ ਏਨੀਆਂ ਸਨ ਕਿ ਇਸ ਇਕ ਲੱਖ ਰੁਪਏ ਨਾਲ ਉਹ ਕਰਾਊਨ ਐਕਸਪ੍ਰੈਸ ਦੇ ਨਾਂ ਨਾਲ ਖੁਦ ਦੀ ਏਅਰਲਾਈਨ ਸ਼ੁਰੂ ਕਰਨਾ ਚਾਹੁੰਦੀ ਸੀ। ਆਖਰ ਭਾਰਤ ਪੁੱਜਣ ਦੇ ਦੋ ਸਾਲ ਦੇ ਅੰਦਰ ਹੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਅਨੰਤ ਕੁਮਾਰ ਉਹ ਦੇ ਦੋਸਤਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਸਨ। ਉਹ ਚਾਹੁੰਦੀ ਸੀ ਕਿ ਉਸ ਨੂੰ ਹਵਾਈ ਜਹਾਜ਼ ਖਰੀਦਣ ਦੀ ਆਗਿਆ ਦੇ ਦਿੱਤੀ ਜਾਵੇ। ਇਸ ਤੋਂ ਬਾਅਦ ਏਅਰਲਾਈਨ ਸ਼ੁਰੂ ਕਰਨ ਲਈ ਜ਼ਰੂਰੀ ਪੈਸਾ (100 ਕਰੋੜ) ਦਾ ਇੰਤਜ਼ਾਮ ਆਪਣੇ ਆਪ ਹੋ ਜਾਵੇਗਾ।

### ਰਾਜਾ ਦਾ ਮੰਤਰਾਲਾ-ਰਾਡੀਆ ਦੀਆਂ ਨੀਤੀਆਂ

#### ਕਿਵੇਂ ਬਣੇ ਫੋਨ ਟੇਪ?

ਏ.ਰਾਜਾ ਦੇ 2007 ਵਿੱਚ ਦਯਾਨਿਧੀ ਮਾਰਨ ਵਾਂਗ ਕੇਂਦਰੀ ਸੰਚਾਰ ਮੰਤਰੀ ਬਣਦੇ ਹੀ ਰਾਡੀਆ ਦੀ ਉਨ੍ਹਾਂ ਨਾਲ ਦੋਸਤੀ ਹੋ ਗਈ। ਦੋਵਾਂ ਨੇ ਮਿਲ ਕੇ ਸੰਚਾਰ ਵਿਭਾਗ ਦੀਆਂ ਨੀਤੀਆਂ ਇਸ ਤਰ੍ਹਾਂ ਬਣਾਈਆਂ ਅਤੇ ਵਾਰ ਵਾਰ ਤਬਦੀਲ ਕੀਤੀਆਂ ਕਿ ਉਨ੍ਹਾਂ ਤੋਂ ਸਿਰਫ਼ ਉਨ੍ਹਾਂ ਕੰਪਨੀਆਂ ਨੂੰ ਲਾਭ ਮਿਲੇ ਜਿਨ੍ਹਾਂ ਨੂੰ ਰਾਜਾ-ਰਾਡੀਆ ਚਾਹੁੰਦੇ ਸਨ। ਉਨ੍ਹਾਂ ਦੀਆਂ ਹਰਕਤਾਂ ਦੀ ਖ਼ਬਰ ਆਮਦਨ ਕਰ ਵਿਭਾਗ ਨੂੰ ਮਿਲੀ ਜਿਸ ਨੇ ਕੇਂਦਰੀ ਕਰ ਬੋਰਡ (ਸੀ.ਬੀ.ਡੀ.ਟੀ.) ਤੋਂ ਰਾਡੀਆ ਦੀ ਜਾਂਚ ਕਰਨ ਦੀ ਆਗਿਆ ਮੰਗੀ। ਸੀ.ਬੀ.ਡੀ.ਟੀ. ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਰਾਡੀਆ ਦਾ ਫੋਨ ਟੇਪ ਕਰਨ ਦੀ ਆਗਿਆ ਲਈ ਅਤੇ ਆਮਦਨ ਕਰ ਵਿਭਾਗ ਨੇ 2008-09 ਦੌਰਾਨ ਰਾਡੀਆ ਦੇ ਘਰ, ਦਫ਼ਤਰ ਅਤੇ ਮੋਬਾਈਲ ਮਿਲਾ ਕੇ ਕੁਲ 9 ਫੋਨ ਤਿੰਨ ਸੌ ਦਿਨਾਂ ਤੱਕ ਟੇਪ ਕੀਤੇ। ਜਾਂਚ ਅਧਿਕਾਰੀਆਂ ਨੇ 2 ਜੀ ਸਪੈਕਟਰਮ ਮਾਮਲੇ ਦੀ ਸੁਣਵਾਈ ਕਰ ਰਹੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਪੰਜ ਹਜ਼ਾਰ ਟੇਪ ਵਿਚੋਂ ਉਹ ਹਾਲੇ ਸਿਰਫ਼ 3000 ਟੇਪ ਸੁਣ ਸਕੇ ਹਨ। ਇਨ੍ਹਾਂ 3000 ਵਿਚੋਂ ਲਗਭਗ 100 ਟੇਪ ਮੀਡੀਆ ਦੇ ਹੱਥ ਲੱਗੇ, ਜਿਨ੍ਹਾਂ ਨੂੰ ਪਿਛਲੇ ਹਫ਼ਤੇ ਅੰਗਰੇਜ਼ੀ ਦੀਆਂ ਦੋ ਹਫ਼ਤਾਵਾਰੀ ਮੈਗਜ਼ੀਨਾਂ ਨੇ ਛਾਪਿਆ।

### ਪ੍ਰਭਾਵਸ਼ਾਲੀ ਲੋਕ ਰਾਡੀਆ ਦੇ ਪ੍ਰਭਾਵ ਵਿਚ

ਜੋ ਟੇਪ ਲੀਕ ਹੋਏ ਉਹ 2009 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ ਬਣਨ ਦੀ ਪ੍ਰਕਿਰਿਆ ਦੌਰਾਨ ਦੇ ਹਨ। ਇਨ੍ਹਾਂ ਵਿੱਚ ਰਾਡੀਆ ਸੰਚਾਰ ਮੰਤਰੀ ਰਾਜਾ ਤੋਂ ਇਲਾਵਾ ਕਈ ਪੱਤਰਕਾਰਾਂ ਅਤੇ ਅਧਿਕਾਰੀਆਂ ਨਾਲ ਗੱਲ ਕਰਦੀ ਸੁਣਾਈ ਦੇ ਰਹੀ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਰਾਡੀਆ ਨਾਲ ਗੱਲਬਾਤ ਕਰਨ ਵਿੱਚ ਕਿਵੇਂ ਵੱਡੇ ਅਤੇ ਪ੍ਰਭਾਵਸ਼ਾਲੀ ਲੋਕ ਉਨ੍ਹਾਂ ਦੇ ਪ੍ਰਭਾਵ ਅਤੇ ਦਬਾਅ ਵਿੱਚ ਨਜ਼ਰ ਆਉਂਦੇ ਹਨ। ਉਨ੍ਹਾਂ ਵਿਚੋਂ ਕੁਝ ਟੇਪ ਦੇ ਮਹੱਤਵਪੂਰਨ ਹਿੱਸੇ ਹੇਠਾਂ ਦਿੱਤੇ ਜਾ ਰਹੇ ਹਨ।

ਇਨ੍ਹਾਂ ਵਿਚੋਂ ਜ਼ਿਆਦਾਤਰ ਵਿਚੋਂ ਉਹ ਸਾਰੇ ਰਾਜਾ ਨੂੰ ਸੰਚਾਰ ਮੰਤਰਾਲਾ ਦਿੱਤੇ ਜਾਣ ਲਈ ਲਾਬਿੰਗ ਕਰ ਰਹੇ ਹਨ। ਇਨ੍ਹਾਂ ਵਿੱਚ ਐਨ.ਡੀ.ਟੀ.ਵੀ. ਦੀ ਮੈਨੇਜਿੰਗ ਐਡੀਟਰ ਬਰਖਾ ਦੱਤ ਅਤੇ ਹਿੰਦੁਸਤਾਨ ਟਾਈਮਜ਼ ਦੇ ਸਲਾਹਕਾਰ ਸੰਪਾਦਕ ਵੀਰ ਸੰਘਵੀ ਰਾਡੀਆ ਨਾਲ ਇਹ ਵਾਅਦਾ ਕਰ ਰਹੇ ਹਨ ਕਿ ਉਹ ਰਾਜਾ ਬਾਰੇ ਸੋਨੀਆ ਗਾਂਧੀ, ਰਾਹੁਲ ਗਾਂਧੀ, ਅਹਿਮਦ ਪਟੇਲ ਅਤੇ ਗੁਲਾਮ ਨਬੀ ਆਜ਼ਾਦ ਵਰਗੇ ਕਾਂਗਰਸ ਦੇ ਚੋਟੀ ਦੇ ਆਗੂਆਂ ਨਾਲ ਗੱਲ ਕਰਨਗੇ ਅਤੇ ਇਹ ਵੀ ਕਹਿਣਗੇ ਕਿ ਦਯਾਨਿਧੀ ਮਾਰਨ ਨੂੰ ਕੈਬਨਿਟ ਵਿੱਚ ਨਾ ਲਿਆ ਜਾਵੇ।

### ਟੇਪ ਤੋਂ ਅੱਗੇ ਕੀ?

ਹੁਣ ਇਹ ਟੇਪ ਸੁਪਰੀਮ ਕੋਰਟ ਕੋਲ ਹੈ। ਟੇਪ ਅਨੁਸਾਰ ਰਾਡੀਆ, ਉਨ੍ਹਾਂ ਦੇ ਸਹਿਯੋਗੀਆਂ ਅਤੇ ਮਾਲਕਾਂ ਨੇ ਵਿਦੇਸ਼ਾਂ ਤੋਂ ਸੈਂਕੜੇ ਕਰੋੜ ਰੁਪਏ ਦਾ ਲੈਣ-ਦੇਣ ਕੀਤਾ, ਸਰਕਾਰ ਨੂੰ ਮਿਲਣ ਵਾਲੇ ਟੈਕਸ ਦਾ ਚੂਨਾ ਲਾਇਆ ਅਤੇ ਆਪਣੇ ਵਿਰੋਧੀਆਂ ਅਤੇ ਦੇਸ਼ ਖਿਲਾਫ਼ ਅਪਰਾਧਿਕ ਚਾਲਾਂ ਚੱਲੀਆਂ।

### ਰਾਡੀਆ ਦਾ ਜਵਾਬ

ਨੀਰਾ ਰਾਡੀਆ ਅਤੇ ਯੂਨੀਟੈਕ ਵਾਇਰਲੈਸ ਵਰਗੀਆਂ ਕੰਪਨੀਆਂ ਜਿਨ੍ਹਾਂ ਟੈਲੀਕਾਮ ਲਾਇਸੈਂਸ ਲੈਣ ਲਈ ਜ਼ਰੂਰੀ ਜਾਣਕਾਰੀ ਲੁਕਾਈ, ਨੇ ਝੂਠ ਅਤੇ ਧੋਖੇ ਦਾ ਸਹਾਰਾ ਲਿਆ ਅਤੇ ਦੇਸ਼ ਨੂੰ ਲੱਖਾਂ ਕਰੋੜਾਂ ਦਾ ਨੁਕਸਾਨ ਪਹੁੰਚਾਇਆ-ਤੋਂ ਜਵਾਬ ਮੰਗੇ ਗਏ ਹਨ। ਰਾਡੀਆ ਤੋਂ 24 ਸਵਾਲ ਪੁੱਛੇ ਗਏ ਹਨ। ਕਿਉਂਕਿ ਉਹ ਮੁਕੇਸ਼ ਅੰਬਾਨੀ ਅਤੇ ਰਤਨ ਟਾਟਾ ਦੀ ਵੀ ਪ੍ਰਤੀਨਿਧ ਹੈ, ਉਨ੍ਹਾਂ ਦੇ ਸਵਾਲ ਵੀ ਰਾਡੀਆ ਤੋਂ ਪੁੱਛੇ ਗਏ। ਯੂਨੀਟੈਕ ਵਾਇਰਲੈਸ ਨੂੰ 10 ਸਵਾਲ ਭੇਜੇ ਗਏ। ਕਿਤੋਂ ਕੋਈ ਜਵਾਬ ਨਹੀਂ ਆਇਆ।



### ਟਾਟਾ ਅਤੇ ਅੰਬਾਨੀ ਬਣੇ ਕਲਾਇੰਟ

ਅਨੰਤ ਕੁਮਾਰ ਨੂੰ ਸ਼ਹਿਰੀ ਹਵਾਬਾਜ਼ੀ ਤੋਂ ਹਟਾ ਕੇ ਸੈਰ ਸਪਾਟਾ ਮੰਤਰਾਲਾ ਦੇ ਦਿੱਤਾ ਗਿਆ ਅਤੇ ਕਰਾਉਨ ਐਕਸਪ੍ਰੈਸ ਨੂੰ ਸਰਕਾਰ ਦੀ ਸਹਿਮਤੀ ਨਾ ਮਿਲ ਸਕੀ। ਇਸੇ ਦੌਰਾਨ ਉਹ ਦੀ ਮੁਲਾਕਾਤ ਰਤਨ ਟਾਟਾ ਨਾਲ ਹੋਈ ਜਿਨ੍ਹਾਂ ਦਾ ਟਾਟਾ-ਸਿੰਗਾਪੁਰ ਏਅਰਲਾਈਨਜ਼ ਸ਼ੁਰੂ ਕਰਨ ਦਾ ਯਤਨ ਵੀ ਅਸਫਲ ਹੋ ਗਿਆ ਸੀ। ਦੋਵਾਂ ਵਿੱਚ ਜਾਣ-ਪਛਾਣ ਏਨੀ ਵਧੀ ਕਿ 2001 ਵਿੱਚ ਰਤਨ ਟਾਟਾ ਨੇ ਟਾਟਾ ਸਮੂਹ ਦੀਆਂ ਸਾਰੀਆਂ 90 ਕੰਪਨੀਆਂ ਦਾ ਸਰਕਾਰ ਅਤੇ ਮੀਡੀਆ ਨਾਲ ਲਾਈਜਨ (ਕੰਮ ਕਰਾਉਣ ਜਾਂ ਛਪਵਾਉਣ ਦਾ ਠੇਕਾ) ਰਾਡੀਆ ਨੂੰ ਦੇ ਦਿੱਤਾ। ਅਗਲੇ 9 ਸਾਲਾਂ ਵਿੱਚ ਰਾਡੀਆ ਨੇ ਚਾਰ ਕੰਪਨੀਆਂ ਖੋਲ੍ਹ ਦਿੱਤੀਆਂ- ਵੈਸ਼ਨਵੀ ਕਮਿਊਨੀਕੇਸ਼ਨ, ਨੋਏਸਿਸ ਸਟ੍ਰੈਟਜਿਕ ਕੰਸਲਟਿੰਗ ਲਿਮਟਡ, ਵਿਟਕਾਮ ਅਤੇ ਨਿਊਕਾਮ ਕੰਸਲਟਿੰਗ। 2008 ਵਿੱਚ ਦੇਸ਼ ਦੇ ਸਭ ਤੋਂ ਅਮੀਰ ਆਦਮੀ-ਮੁਕੇਸ਼ ਅੰਬਾਨੀ ਨੇ ਵੀ ਆਪਣੇ ਲਈ ਲਾਇਜ਼ਨਿੰਗ ਦਾ ਕੰਮ ਉਸ ਨੂੰ ਦੇ ਦਿੱਤਾ। ਇਕ ਅੰਦਾਜ਼ੇ ਅਨੁਸਾਰ ਉਸ ਦੀਆਂ ਚਾਰ ਕੰਪਨੀਆਂ ਕੋਲ ਦੇਸ਼ ਦੀਆਂ 150 ਤੋਂ ਵਧ ਵੱਡੀਆਂ ਕੰਪਨੀਆਂ ਲਈ ਲਾਇਜ਼ਨਿੰਗ ਦਾ ਠੇਕਾ ਹੈ ਅਤੇ ਉਨ੍ਹਾਂ ਦਾ ਸਾਲਾਨਾ ਵਪਾਰ ਚਾਰ ਸੌ ਕਰੋੜ ਰੁਪਏ ਦਾ ਹੋ ਗਿਆ ਹੈ। ਅੱਜ ਦੇਸ਼ ਦੇ ਵੱਡੇ ਮੰਤਰੀਆਂ, ਸਿਆਸੀ ਆਗੂਆਂ, ਅਧਿਕਾਰੀਆਂ ਤੋਂ ਲੈ ਕੇ ਸੰਪਾਦਕ ਤੱਕ ਰਾਡੀਆ ਨਾਲ ਫੋਨ 'ਤੇ ਗੱਲਬਾਤ ਕਰਦੇ ਹਨ।



## ਮੈਂ ਪੀ.ਐਮ. ਦੇ ਘਰੋਂ ਨਿਕਲਦਿਆਂ ਹੀ ਆਜ਼ਾਦ ਨਾਲ ਗੱਲ ਕਰਾਂਗੀ : ਬਰਖਾ ਦੱਤ

**ਬਰਖਾ ਦੱਤ**-ਗਰੁੱਪ ਐਡੀਟਰ, ਐਨ.ਡੀ.ਟੀ.ਵੀ. ਚੈਨਲ (ਅੰਗਰੇਜ਼ੀ)

**ਨੀਰਾ**-ਹਾਏ, ਕੀ ਮੈਂ ਤੈਨੂੰ ਜਗਾ ਦਿੱਤਾ?

**ਬਰਖਾ**-ਨਹੀਂ ਨਹੀਂ, ਮੈਂ ਉਠ ਗਈ ਸੀ, ਪੂਰੀ ਰਾਤ ਹੀ ਹੋ ਗਈ। ਮਾਮਲਾ ਉਸੇ ਤਰ੍ਹਾਂ ਲਟਕਿਆ ਹੋਇਆ ਹੈ।

**ਨੀਰਾ**-ਹਾਂ, ਸੁਣ, ਉਹ ਉਨ੍ਹਾਂ ਨਾਲ ਸਿੱਧੀ ਗੱਲਬਾਤ ਕਰਨਾ ਚਾਹੁੰਦੇ ਹਨ। ਹੁਣ ਇਹੀ ਸਮੱਸਿਆ ਹੈ।

**ਬਰਖਾ**-ਹਾਂ, ਪੀ.ਐਮ. ਉਸ ਦੇ (ਦਯਾਨਿਧੀ ਮਾਰਨ ਦੇ) ਮੀਡੀਆ ਵਿੱਚ ਚਲੇ ਜਾਣ ਤੋਂ ਨਾਰਾਜ਼ ਹਨ।

**ਨੀਰਾ**-ਪਰ ਬਾਲੂ ਨੇ ਅਜਿਹਾ ਹੀ ਕੀਤਾ ਨਾ..ਕਰੂਨਾਨਿਧੀ ਨੇ ਉਸ ਨੂੰ ਅਜਿਹਾ ਕਰਨ ਲਈ ਨਹੀਂ ਕਿਹਾ ਸੀ।

**ਬਰਖਾ**-ਚੰਗਾ, ਇੰਜ ਹੋਇਆ

**ਨੀਰਾ**-ਉਸ ਨੂੰ ਕਿਹਾ ਗਿਆ ਸੀ ਕਿ ਉਹ ਆ ਜਾਵੇ ਅਤੇ ਕਾਂਗਰਸ ਨਾਲ ਗੱਲ ਕਰ ਲਵੇ।

**ਬਰਖਾ**-ਤੇ ਉਸ ਨੇ ਸਾਰਾ ਮਾਮਲਾ ਖੋਲ੍ਹ ਦਿੱਤਾ।

**ਨੀਰਾ**-ਹਾਂ, ਮੀਡੀਆ ਬਾਹਰ ਮੌਜੂਦ ਸੀ।

**ਬਰਖਾ**-ਹੇ ਭਗਵਾਨ, ਫੇਰ ਹੁਣ ਕੀ? ਮੈਂ ਉਨ੍ਹਾਂ ਨੂੰ ਕੀ ਕਹਿਣਾ ਹੈ? ਦੱਸ ਮੈਂ ਉਹੀ ਗੱਲ ਕਰ ਲਵਾਂਗੀ।

**ਨੀਰਾ**-ਮੈਂ ਉਨ੍ਹਾਂ ਦੀ (ਕਰੂਨਾਨਿਧੀ) ਪਤਨੀ ਅਤੇ ਬੇਟੀ ਨਾਲ ਲੰਬੀ ਗੱਲ ਕੀਤੀ ਸੀ। ਉਨ੍ਹਾਂ ਦੀ ਸਮੱਸਿਆ ਇਹ ਹੈ ਕਿ ਉਹ (ਕਾਂਗਰਸ ਆਗੂ) ਸਿੱਧਾ ਕਰੂਨਾਨਿਧੀ ਨਾਲ ਗੱਲ ਕਰਨਾ ਚਾਹੁੰਦੇ ਹਨ। ਪਰ ਉਹ ਅਜਿਹਾ ਮਾਰਨ ਅਤੇ ਬਾਲੂ ਸਾਹਮਣੇ ਨਹੀਂ ਕਰ ਸਕਦੇ। ਉਨ੍ਹਾਂ ਨੂੰ ਕਰੂਨਾਨਿਧੀ ਨਾਲ ਸਿੱਧੀ ਗੱਲ ਕਰਨ ਦੀ ਲੋੜ ਹੈ। ਕਾਂਗਰਸ ਕੋਲ ਤਾਮਿਲਨਾਡੂ ਵਿੱਚ ਬਹੁਤ ਸਾਰੇ ਨੇਤਾ ਹਨ, ਜੋ ਕਰੂਨਾਨਿਧੀ ਨਾਲ ਸਿੱਧੀ ਗੱਲ ਕਰ ਸਕਦੇ ਹਨ। ਸਭ ਤੋਂ ਵੱਡੀ ਸਮੱਸਿਆ ਅਝਾਗਿਰੀ ਦੇ ਸਮਰਥਕ ਹਨ, ਜੋ ਮਾਰਨ ਨੂੰ ਕੈਬਨਿਟ ਵਿੱਚ ਲਏ ਜਾਣ ਦੇ ਖਿਲਾਫ਼ ਹਨ ਅਤੇ ਝਾਗਿਰੀ ਨੂੰ ਰਾਜ ਮੰਤਰੀ ਦਾ ਦਰਜਾ ਦੇਣ ਤੋਂ ਅਸੰਤੁਸ਼ਟ ਹਨ।

**ਬਰਖਾ**-ਮੈਨੂੰ ਪਤਾ ਹੈ।

**ਨੀਰਾ**-ਕਾਂਗਰਸ ਨੂੰ ਕਰੂਨਾਨਿਧੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਅਸੀਂ ਮਾਰਨ ਬਾਰੇ ਕੁਝ ਨਹੀਂ ਕਿਹਾ।

**ਬਰਖਾ**-ਓ.ਕੇ. ਮੈਨੂੰ ਫੇਰ ਉਨ੍ਹਾਂ ਨਾਲ ਗੱਲ ਕਰਨ ਦਿਓ।

----

**ਬਰਖਾ**-ਹਾਏ ਨੀਰਾ

**ਨੀਰਾ**-ਬਰਖਾ, ਹਾਏ, ਮੈਂ ਉਨ੍ਹਾਂ ਨਾਲ ਫੇਰ ਗੱਲ ਕੀਤੀ ਅਤੇ ਉਹ ਇਹ ਮੰਨ ਰਹੀ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਸੂਚੀ ਨਹੀਂ ਭੇਜਣੀ ਚਾਹੀਦੀ..ਪਰ ਮੁੱਦਾ ਇਹ ਹੈ ਕਿ ਵਿਭਾਗਾਂ ਦੀ ਵੰਡ 'ਤੇ ਕਦੇ ਕੋਈ ਚਰਚਾ ਨਹੀਂ ਹੋਈ।

**ਬਰਖਾ**-ਕੀ ਸੱਚਮੁੱਚ?

**ਨੀਰਾ**-ਬਰਖਾ, ਮੈਨੂੰ ਪਤਾ ਲੱਗਾ ਹੈ ਕਿ ਕਾਂਗਰਸ ਕਿਸੇ ਨਾਲ ਗੱਲ ਕਰ ਰਹੀ ਹੈ ਪਰ ਰੱਬ ਜਾਣੇ ਡੀ.ਐਮ.ਕੇ. ਵਿੱਚ ਇਹ ਕੌਣ ਹੈ।

**ਬਰਖਾ**-ਹਾਂ, ਮਾਰਨ ਹੀ ਹੋਣਾ ਚਾਹੀਦਾ

**ਨੀਰਾ**-ਹਾਂ, ਹੁਣ ਉਨ੍ਹਾਂ ਨੂੰ ਇਹ ਕਰਨ ਦੀ ਲੋੜ ਹੈ ਕਿ ਉਨ੍ਹਾਂ ਨੂੰ ਕਨੀਮੋਝੀ ਨਾਲ ਗੱਲ ਕਰਨੀ ਹੋਵੇਗੀ ਤਾਂ ਕਿ ਉਹ ਆਪਣੇ ਪਿਤਾ ਨਾਲ ਚਰਚਾ ਕਰ ਸਕਣ।

**ਬਰਖਾ**-ਓ.ਕੇ.

**ਨੀਰਾ**-ਉਹ ਕਹਿ ਰਹੀ ਹੈ ਕਿ ਕੋਈ ਸੀਨੀਅਰ ਨੇਤਾ ਜਿਵੇਂ ਗੁਲਾਮ ਨਬੀ ਆਜ਼ਾਦ..ਕਿਉਂਕਿ ਉਨ੍ਹਾਂ ਕੋਲ ਗੱਲਬਾਤ ਦਾ ਅਧਿਕਾਰ ਹੈ।

**ਬਰਖਾ**-ਠੀਕ ਹੈ। ਮੈਂ ਆਰ.ਸੀ.ਆਰ. (ਪ੍ਰਧਾਨ ਮੰਤਰੀ) ਤੋਂ ਨਿਕਲ ਕੇ ਹੀ ਆਜ਼ਾਦ ਨਾਲ ਗੱਲ ਕਰਾਂਗੀ।

**ਬਰਖਾ**-ਦੇਖੋ, ਕੀ ਹੋਇਆ ਕਿ ਕਾਂਗਰਸ ਵਿੱਚ ਸਾਰੇ ਸਹੁੰ ਚੁੱਕ ਸਮਾਰੋਹ ਵਿੱਚ ਰੁਝੇ ਸਨ। ਤਾਂ ਮੈਂ ਕਿਸੇ ਨਾਲ ਗੱਲ ਨਹੀਂ ਕਰ ਸਕੀ। ਹੁਣ ਸਭ ਖਤਮ ਹੋ ਗਿਆ ਹੈ ਤਾਂ ਮੈਂ ਫੋਨ ਕਰਦੀ ਹਾਂ।

**ਨੀਰਾ**-ਕਨੀਮੋਝੀ ਹਾਲੇ ਚੇਨਈ ਪੁੱਜੀ ਹੈ। ਮੇਰੀ ਹੁਣੇ ਗੱਲ ਹੋਈ ਹੈ।

**ਬਰਖਾ**-ਦਯਾ ਕਿੱਥੇ ਹੈ? ਕਿਥੇ ਹੈ ਮਾਰਨ?

**ਨੀਰਾ**-ਦਯਾ ਸਹੁੰਚ ਚੁੱਕ ਸਮਾਰੋਹ ਵਿੱਚ ਨਹੀਂ ਆਇਆ ਕਿਉਂਕਿ ਉਸ ਨੂੰ ਵਾਪਸ ਸੱਦ ਲਿਆ ਗਿਆ। ਉਹ ਕਰੂਨਾਨਿਧੀ ਨੂੰ ਦੱਸਣ ਗਿਆ ਹੈ ਕਿ ਉਸ ਨੂੰ ਅਹਿਮਦ ਪਟੇਲ ਨੇ ਸਹੁੰ ਚੁੱਕਣ ਲਈ ਸੱਦਿਆ ਸੀ। ਪਰ ਨੇਤਾ (ਕਰੂਨਾਨਿਧੀ) ਕਹਿ ਰਹੇ ਹਨ ਕਿ ਇਸ ਲਈ ਉਸ ਨੂੰ ਕਾਂਗਰਸ ਵਿੱਚ ਸ਼ਾਮਲ ਹੋਣਾ ਪਏਗਾ।

**ਬਰਖਾ**-(ਹੱਸਦੇ ਹੋਏ) ਤਾਂ ਹੁਣ?

**ਨੀਰਾ**-ਤਾਂ ਰਾਜਾ ਹੀ ਬਚਿਆ ਹੈ ਜਿਸ ਨੂੰ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਉਹ 8.40 ਵਜੇ ਦੀ ਫਲਾਈਟ ਤੋਂ ਆ ਰਹੇ ਹਨ।

**ਬਰਖਾ**-ਓ.ਕੇ.

### ਐਨ.ਡੀ.ਟੀ.ਵੀ. 'ਤੇ ਬਰਖਾ ਦੱਤ ਦਾ ਬਿਆਨ

## ਇਹ ਝੂਠ ਤਾਂ ਮੈਂ ਰਾਡੀਆ ਦਾ ਭਰੋਸਾ ਜਿੱਤਣ ਲਈ ਬੋਲਿਆ ਸੀ

ਦਿਲੀਪ ਪਡਗਾਉਂਕਰ (ਟਾਈਮਜ਼ ਆਫ ਇੰਡੀਆ ਦੇ ਸਾਬਕਾ ਸੰਪਾਦਕ) ਨੇ ਪੁੱਛਿਆ-ਜਦੋਂ ਡੀ.ਐਮ.ਕੇ ਅਤੇ ਕਾਂਗਰਸ ਮੰਤਰੀ ਮੰਡਲ ਗਠਨ 'ਤੇ ਪਹਿਲਾਂ ਹੀ ਗੱਲਬਾਤ ਕਰ ਰਹੇ ਸਨ, ਤਾਂ ਤੁਹਾਨੂੰ ਵਿਚੋਲਾ ਬਣਨ ਦੀ ਕੀ ਲੋੜ ਸੀ?

ਬਰਖਾ-ਇਕ ਪੱਤਰਕਾਰ ਦੀ ਹੈਸੀਅਤ ਨਾਲ ਮੈਂ ਤਾਂ ਸਿਰਫ ਹੋਰ ਜਾਣਕਾਰੀ ਹਾਸਲ ਕਰਨ ਲਈ ਰਾਡੀਆ ਨਾਲ ਗੱਲਬਾਤ ਕਰ ਰਹੀ ਸੀ।

ਸੰਜੇ ਬਾਰੂ (ਬਿਜਨਸ ਸਟੈਂਡਰਡ ਦੇ ਸੰਪਾਦਕ) ਤੁਸੀਂ ਖੁਦ ਕਿਹਾ ਕਿ ਤੁਸੀਂ ਰਾਡੀਆ ਦਾ ਸੰਦੇਸ਼ ਅਹਿਮਦ ਪਟੇਲ ਤੱਕ ਪਹੁੰਚਾ ਦਿਓਗੇ?

ਬਰਖਾ-ਉਹ ਤਾਂ ਮੈਂ ਉਨ੍ਹਾਂ ਦਾ ਵਿਸ਼ਵਾਸ ਜਿੱਤਣ ਲਈ ਝੂਠਾ ਵਾਅਦਾ ਕੀਤਾ ਸੀ।

ਸੰਜੇ ਬਾਰੂ-ਤੁਸੀਂ ਇਹ ਵੀ ਕਿਹਾ ਕਿ ਤੁਸੀਂ ਰਾਜਾ ਬਾਰੇ ਗੁਲਾਮ ਨਬੀ ਨਾਲ ਗੱਲਬਾਤ ਕਰ ਲਈ ਹੈ?

ਬਰਖਾ-ਮੈਂ ਝੂਠ ਬੋਲਿਆ ਸੀ।

ਮਨੂ ਜੋਸੇਫ (ਓਪਨ ਮੈਗਜ਼ੀਨ ਦੇ ਸੰਪਾਦਕ) ਸਰਕਾਰ ਦੇ ਗਠਨ ਵਿੱਚ ਕਾਰਪੋਰੇਟ ਪੀ.ਆਰ. ਦਾ ਦੋ ਪਾਰਟੀਆਂ ਨਾਲ ਗੱਲਬਾਤ ਕਰਨਾ ਕੀ ਦਹਾਕੇ ਦੀ ਸਭ ਤੋਂ ਸਨਸਨੀਖੇਜ਼ ਖਬਰ ਨਹੀਂ ਸੀ? ਤੁਸੀਂ ਇਸ ਨੂੰ ਰਿਪੋਰਟ ਕਿਉਂ ਨਹੀਂ ਕੀਤਾ?

ਬਰਖਾ-ਹਾਂ, ਮੈਂ ਸਹੀ ਫੈਸਲਾ ਨਹੀਂ ਲੈ ਸਕੀ। ਪਰ ਇਸ ਨਾਲ ਇਹ ਸਿੱਧ ਹੁੰਦਾ ਹੈ ਕਿ ਮੈਂ ਕਿਸੇ ਵੀ ਤਰ੍ਹਾਂ ਸੱਤਾ ਦੀ ਦਲਾਲੀ ਜਾਂ ਭ੍ਰਿਸ਼ਟਾਚਾਰ ਨਹੀਂ ਕੀਤਾ।

# ਸੱਤਾ ਦੀ ਸਭ ਤੋਂ ਵੱਡੀ ਦਲਾਲੀ ਦੀ ਕਹਾਣੀ

## ਮੈਂ ਦੋਵੇਂ ਭਰਾਵਾਂ ਨਾਲ ਗੱਲਬਾਤ ਦੀ ਕੋਸ਼ਿਸ਼ ਕੀਤੀ ਸੀ-ਪ੍ਰਭੂ ਚਾਵਲਾ

**ਪ੍ਰਭੂ ਚਾਵਲਾ**-ਸੰਪਾਦਕ , ਭਾਸ਼ਾਈ ਪ੍ਰਕਾਸ਼ਨ, ਇੰਡੀਆ ਟੂਡੇ

**ਨੀਰਾ**-ਹਾਏ ਪ੍ਰਭੂ!

**ਪ੍ਰਭੂ**-ਹਾਂ ਬਤਾਓ

**ਨੀਰਾ**-ਕੁਝ ਨਹੀਂ, ਮੈਂ ਸਿਰਫ ਤੁਹਾਡੇ ਤੋਂ ਸਥਿਤੀਆਂ ਸਮਝਣਾ ਚਾਹੁੰਦੀ ਸੀ।

**ਪ੍ਰਭੂ**-ਕਿਸ ਬਾਰੇ?

**ਨੀਰਾ**-ਇਸ ਮਹਾਨ ਇਤਿਹਾਸਕ ਫੈਸਲੇ ਬਾਰੇ ਕੀ ਵਿਚਾਰ ਹੈ?

**ਪ੍ਰਭੂ**-ਕਿਹੜਾ, ਬੰਬੇ ਵਾਲਾ?



**ਨੀਰਾ**-ਜਿਸ ਨੇ ਪਰਿਵਾਰ ਨੂੰ ਦੇਸ਼ ਤੋਂ ਉਪਰ ਖੜਾ ਕਰ ਦਿੱਤਾ।

**ਪ੍ਰਭੂ**-ਦੇਖੋ, ਜਿਥੇ ਦੋਵੇਂ ਭਰਾ (ਮੁਕੇਸ਼ ਅਨਿਲ ਅੰਬਾਨੀ) ਸ਼ਾਮਲ ਹੋਣਗੇ, ਉਥੇ ਦੇਸ਼ ਨੂੰ ਵੀ ਸ਼ਾਮਲ ਹੋਣਾ ਪਏਗਾ।

**ਨੀਰਾ**-ਸ਼ਾਇਦ ਇਹ ਦੇਸ਼ ਲਈ ਚੰਗਾ ਨਹੀਂ ਹੋਵੇਗਾ।

**ਪ੍ਰਭੂ**-ਪਰ ਦੋਵੇਂ ਭਰਾ ਇਕ-ਦੂਜੇ ਨਾਲ ਗੱਲ ਨਹੀਂ ਕਰਦੇ। ਅਜਿਹਾ ਕੋਈ ਹੈ ਵੀ ਨਹੀਂ ਜੋ ਦੋਵਾਂ ਨੂੰ ਗੱਲ ਕਰਨ ਲਈ ਮਜਬੂਰ ਕਰ ਦੇਵੇ।

**ਨੀਰਾ**-ਇਹ ਤਾਂ ਹੋਵੇਗਾ ਨਹੀਂ, ਪ੍ਰਭੂ ਤੁਸੀਂ ਵੀ ਜਾਣਦੇ ਹੋ।

**ਪ੍ਰਭੂ**-ਮੈਂ ਕੋਸ਼ਿਸ਼ ਕੀਤੀ ਸੀ, ਨਹੀਂ ਹੋਇਆ। ਉਹ (ਮੁਕੇਸ਼ ਅੰਬਾਨੀ) ਕਦੇ ਜਵਾਬ ਨਹੀਂ ਦਿੰਦਾ। ਇਸ ਲਈ ਮੈਂ ਉਸ ਨੂੰ ਫੋਨ ਕਰਨਾ ਬੰਦ ਕਰ ਦਿੱਤਾ ਹੈ। ਉਸ ਨੂੰ ਮੈਂ 15-20 ਦਿਨ ਪਹਿਲਾਂ ਸੁਨੇਹਾ ਭੇਜਿਆ ਸੀ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਸ ਤੋਂ ਬਾਅਦ ਮੈਂ ਸੁਨੇਹਾ ਨਹੀਂ ਭੇਜਿਆ ਸੀ। ਫੈਸਲਾ ਆਉਣ ਤੋਂ ਪਹਿਲਾਂ ਮੈਂ ਉਸ ਬਾਰੇ ਪਤਾ ਕਰਨਾ ਚਾਹੁੰਦਾ ਸੀ।

**ਨੀਰਾ**-ਹਾਂ, ਪਰ ਏਨਾ ਘੁੰਮਡੀ ਹੈ ਨਾ, ਉਸ ਨਾਲ ਕੀ ਕਰੀਏ? ਦੋਵੇਂ ਭਰਾਵਾਂ ਨੂੰ ਮੈਂ ਸਮਝ ਨਹੀਂ ਸਕਦੀ।

**ਨੀਰਾ**-ਪ੍ਰਭੂ ਮੈਨੂੰ ਇਕ ਗੱਲ ਦੱਸੋ। ਫੈਸਲਾ ਫਿਕਸ ਹੈ ਨਾ?

**ਪ੍ਰਭੂ**-ਦੇਖੋ, ਇਸ ਦੇਸ਼ ਵਿੱਚ, ਦੋਵਾਂ ਕੋਲ ਫਿਕਸ ਕਰਨ ਦੀ ਸਮਰਥਾ ਹੈ। ਛੋਟਾ ਭਰਾ ਪੈਸੇ ਘਟ ਖਰਚ ਕਰਦਾ ਹੈ, ਕੰਜੂਸ ਹੈ ਸਭ ਤੋਂ ਵੱਡਾ। ਪਰ ਉਹ ਵੱਡੇ ਭਰਾ ਦੇ ਮੁਕਾਬਲੇ ਜ਼ਿਆਦਾ ਮੋਬਾਈਲ ਹੈ। ਵੱਡਾ ਭਰਾ ਤਾਂ ਧੀਰੂਭਾਈ ਦੀ ਤੈਅ ਕੀਤੀ ਹੋਈ ਸੀਮਾ ਤੋਂ ਅੱਗੇ ਨਹੀਂ ਜਾਣਾ ਚਾਹੁੰਦਾ। ਉਹ ਉਨ੍ਹਾਂ ਲੋਕਾਂ 'ਤੇ ਨਿਰਭਰ ਹੈ ਜਿਨ੍ਹਾਂ ਨੂੰ ਧੀਰੂਭਾਈ ਨੇ ਬਣਾਇਆ। ਉਹ ਹੁਣ ਕਿਸੇ ਕੰਮ ਦੇ ਨਹੀਂ ਹਨ। ਅਨਿਲ ਨੇ ਨਵੇਂ ਸੂਤਰ ਬਣਾਏ ਹਨ, ਨਵੇਂ ਸੰਪਰਕ, ਨਵੀਂ ਸੋਚ ਵਿਕਸਤ ਕੀਤੀ ਹੈ। ਜੇਕਰ ਉਸ ਨੂੰ ਕੁਝ..ਕਿਉਂਕਿ ਅੱਜ ਕਲ੍ਹ ਸਭ ਫਿਕਸ ਹੋ ਜਾਂਦਾ ਹੈ। ਜੇਕਰ ਸੁਪਰੀਮ ਕੋਰਟ ਵਿੱਚ ਉਲਟ-ਫੇਰ ਹੋ ਗਿਆ ਤਾਂ ਉਹ ਸਾਲਾਂ ਲਈ ਬਰਬਾਦ ਹੋ ਜਾਏਗਾ। ਜੇਕਰ ਉਸ ਦੇ ਪੱਖ ਵਿੱਚ ਫੈਸਲਾ ਨਹੀਂ ਆਇਆ ਤਾਂ? ਫੇਰ ਤਾਂ ਉਹ ਖਤਮ ਨਾ?

**ਨੀਰਾ**-ਕੋਰਟ ਦੇ ਹੁਕਮ 328 ਪੰਨਿਆਂ ਵਿੱਚ, ਮੈਂ ਤੁਹਾਨੂੰ ਦੇ ਸਕਦੀ ਹਾਂ। ਮੈਂ ਦੱਸਾਂ ਡੂਅਲ ਟੈਕਨਾਲੋਜੀ ਮਾਮਲੇ ਵਿੱਚ ਜੋ ਵਾਹਨਵਤੀ ਨੇ ਕਰਵਾਇਆ, ਰਾਜਾ ਨੇ ਡਾ. ਸ਼ਰਮਾ ਨੂੰ ਟਰਾਈ ਦਾ ਚੇਅਰਮੈਨ ਬਣਾਇਆ। ਮੈਂ ਗਰੰਟੀ ਦਿੰਦੀ ਹਾਂ, ਉਸ ਵਿੱਚ ਉਹ ਪੈਨ ਡਰਾਈਵ ਵਰਤੀ ਗਈ ਹੋਵੇਗੀ।

**ਪ੍ਰਭੂ**-ਜਿਸ ਤਰ੍ਹਾਂ ਉਹ (ਮੁਕੇਸ਼) ਸੁਪਰੀਮ ਕੋਰਟ ਜਾ ਰਿਹਾ ਹੈ, ਇਸ ਤੋਂ ਜ਼ਿਆਦਾ ਕੁਝ ਨਹੀਂ ਦੱਸ ਸਕਦਾ। ਜਿਨ੍ਹਾਂ ਲੋਕਾਂ ਨੂੰ ਉਹ ਇਸ ਕੰਮ ਵਿੱਚ ਵਰਤ ਰਿਹਾ ਹੈ, ਉਹ ਭਰੋਸੇ ਦੇ ਕਾਬਲ ਨਹੀਂ ਹਨ।

**ਨੀਰਾ**-ਅਨਿਲ ਆਪਣਾ ਲੱਗਿਆ ਹੋਵੇਗਾ, ਆਪਣੇ ਲੋਕਾਂ ਜ਼ਰੀਏ, ਡੀ.ਐਮ.ਕੇ. ਦੇ ਜ਼ਰੀਏ, ਆਪਣੇ ਚੀਫ ਜਸਟਿਸ ਦੇ ਨਾਲ।

**ਪ੍ਰਭੂ**-ਨਹੀਂ, ਚੀਫ ਜਸਟਿਸ ਕੇਰਲ ਦਾ ਹੈ। ਮੁਕੇਸ਼ ਜਿਸ ਢੰਗ ਨਾਲ ਚੱਲ ਰਿਹਾ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਸਹੀ ਨਹੀਂ ਹੈ।

**ਨੀਰਾ**-ਮੈਂ ਗੱਲ ਕਰਾਂਗੀ ਥੋੜ੍ਹੀ ਦੇਰ ਵਿੱਚ, ਮੈਂ ਕਹਾਂਗੀ ਕਿ ਉਹ (ਮੁਕੇਸ਼ ਅੰਬਾਨੀ) ਤੁਹਾਡੇ ਨਾਲ ਗੱਲ ਕਰਨ।

**ਪ੍ਰਭੂ**-ਮੈਂ ਉਸ ਨੂੰ ਮੈਸੇਜ ਭੇਜਿਆ ਸੀ। ਦਸ ਵਾਰ ਮੈਸੇਜ ਭੇਜਿਆ, ਉਸ ਨੇ ਜਵਾਬ ਨਹੀਂ ਦਿੱਤਾ। ਮੈਂ ਇਸ ਮਾਮਲੇ ਵਿੱਚ ਪੈਣਾ ਨਹੀਂ ਚਾਹੁੰਦਾ..ਕਿਉਂਕਿ ਮੇਰਾ ਬੇਟਾ ਅਨਿਲ ਨਾਲ ਕੰਮ ਕਰਦਾ ਹੈ। ਮੈਂ ਉਸ ਨਾਲ ਕੋਈ ਵੀ ਗੱਲ ਨਹੀਂ ਕਰਨਾ ਚਾਹੁੰਦਾ। ਪਰ ਸੁਣ ਤਾਂ ਲੈਂਦਾ ਹਾਂ, ਇਧਰੋਂ-ਉਧਰੋਂ ਪਾਲੀਟੀਕਲ ਲੋਕਾਂ ਤੋਂ। ਪਰ ਉਹ ਉਸ ਲਈ ਨਹੀਂ ਖੜਾ ਹੋ ਰਿਹਾ ਹੈ। ਮੇਰਾ ਬੇਟਾ ਇਸ ਕੇਸ ਵਿੱਚ ਸ਼ਾਮਲ ਹੈ। ਉਹ ਇਸ ਕੇਸ ਵਿੱਚ ਮੇਰੇ ਬੇਟੇ 'ਤੇ ਭਰੋਸਾ ਨਹੀਂ ਕਰਦਾ। ਅਨਿਲ ਨੂੰ ਮੇਰੇ ਬੇਟੇ 'ਤੇ ਭਰੋਸਾ ਨਹੀਂ ਹੈ।

**ਨੀਰਾ**-ਤੁਹਾਡਾ ਬੇਟਾ ਕਿਸ ਨਾਲ ਹੈ?

**ਪ੍ਰਭੂ**-ਉਹ ਅਨਿਲ ਲਈ ਕੰਮ ਕਰਦਾ ਹੈ। ਉਸ ਦੀ ਆਪਣੀ ਵਕਾਲਤ ਕੰਪਨੀ ਹੈ। ਉਹ ਕਈ ਲੋਕਾਂ ਲਈ ਕੰਮ ਕਰਦਾ ਹੈ। ਅਨਿਲ ਦੀ ਮੋਬਾਈਲ ਕੰਪਨੀ ਨੇ ਉਸ ਨੂੰ ਕੰਮ ਦਿੱਤਾ ਸੀ। ਇਸ ਕੇਸ ਵਿੱਚ ਉਹ ਉਸ ਦੇ ਨਾਲ ਨਹੀਂ ਹੈ। ਪਰ ਇਧਰ-ਉਧਰ ਤੋਂ ਚੀਜ਼ਾਂ ਫੜ ਹੀ ਲਈਦੀਆਂ ਹਨ ਸਭ। ਮੇਰੇ ਕੋਲ ਜੋ ਜਾਣਕਾਰੀ ਹੈ, ਉਹ ਕਾਨੂੰਨੀ ਖੇਤਰ ਦੇ ਸੂਤਰਾਂ ਤੋਂ ਮਿਲੀ ਹੈ। ਇਕ ਵਾਰ ਜਦੋਂ ਤੂੰ ਦੱਸੇਂਗੀ ਕਿ ਪ੍ਰਭੂ, ਲੰਡਨ ਦੇ ਲੋਕਾਂ ਨਾਲ ਮਿਲੀ ਜਾਣਕਾਰੀ ਦੇ ਆਧਾਰ 'ਤੇ ਤੁਹਾਡੇ ਬਾਰੇ ਵਿੱਚ ਕੁਝ ਕਹਿ ਰਹੇ ਸਨ ਤਾਂ ਉਹ ਸਮਝ ਜਾਏਗਾ।

**ਨੀਰਾ**-ਉਨ੍ਹਾਂ ਨੂੰ ਦੱਸਾਂਗੀ।

**ਪ੍ਰਭੂ**-ਛੋਟਾ ਭਰਾ ਬੜਾ ਹਰਾਮੀ ਹੈ।

**ਨੀਰਾ**-ਹਰਾਮੀ ਤਾਂ ਹੈ ਪਰ ਹਰ ਵਕਤ ਹਰਾਮੀਪੁਣਾ ਨਹੀਂ ਚੱਲਣਾ ਨਾ?

### ਹੈਡਲਾਈਨਜ਼ ਟੂਡੇ 'ਤੇ ਪ੍ਰਭੂ ਚਾਵਲਾ ਦੀ ਸਫਾਈ

### ਮੈਂ ਮੁਕੇਸ਼ ਅੰਬਾਨੀ ਨੂੰ ਵੈਸੇ ਹੀ ਸਲਾਹ ਦੇ ਰਿਹਾ ਸੀ ਜਿਵੇਂ 'ਦਿ ਹਿੰਦੂ' ਦੇ ਸੰਪਾਦਕ ਸ੍ਰੀਲੰਕਾ ਸਰਕਾਰ ਨੂੰ ਦਿੰਦੇ ਹਨ

**ਹਰਤੋਸ਼ ਸਿੰਘ ਬਲ** (ਓਪਨ ਮੈਗਜ਼ੀਨ ਦੇ ਸਿਆਸੀ ਸੰਪਾਦਕ)-ਤੁਸੀਂ ਮੁਕੇਸ਼ ਅੰਬਾਨੀ ਨੂੰ ਗੈਸ ਦੀ ਵੰਡ 'ਤੇ ਫੈਸਲੇ ਬਾਰੇ ਚਿਤਾਵਨੀ ਕਿਉਂ ਦੇਣਾ ਚਾਹੁੰਦੇ ਸੀ?

**ਚਾਵਲਾ**-ਨਹੀਂ, ਮੈਂ ਤਾਂ ਇਸ ਬਾਰੇ ਸਿਰਫ਼ ਉਨ੍ਹਾਂ ਨਾਲ ਗੱਲ ਕਰਕੇ ਜਾਣਕਾਰੀ ਲੈਣਾ ਚਾਹੁੰਦਾ ਸੀ।

**ਬਲ**-ਤੁਸੀ ਟੇਪ ਦੀ ਸਕ੍ਰਿਪਟ ਵਿੱਚ ਬਦਲਾਅ ਕਰ ਦਿੱਤਾ ਹੈ। ਟੇਪ ਵਿੱਚ ਚਿਤਾਵਨੀ ਸ਼ਬਦ ਹੈ ਜਦਕਿ ਤੁਸੀਂ ਸਕ੍ਰਿਪਟ ਵਿੱਚ ਉਸ ਨੂੰ ਬਦਲ ਕੇ ਡੂੰਘਾਈ ਨਾਲ ਗੱਲ ਕਰਨਾ (ਪ੍ਰੋਬ) ਕਰ ਦਿੱਤਾ?

**ਚਾਵਲਾ**-ਨਹੀਂ ਤੁਹਾਡਾ ਦੋਸ਼ ਸਰਾਸਰ ਬੇਬੁਨਿਆਦ ਹੈ। ਮੈਂ ਚਿਤਾਵਨੀ ਸ਼ਬਦ ਦਾ ਪ੍ਰਯੋਗ ਹੀ ਨਹੀਂ ਕੀਤਾ।

ਐਮ.ਜੇ. ਅਕਬਰ (ਇੰਡੀਆ ਟੂਡੇ ਦੇ ਸੰਪਾਦਕੀ ਨਿਰਦੇਸ਼ਕ)-ਪਰ ਤੁਸੀਂ ਮੁਕੇਸ਼ ਅੰਬਾਨੀ ਨੂੰ ਬਿਨਾਂ ਮੰਗੇ ਸਲਾਹ ਕਿਉਂ ਦੇਣਾ ਚਾਹੁੰਦੇ ਸੀ?

**ਚਾਵਲਾ**-ਮੇਰਾ ਮੰਨਣਾ ਹੈ ਕਿ ਮੁਕੇਸ਼ ਅਤੇ ਅਨਿਲ ਦੇ ਝਗੜੇ ਨਾਲ ਪੂਰਾ ਦੇਸ਼ ਪ੍ਰਭਾਵਤ ਹੋ ਰਿਹਾ ਸੀ। ਇਸ ਲਈ ਮੈਂ ਉਨ੍ਹਾਂ ਦੋਵਾਂ ਨੂੰ ਹੀ ਸਲਾਹ ਦੇਣਾ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਦੇਸ਼ ਹਿੱਤ ਵਿੱਚ ਸਮਝੌਤਾ ਕਰ ਲੈਣ ਵਿੱਚ ਕੋਈ ਹਰਜ਼ ਨਹੀਂ ਹੈ। ਇਸ ਵਿੱਚ ਕੁਝ ਵੀ ਗਲਤ ਨਹੀਂ ਹੈ।

ਵੈਸੇ ਵੀ ਮੈਂ ਆਪਣੇ ਵਿਚਾਰਾਂ ਨੂੰ ਲੈ ਕੇ ਆਪਣੇ ਦਰਸ਼ਕਾਂ ਅਤੇ ਪਾਠਕਾਂ ਤੋਂ ਇਲਾਵਾ ਹੋਰ ਕਿਸੇ ਪ੍ਰਤੀ ਜੁਆਬਦੇਹ ਨਹੀਂ ਹਾਂ। ਸਾਰੇ ਸੰਪਾਦਕ ਆਪਣੇ ਕਾਲਮ ਵਿੱਚ ਸਲਾਹ ਦਿੰਦੇ ਹਨ। ਮੈਂ ਤਾਂ ਵੈਸੇ ਹੀ ਸਲਾਹ ਦੇ ਰਿਹਾ ਸੀ ਜਿਵੇਂ ਐਨ.ਰਾਮ ਸ੍ਰੀਲੰਕਾ ਦੀ ਸਰਕਾਰ ਨੂੰ ਦਿੰਦੇ ਹਨ।

ਐਨ.ਰਾਮ (ਦਿ ਹਿੰਦੂ ਦੇ ਸੰਪਾਦਕ)-ਮੈਨੂੰ ਭਰੋਸਾ ਹੈ ਕਿ ਪ੍ਰਭੂ ਚਾਵਲਾ ਨੇ ਕੁਝ ਵੀ ਗਲਤ ਨਹੀਂ ਕੀਤਾ। ਬਲਕਿ ਉਨ੍ਹਾਂ ਨੂੰ ਤਾਂ ਸਫਾਈ ਦੇਣ ਲਈ ਰੱਖੇ ਇਸ ਪ੍ਰੋਗਰਾਮ ਵਿੱਚ ਬੁਲਾਇਆ ਹੀ ਨਹੀਂ ਜਾਣਾ ਚਾਹੀਦਾ ਸੀ।

## ਪੰਜ ਏਕੜ ਜ਼ਮੀਨ ਦਿਆਂਗੀ

**ਤਰੁਣ ਦਾਸ ਨਾਲ ਫੋਨ ਵਾਰਤਾ**

**ਤਰੁਣ ਦਾਸ**-ਸੀ.ਆਈ.ਆਈ. ਦੇ ਸਾਬਕਾ ਮੁਖੀ

**ਨੀਰਾ ਰਾਡੀਆ**-ਤਰੁਣ, ਇਹ ਵਿਅਕਤੀ ਦੁਪਹਿਰ ਨੂੰ ਉਥੇ ਨਹੀਂ ਮਿਲਿਆ। ਉਸ ਨੇ ਚੰਡੀਗੜ੍ਹ ਜਾਣਾ ਸੀ।

**ਤਰੁਣ ਦਾਸ**-ਨਹੀਂ, ਕੋਈ ਗੱਲ ਨਹੀਂ।

**ਨੀਰਾ**-ਤਾਂ ਉਹ ਕਹਿ ਰਿਹਾ ਹੈ ਕਿ ਸ਼ੁਕਰਵਾਰ ਨੂੰ ਕੰਮ ਹੋ ਜਾਵੇਗਾ।

**ਤਰੁਣ**-ਜੇਕਰ ਸਾਰੀਆਂ ਚੀਜ਼ਾਂ ਹੋ ਜਾਂਦੀਆਂ ਹਨ, ਤਾਂ ਡੀਲ ਕੀ ਹੋਵੇਗੀ?

**ਨੀਰਾ**-ਹਮਮਮ..ਜ਼ਮੀਨ?

**ਤਰੁਣ**-ਓ.ਕੇ.

ਨੀਰਾ-ਤੁਹਾਡੇ ਲਈ ਪੰਜ ਏਕੜ ਦਾ ਇੰਤਜ਼ਾਮ ਮੇਰੀ ਜ਼ਿੰਮੇਵਾਰੀ ਹੈ।

**ਤਰੁਣ**-ਓ.ਕੇ.

**ਤਰੁਣ**-ਮੈਂ ਹੁਣੇ ਹੁਣੇ ਮੁੰਬਈ ਪੁੱਜਾ ਹਾਂ।

**ਨੀਰਾ**-ਮੁਕੇਸ਼ (ਅੰਬਾਨੀ) ਤੁਹਾਡਾ ਚਾਰ ਵਜੇ ਇੰਤਜ਼ਾਰ ਕਰ ਰਹੇ ਹਨ?

**ਤਰੁਣ**-ਰਤਨ (ਟਾਟਾ) ਨਾਲ ਡਿਨਰ ਹੈ।

**ਨੀਰਾ**-ਓਹ, ਚੰਗਾ। ਕੀ ਤੁਸੀਂ ਉਨ੍ਹਾਂ ਨੂੰ ਦੱਸੋਗੇ ਕਿ ਤੁਹਾਡੀ ਮੁਕੇਸ਼ ਨਾਲ ਮੁਲਾਕਾਤ ਹੋਈ?

**ਤਰੁਣ**-ਮੈਨੂੰ ਦੱਸਣਾ ਪਏਗਾ। ਮੈਂ ਤੁਹਾਨੂੰ ਸਭ ਕੁਝ ਦੱਸਾਂਗਾ।

**ਨੀਰਾ**-ਟੈਲੀਕਾਮ ਦੀ ਲੜਾਈ ਫੇਰ ਸ਼ੁਰੂ ਹੋ ਗਈ ਹੈ। ਮੈਂ ਸੁਨੀਲ ਨਾਲ ਪਿਛਲੇ ਹਫ਼ਤੇ ਮੁਲਾਕਾਤ ਕੀਤੀ ਹੈ।

**ਤਰੁਣ**-ਕੀ ਇਕੱਲੇ ਜਾਂ ਹੋਰ ਵੀ ਲੋਕ ਨਾਲ ਸਨ?

**ਨੀਰਾ**-ਨਹੀਂ, ਇਕੱਲੇ। ਸੁਨੀਲ ਮਿੱਤਲ। ਸਿਰਫ਼ ਇਹ ਸਮਝਣ ਲਈ ਕਿ ਅਸੀਂ ਕਿਥੇ ਹਾਂ ਅਤੇ ਕੀ ਕਰ ਸਕਦੇ ਹਾਂ..ਰਤਨ ਹਾਲੇ ਵੀ ਉਨ੍ਹਾਂ ਉਪਰ ਯਕੀਨ ਨਹੀਂ ਕਰਦੇ। ਉਹ ਤੁਹਾਡੇ ਨਾਲ ਮਿਲ ਕੇ ਕੁਝ ਵੀ ਨਹੀਂ ਕਰਨਾ ਚਾਹੁੰਦੇ। ਪਰ ਉਹ ਨਹੀਂ ਸਮਝਦੇ ਕਿ ਇਸ ਵਕਤ ਸਾਨੂੰ ਇਕ-ਦੂਜੇ ਦੀ ਮਦਦ ਦੀ ਲੋੜ ਹੈ। ਇਹ ਗੱਲ ਮੈਂ ਸੁਨੀਲ ਨੂੰ ਵੀ ਕਹੀ ਹੈ। ਮੈਂ ਕਿਹਾ ਕਿ ਉਹ ਰਾਜਾ ਨਾਲ ਅੱਖੜ ਤਰੀਕੇ ਨਾਲ ਪੇਸ਼ ਨਾ ਆਏ। ਇਹੀ ਗੱਲ ਰਤਨ 'ਤੇ ਵੀ ਲਾਗੂ ਹੁੰਦੀ ਹੈ। ਉਹ ਸੁਨੀਲ ਨਾਲ ਹੈਲੋ-ਹਾਏ ਵੀ ਨਹੀਂ ਕਰ ਸਕਦੇ, ਯੂ ਨੋ। ਉਨ੍ਹਾਂ ਨੂੰ ਸੁਨੀਲ ਨੂੰ ਉਨ੍ਹਾਂ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦਾ ਸਿਹਰਾ ਦੇਣਾ ਹੀ ਚਾਹੀਦਾ ਹੈ।

**ਤਰੁਣ**-ਤੁਸੀਂ ਸੁਨੀਲ ਨੂੰ ਕਿਵੇਂ ਲੱਭਿਆ? ਤੁਹਾਨੂੰ ਇਸ ਦਾ ਖਿਆਲ ਕਿਵੇਂ ਆਇਆ?

**ਨੀਰਾ**-ਗੁੱਡ, ਗੁੱਡ, ਗੁੱਡ! ਮੈਂ ਹਾਲੇ ਵੀ ਉਥੇ..ਭਰੋਸੇ ਕਾਰਨ ਹਾਂ। ਉਨ੍ਹਾਂ ਨੇ ਭਰੋਸਾ ਕਾਇਮ ਕਰਨਾ ਹੈ, ਯੂ ਨੋ।

**ਤਰੁਣ**-ਮੁਲਾਕਾਤ ਦਫ਼ਤਰ, ਘਰ ਜਾਂ ਕਿਥੇ ਹੋਈ?

**ਨੀਰਾ**-ਉਨ੍ਹਾਂ ਦੇ ਘਰ। ਹਾਂ। ਦਫ਼ਤਰ ਮਿਲਣ ਤੋਂ ਮੈਂ ਇਨਕਾਰ ਕਰ ਦਿੱਤਾ ਸੀ। ਮੈਂ ਕਿਹਾ, 'ਮੈਂ ਤੁਹਾਡੇ ਲਈ ਕੰਮ ਨਹੀਂ ਕਰ ਸਕਦੀ, ਕਿਉਂਕਿ ਤੁਸੀਂ ਰਤਨ ਦੇ ਵਿਚਾਰਾਂ ਨੂੰ ਜਾਣਦੇ ਹੋ।

## ਮੈਂ ਸੋਨੀਆ ਨੂੰ ਮਿਲਣ ਵਾਲਾ ਸੀ ਪਰ ਇਥੇ ਫਸ ਗਿਆ-ਵੀਰ ਸੰਘਵੀ

**ਵੀਰ ਸੰਘਵੀ-ਐਡਵਾਈਜ਼ਰ, ਹਿੰਦੂਸਤਾਨ ਟਾਈਮਜ਼**



**ਵੀਰ ਸੰਘਵੀ**-ਤੁਹਾਨੂੰ ਪਤਾ ਹੈ, ਮਾਰਨ ਨੇ ਸੋਨੀਆ ਨਾਲ ਮੁਲਾਕਾਤ ਨਹੀਂ ਕੀਤੀ।

**ਨੀਰਾ**-ਉਹ ਨਹੀਂ ਮਿਲੇ

**ਵੀਰ**-ਉਹ ਸੋਨੀਆ ਨੂੰ ਨਹੀਂ ਮਿਲਣਗੇ। ਉਹ ਉਥੇ ਸੀ। ਉਹ ਕਹਿੰਦੇ ਹਨ ਕਿ ਸਾਨੂੰ ਅਧਿਕਾਰਤ ਬੁਲਾਰੇ ਵਜੋਂ ਨਹੀਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਨੇ ਥੋੜ੍ਹੀ ਦੇਰ ਪਹਿਲਾਂ ਹੀ ਫੋਨ ਕੀਤਾ ਸੀ। ਮੈਂ ਤੁਹਾਡਾ ਮੈਸੇਜ ਦੇਖਿਆ। ਉਹ ਹਰ ਅੱਧੇ ਘੰਟੇ ਵਿੱਚ ਗੁਲਾਮ ਨਬੀ ਆਜ਼ਾਦ ਨੂੰ ਫੋਨ ਕਰਕੇ ਨਵੀਂ ਮੰਗਾਂ ਪੇਸ਼ ਕਰ ਰਹੇ ਹਨ।

**ਨੀਰਾ**-ਹਮਮਮਮ

**ਵੀਰ**-ਤਾਂ ਉਨ੍ਹਾਂ ਨੇ ਕਿਹਾ ਕਿ ਉਹ ਦੋ ਦਿਨ ਉਡੀਕ ਕਰਨਗੇ। ਮਾਰਨ, ਗੁਲਾਮ ਨਬੀ ਆਜ਼ਾਦ ਨੂੰ ਲਗਾਤਾਰ ਫੋਨ ਕਰ ਰਹੇ ਹਨ, ਸਾਡੇ ਨਾਲ ਗੱਲ ਕਰੋ, ਸਾਡੇ ਨਾਲ ਗੱਲ।

**ਨੀਰਾ**-ਕਾਫੀ ਦਿਲਚਸਪ ਹੈ। ਮੈਨੂੰ ਗੁਲਾਮ ਨਬੀ ਨਾਲ ਗੱਲ ਕਰਕੇ ਕਾਫੀ ਚੰਗਾ ਲੱਗੇਗਾ ਅਤੇ ਤੁਹਾਨੂੰ?

**ਵੀਰ**-ਮੈਂ ਅਹਿਮਦ (ਪਟੇਲ) ਨਾਲ ਗੱਲ ਕੀਤੀ ਹੈ। ਗੁਲਾਮ ਨਬੀ ਅਹਿਮ ਸ਼ਖਸ ਨਹੀਂ ਹੈ। ਅਹਿਮਦ ਪ੍ਰਮੁੱਖ ਵਿਅਕਤੀ ਹੈ।

**ਨੀਰਾ**-ਠੀਕ

**ਵੀਰ**-ਹਾਂ, ਇਸ ਲਈ ਅਹਿਮਦ ਕਹਿੰਦੇ ਹਨ ਕਿ ਗੁਲਾਮ ਨਬੀ, ਮਾਰਨ ਨਾਲ ਗੱਲ ਕਰ ਰਹੇ ਹਨ। ਪਰ ਗੁਲਾਮ ਸਾਡੇ ਅਧਿਕਾਰਤ ਵਿਅਕਤੀ ਨਹੀਂ ਹਨ। ਜਿਥੋਂ ਤੱਕ ਉਨ੍ਹਾਂ ਦਾ ਸਵਾਲ ਹੈ, ਉਨ੍ਹਾਂ ਨੇ ਪੰਜ ਅਹਿਮ ਮੰਤਰਾਲਿਆਂ ਦੀ ਮੰਗ ਕੀਤੀ ਹੈ। ਇਹ ਇਕ ਮੂਰਖਤਾਪੂਰਨ ਅਤੇ ਗੈਰਵਾਜਬ ਮੰਗ ਹੈ। ਅਹਿਮਦ ਕਹਿੰਦੇ ਹਨ-'ਅਸੀਂ ਮਾਰਨ ਨੂੰ ਕਹਿ ਦਿੱਤਾ ਹੈ ਕਿ ਅਸੀਂ ਕਰੂਨਾਨਿਧੀ ਨਾਲ ਡੀਲ ਕਰਾਂਗੇ, ਇਸ ਲਈ ਉਹ ਵਾਪਸ ਚਲੇ ਗਏ।' ਉਹ ਕਹਿੰਦੇ ਹਨ, ਅਸੀਂ ਇਕ ਵਾਜਬ ਆਫ਼ਰ ਦਿੱਤਾ ਹੈ, ਕਰੂਣਾਨਿਧੀ ਦੀ ਅਸੀਂ ਬਹੁਤ ਇਜ਼ਤ ਕਰਦੇ ਹਾਂ, ਅਸੀਂ ਉਨ੍ਹਾਂ ਨਾਲ ਡੀਲ ਕਰਨੀ ਚਾਹੁੰਦੇ ਹਾਂ। ਮਾਰਨ ਲਈ ਸਾਡੇ ਮਨ ਵਿੱਚ ਕੋਈ ਸਨਮਾਨ ਨਹੀਂ ਹੈ।

--

**ਨੀਰਾ**-ਲਗਦਾ ਹੈ ਕਿ ਉਹ ਹਾਲੇ ਵੀ ਮਾਰਨ ਨੂੰ ਲੈਣ ਲਈ ਕਾਫੀ ਦਬਾਅ ਵਿੱਚ ਹਨ।

**ਵੀਰ**-ਇਹ ਦਬਾਅ ਕਿਥੋਂ ਹੈ?

**ਨੀਰਾ**-ਇਹ ਸਟਾਲਿਨ ਅਤੇ ਉਸ ਦੀ ਭੈਣ ਸੇਲਵੀ ਵੱਲੋਂ ਹੈ। ਮੈਨੂੰ ਲਗਦਾ ਹੈ ਮਾਰਨ ਨੇ ਸਟਾਲਿਨ ਦੀ ਮਾਂ ਦਯਾਲੂ ਨੂੰ 600 ਕਰੋੜ ਰੁਪਏ ਦਿੱਤੇ ਹਨ।

**ਵੀਰ**-ਇਸ ਤਰ੍ਹਾਂ ਦੇ ਦਬਾਅ ਅੱਗੇ ਬਹਿਸ ਕਰਨਾ ਮੁਸ਼ਕਲ ਹੈ।

**ਨੀਰਾ**-ਹਾਂ, ਮੈਂ ਵੀ ਅਜਿਹੀ ਹੀ ਸੋਚਦੀ ਹਾਂ।

**ਵੀਰ**-ਜਦੋਂ ਤੱਕ ਕਿ ਮਾਰਨ ਨੂੰ ਕੈਬਨਿਟ ਮੰਤਰਾਲੇ ਨਾ ਮਿਲੇ।

**ਨੀਰਾ**-ਹਾਂ, ਪਰ ਮੈਂ ਨਹੀਂ ਸੋਚਦੀ ਕਿ ਉਹ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਮੰਤਰੀ ਬਣਾਉਣ। ਬਹੁਤ ਖਰਾਬ ਸੰਕੇਤ ਜਾਏਗਾ।

--

**ਵੀਰ**-ਹਾਏ ਨੀਰਾ!

**ਨੀਰਾ**-ਹਾਏ ਵੀਰ, ਤੁਸੀਂ ਦਿੱਲੀ ਵਿੱਚ ਹੋ ਜਾਂ..

**ਵੀਰ**-ਮੈਂ ਜੈਪੁਰ ਵਿੱਚ ਹਾਂ। ਅੱਜ ਸ਼ਾਮ ਤੱਕ ਵਾਪਸ ਆ ਜਾਵਾਂਗਾ।

**ਨੀਰਾ**-ਮੈਂ ਚਾਹੁੰਦੀ ਹਾਂ..ਮੈਨੂੰ ਨਹੀਂ ਪਤਾ ਕਿ ਤੁਸੀਂ ਕਾਂਗਰਸ ਵਿੱਚ ਕਿਸੇ ਤੋਂ ਪਤਾ ਕਰਨ ਦੀ ਸਥਿਤੀ ਵਿੱਚ ਹੋ ਜਾਂ ਨਹੀਂ। ਮੈਂ ਹੁਣੇ ਕਨਿਮੋਝੀ ਨੂੰ ਮਿਲੀ ਸੀ।

**ਵੀਰ**-ਮੈਂ ਸੋਨੀਆ ਨੂੰ ਮਿਲਣ ਵਾਲਾ ਸੀ, ਪਰ ਇਥੇ ਫਸ ਗਿਆ। ਹੁਣ ਕੱਲ੍ਹ ਤੋਂ ਪਹਿਲਾਂ ਨਿਕਲਣਾ ਸੰਭਵ ਨਹੀਂ। ਮੇਰੀ ਰਾਹੁਲ ਨਾਲ ਮੁਲਾਕਾਤ ਹੈ, ਫੇਰ ਵੀ ਕਹੋ?

**ਨੀਰਾ**-ਨਹੀਂ, ਮੈਂ ਤੈਨੂੰ ਦੱਸੂੰਗੀ ਕਿ ਉਹ ਗਲਤ ਵਿਅਕਤੀ ਨਾਲ ਗੱਲ ਕਰ ਰਹੇ ਹਨ ਅਤੇ ਇਹ ਗੱਲ ਉਹ ਸਮਝ ਨਹੀਂ ਰਹੇ ਹਨ। ਇਸ ਲਈ ਨਹੀਂ ਕਿ ਮੈਂ ਮਾਰਨ ਨੂੰ ਵੱਖ ਕਰ ਦਿੱਤਾ ਹੈ। ਅਸਲ ਵਿੱਚ ਕਰੂਨਾਨਿਧੀ ਨੇ ਮਾਰਨ ਨੂੰ ਗੱਲਬਾਤ ਲਈ ਨਿਯੁਕਤ ਨਹੀਂ ਕੀਤਾ ਹੈ। ਹੁਣ ਤੁਸੀਂ ਜਾਣਦੇ ਹੋ ਕਿ ਇਹ ਸਿਆਸੀ ਅਸਥਿਰਤਾ ਵਰਗੀ ਸਥਿਤੀ ਹੈ, ਜਿਥੇ ਕੈਬਨਿਟ..

**ਵੀਰ**-ਫੇਰ ਮਾਰਨ ਸੁਰਖੀਆਂ ਵਿੱਚ ਕਿਉਂ ਹੈ। ਉਹ ਸਾਰੇ ਉਨ੍ਹਾਂ ਨਾਲ ਨਫ਼ਰਤ ਕਰਦੇ ਹਨ।

**ਨੀਰਾ**-ਹੋਇਆ ਇਹ ਕਿ ਮਾਰਨ ਨੇ ਕਾਂਗਰਸ ਨੂੰ ਇਹ ਸੰਕੇਤ ਦਿੱਤਾ ਹੈ ਕਿ ਉਹ ਰਾਜ ਮੰਤਰੀ (ਆਜ਼ਾਦ ਇੰਚਾਰਜ) ਦਾ ਹੀ ਅਹੁਦਾ ਸਵੀਕਾਰ ਕਰਨਗੇ। ਪਰ ਇਹ ਗੱਲ ਤੁਸੀਂ ਮੇਰੇ 'ਤੇ ਛੱਡ ਦਿਓ। ਸਭ ਠੀਕ ਹੋ ਜਾਵੇਗਾ। ਹਾਲੇ ਕਾਂਗਰਸ ਇਸ ਗੱਲ ਨੂੰ ਸਮਝ ਨਹੀਂ ਰਹੀ।

**ਵੀਰ**-ਉਨ੍ਹਾਂ ਨੇ ਕਿਸ ਨਾਲ ਗੱਲ ਕਰਨੀ ਹੈ।

**ਨੀਰਾ**-ਉਨ੍ਹਾਂ ਨੂੰ ਸਿੱਧਾ ਕਰੂਨਾਨਿਧੀ ਨਾਲ, ਕਨਿਮੋਝੀ ਨਾਲ ਗੱਲ ਕਰਨੀ ਚਾਹੀਦੀ ਹੈ।

**ਵੀਰ**-ਸੋਨੀਆ ਨੇ ਕਲ ਉਨ੍ਹਾਂ ਨਾਲ ਗੱਲ ਕੀਤੀ।

**ਨੀਰਾ**-ਨਹੀਂ, ਉਨ੍ਹਾਂ ਨੇ ਗੱਲ ਨਹੀਂ ਕੀਤੀ। ਸਿਰਫ਼ ਪ੍ਰਧਾਨ ਮੰਤਰੀ ਨੇ ਗੱਲ ਕੀਤੀ ਅਤੇ ਉਹ ਵੀ ਉਦੋਂ ਜਦੋਂ ਕਨਿਮੋਝੀ ਉਨ੍ਹਾਂ ਲਈ ਦੁਭਾਸ਼ੀਏ ਦਾ ਕੰਮ ਕਰ ਰਹੇ ਸਨ। ਗੱਲਬਾਤ ਬਹੁਤ ਸੰਖੇਪ ਸੀ। ਚੱਲੋ ਇਸ ਮਾਮਲੇ ਨੂੰ ਸੁਲਝਾਈਏ।

### ਹੈਡਲਾਈਨਜ਼ ਟੂਡੇ 'ਤੇ ਵੀਰ ਸੰਘਵੀ ਨੇ ਕਿਹਾ

### ਮੈਂ ਰਾਡੀਆ ਨੂੰ ਸਿਰਫ਼ ਇਕ ਸੂਤਰ ਵਾਂਗ ਵਰਤ ਰਿਹਾ ਸੀ-ਵੀਰ

ਵੀਰ ਸੰਘਵੀ (ਹੈਡਲਾਈਨਜ਼ ਟੂਡੇ ਚੈਨਲ 'ਤੇ)

ਐਮ ਜੇ ਅਕਬਰ-ਤੁਸੀਂ ਨੀਰਾ ਰਾਡੀਆ ਤੋਂ ਹਿੰਦੂਸਤਾਨ ਟਾਈਮਜ਼ ਵਿੱਚ ਛਪਣ ਵਾਲੇ ਆਪਣੇ ਕਾਲਮ ਲਈ ਡਿਕਟੇਸ਼ਨ ਕਿਉਂ ਲਿਆ।

ਸੰਘਵੀ-ਮੈਂ ਉਸ ਨੂੰ ਸਿਰਫ਼ ਇਕ ਸੂਤਰ ਵਾਂਗ ਵਰਤ ਕੇ ਜਾਣਕਾਰੀ ਇਕੱਠੀ ਕਰ ਰਿਹਾ ਸੀ।

ਐਨ.ਰਾਮ-ਤੁਸੀਂ ਉਨ੍ਹਾਂ ਤੋਂ ਮਿਲੀ ਜਾਣਕਾਰੀ ਆਪਣੇ ਕਾਲਮ ਵਿੱਚ ਹੂ-ਬ-ਹੂ ਕਿਉਂ ਵਰਤੀ?

ਸੰਘਵੀ-ਜੇਕਰ ਲੋਕਾਂ ਨੂੰ ਲੱਗਦਾ ਹੈ ਕਿ ਮੈਂ ਗਲਤੀ ਕੀਤੀ ਤਾਂ ਮੈਂ ਮਾਫੀ ਮੰਗਦਾ ਹਾਂ। ਮੈਨੂੰ ਉਮੀਦ ਹੈ ਕਿ ਕੱਟ-ਵੱਢ ਕੇ ਜਾਰੀ ਇਸ ਟੇਪ ਦੇ ਆਧਾਰ 'ਤੇ ਲੋਕ ਮੇਰੇ ਬਾਰੇ ਆਪਣੀ ਧਾਰਨਾ ਨਹੀਂ ਬਦਲਣਗੇ। ਮੇਰਾ ਜ਼ਮੀਰ ਸਾਫ ਹੈ। ਪਰ ਜੋ ਕੁਝ ਹੋਇਆ ਉਸ ਬਾਰੇ ਮੈਨੂੰ ਬੇਹੱਦ ਅਫਸੋਸ ਹੈ। ਮੈਂ ਭਵਿੱਖ ਵਿੱਚ ਸਾਵਧਾਨ ਰਹਾਂਗਾ।

ਰਾਮ-ਪਰ ਤੁਹਾਨੂੰ ਰਾਡੀਆ ਦਾ ਸੰਦੇਸ਼ਵਾਹਕ ਬਣਨ ਦੀ ਕੀ ਲੋੜ ਸੀ?

ਸੰਘਵੀ-ਮੈਂ ਤਾਂ ਰਾਡੀਆ ਕੋਲੋਂ ਜਾਣਕਾਰੀ ਲੈਣ ਦੀ ਆਸ ਵਿੱਚ ਸਿਰਫ਼ ਸਿਆਸੀ ਗੱਲਬਾਤ ਕਰ ਰਿਹਾ ਸੀ।

# ਸੱਤਾ ਦੀ ਸਭ ਤੋਂ ਵੱਡੀ ਦਲਾਲੀ ਦੀ ਕਹਾਣੀ

## ਉਮੀਦ ਕਰਦਾ ਹਾਂ ਕਿ ਕਿਤੇ ਰਾਜਾ ਫਿਸਲ ਨਾ ਜਾਏ ਜਾਂ..- ਰਤਨ ਟਾਟਾ

**ਰਤਨ ਟਾਟਾ-ਟਾਟਾ ਸਮੂਹ ਦੇ ਚੇਅਰਮੈਨ**

**ਨੀਰਾ**-ਏ.ਟੀ.ਐਂਡ.ਟੀ. ਨੇ ਅਨਿਲ ਅੰਬਾਨੀ ਨਾਲ ਗੱਲ ਕਰਨਾ ਮੁਲੱਤਵੀ ਕਰ ਦਿੱਤਾ ਹੈ।

**ਰਤਨ ਟਾਟਾ**-ਕਿਉਂ ਵਾਕਯ?

**ਨੀਰਾ**-ਹੋਇਆ ਇਹ ਹੈ ਕਿ ਮੁਕੇਸ਼ ਨੇ ਆਪਣੇ ਅਮਰੀਕੀ ਵੀਕਲ ਰਾਹੀਂ ਉਨ੍ਹਾਂ ਨੂੰ ਇਕ ਪੱਤਰ ਭੇਜਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਸਾਡੇ ਕੋਲ ਰਾਈਟ ਆਫ ਰਫਿਊਜ਼ਲ ਹੈ। ਜਵਾਬ ਵਿੱਚ ਉਨ੍ਹਾਂ ਨੇ ਲਿਖਿਆ ਕਿ ਉਹ ਇਸ ਦੀ ਜਾਂਚ ਕਰ ਰਹੇ ਹਨ ਅਤੇ ਅੱਗੇ ਵਧਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਇਹ ਕਿਤੇ ਖਤਮ ਨਹੀਂ ਹੋਵੇਗਾ। ਹੁਣ ਉਹ ਆਪਣੀ ਪਾਵਰ ਕੰਪਨੀ ਲਈ ਚਾਈਨਾ ਪਾਵਰ ਦੀ ਗੱਲ ਕਰ ਰਹੇ ਹਨ। ਉਨ੍ਹਾਂ ਨੇ ਪੈਸੇ ਜੁਟਾਉਣੇ ਹਨ।



**ਰਤਨ**-ਚਾਈਨਾ ਪਾਵਰ ਇਸ ਲੈਣ-ਦੇਣ ਵਿੱਚ ਪਏਗੀ, ਮੈਨੂੰ ਸ਼ੱਕ ਹੈ, ਕਿਉਂਕਿ ਉਹ ਕੰਜ਼ਰਵੇਟਿਵ ਹੈ।

**ਨੀਰਾ**-ਪਰ ਉਸ ਕੋਲ ਹੈ। ਟੈਲੀਕਾਮ ਸਪੇਸ ਲਈ ਫਰਾਂਸ ਟੈਲੀਕਾਮ ਨੇ ਉਨ੍ਹਾਂ ਨੂੰ ਨਾਂਹ ਕਹਿ ਦਿੱਤੀ ਹੈ। ਏ.ਟੀ.ਐਂਡ.ਟੀ ਨੇ ਵੀ ਨਾਂਹ ਕਿਹਾ ਹੈ। ਐਮ.ਟੀ.ਐਨ. ਨੇ ਵੀ ਨਾ ਕਿਹਾ ਹੈ। ਮੈਨੂੰ ਲਗਦਾ ਹੈ ਇਹ ਟੇਲਸਟਰਾ ਹੈ।

**ਰਤਨ**-ਆਸਟਰੇਲੀਆ ਦਾ?

**ਨੀਰਾ**-ਉਨ੍ਹਾਂ ਨੇ ਵੀ ਨਹੀਂ ਕਿਹਾ ਹੈ। ਇਸ ਲਈ ਕਿਊਟੇਲ ਤੋਂ ਇਲਾਵਾ ਹੁਣ ਗੱਲ ਕਰਨ ਲਈ ਹੋਰ ਕੋਈ ਵੀ ਨਹੀਂ ਹੈ। ਇਹ ਮੁਸ਼ਕਲ ਹੈ।

**ਰਤਨ**-ਤੁਸੀਂ ਸ਼ਿਵਾ (ਸ਼ੰਕਰਨ) ਨਾਲ ਗੱਲ ਕੀਤੀ?

**ਨੀਰਾ**-ਹਾਂ, ਸ਼ਿਵਾ ਕੋਰਟ ਚਲਾ ਗਿਆ ਹੈ। ਉਸ ਨੂੰ 25 ਤਾਰੀਕ ਮਨਜ਼ੂਰ ਨਹੀਂ ਹੈ। ਹਾਂ, ਹੁਣ ਰਾਜਾ ਨੇ ਮੈਨੂੰ ਦੱਸਿਆ ਹੈ ਕਿ ਉਹ ਉਸ ਨੂੰ ਬਿਨਾਂ ਸਪੈਕਟਰਮ ਦੇ ਲਾਇਸੈਂਸ ਦੇਣਾ ਚਾਹੁੰਦੇ ਹਨ। ਹਾਂ, ਮੈਂ ਅੱਜ ਰਾਜਾ ਨੂੰ ਮਿਲੀ ਸੀ। ਮੈਂ ਉਨ੍ਹਾਂ ਨੂੰ ਮਿਲਣ ਗਈ ਸੀ ਅਤੇ ਉਹ ਠੀਕ ਹਨ। ਉਹ ਖੁਸ਼ ਹਨ। 'ਚੀਫ ਜਸਟਿਸ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਉਹ ਖੁਸ਼ ਹਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਕ ਪੱਤਰ ਉਨ੍ਹਾਂ ਕੋਲ ਆ ਰਿਹਾ ਹੈ, ਕੇ.ਕੇ. ਦਾ, ਯੂ ਨੋ। ਪਰ ਉਹ ਨਹੀਂ ਸਮਝ ਸਕੇ ਕਿ ਇਹ ਪੱਤਰ ਕਿਉਂ ਹੈ, ਚੈਕ ਕਿਉਂ ਨਹੀਂ। ਮੈਂ ਕਿਹਾ ਕਿ ਮੈਂ ਅਜਿਹਾ ਨਹੀਂ ਕਰ ਸਕਦੀ, ਕਿਉਂਕਿ ਇਸ ਦੀ ਇਕ ਪ੍ਰਕਿਰਿਆ ਹੈ ਅਤੇ ਇਸ ਨੂੰ ਤੁਹਾਨੂੰ ਸਮਝਣਾ ਪਏਗਾ।

**ਰਤਨ**-ਕੀ ਉਨ੍ਹਾਂ ਨੂੰ (ਰਾਜਾ ਨੂੰ) ਪਤਾ ਹੈ ਕਿ ਕੋਈ ਹੋਰ ਵੀ ਉਨ੍ਹਾਂ 'ਤੇ ਨਿਸ਼ਾਨਾ ਸਾਧ ਰਿਹਾ ਹੈ?

**ਨੀਰਾ**-ਤਾਜ਼ਾ ਅਫਵਾਹ ਇਹ ਹੈ ਕਿ ਉਨ੍ਹਾਂ ਦਾ ਕਨਿਮੋਝੀ ਨਾਲ ਅਫੇਅਰ ਹੈ। ਗੱਲ ਸਹੀ ਨਹੀਂ ਹੈ।

**ਰਤਨ**-ਹਾਂ, ਪਰ ਇਹ ਫੈਲਾਈ ਕਿਸ ਨੇ?

**ਨੀਰਾ**-ਹੋਰ ਕੌਣ ਹੋ ਸਕਦਾ ਹੈ, ਮਾਰਨ ਨੇ। ਪਰ ਇਹ ਸਭ ਰਾਜਾ ਕਾਰਨ ਹੈ। ਜਦੋਂ ਕਦੇ ਮੀਡੀਆ ਉਨ੍ਹਾਂ ਨਾਲ ਜਾਂ ਕਿਸੇ ਹੋਰ ਨੂੰ ਮਿਲਣ ਆਉਂਦਾ ਹੈ, ਉਹ ਕਹਿੰਦੇ ਹਨ ਕਿ ਕਨਿ ਪ੍ਰਤੀ ਉਨ੍ਹਾਂ ਦੇ ਦਿਲ ਵਿੱਚ ਕਿੰਨੀ ਹਮਦਰਦੀ ਹੈ। ਉਹ ਹਮੇਸ਼ਾ ਉਨ੍ਹਾਂ ਦੀ ਗੱਲ ਕਰਦੇ ਹਨ, ਭਾਵੇਂ ਉਹ ਕਿੰਨੇ ਵੀ ਦੁਖੀ ਕਿਉਂ ਨਾ ਹੋਣ। ਉਨ੍ਹਾਂ ਦਾ ਸੰਕੇਤ ਇਹ ਹੁੰਦਾ ਹੈ ਕਿ ਉਹ ਉਨ੍ਹਾਂ 'ਤੇ ਜਾਨ ਛਿੜਕਦੇ ਹਨ, ਪਰ ਕਨਿ ਉਨ੍ਹਾਂ ਨੂੰ ਭਾਅ ਨਹੀਂ ਦਿੰਦੀ। ਸਾਰੇ ਉਨ੍ਹਾਂ ਨੂੰ ਦੋ ਦਿਲ ਇਕ ਜਾਨ ਕਹਿ ਕੇ ਉਨ੍ਹਾਂ ਬਾਰੇ ਅਫਵਾਹ ਉਡਾਉਂਦੇ ਹਨ। ਉਹ ਇਸ ਤਰ੍ਹਾਂ ਦੇ ਬੇਵਕੂਫ ਇਨਸਾਨ ਹਨ, ਜੋ ਨਹੀਂ ਸਮਝਦੇ ਕਿ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਕਿਉਂ ਕੁੱਟਣਾ ਚਾਹੁੰਦੀ ਹੈ। ਉਹ ਅੱਜ ਮੈਨੂੰ ਕਹਿ ਰਹੇ ਸਨ, 'ਤੂੰ ਇਹ ਨਹੀਂ ਕਹਿ ਸਕਦੀ ਕਿ ਮੈਂ ਸ਼ਰਮਾ ਰਿਹਾ ਹਾਂ।' ਮੈਂ ਕਿਹਾ, 'ਆਈ ਐਮ ਸਾਰੀ, ਪਰ ਜ਼ਰਾ ਆਪਣੀਆਂ ਅੱਖਾਂ ਦੇਖੋ।' ਉਹ ਇਸ ਗੱਲ ਨੂੰ ਲੁਕਾ ਨਹੀਂ ਸਕਦੀਆਂ ਕਿ ਉਨ੍ਹਾਂ ਦੀ ਅੱਖ ਲੜ ਗਈ ਹੈ। ਅਤੇ ਕਨਿ ਮੈਨੂੰ ਕਹਿੰਦੀ ਹੈ, 'ਮੈਨੂੰ ਇਸ ਆਦਮੀ ਤੋਂ ਦੂਰ ਰੱਖੋ।'

**ਨੀਰਾ**-ਤੁਸੀਂ ਹੁਣ ਵੀ ਮਿਡਲ ਈਸਟ ਵਿੱਚ ਹੋ?

**ਟਾਟਾ**-ਹਾਂ, ਮੇਰੀ ਤਾਂ ਇਕ ਹੀ ਚਿੰਤਾ ਹੈ ਕਿ ਮਾਰਨ ਪੂਰੀ ਤਰ੍ਹਾਂ ਨਾਲ ਰਾਜਾ ਦੇ ਪਿੱਛੇ ਪੈ ਗਏ ਹਨ। ਉਮੀਦ ਕਰਦਾ ਹਾਂ ਰਾਜਾ ਲੜਖੜਾ ਜਾਂ ਫਿਸਲ ਨਾ ਜਾਣ। ਜਾਂ..

**ਨੀਰਾ**-ਨਹੀਂ, ਅਜਿਹਾ ਨਹੀਂ ਹੈ ਕਿਉਂਕਿ ਚੀਫ ਜਸਟਿਸ ਨੇ ਬਿਆਨ ਜਾਰੀ ਕੀਤਾ ਹੈ ਕਿ ਕਿਸੇ ਮੰਤਰੀ ਨੇ ਹਾਈ ਕੋਰਟ ਦੇ ਜੱਜ ਨੂੰ ਫੋਨ ਨਹੀਂ ਕੀਤਾ।

**ਟਾਟਾ**-ਕੀ ਸੱਚਮੁੱਚ?

**ਨੀਰਾ**-ਚੀਫ ਜਸਟਿਸ ਆਫ ਇੰਡੀਆ ਨੇ ਇਹ ਬਿਆਨ ਜਾਰੀ ਕੀਤਾ ਹੈ ਤਾਂ ਗੱਲ ਸਾਫ ਹੋ ਗਈ ਹੈ। ਜੋ ਵੀ ਹੋਵੇ, ਅਜਿਹਾ ਕੁਝ ਹੋਇਆ ਹੀ ਨਹੀਂ ਸੀ ਅਤੇ ਮਾਰਨ ਹੁਣ ਥੋੜ੍ਹੇ ਮੂਰਖ ਨਜ਼ਰ ਆ ਰਹੇ ਹਨ।

**ਟਾਟਾ**-ਮੈਨੂੰ ਤਾਂ ਹੈਰਾਨੀ ਹੁੰਦੀ ਹੈ ਕਿ ਰਾਜਾ ਲਈ ਤੁਸੀਂ ਜੋ ਕੁਝ ਕੀਤਾ, ਉਸ ਤੋਂ ਬਾਅਦ ਉਹ ਇਹ ਖੇਡ ਖੇਡ ਰਹੇ ਹਨ।

**ਨੀਰਾ**-ਰਾਜਾ ਨੇ ਬੜੀ ਚਲਾਕੀ ਨਾਲ ਪੁਛਿਆ, 'ਨੀਰਾ, ਕੋਰਟ ਦੇ ਆਦੇਸ਼ ਖਿਲਾਫ਼ ਮੈਂ ਕਿਵੇਂ ਜਾ ਸਕਦਾ ਹਾਂ?' ਮੈਂ ਕਿਹਾ, 'ਹੈਲੋ, ਮਿਸਟਰ ਰਾਜਾ, ਤੁਸੀਂ ਕੋਰਟ ਦੇ ਖਿਲਾਫ਼ ਜਾ ਸਕਦੇ ਹੋ। ਤੁਹਾਨੂੰ ਅਦਾਲਤ ਦੇ ਕਹੇ ਮੁਤਾਬਕ ਚੱਲਣ ਦੀ ਲੋੜ ਨਹੀਂ ਹੈ ਕਿਉਂ ਕਿ 4.4 (ਮੈਗਾਹਰਟਜ਼) ਲਈ ਲਾਇਸੈਂਸ ਹੈ ਅਤੇ ਇਸ ਦੀ ਵਿਆਖਿਆ ਤੁਸੀਂ ਕੱਢਣੀ ਹੈ।'

**ਟਾਟਾ**-ਪਰ ਹੁਣ ਨਵੇਂ ਐਟਾਰਨੀ ਜਨਰਲ..

**ਨੀਰਾ**-ਨਹੀਂ ਰਤਨ, ਸਾਲਿਸਿਟਰ ਜਨਰਲ ਚੰਗੇ ਆਦਮੀ ਹਨ, ਗੋਪਾਲ ਸੁਬਰਾਮਨੀਅਮ। ਉਹ ਹੀ ਵਿਆਖਿਆ ਕਰਨਗੇ। ਮੈਂ ਉਨ੍ਹਾਂ ਨੂੰ ਮਿਲਣ ਵਾਲੀ ਹਾਂ। ਮੈਂ ਉਨ੍ਹਾਂ ਨੂੰ ਮੈਸੇਜ ਭੇਜਿਆ ਸੀ ਅਤੇ ਉਨ੍ਹਾਂ ਨੇ ਕਿਹਾ ਕਿ ਉਹ ਜਦੋਂ ਫਰੀ ਹੋ ਜਾਣਗੇ ਅਤੇ ਘਰ ਵਿੱਚ ਹੋਣਗੇ ਤਾਂ ਸਾਢੇ ਪੰਜ-ਛੇ ਵਜੇ ਫੋਨ ਕਰਨਗੇ।..ਅਸਲ ਵਿੱਚ ਉਹ ਉਨ੍ਹਾਂ ਨੂੰ (ਅਨਿਲ ਅੰਬਾਨੀ ਗਰੁੱਪ) ਨਾਲ ਨਫ਼ਰਤ ਕਰਦੇ ਹਨ। ਮੈਨੂੰ ਲਗਦਾ ਹੈ ਕਿ ਰਾਜਾ ਏ.ਜੀ. ਨੂੰ ਆਪਣੇ ਪਖ ਵਿੱਚ ਕਰਨ ਵਿੱਚ ਲੱਗੇ ਹੋਣਗੇ। ਅਨਿਲ ਲਈ 6.25 (ਮੈਗਾਹਰਟਜ਼) ਸਿਰਫ਼ ਇਸ ਲਈ ਕਰਨਗੇ ਤਾਂ ਜੋ ਉਹ ਆਪਣੀ ਕੰਪਨੀ ਵਿੱਚ ਏ.ਟੀ. ਐਂਡ ਟੀ ਨੂੰ ਸ਼ਾਮਲ ਕਰ ਸਕਣ। ਉਨ੍ਹਾਂ ਨੂੰ ਇਕਵਿਟੀ ਪਾਰਟਨਰ ਦੀ ਲੋੜ ਹੈ ਨਹੀਂ ਤਾਂ ਜੋ ਕਰਜ਼ ਦਾ ਬੋਝ ਉਨ੍ਹਾਂ ਨੂੰ ਮਿਲਿਆ ਹੈ, ਉਸ ਤੋਂ ਉਭਰ ਨਹੀਂ ਸਕਣਗੇ।

**ਟਾਟਾ**-ਇਸ ਸਭ ਦਾ ਪਰਦਾਫਾਸ਼ ਕਿਉਂ ਨਹੀਂ ਹੋਇਆ?

ਨੀਰਾ-ਰਤਨ, ਉਨ੍ਹਾਂ ਨੇ ਮੀਡੀਆ ਨੂੰ ਖਰੀਦ ਲਿਆ ਹੈ। ਮੀਡੀਆ 'ਤੇ ਉਹ ਆਪਣੀ ਖਰੀਦ ਦੀ ਤਾਕਤ ਅਜ਼ਮਾ ਰਹੇ ਹਨ। ਮੀਡੀਆ 'ਤੇ ਖਰਚ ਕੀਤਾ ਜਾਣਾ ਵਾਲਾ ਹਰ ਇਕ ਡਾਲਰ ਉਹ ਇਹ ਪੱਕਾ ਕਰਨ ਵਿੱਚ ਲਗਾ ਦਿੰਦੇ ਹਨ ਕਿ ਉਨ੍ਹਾਂ ਨੂੰ ਨੈਗੇਟਿਵ ਪਬਲੀਸਿਟੀ ਨਾ ਮਿਲੇ।

**ਐਨ.ਡੀ.ਟੀ.ਵੀ. 'ਤੇ ਵਾਕ ਦੀ ਟਾਕ ਵਿੱਚ ਬੋਲੇ ਰਤਨ ਟਾਟਾ**

ਮੈਂ ਰਾਡੀਆ ਜ਼ਰੀਏ ਸਰਕਾਰੀ ਨੀਤੀ ਨਹੀਂ ਪ੍ਰਭਾਵਤ ਕੀਤੀ ਨਾ ਹੀ ਕਦੇ ਚਾਹਿਆ ਕਿ ਰਾਜਾ ਮੰਤਰੀ ਬਣੇ ਜਾਂ ਕੋਈ ਹੋਰ..

ਕੀ ਰਾਡੀਆ ਦੇ ਟੇਪ ਤੋਂ ਜ਼ਾਹਰ ਨਹੀਂ ਹੁੰਦਾ ਕਿ ਉਹ ਕਿਸੇ ਖਾਸ ਨੂੰ ਮੰਤਰੀ ਬਣਾਉਣ ਲਈ ਦਬਾਅ ਬਣਾ ਰਹੀ ਹੈ?

-ਮੈਂ ਇਹ ਟੇਪ ਸੁਣਿਆ ਹੈ। ਵਿਸ਼ਵਾਸ ਕਰੋ ਨੀਰਾ ਦਾ ਹੀ ਨਹੀਂ ਦਿੱਲੀ ਵਿੱਚ ਤੁਸੀਂ ਕਿਸੇ ਦਾ ਵੀ ਟੈਲੀਫੋਨ ਟੇਪ ਕਰੋ ਤਾਂ ਤੁਹਾਨੂੰ ਅਜਿਹੀਆਂ ਹੀ ਗੱਲਾਂ ਸੁਣਨ ਨੂੰ ਮਿਲਣਗੀਆਂ। ਕਿਸੇ ਵਿਅਕਤੀ ਦਾ ਪੱਖ ਸੁਣੇ ਬਿਨਾਂ ਉਸ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ। ਟੇਪ ਲੀਕ ਹੋਣ ਪਿੱਛੇ ਜ਼ਰੂਰ ਨਿੰਜੀ ਸਵਾਰਥ ਹਨ। ਇਹ ਸੁਭਾਵਕ ਨਹੀਂ ਹੈ। ਇਸ ਦੀ ਜਾਂਚ ਹੋਣੀ ਚਾਹੀਦੀ ਹੈ।

**ਤੁਸੀਂ ਕੀ ਚਾਹੁੰਦੇ ਸੀ ਕਿ ਕੌਣ ਸੰਚਾਰ ਮੰਤਰੀ ਬਣੇ?**

-ਮੈਂ ਸਿਰਫ਼ ਸਭ ਲਈ ਲੈਵਲ ਪਲੇਇੰਗ ਫੀਲਡ ਚਾਹੁੰਦਾ ਸੀ। ਮੈਂ ਕਦੇ ਨਹੀਂ ਚਾਹੁੰਦਾ ਕਿ ਰਾਜਾ ਮੰਤਰੀ ਬਣੇ ਜਾਂ ਕੋਈ ਹੋਰ..ਨੀਰਾ ਨਾਲ ਗੱਲਬਾਤ ਵਿੱਚ ਮੈਂ ਕਦੇ ਸਰਕਾਰੀ ਨੀਤੀਆਂ ਨੂੰ ਪ੍ਰਭਾਵਤ ਕਰਨ ਦੀ ਗੱਲ ਨਹੀਂ ਕੀਤੀ। ਮੈਂ ਉਸ ਰਾਹੀਂ ਕਿਸੇ ਨੂੰ ਰਿਸ਼ਵਤ ਨਹੀਂ ਦਿੱਤੀ।

## ਤੁਹਾਡਾ ਮਾਮਲਾ ਕੱਲ੍ਹ ਰਾਤ ਹੀ ਸਾਫ ਹੋਇਆ

**ਏ.ਰਾਜਾ-ਸਾਬਕਾ ਦੂਰ ਸੰਚਾਰ ਮੰਤਰੀ**

**ਨੀਰਾ**-ਹੈਲੋ

**ਰਾਜਾ**-ਰਾਜਾ ਹਿਅਰ

**ਨੀਰਾ**-ਹਾਏ! ਮੈਨੂੰ ਹੁਣੇ ਬਰਖਾ ਦੱਤ ਦਾ ਮੈਸੇਜ ਮਿਲਿਆ ਹੈ। ਉਹ ਕਹਿੰਦੀ ਹੈ..ਕਿ ਉਹ ਅੱਜ ਰਾਤ ਪ੍ਰਧਾਨ ਮੰਤਰੀ ਦੇ ਦਫ਼ਤਰ ਜਾਣ ਵਾਲੀ ਹੈ। ਅਸਲ ਵਿੱਚ ਉਸੇ ਨੇ ਮੈਨੂੰ ਦੱਸਿਆ ਕਿ ਸੋਨੀਆ ਗਾਂਧੀ ਉਥੇ ਗਈ ਸੀ। ਉਹ ਕਹਿੰਦੀ ਹੈ ਕਿ ਉਨ੍ਹਾਂ ਨੂੰ ਤੁਹਾਡੇ ਨਾਲ ਕੋਈ ਸਮੱਸਿਆ ਨਹੀਂ ਹੈ, ਪਰ ਬਾਲੂ ਨੂੰ ਲੈ ਕੇ ਸਮੱਸਿਆ ਹੈ।

**ਰਾਜਾ**-..ਪਰ ਇਸ 'ਤੇ ਲੀਡਰ ਨਾਲ ਤਾਂ ਵਿਚਾਰ-ਚਰਚਾ ਕਰਨੀ ਪਏਗੀ।

**ਨੀਰਾ**-ਹਾਂ, ਹਾਂ..ਉਨ੍ਹਾਂ ਨੂੰ ਲੀਡਰ ਨਾਲ ਚਰਚਾ ਕਰਨੀ ਹੋਵੇਗੀ। ਉਨ੍ਹਾਂ ਨੂੰ ਦੱਸਣਾ ਪਏਗਾ..

**ਰਾਜਾ**-ਘੱਟੋ-ਘੱਟ..ਵਨ ਟੂ ਵਨ..ਇਸੇ ਲੀਡਰ ਸਾਹਮਣੇ ਖੁਲਾਸਾ ਹੋਣ ਦਿਓ।

**ਨੀਰਾ**-ਵਨ ਟੂ ਵਨ, ਆਹਮਣੇ-ਸਾਹਮਣੇ?

**ਰਾਜਾ**-ਵਨ ਟੂ ਵਨ, ਕੋਈ ਸੀਲਬੰਦ ਲਿਫਾਫੇ ਵਿੱਚ ਮੈਸੇਜ ਦੇ ਕੇ ਬਾਲੂ ਨੂੰ ਲੈ ਕੇ ਸਾਨੂੰ ਗੰਭੀਰ ਸਮੱਸਿਆ ਹੈ।

**ਨੀਰਾ**-ਕਾਂਗਰਸ ਤੋਂ, ਠੀਕ?

**ਰਾਜਾ**-ਹਾਂ

**ਨੀਰਾ**-ਓ.ਕੇ. ਮੈਂ ਉਸ ਨਾਲ ਗੱਲ ਕਰਾਂਗੀ। ਉਹ ਅਹਿਮਦ ਪਟੇਲ ਨਾਲ ਗੱਲ ਕਰ ਰਹੀ ਹੈ, ਇਸ ਲਈ ਮੈਂ ਉਸ ਨਾਲ ਗੱਲ ਕਰਾਂਗੀ।

**ਰਾਜਾ**-ਘੱਟੋ ਘੱਟ ਫੋਨ 'ਤੇ ਉਨ੍ਹਾਂ ਨੂੰ ਕਿਹਾ ਜਾਵੇ। ਸਰ, ਇਹ ਸਮੱਸਿਆ ਹੈ..ਅਸੀਂ ਬਹੁਤ ਇਜ਼ਤ ਕਰਦੇ ਹਾਂ, ਰਾਜਾ ਨਾਲ ਕੋਈ ਸਮੱਸਿਆ ਨਹੀਂ ਹੈ, ਪਰ ਸਮੱਸਿਆ ਬਾਲੂ ਨਾਲ ਹੈ।

**ਨੀਰਾ**-ਫੇਰ ਦੂਸਰੀ ਸਮੱਸਿਆ ਨੂੰ ਤੁਸੀਂ ਕਿਵੇਂ ਸੁਲਝਾਉਗੇ?

**ਰਾਜਾ**-ਦੂਸਰੀ ਸਮੱਸਿਆ ਨੂੰ ਅਸੀਂ ਹੌਲੀ ਹੌਲੀ ਹੱਲ ਕਰਾਂਗੇ, ਕਿਉਂਕਿ ਹੁਣ ਲੀਡਰ ਹੇਠਾਂ ਆ ਗਏ ਹਨ।

**ਨੀਰਾ**-ਹੁਣ ਲੀਡਰ ਤਿੰਨ ਤੱਕ ਹੇਠਾਂ ਆ ਗਏ ਹਨ?

**ਰਾਜਾ**-ਮੈਂ ਜਾਣਦਾ ਹਾਂ। ਕਾਂਗਰਸ ਦੇ ਦਿਮਾਗ ਵਿੱਚ ਇਹ ਕਿਸ ਨੇ ਪਾ ਦਿੱਤਾ ਕਿ ਅਝਾਗਿਰੀ ਅੰਗਰੇਜ਼ੀ ਨਹੀਂ ਜਾਣਦੇ?

**ਨੀਰਾ**-ਨਹੀਂ..ਨਹੀਂ..ਗੱਲ ਸਿਰਫ਼ ਇਹੀ ਨਹੀਂ ਹੈ। ਅੱਗੇ ਜਾ ਕੇ ਤਾਂ ਉਹ ਅਤੇ ਸਟਾਲਿਨ ਹੀ ਪਾਰਟੀ ਚਲਾਉਣਗੇ ਕਿਉਂਕਿ ਓਲਡ ਮੈਨ ਤਾਂ ਸਠਿਆ ਗਿਆ ਹੈ ਅਤੇ ਉਨ੍ਹਾਂ ਕੋਲ ਜ਼ਿਆਦਾ ਵਕਤ ਨਹੀਂ ਹੈ। ਇਸ



ਲਈ ਕਾਂਗਰਸ ਉਨ੍ਹਾਂ ਨਾਲ ਬਿਜਨਸ ਕਰਨ ਵਿੱਚ ਖੁਸ਼ ਹੀ ਹੋਵੇਗੀ, ਕਿਉਂਕਿ ਆਖਰ ਨੇਤਾ ਤਾਂ ਉਹ ਹੋਣਗੇ। ਉਹ ਸਟਾਲਿਨ ਨੂੰ ਵੀ ਕੰਟਰੋਲ ਕਰਦੇ ਹਨ ਅਤੇ ਇਹ ਕਿ ਅਝਾਗਿਰੀ ਅਪਰਾਧੀ ਹਨ ਅਤੇ ਇਹ ਕਿ ਪੰਜਵੀਂ ਪਾਸ ਤੋਂ ਅੱਗੇ ਨਹੀਂ ਵਧੇ ਹਨ।

**ਰਾਜਾ**-ਇਹ ਗੱਲ ਮੈਂ ਅਝਾਗਿਰੀ ਨੂੰ ਦੱਸੀ..ਹੁਣ ਅਝਾਗਿਰੀ ਲੀਡਰ ਨਾਲ ਗੱਲ ਕਰਨਗੇ।

**ਨੀਰਾ**-ਨਹੀਂ, ਪਰ ਉਨ੍ਹਾਂ ਨੇ ਵੀ ਇਹ ਗੱਲ ਕਹੀ..ਕਿ ਦਿੱਲੀ ਵਿੱਚ ਮੈਂ (ਮਾਰਨ) ਹੀ ਉਹ ਵਿਅਕਤੀ ਹਾਂ ਜਿਸ ਨਾਲ ਤੁਹਾਨੂੰ ਡੀਲ ਕਰਨਾ ਪਏਗਾ, ਕਿਉਂਕਿ ਸਟਾਲਿਨ ਤਾਂ ਰਾਜ ਵਿੱਚ ਹੀ ਰਹਿਣਗੇ।

**ਰਾਜਾ**-ਮੈਂ ਜਾਣਦਾ ਹਾਂ। ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ ਦਾ ਪ੍ਰਚਾਰ ਉਹ ਕਰ ਸਕਦੇ ਹਨ।

--

**ਨੀਰਾ**-ਮੈਂ ਤੁਹਾਨੂੰ ਇਕ ਐਸ.ਐਮ.ਐਸ. ਭੇਜਿਆ ਸੀ। ਮੈਂ ਕਨਿਮੋਝੀ ਨਾਲ ਗੱਲ ਕਰ ਰਹੀ ਸੀ ਤਾਂ ਸੋਚਿਆ ਕਿ..ਆਖਰ ਉਹ ਇਹੀ ਤਾਂ ਕਹਿ ਰਹੇ ਹਨ ਕਿ ਤੁਹਾਨੂੰ ਕਿਥੇ ਹੋਣਾ ਚਾਹੀਦਾ ਹੈ?

**ਰਾਜਾ**-ਹਾਂ

**ਨੀਰਾ**-ਲੀਡਰ ਵੀ ਇਹੀ ਕਹਿ ਰਹੇ ਹਨ ਕਿ ਤੁਹਾਨੂੰ ਉਥੇ ਹੋਣਾ ਚਾਹੀਦਾ ਹੈ, ਤੁਸੀਂ ਜਾਣਦੇ ਹੋ..ਦਲਿਤ ਹੋਣ ਦੀਆਂ ਗੱਲਾਂ ਤਾਂ ਤੁਸੀਂ ਜਾਣਦੇ ਹੀ ਹੋ।

**ਰਾਜਾ**-ਮੇਰਾ ਮਾਮਲਾ ਸਾਫ ਹੈ, ਹੈ ਨਾ?

**ਨੀਰਾ**-ਤੁਹਾਡਾ ਮਾਮਲਾ ਸਾਫ ਹੈ, ਹਾਂ। ਕੱਲ੍ਹ ਰਾਤ ਹੀ ਤੁਹਾਡਾ ਮਾਮਲਾ ਸਾਫ ਹੋਇਆ ਹੈ।

**ਰਾਜਾ**-ਗੱਲ ਸਿਰਫ਼ ਇਹੀ ਹੈ ਕਿ ਮਾਰਨ ਮੇਰੇ ਖਿਲਾਫ ਮੁਹਿੰਮ ਸ਼ੁਰੂ ਕਰ ਦਏਗਾ।

**ਨੀਰਾ**-ਤੁਹਾਨੂੰ ਵੱਖਰੀ ਤਰ੍ਹਾਂ ਨਾਲ ਲੜਾਈ ਲੜਨੀ ਪਏਗੀ।

**ਰਾਜਾ**-ਹੂੰ-ਉਹ ਪ੍ਰੈਸ ਨੂੰ ਕਹਿ ਸਕਦੇ ਹਨ। ਪ੍ਰਧਾਨ ਮੰਤਰੀ ਫੇਰ ਆ ਰਹੇ ਹਨ..ਐਰਾ-ਵਗੈਰਾ..ਸਪੈਕਟਰਮ

**ਨੀਰਾ**-ਨਹੀਂ ਨਹੀਂ..ਅਸੀਂ ਸੰਭਾਲ ਲਵਾਂਗੇ..ਡੋਂਟ ਵਰੀ। ਇਥੋਂ ਤੱਕ ਕਿ ਕਾਂਗਰਸ ਨੂੰ ਵੀ ਬਿਆਨ ਦੇਣਾ ਪਿਆ। ਮੈਂ ਸੁਨੀਲ ਮਿੱਤਲ ਨਾਲ ਗੱਲਬਾਤ ਕੀਤੀ ਸੀ..ਕੀ ਚੰਦੋਲੀਆ ਨੇ ਤੁਹਾਨੂੰ ਦੱਸਿਆ?

ਰਾਜਾ-ਹਮਮਮ..ਸੁਨੀਲ ਮਿੱਤਲ ਨੂੰ ਦੱਸੋ ਕਿ ਉਨ੍ਹਾਂ ਨੂੰ ਰਾਜਾ ਨਾਲ ਪੰਜ ਸਾਲ ਹੋਰ ਕੰਮ ਕਰਨਾ ਪਏਗਾ।

**ਨੀਰਾ**-ਮੈ ਇਹ ਗੱਲ ਉਨ੍ਹਾਂ ਨੂੰ ਕਹਿ ਦਿੱਤੀ ਹੈ। ਪਰ ਫੇਰ ਤੁਹਾਨੂੰ ਵੀ ਅਨਿਲ (ਅੰਬਾਨੀ) ਤੋਂ ਦੂਰੀ ਬਣਾਉਣੀ ਪਏਗੀ। ਤੁਹਾਨੂੰ ਨਿਰਪੱਖ ਰਹਿਣਾ ਪਏਗਾ।

**ਰਾਜਾ**-ਹਾਂ, ਇਹ ਅਸੀਂ ਕਰ ਸਕਦੇ ਹਾਂ।

## ਪੇਸ਼ੇ 'ਤੇ ਲੱਗੇ ਦਾਗ ਤੋਂ ਨਾਰਾਜ਼ ਹੋਏ ਪੱਤਰਕਾਰ

ਕਿਸੇ ਅਖਬਾਰ ਜਾਂ ਮੈਗਜ਼ੀਨ ਨੂੰ ਕਿਸੇ ਵਿਅਕਤੀ ਖਿਲਾਫ ਖਬਰ ਛਾਪਣ ਤੋਂ ਪਹਿਲਾਂ ਉਸ ਦਾ ਪੱਖ ਜਾਣਨਾ ਜ਼ਰੂਰੀ ਹੈ ਜਾਂ ਨਹੀਂ? ਪੱਤਰਕਾਰੀ ਨਾਲ ਜੁੜਿਆ ਕੋਈ ਵੀ ਵਿਅਕਤੀ ਆਪਣੇ ਪੇਸ਼ੇ ਨਾਲ ਜੁੜੇ ਇਸ ਮੂਲ ਸਿਧਾਂਤ ਦਾ ਪਾਲਣ ਕਰਨਾ ਆਪਣਾ ਧਰਮ ਸਮਝਦਾ ਹੈ। ਪਰ ਜਦੋਂ ਤੁਹਾਡੇ ਪੇਸ਼ੇ 'ਤੇ ਦਾਗ ਲਗ ਰਹੇ ਹਨ ਤਾਂ ਲਗਭਗ ਸਾਰੇ ਪੱਤਰਕਾਰ ਇਸ ਸਿਧਾਂਤ ਖਿਲਾਫ ਖੜੇ ਨਜ਼ਰ ਆਏ। ਇਹ ਮੌਕਾ ਸੀ ਕਾਰਪੋਰੇਟ ਲਾਬਿਸਟ ਨੀਰਾ ਰਾਡੀਆ ਟੇਪ ਕਾਂਡ ਤੋਂ ਬਾਅਦ ਮੀਡੀਆ ਦੇ ਮੂਲ ਵਿਸ਼ੇ 'ਤੇ ਪ੍ਰੈਸ ਕਲੱਬ ਆਫ ਇੰਡੀਆ ਵਿੱਚ ਐਡੀਟਰਜ਼ ਗਿਲਡ, ਪ੍ਰੈਸ ਐਸੋਸੀਏਸ਼ਨ, ਇੰਡੀਅਨ ਵਿਮੈਨ ਪ੍ਰੈਸ ਕੋਰ ਅਤੇ ਪ੍ਰੈਸ ਕਲੱਬ ਆਫ ਇੰਡੀਆ ਵਿੱਚ ਹੋਈ ਬਹਿਸ ਦਾ।

ਉਥੇ ਮੌਜੂਦ ਸੈਂਕੜੇ ਪੱਤਰਕਾਰ ਗਿਲਡ ਦੇ ਮੁਖੀ ਰਾਜਦੀਪ ਸਰਦੇਸਾਈ ਦੇ ਇਕ ਬਿਆਨ ਖਿਲਾਫ ਖੜੇ ਹੋ ਗਏ। ਸੀ.ਐਨ.ਐਨ-ਆਈ.ਬੀ.ਐਨ. ਦੇ ਸੰਪਾਦਕ ਸਰਦੇਸਾਈ ਨੇ ਕਿਹਾ ਕਿ ਦੋਸ਼ੀ ਪੱਤਰਕਾਰਾਂ ਨੂੰ ਪੱਖ ਸੁਣੇ ਬਿਨਾਂ ਹੀ ਉਨ੍ਹਾਂ ਦੇ ਟੈਲੀਫੋਨ ਟੇਪ ਦੀ ਸਕ੍ਰਿਪਟ ਛਾਪਣਾ ਗਲਤ ਸੀ। ਵੈਸੇ ਵੀ ਜਦੋਂ ਤੱਕ ਪੱਤਰਕਾਰਾਂ ਦਾ ਦੋਸ਼ ਸਿੱਧ ਨਹੀਂ ਹੋ ਜਾਂਦਾ, ਉਦੋਂ ਤੱਕ ਉਨ੍ਹਾਂ ਨੂੰ ਨਿਰਦੋਸ਼ ਮੰਨਿਆ ਜਾਣਾ ਚਾਹੀਦਾ ਹੈ।

ਇਸ ਗੱਲ 'ਤੇ ਕਈ ਮੀਡੀਆ ਕਰਮਚਾਰੀਆਂ ਨੇ ਗੰਭੀਰ ਸਵਾਲ ਉਠਾਏ। ਇਸ ਤੋਂ ਬਾਅਦ ਸਰਦੇਸਾਈ ਨੇ ਐਡੀਟਰਜ਼ ਗਿਲਡ ਦੀ 24 ਦਸੰਬਰ ਨੂੰ ਹੋਣ ਵਾਲੀ ਮੀਟਿੰਗ ਵਿੱਚ ਸੰਪਾਦਕਾਂ ਵੱਲੋਂ ਸੰਪਤੀ ਐਲਾਨਣ ਦੀ ਗੱਲ ਵੀ ਕਹੀ। ਸਰਦੇਸਾਈ ਨੇ ਕਿਹਾ ਕਿ ਕੱਚੀ ਸਮੱਗਰੀ ਪ੍ਰਕਾਸ਼ਤ ਕਰਕੇ ਕੁਝ ਮੈਗਜ਼ੀਨਾਂ ਨੇ ਪੱਤਰਕਾਰੀ ਦੇ ਸਿਧਾਂਤ ਦੀ ਉਲੰਘਣਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਟੇਪ ਵਿੱਚ ਉਭਰੇ ਪੱਤਰਕਾਰਾਂ ਨੇ 'ਪ੍ਰੋਫੈਸ਼ਨਲ ਮਿਸਜਜਮੈਂਟ' ਕੀਤਾ ਪਰ ਇਹ ਪ੍ਰੋਫੈਸ਼ਨਲ ਮਿਸਕੰਡਕਟ' ਨਹੀਂ ਹੈ। ਸਬੰਧਤ ਪੱਤਰਕਾਰਾਂ ਤੋਂ ਬਿਨਾਂ ਪ੍ਰਤੀਕਿਰਿਆ ਲਏ ਉਸ ਨੂੰ ਛਾਪਣਾ ਪੱਤਰਕਾਰੀ ਦੇ ਬੁਨਿਆਦੀ ਸਿਧਾਂਤ ਦੀ ਉਲੰਘਣਾ ਹੈ। ਇਸ 'ਤੇ ਕਈ ਮੀਡੀਆ ਕਰਮਚਾਰੀ ਭੜਕ ਉਠੇ। ਆਊਟ ਲੁੱਕ ਦੇ ਸੰਪਾਦਕ ਵਿਨੋਦ ਮਹਿਤਾ ਨੇ ਸਰਦੇਸਾਈ ਦੀ ਟਿੱਪਣੀ 'ਤੇ ਜਵਾਬ ਦਿੱਤਾ ਕਿ ਵਾਟਰਗੇਟ ਅਤੇ ਬੋਫਰਜ਼ ਵਰਗੇ ਵੱਡੇ ਖੁਲਾਸਿਆਂ ਵਿੱਚ ਕੱਚੀ ਸਮੱਗਰੀ ਤੋਂ ਮਿਲਿਆ ਪ੍ਰਮਾਣ ਹੀ ਕਾਫੀ 'ਜ਼ਬਰਦ-ਸਤ' ਸੀ। ਇਕ ਹੋਰ ਪੱਤਰਕਾਰ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੇਖ ਕੇ ਸ਼ਰਮ ਆ ਰਹੀ ਹੈ ਕਿ ਐਡੀਟਰਜ਼ ਗਿਲਡ ਦੇ ਮੁਖੀ ਪੱਤਰਕਾਰਾਂ ਵੱਲੋਂ ਕਾਰਪੋਰੇਟ ਲਾਬਿਸਟ ਦੇ ਸੰਦੇਸ਼ ਸਿਆਸੀ ਆਗੂਆਂ ਤੱਕ ਪਹੁੰਚਾਉਣ ਨੂੰ ਸਹੀ ਠਹਿਰਾ ਰਹੇ ਹਨ। ਸਰਦੇਸਾਈ ਨੇ ਤੁਰੰਤ ਸਫਾਈ ਦਿੱਤੀ ਕਿ ਉਨ੍ਹਾਂ ਦੀ ਕੋਸ਼ਿਸ਼ ਸਬੰਧਤ ਪੱਤਰਕਾਰਾਂ ਨੂੰ ਬਚਾਉਣ ਦੀ ਨਹੀਂ ਹੈ।

# ਪ੍ਰਧਾਨ ਮੰਤਰੀ ਹੋ, ਸਜ਼ਾ ਕਿਉਂ ਨਹੀਂ ਤੈਅ ਕਰਦੇ ? ਕਲਪੇਸ਼ ਯਾਗਨਿਕ

ਪ੍ਰਧਾਨ ਮੰਤਰੀ ਨੂੰ 'ਮੈਂ ਆਜ਼ਾਦ ਹੂੰ' ਫਿਲਮ ਦੇਖਣੀ ਚਾਹੀਦੀ ਹੈ। ਆਖਰ ਦੇ ਇਕ-ਦੋ ਦ੍ਰਿਸ਼। ਉਸ ਵਿਚ ਸੰਕਟ ਨਾਲ ਘਿਰੇ ਮੁੱਖ ਮੰਤਰੀ ਤੋਂ ਭ੍ਰਿਸ਼ਟ ਕਾਰੋਬਾਰੀ, ਨਜਾਇਜ਼ ਲਾਇਸੈਂਸ ਤੇ ਅਸਰ-ਰਸੂਖ ਵਾਲੇ ਲਾਭ ਮੰਗ ਰਹੇ ਹਨ। ਮੁੱਖ ਮੰਤਰੀ ਬੇਬਸੀ ਜ਼ਾਹਰ ਕਰ ਰਹੇ ਹਨ। ਇਸ 'ਤੇ ਉਨ੍ਹਾਂ ਨੂੰ ਧਮਕਾਇਆ ਜਾ ਰਿਹਾ ਹੈ-'ਕਿਉਂ ਨਹੀਂ ਦੇ ਸਕਦੇ ਟੈਂਡਰ, ਆਖ਼ਰ ਤੁਸੀਂ ਮੁੱਖ ਮੰਤਰੀ ਹੋ. ਜੋ ਚਾਹੇ ਕਰ ਸਕਦੇ ਹੋ।' ਬਸ, ਇਸ ਗੱਲ ਨਾਲ ਮਾਹੌਲ ਹੀ ਬਦਲ ਜਾਂਦਾ ਹੈ। ਮੁੱਖ ਮੰਤਰੀ ਵਿੱਚ ਨਵੀਂ ਜਾਨ ਆ ਜਾਂਦੀ ਹੈ-'ਚੰਗਾ ਯਾਦ ਦਿਵਾਇਆ ਕਿ ਮੈਂ ਮੁੱਖ ਮੰਤਰੀ ਹਾਂ, ਜੋ ਚਾਹੇ ਕਰ ਸਕਦਾ ਹਾਂ। ਅਫਸਰੋ, ਜੇਲ੍ਹ ਵਿੱਚ ਸੁੱਟੋ ਇਨ੍ਹਾਂ ਸਾਰੇ ਭ੍ਰਿਸ਼ਟਾਂ ਨੂੰ!' ਜ਼ਾਹਰ ਹੈ, ਸਜ਼ਾ ਹੁੰਦਿਆਂ ਹੀ ਸਾਰੇ ਕੁਕਰਮ ਖ਼ਤਮ।

ਦੇਸ਼ ਵਿੱਚ ਹੁਣ ਤੱਕ ਦੇ ਸਭ ਤੋਂ ਵੱਡੇ ਘੁਟਾਲੇ 2 ਜੀ ਸਪੈਕਟਰਮ ਦੀ ਵੰਡ 'ਤੇ ਸਾਡੇ ਇਮਾਨਦਾਰ ਪ੍ਰਧਾਨ ਮੰਤਰੀ ਆਖਰ ਮੌਨ ਕਿਉਂ? ਇਹ ਸਵਾਲ ਸੁਪਰੀਮ ਕੋਰਟ ਨੇ ਏਨੀ ਹੀ ਸਿੱਧੀ ਭਾਸ਼ਾ ਵਿੱਚ ਕੀਤਾ ਸੀ। ਪਰ 'ਤੁਸੀਂ ਪ੍ਰਧਾਨ ਮੰਤਰੀ ਹੋ ਜੋ ਚਾਹੇ ਕਰ ਸਕਦੇ ਹੋ' ਵਰਗੀ ਲਲਕਾਰ ਉਨ੍ਹਾਂ ਨੂੰ ਇਕ ਅਜਿਹੇ ਸ਼ਖਸ ਤੋਂ ਮਿਲੀ, ਜੋ ਸਾਰੇ 2ਜ ਘੁਟਾਲੇ ਵਿੱਚ ਖੁਦ ਕੁਝ ਇਸ ਤਰ੍ਹਾਂ ਫਸਿਆ ਕਿ ਉਨ੍ਹਾਂ ਦੇ ਜੈਗੁਆਰ ਵਰਗੀ ਵਿਸ਼ਾਲ ਗੌਰਵ ਦੇ ਨੈਨੋ ਵਾਂਗ ਛੋਟੀ ਹੋਣ ਦਾ ਖ਼ਤਰਾ ਸਾਹਮਣੇ ਦਿਖਾਈ ਦੇ ਰਿਹਾ ਹੈ। ਰਤਨ ਟਾਟਾ ਦੀ ਗੱਲ ਹੋ ਰਹੀ ਹੈ ਇਥੇ। ਉਨ੍ਹਾਂ ਦੀ ਕੰਪਨੀ ਨੂੰ 1658 ਕਰੋੜ ਰੁਪਏ ਵਿੱਚ ਲਾਇਸੈਂਸ ਮਿਲਿਆ। ਤੁਰੰਤ ਇਸ ਦਾ 27 ਫੀਸਦੀ ਹਿੱਸਾ ਜਾਪਾਨੀ ਕੰਪਨੀ ਡੋਕੋਮੋ ਨੂੰ 12,924 ਕਰੋੜ ਰੁਪਏ ਵਿੱਚ ਦਿੱਤਾ ਗਿਆ। ਭਾਵ ਮਹਾਂਘੁਟਾਲੇ ਨਾਲ ਭਾਰੀ ਮੁਨਾਫ਼ਾ। ਫੇਰ ਵੀ ਗਰਜੇ ਸਰਕਾਰ ਉਪਰ। ਕਿਹਾ-ਦੇਸ਼ 'ਬਨਾਨਾ ਰਿਪਬਲਿਕ' ਬਣ ਜਾਵੇਗਾ, ਜੇਕਰ ਭ੍ਰਿਸ਼ਟਾਚਾਰ ਨਾ ਰੋਕਿਆ। ਬਨਾਨਾ ਰਿਪਬਲਿਕ ਭਾਵ ਅਜਿਹੀ ਗਰੀਬ ਅਰਥਵਿਵਸਥਾ ਵਾਲਾ ਦੇਸ਼, ਜਿਸ ਦੀ ਆਰਥਿਕਤਾ ਸਿਰਫ ਇਕ ਫਸਲ (ਜਿਵੇਂ ਕੇਲੇ) 'ਤੇ ਟਿਕੀ ਹੋਵੇ ਅਤੇ ਦੇਸ਼ ਭ੍ਰਿਸ਼ਟ ਅਗਵਾਈ ਦੇ ਕਬਜ਼ੇ ਵਿੱਚ ਹੋਵੇ! ਜੋ ਲੋਕ ਇਸ ਸ਼ਰਮਨਾਕ ਘੁਟਾਲੇ ਦੇ ਟੇਪ ਤੋਂ ਵਾਕਫ਼ ਹਨ, ਉਨ੍ਹਾਂ ਨੂੰ ਇਸ ਬਿਆਨ ਨੇ ਬੁਰੀ ਤਰ੍ਹਾਂ ਹੈਰਾਨ ਕਰ ਦਿੱਤਾ। ਕਟਹਿਰੇ ਵਿੱਚ ਖੜੇ ਲੋਕ ਵੀ ਹੁਣ ਪ੍ਰਧਾਨ ਮੰਤਰੀ ਨੂੰ ਚਿਤਾਵਨੀ ਦੇ ਰਹੇ ਹਨ। ਪਰ 'ਮਨ' ਹੈ ਕਿ ਮੌਨ ਹੀ ਹੈ।

**ਮੀਡੀਆ-ਰਾਡੀਆ ਗਠਜੋੜ ਦਾ ਕੀ?** ਭਾਰਤੀ ਮੀਡੀਆ ਲਈ ਇਹ ਸ਼ਰਮਨਾਕ ਨਾਲੋਂ ਜ਼ਿਆਦਾ ਦਰਦਨਾਕ ਹੈ। ਗੌਰ ਸਿਰਫ਼ ਇਹ ਕਰਨਾ ਹੋਵੇਗਾ ਕਿ ਜਿਨ੍ਹਾਂ ਪੱਤਰਕਾਰਾਂ ਦੇ ਨਾਂ ਲਾਬੀਸਟ ਹੋਣ ਦਾ ਦਾਗ਼ ਲੱਗਿਆ ਹੈ-ਉਹ ਮਹਿਜ਼ ਆਮ ਪੱਤਰਕਾਰ ਨਹੀਂ ਹਨ। ਉਹ ਸਾਰੇ ਸੈਲੇਬ੍ਰਿਟੀ ਹਨ। ਚਮਤਕਾਰੀ ਵਿਅਕਤੀਤੱਵ ਵਾਲੇ। ਇਸ ਲਈ ਚਮਤਕਾਰੀ ਕੰਮ ਵੀ ਸਾਹਮਣੇ ਆ ਰਹੇ ਹਨ। ਪਰ ਪਾਠਕਾਂ, ਦਰਸ਼ਕਾਂ ਅਤੇ ਸਰੋਤਿਆਂ ਲਈ ਮੀਡੀਆ ਦੇ ਇਸ ਵਰਗ ਦਾ ਅਜਿਹਾ ਬੇਨਕਾਬ ਹੋਣਾ ਖੁਸ਼ਖਬਰੀ ਹੈ। ਕਿਉਂਕਿ ਵੱਡਾ ਸਾਹਸ ਦਿਖਾਉਂਦੇ ਹੋਏ, ਵੱਡਜੀ ਜ਼ਿੰਮੇਵਾਰੀ ਨਾਲ ਵੱਖ ਵੱਖ ਮੀਡੀਆ ਇਸ 'ਤੇ ਖੁੱਲ੍ਹ ਕੇ ਬੋਲ ਰਿਹਾ ਹੈ, ਸਾਰਿਆਂ ਦੀਆਂ ਅੱਖਾਂ ਖੋਲ੍ਹ ਰਿਹਾ ਹੈ। ਹਮੇਸ਼ਾ ਦੂਸਰਿਆਂ ਨੂੰ ਸ਼ੀਸ਼ਾ ਦਿਖਾਇਆ, ਹੁਣ ਆਪਣੀ ਸ਼ਕਲ ਸੁਧਾਰਨ ਵਿਚ ਜੁੱਟ ਗਿਆ ਹੈ। ਚੰਗਾ ਇਹ ਹੈ ਕਿ ਹੁਣ ਲੋਕ ਉਸ ਨੂੰ ਹੋਰ ਸਖ਼ਤੀ ਨਾਲ ਪਰਖੇਗੀ।

..ਪਰ ਇਸ ਨੂੰ ਧੋਖਾ ਕਹਿੰਦੇ ਹਨ-ਇਸ ਅਪਵਿੱਤਰ ਗਠਜੋੜ ਨੇ ਹੀ 2 ਜੀ ਮਹਾਂਘੁਟਾਲੇ ਨੂੰ ਕੌਮੀ ਧੋਖਾਧੜੀ ਬਣਾ ਦਿੱਤਾ ਹੈ। ਜਦੋਂ ਏਨੇ ਵੱਡੇ ਪੱਧਰ 'ਤੇ, ਏਨੇ ਵੱਡੇ ਸੰਪਾਦਕ 'ਅਜਿਹਾ' ਸ਼ਰੇਆਮ ਕਰ ਰਹੇ ਹੋਣ ਤਾਂ ਇਹ ਭ੍ਰਿਸ਼ਟਾਚਾਰ ਨੂੰ ਵੀ ਮਾਤ ਦੇ ਕੇ ਧੋਖੇ ਦੀ ਸ਼੍ਰੇਣੀ ਵਿੱਚ ਆ ਜਾਂਦਾ ਹੈ। ਇਹ 'ਪੇਡ ਨਿਊਜ਼' ਨਾਲੋਂ ਵੀ ਜ਼ਿਆਦਾ ਭਿਆਨਕ ਹੈ। ਖ਼ਬਰਾਂ ਵਿੱਚ ਦੁਨੀਆ ਭਾਲਣ ਵਾਲੇ ਪਾਠਕਾਂ-ਦਰਸ਼ਕਾਂ ਲਈ ਵੱਡਾ ਧੱਕਾ ਹੈ। ਪਰ ਮੀਡੀਆ ਹੀ ਸੱਤਾ ਦੀ ਦਲਾਲੀ ਦੀ ਸਭ ਤੋਂ ਵੱਡੀ ਕਹਾਣੀ ਦੀਆਂ ਪਰਤਾਂ ਖੋਲ੍ਹੇਗਾ। ਇਹੀ ਸਾਡੀ ਅਗਲੀ, ਅਸਲੀ ਚੁਣੌਤੀ ਹੋਵੇਗੀ।

**ਬੋਫਰਜ਼ ਤੇ ਹਵਾਲਾ ਨਾਲ ਮੁਕਾਬਲਾ ਕਿੰਨਾ ਸਹੀ**-ਇਸ ਲੁੱਟ ਦੇ ਕਿਰਦਾਰਾਂ ਪਿਛੇ ਕੁਝ ਸਮਰਥਕ ਇਹ ਪ੍ਰਚਾਰ ਕਰਨ ਵਿੱਚ ਲੱਗ ਗਏ ਹਨ ਕਿ ਬੋਫਰਜ਼ ਅਤੇ ਹਵਾਲਾ ਕਾਂਡ ਦੇ ਸਮੇਂ ਜੋ ਡਰ ਅਤੇ ਭਰਮ ਫੈਲਾਇਆ ਗਿਆ ਸੀ, ਉਸ ਨਾਲ ਦੇਸ਼ ਨੂੰ ਭਾਰੀ ਨੁਕਸਾਨ ਪੁੱਜਾ। ਕੁਝ ਸਿੱਧ ਤਾਂ ਨਹੀਂ ਹੋਇਆ, ਸਰਕਾਰ ਚਲੀ ਗਈ, ਮੰਤਰੀ ਬਰਖਾਸਤ ਹੋ ਗਏ। ਧੱਬਾ ਲੱਗ ਗਿਆ। ਹਰ ਕਿਸੇ ਨੂੰ 'ਚੋਰ' ਬਣਾ ਦਿੱਤਾ ਗਿਆ। ਫੇਰ ਅਜਿਹਾ ਹੀ ਵਾਤਾਵਰਣ ਬਣਾਇਆ ਜਾ ਰਿਹਾ ਹੈ। ਇਹ ਪ੍ਰਚਾਰ ਠੀਕ ਨਹੀਂ ਹੈ। ਡਾ. ਮਨਮੋਹਨ ਸਿੰਘ ਦੀ ਹਾਲਤ ਤਾਂ ਹਰਸ਼ਦ ਮਹਿਤਾ ਕਾਂਡ ਦੇ ਸਮੇਂ ਦੇ ਵਿੱਤ ਮੰਤਰੀ ਵਰਗੀ ਹੈ। ਜੋ ਉਦੋਂ ਵੀ ਓਨਾ ਹੀ ਨਿਰਾਸ਼ਾ ਵਿੱਚ ਡੁੱਬਿਆ ਹੋਇਆ ਸੀ, ਜਿੰਨਾ ਅੱਜ। ਸਿਰਫ਼ ਅਹੁਦੇ ਦਾ ਫਰਕ ਹੈ। ਘੁਟਾਲਾ ਵੀ ਬੋਫਰਜ਼ ਜਾਂ ਹਵਾਲਾ ਵਰਗਾ ਨਹੀਂ ਹੈ। ਇਸ ਵਿੱਚ ਭ੍ਰਿਸ਼ਟਾਚਾਰ ਭਾਵੇਂ ਜਿਵੇਂ ਵੀ ਹੋਵੇ, ਚਰਿਤਰਹੀਣਤਾ ਠੀਕ ਉਹੀ ਜਿਹੀ ਹੈ ਜਿਵੇਂ ਸੰਸਦ ਵਿੱਚ ਸਵਾਲ ਪੁੱਛਣ ਬਦਲੇ ਕਾਰਪੋਰੇਟ ਘਰਾਨਿਆਂ ਤੋਂ ਪੈਸੇ ਵਸੂਲਣ ਵਿੱਚ ਨਜ਼ਰ ਆਈ ਸੀ। ਜਾਂ ਜਿਵੇਂ ਕਿ ਰਾਓ ਸਰਕਾਰ ਨੂੰ ਬਚਾਉਣ ਲਈ ਸੰਸਦ ਮੈਂਬਰਾਂ ਨੂੰ ਰਿਸ਼ਵਤ ਦੇਣ ਵਿੱਚ।

**ਕੀ ਅਸੀਂ ਸਵਾ ਸੌ ਕਰੋੜ ਲੋਕਾਂ ਨੇ ਕੀਤਾ ਘੁਟਾਲਾ?**-ਦੇਸ਼ ਵਿੱਚ ਸਿਹਤ ਸਹੂਲਤਾਂ ਉਪਰ ਖਰਚ ਹੋਣ ਵਾਲੀ ਰਕਮ ਨਾਲੋਂ ਕੋਈ 9 ਗੁਣਾਂ ਵੱਡੀ ਰਕਮ ਲੁੱਟ ਲਈ ਗਈ ਹੈ ਇਸ ਪੂਰੀ ਸਾਜ਼ਿਸ਼ ਵਿੱਚ। ਪਰ ਪ੍ਰਧਾਨ ਮੰਤਰੀ ਦੀ ਚੁੱਪੀ ਨਾਲ ਕਟਹਿਰੇ ਵਿੱਚ ਖੜਾ ਹਰ ਵਿਅਕਤੀ ਰਾਜਾ ਬਣ ਬੈਠਿਆ ਅਤੇ ਸਾਨੂੰ ਰੰਕ ਬਣਾਉਂਦਾ ਰਿਹਾ। ਹੁਣ ਸਾਰੇ ਕਹਿ ਰਹੇ ਹਨ 'ਅਸੀਂ ਤਾਂ ਆਪਣਾ ਕੰਮ ਕਰ ਰਹੇ ਸਨ' ਜੈਸਿਕਾ ਹੱਤਿਆ ਕਾਂਡ ਵਿੱਚ ਸਾਰਿਆਂ ਦੇ ਬਰੀ ਹੋਣ 'ਤੇ ਇਕ ਸਿਰਲੇਖ ਮਸ਼ਹੂਰ ਹੋਇਆ ਸੀ 'ਨੋਬੋਡੀ ਕਿਲਡ ਜੈਸਿਕਾ'!' ਅਜਿਹਾ ਹੀ ਇਸ ਵਿੱਚ ਹੈ। ਕਿਸੇ ਨੇ ਘੁਟਾਲਾ ਨਹੀਂ ਕੀਤਾ।

**ਤਾਂ ਕੀ ਪੌਣੇ ਦੋ ਲੱਖ ਕਰੋੜ ਰੁਪਏ ਅਸੀਂ ਸਵਾ ਸੌ ਕਰੋੜ ਲੋਕ ਖਾ ਗਏ?**-ਜਵਾਬ ਸਿਰਫ ਪ੍ਰਧਾਨ ਮੰਤਰੀ ਦੇ ਸਕਦੇ ਹਨ। ਜੋ ਖੁਦ 2 ਨਵੰਬਰ 2007 ਨੂੰ ਇਸ ਘੁਟਾਲੇ ਨੂੰ ਜਾਣ ਗਏ ਸਨ ਅਤੇ ਇਤਰਾਜ਼ ਲੈਂਦੇ ਹੋਏ ਪੱਤਰ ਲਿਖਿਆ ਸੀ ਰਾਜਾ ਨੂੰ। ਠੀਕ ਦੋ ਮਹੀਨੇ ਬਾਅਦ ਅਚਾਨਕ ਪਤਾ ਨਹੀਂ ਕੀ ਜਵਾਬ ਆਇਆ ਕਿ ਉਨ੍ਹਾਂ ਨੇ ਰਾਜਾ ਨੂੰ ਇਸ ਦੀ ਮਨਜ਼ੂਰੀ ਦੇ ਦਿੱਤੀ। ਕਿਉਂ? ਕੁਝ ਲੋਕ ਸੰਯੁਕਤ ਸੰਸਦੀ ਕਮੇਟੀ (ਜੇ.ਪੀ.ਸੀ.) 'ਤੇ ਕਹਿ ਰਹੇ ਹਨ ਕਿ ਇਸ ਨਾਲ ਕੀ ਹੋਵੇਗਾ? ਬੋਫਰਜ਼ ਜੇ.ਪੀ.ਸੀ. ਦੇ ਮੈਂਬਰ ਦੀ ਟਿਪਣੀ ਤੋਂ ਸਮਝੋ-'ਮੈਂ ਤਾਮਿਲ ਹਾਂ ਅਤੇ ਮੇਰੇ ਭਗਵਾਨ ਸ਼ਿਵ ਹਨ। ਜੇਕਰ ਅੱਜ ਪ੍ਰਤੱਖ ਸ਼ਿਵ ਵੀ ਆ ਕੇ ਕਹਿਣ ਕਿ ਬੋਫਰਜ਼ ਘੁਟਾਲੇ ਵਿੱਚ ਚੋਟੀ 'ਤੇ ਬੈਠੇ ਲੋਕ ਸ਼ਾਮਲ ਨਹੀਂ ਸਨ ਤਾਂ ਮੈਂ ਉਨ੍ਹਾਂ ਦੀ ਵੀ ਨਹੀਂ ਸੁਣਾਂਗਾ।' ਭਾਂਵੇ ਰਿਪੋਰਟ ਬੇਸ਼ੱਕ ਹੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀ ਜਾਵੇ, ਪਰ ਉਸ ਵਿਚ ਅਜਿਹੇ ਸ਼ਬਦ ਆ ਸਕਦੇ ਹਨ, ਜੋ ਸੱਚਾਈ ਵੱਜੋਂ ਹਮੇਸ਼ਾ ਗੂੰਜਦੇ ਰਹਿਣਗੇ।


Ace Immigration Services

Bring your relatives to Canada in 6-12 months*

Doctors, Nurses, Pharmacists, Restaurant Managers, Cooks, Social Workers and many more occupations eligible

Competent Services • Reasonable Fee



Avail our services for:
Family Sponsorship • Work Permit
Point System • Business & Investor Class
Provincial Nominee • Study Permit • Nanny

Shamsher Buttar
Certified Canadian Immigration Consultant
Member CSIC

Edmonton 780-465-6900
Toronto 1-416-740-3186
Email: ss_buttar@yahoo.com

*some conditions apply

A City Limos Ltd.

Ph: 780-462-4940
Toll Free: 1-888-462-4623





Wedding
School Proms
Birthday
City Tours
Airport Service

Edmonton-Calgary Vancouver

Contact
780-951-7260



e-mail: dhaliwalsd@hotmail.com, www.acitylimousine.com



ਆਪਟੀਮੰਮ ਗਰੁੱਪ ਵੱਲੋਂ ਅਖ਼ਬਾਰ ਏਸ਼ੀਅਨ ਟ੍ਰਬਿਊਨ ਦੇ ਉਧਘਾਟਨ ਦੀਆਂ ਝਲਕੀਆਂ।



ਪੰਜਾਬੀ ਅਖ਼ਬਾਰ 'ਲੋਕ ਅਵਾਜ਼' ਦੇ ਲੋਕ ਅਰਪਣ ਮੌਕੇ ਬੁਲਾਰੇ ਤੇ ਹਾਜ਼ਰੀਨ।



ਰਾਮਗੜ੍ਹੀਆ ਕਲਚਰਲ ਸੋਸਾਇਟੀ ਵੱਲੋਂ ਕਰਵਾਏ ਗਏ 'ਡਰੱਗ, ਮਨੀ ਤੇ ਡੈਥ' ਨਾਂ ਦੇ ਸੈਮੀਨਾਰ ਦੀਆਂ ਝਲਕੀਆਂ।



ਸ਼ਹੀਦ ਕਰਤਾਰ ਸਿੰਘ ਸਰਾਬਾ ਦੀ ਯਾਦ 'ਚ ਕਰਵਾਏ ਸੈਮੀਨਾਰ ਦੀਆਂ ਝਲਕੀਆਂ।



ਪੰਜਾਬ ਯੂਨਾਇਟਿਡ ਸਪੋਰਟਸ ਐਂਡ ਹੈਰੀਟੇਜ ਐਸੋਸੀਏਸ਼ਨ ਵੱਲੋਂ ਕਰਵਾਏ ਗਏ 'ਵਿਜ਼ਨ 2010' ਨਾਂ ਦੇ ਸਮਾਗਮ ਦੀਆਂ ਵੱਖ-ਵੱਖ ਝੱਲਕੀਆਂ।


# Guaranteed Paid up Life Insurance

**Get your money back if you don't develop any critical illness**



Life Insurance
ਲਾਈਫ ਇੰਸ਼ੋਰੈਂਸ



Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼





Mortgage Insurance
ਮੋਰਟਗੇਜ ਇੰਸ਼ੋਰੈਂਸ



Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ



Health Plans
ਹੈਲਥ ਪਲੈਨਜ਼



Disability Insurance
ਡਿਸਏਬਿਲਟੀ ਇੰਸ਼ੋਰੈਂਸ



Travel Insurance
ਟਰੈਵਲ ਇੰਸ਼ੋਰੈਂਸ

For More Information Please Contact :

Jasvir Deol
Phone: 780-465-6900
Cell: 780-906-4497

DEOL
Insurance & Financial Planning

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**



Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

**Tel: 780-462-4229 Fax: 780-462-3315** *Professional Corporation



# Kamal Video & Photography



- Wedding
- Birthday
- Graduations
- Portraits
- Concerts

Rav or Kamal
Tel: 780.466.8019
Cell: 780.952.8017
Cell: 780.903.8019



# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889



# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories



## French Doors

Cascade with Zinc Bars · Deco Frosted Clear · Heritage V-Groove Fully Sandblasted · Heritage V-Groove Clear · Montana Clear Slab · Pantry Slab



## Interior Doors

2-Panel Curved Top · 3-Panel MDF Shaker-Slab · 3-Panel Shaker-Mission · 6-Panel Oak-Slab · Stratos-Slab



## Fibreglass Exterior Door



Ask about our finishing packages!

- * Interior and Exterior
- * Prehung Units
- * Locks and Hardware
- * French Doors
- * Bi-folds
- * Mouldings
- * MDF Sheet: Oak & Maple
- * Plywood
- * Bullnose Shelf
- * Adhesives
- * DAP
- * Shims
- * Brad Nails
- * Fireplace Mantels
- * Accessories

We Supply and install Building Materials!

ALEXANDRIA Moulding

## Moulding

Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF / 356 Casing Oak / 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

New Stock!



24" White Medallion



24" Coloured Medallion



Bath Fixtures
Pearl
Lux
Ax--------------
A--------------
Door Locks
WEISER LOCK



Alberta Location: 9129-35 Avenue,
Edmonton, AB T6E 5Y1
Phone: 780-432-7700 Fax: 780-432-7710

**www.fancy-doors.com**

# ਸੰਝ ਪਈਓ ਦਿਨ ਗਿਰਿਆ ਗਿਆ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਸੰਝ ਪਈਓ ਦਿਨ ਗਿਰਿਆ ਗਿਆ

ਮੋਹਰੀਚੱਕ ਤੋਂ ਸਵੇਰ ਦੇ ਗੀਤ ਮਿਲਣ ਤੋਂ ਬਾਅਦ ਮੇਰਾ ਇਹ ਪੱਕਾ ਵਿਸ਼ਵਾਸ ਸੀ ਕਿ ਸ਼ਾਮ ਦੇ ਗੀਤ ਵੀ ਅਵੱਸ਼ ਹੋਣੇ ਚਾਹੀਦੇ ਹਨ। ਇਸ ਲਈ ਮੈਂ ਜਿਸ ਪਿੰਡ ਜਾਂਦਾ ਉਥੇ ਇਨ੍ਹਾਂ ਬਾਰੇ ਜ਼ਰੂਰ ਪੁੱਛਦਾ। ਕਿਸੇ ਵੀ ਔਰਤ ਤੋਂ ਗੀਤ ਸੁਣਨ ਵੇਲੇ ਜਿਥੇ ਮੈਂ ਲੰਬੇ ਗੀਤਾਂ ਵਿਚੋਂ ਮਾਂਵਾਂ-ਧੀਆਂ, ਦਿਉਰ-ਭਰਜਾਈ, ਸੱਸ-ਸਹੁਰੇ, ਕੰਤ-ਪਤਨੀ, ਪ੍ਰੇਮੀ ਪ੍ਰੇਮਿਕਾ, ਦੰਤ ਕਥਾਵਾਂ ਨਾਲ ਸਬੰਧਤ ਗੀਤਾਂ ਦੀ ਫਰਮਾਇਸ਼ ਕਰਦਾ ਉਥੇ ਨਾਲ ਬਾਰਾਂਮਾਹੇ, ਪੈਂਤੀ ਅੱਖਰੀ, ਸੁਹਾਗ ਘੋੜੀਆਂ, ਬੋਲੀਆਂ, ਗਿੱਧੇ ਆਦਿ ਬਾਰੇ ਚਰਚਾ ਕਰਦਾ। ਹੁਣ ਇਸ ਲਿਸਟ ਵਿਚ ਸਵੇਰ ਦੇ ਗੀਤ ਤੇ ਸ਼ਾਮ ਦੇ ਗੀਤ ਜੁੜ ਗਏ ਹਨ।

ਆਪਣੇ ਹੀ ਪਿੰਡ ਚਾਚੀ ਸੀਤੋ ਤੋਂ ਕੁੱਝ ਗੀਤ ਸੁਣ ਰਿਹਾ ਸਾਂ। ਕੁਝ ਗੀਤਾਂ ਤੋਂ ਬਾਅਦ ਮੈਂ ਕਿਹਾ, 'ਕਿਸੇ ਦਿਨ ਤੇਰਿਆਂ ਪੇਕਿਆਂ ਤਿਉਂ ਗੀਤ ਸੁਣ ਕੇ ਆਉਣਾ, ਦੱਸੀਂ।' ਚਾਚੀ ਸੀਤੋ ਨੇ ਆਪਣਾ ਪ੍ਰੋਗਰਾਮ ਛੇਤੀ ਦੱਸ ਦਿੱਤਾ। ਉਹ ਅਗਲੇ ਕੁਝ ਦਿਨਾਂ ਵਿਚ ਹੀ ਉਥੇ ਜਾ ਰਹੀ ਸੀ। ਮੈਂ ਇਨ੍ਹਾਂ ਦਿਨਾਂ ਵਿਚ ਉਥੇ ਹੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਦੋਸਤ ਅਮਰੀਕ ਤੋਂ ਬਾਅਦ ਜੇ ਕੋਈ ਮੇਰੇ ਨਾਲ ਗੀਤਾਂ ਦਾ ਹਮਸਫ਼ਰ ਇਕ ਤੋਂ ਵਧੇਰੇ ਵਾਰ ਬਣਿਆ ਹੈ ਤਾਂ ਉਹ ਮੇਰਾ ਛੋਟਾ ਭਰਾ ਅਜੀਤ ਹੈ। ਹੁਣ ਤਾਂ ਉਹ ਪਾਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਚ ਲੈਕਚਰਾਰ ਹੈ। ਉਦੋਂ ਉਹ ਵਿਹਲਾ ਸੀ। ਮਦਦ ਉਹ ਹੁਣ ਵੀ ਮੇਰੀ ਕਰਦਾ ਰਹਿੰਦਾ ਹੈ। ਮੈਂ ਝੋਲੇ ਵਿਚ ਟੇਪ ਰਿਕਾਰਡ, ਖ਼ਾਲੀ ਕੈਸਟਾਂ ਤੇ ਕੁੱਝ ਸੈੱਲ ਨਾਲ ਲੈ ਕੇ ਪਾ ਲਏ। ਝੋਲਾ ਮੋਢੇ 'ਤੇ ਲਟਕਾ ਮੈਂ ਸਾਇਕਲ ਤੇ ਅਜੀਤ ਨਾਲ ਤੁਰ ਪਿਆ। ਸਕੂਟਰ ਤਾਂ ਮੈਂ ਕੁਰੂਕਸ਼ੇਤਰ 1986 ਵਿਚ ਲਿਆ। ਲੋਕ ਗੀਤਾਂ ਲਈ ਫ਼ੀਲਡ ਵਰਕ ਸਾਰਾ ਮੈਂ ਸਾਇਕਲ ਉਪਰ ਜਾਂ ਬੱਸਾਂ ਰਾਹੀਂ ਕੀਤਾ। ਰਾਤ ਰਹਿਣ ਦੇ ਮੂਡ ਨਾਲ, ਅਸੀਂ ਸ਼ਾਮ ਨੂੰ ਹੀ ਚਠਿਆਲੀਆਂ ਪਿੰਡ ਪਹੁੰਚੇ, ਜੋ ਮੇਰੇ ਪਿੰਡ ਸੱਜਣਾਂ ਤੋਂ 3-4 ਮੀਲ ਸੀ। ਪਰ ਸਾਰਾ ਰਸਤਾ ਰੇਤਲਾ ਸੀ ਇਸ ਲਈ ਅਸੀਂ ਬਾਰੀ-ਬਾਰੀ ਸਾਇਕਲ ਖਿੱਚਦੇ ਸ਼ਾਮ ਜਿਹੇ ਨੂੰ ਪੁੱਛਦੇ ਪੁੱਛਦੇ ਚਾਚੀ ਸੀਤੋ ਦੇ ਘਰ ਪਹੁੰਚ ਗਏ।

ਚਾਹ ਪਾਣੀ ਤੋਂ ਵਿਹਲੇ ਹੋ ਕੇ ਮੈਂ ਚਾਚੀ ਸੀਤੋ ਨਾਲ ਅਸਲ ਗੱਲ ਛੇੜੀ। ਉਸ ਨੇ ਪਹਿਲਾਂ ਹੀ ਕੁੜੀਆਂ ਤੇ ਬਜ਼ੁਰਗ ਔਰਤਾਂ ਨਾਲ ਗੱਲ ਕੀਤੀ ਹੋਈ ਸੀ। ਨਿਆਣਾ ਭੇਜ ਕੇ ਉਨ੍ਹਾਂ ਨੂੰ ਬੁਲਾ ਘੱਲਿਆ। ਬਿਨਾਂ ਕਿਸੇ ਭੂਮਿਕਾ ਤੋਂ ਚਾਚੀ ਨੇ ਗੀਤ ਗਾਉਣ ਲਈ ਕਿਹਾ। ਮੈਂ ਆਪਣਾ ਮੌਕਾ ਸੰਭਾਲਿਆ ਤੇ ਆਪਣਾ ਮੰਤਵ ਦਸਿਆ ਤੇ ਉਨ੍ਹਾਂ ਪੁਰਾਣੇ ਗੀਤ ਸੁਣਾਏ ਪਰ ਆਪਣੇ ਤਜਰਬੇ ਦੇ ਆਧਾਰ 'ਤੇ ਉਹ ਵੀ ਮੈਂ ਟੇਪ ਕਰ ਲਏ। ਇੰਝ ਕਰਨਾ ਹੀ ਪੈਂਦਾ ਹੈ ਨਹੀਂ ਤਾਂ ਔਰਤਾਂ ਅਗਾਂਹ ਗੀਤ ਸੁਣਾਉਣ ਲਈ ਤਿਆਰ ਨਹੀਂ ਹੁੰਦੀਆਂ। ਉਨ੍ਹਾਂ ਦੇ ਗੀਤ ਉਨ੍ਹਾਂ ਨੂੰ ਸੁਣਾ ਕੇ ਮਾਨਸਿਕ ਤੌਰ 'ਤੇ ਉਨ੍ਹਾਂ ਨੂੰ ਹੋਰ ਗੀਤ ਗਾਉਣ ਲਈ ਤਿਆਰ ਕਰਨਾ ਹੁੰਦਾ ਹੈ। ਘਰ ਆ ਕੇ ਜੋ ਪਹਿਲਾਂ ਮੇਰੇ ਪਾਸ ਗੀਤ ਟੇਪ ਹਨ ਉਨ੍ਹਾਂ ਨੂੰ ਟੇਪ ਤੋਂ ਮਿਟਾ ਦਿੰਦਾ ਹਾਂ। ਹੌਲੀ ਹੌਲੀ ਕੁਝ ਨਵੇਂ ਗੀਤ ਸੁਹਾਗ ਘੋੜੀਆਂ ਤੇ ਬੋਲੀਆਂ ਉਨ੍ਹਾਂ ਸੁਣਾਈਆਂ। ਮੇਰਾ ਸਵਾਲ ਅਜੇ ਬਾਕੀ ਸੀ ਕਿ ਸ਼ਾਮ ਦੇ ਗੀਤ ਸੁਣਾਉ। ਸ਼ਾਮ ਵੇਲਾ ਸੀ, ਦੀਵਾ ਬਲ ਰਿਹਾ ਸੀ। ਔਰਤਾਂ ਨੇ ਸਥਿਤੀ ਅਨੁਸਾਰ ਗੀਤ ਯਾਦ ਕਰਨੇ ਸ਼ੁਰੂ ਕੀਤੇ। ਇਕ ਨੇ ਪੁੱਛਿਆ ਨੀ 'ਸੰਝ ਪਈ ਤਰਕਾਲਾਂ ਪਈਆਂ' ਵਾਲਾ ਗੀਤ ਆਉਂਦਾ?' ਮੇਰੇ ਲਈ ਇਹ ਹੱਦੋਂ ਵੱਧ ਖ਼ੁਸ਼ੀ ਦਾ ਪਲ ਸੀ। ਮੇਰੀ ਮੁਰਾਦ ਪੂਰੀ ਹੋਣ ਜਾ ਰਹੀ ਸੀ। ਦੂਜੀ ਨੇ ਕਿਹਾ ' ਪੂਰਾ ਤਾਂ ਨਹੀਂ ਪਰ ਤੇਰੇ ਨਾਲ ਵਾਜ ਤਾਂ ਰਲਾ ਈ ਦਿਆਂਗੀਆਂ। ਤੂੰ ਸ਼ੁਰੂ ਤਾਂ ਕਰ।' ਕੁਝ ਚਿਰ ਸੋਚ ਕੇ ਤੇ ਗੁਣ ਗੁਣਾ ਕੇ, ਪਹਿਲੀ ਨੇ ਖੰਗੂਰਾ ਮਾਰਿਆ ਤੇ ਆਪਣੇ ਆਪ ਨੂੰ ਇਕ ਸੁਰ ਕੀਤਾ। ਇਸ ਧੀਮੀ ਤੇ ਸ਼ਾਮ ਦੀ ਉਦਾਸੀ ਵਰਗੀ ਲੈਅ ਦੀ ਸ਼ੁਰੂਆਤ ਕੀਤੀ।

**ਸੰਝ ਪਈ ਤਰਕਾਲਾਂ ਪਈਆਂ, ਤਰਕਾਲਾ ਜੋ ਪਈਆਂ,**
**ਰਾਂਝਣ ਮੰਗਦਾ ਹੈ ਡੇਰਾ।**
**ਸੁਣ ਸਾਲੂ ਵਾਲੀਏ ਰਾਂਝਣ ਮੰਗਦਾ ਹੈ ਡੇਰਾ,**

ਮੇਰੇ ਦਿਮਾ ਨੇ ਵੀ ਗੀਤਾਂ ਦੇ ਨਾਲ ਨਾਲ ਕਲਪਨਾ ਦੇ ਘੋੜੇ ਦੁੜ੍ਹਾਉਣੇ ਸ਼ੁਰੂ ਕਰ ਦਿੱਤੇ। ਇਹ ਰਾਂਝਣ ਕੌਣ ਹੋਇਆ। ਆਮ ਤੌਰ 'ਤੇ ਅਜਿਹੇ ਗੀਤਾਂ ਵਿਚ ਨੌਕਰ ਪਤੀ ਦੀ ਹੀ ਗੱਲ ਆਉਂਦੀ ਹੈ। ਪਰ ਪਤੀ ਲਈ ਰਾਂਝਣ ਸ਼ਬਦ ਘੱਟ ਹੀ ਵਰਤੋਂ ਵਿਚ ਆਉਂਦਾ ਹੈ। ਇਹ ਵੀ ਸਾਫ਼ ਸੀ ਕਿ ਸੰਝ ਦੇ ਗੀਤਾਂ ਵਿਚ ਦੀਵਿਆਂ ਦਾ, ਤਰਕਾਲਾਂ ਢਲਣ ਦਾ ਬਿਰਹਾ ਮਾਰੀ ਇਸਤ੍ਰੀ ਦਾ ਜ਼ਿਕਰ ਹੋਵੇਗਾ ਹੀ। ਪਰ ਰਾਂਝਣ! ਮੈਂ ਹੋਰ ਸੁਚੇਤ ਹੋ ਕੇ ਗੀਤ ਸੁਣਨ ਲੱਗਾ।

ਤੇਰਾ ਡੇਰਾ ਸਾਡੇ ਨੀ ਬਣਦਾ, ਸਾਡੇ ਨਈਂ ਬਣਦਾ,
ਰਾਜੇ ਦਾ ਮੁਲਕ ਬਥੇਰਾ।
ਸੁਣ ਚੀਰੇ ਵਾਲਿਆਂ, ਰਾਜੇ ਦਾ ਮੁਲਕ ਬਥੇਰਾ।

ਗੀਤ ਦੇ ਦੋਨੋਂ ਪਾਤਰ ਇਕ ਦੂਜੇ ਨੂੰ ਬੜੇ ਅਦਬ ਨਾਲ ਸੰਬੋਧਿਤ ਹੋ ਰਹੇ ਸਨ। ਔਰਤ 'ਸੁਣ ਚੀਰੇ ਵਾਲਿਆ' ਕਹਿ ਰਹੀ ਹੈ ਤਾਂ ਮਰਦ 'ਸੁਣ ਸਾਲੂ ਵਾਲੀਏ' ਸ਼ਬਦਾਂ ਨਾਲ ਸੰਬੋਧਿਤ ਹੁੰਦਾ ਹੈ ਪਰ ਸਾਲੂ ਵਾਲੀ, ਮਰਦ ਨੂੰ ਡੇਰਾ ਕਰਾਉਣ ਲਈ ਰਾਜੀ ਨਹੀਂ। ਮਤਲਬ ਇਹ ਨਿਕਲਦਾ ਸੀ ਕਿ ਮਰਦ ਘਰ ਦਾ ਨਾਂ ਹੋ ਕੇ ਬਾਹਰ ਦਾ ਬੰਦਾ ਹੋ ਸਕਦਾ ਹੈ। ਹੋਰ ਸ਼ਪੱਸ਼ਟ ਹੋਣ ਲਈ ਤਾਂ ਸਾਰਾ ਗੀਤ ਸੁਣਨਾ ਪੈਣਾ ਸੀ। ਗੀਤ ਆਪਣੀ ਬੱਝਵੀਂ ਲੈਅ ਵਿਚ ਅਗਾਂਹ ਵੱਧ ਰਿਹਾ ਸੀ। ਸਾਰੀਆਂ ਔਰਤਾਂ ਦੀ ਆਵਾਜ਼ ਨਾਲ ਹੇਕ ਦੂਰ ਤੱਕ ਸੁਣਾਈ ਦੇ ਰਹੀ ਸੀ। ਜਿਸ ਨੂੰ ਸੁਣ ਕੇ ਹੋਰ ਔਰਤਾਂ ਤੇ ਬੱਚੇ ਆ ਕੇ ਇਕੱਠੇ ਹੋ ਗਏ। ਪਰ ਗੀਤ ਨਿਰੰਤਰ ਜਾਰੀ ਸੀ।

ਖਾਮਾ ਪੀਮਾ ਰਾਜੇ ਦੇ ਡੇਰੇ, ਰਾਜੇ ਦੇ ਡੇਰੇ,
ਆਇ ਸੌਮਾਂ ਘਰ ਤੇਰੇ।
ਸੁਣ ਸਾਲੂ ਵਾਲੀਏ ਆਇ ਸੌਮਾਂ ਘਰ ਤੇਰੇ।

ਇਹ ਜ਼ਿਦ ਚੰਗੀ ਸੀ! ਕਿ ਘਰ ਵਾਲੇ ਤਿਆਰ ਨਹੀਂ ਤੇ ਰਾਂਝਾ ਡੇਰਾ ਲਾਉਣ ਦੀ ਠਾਣ ਬੈਠਾ ਹੈ। ਮੈਂ ਇਹ ਵੀ ਕਲਪਿਤ ਕਰ ਰਿਹਾ ਸਾਂ ਕਿ ਦੋਵਾਂ ਪਾਤਰਾਂ ਵਿਚ ਭਾਵੁਕ ਸਾਂਝ ਦਿਖਾਈ ਦੇ ਰਹੀ ਹੈ। ਨਹੀਂ ਤਾਂ ਇੰਨੇ ਪਿਆਰੇ ਸੰਬੋਧਨ ਤੇ ਇੰਨੇ ਪਿਆਰ ਨਾਲ ਸਮਝਾਉਣੀਆਂ ਨਹੀਂ ਦਿਤੀਆਂ ਜਾ ਸਕਦੀਆਂ।

**ਤੇਰਾ ਡੇਰਾ ਸਾਡੇ ਨਈਂ ਬਣਦਾ, ਸਾਡੇ ਨਹੀਂ ਬਣਦਾ,**
**ਮੇਰੇ ਘਰ ਸੱਸ ਸਿਆਣੀ,**
**ਸੁਣ ਚੀਰੇ ਵਾਲਿਆ ਮੇਰੇ ਘਰ ਸੱਸ ਸਿਆਣੀ,**
**ਸੱਸ ਤੇਰੀ ਨੂੰ ਪੇਈਏ ਭਜਾਮਾਂ, ਪੇਈਏ ਭਜਾਮਾਂ,**
**ਮੈਂ ਡੇਰਾ ਕਰਨਾ ਹੈ ਤੇਰੇ,**
**ਸੁਣ ਸਾਲੂ ਵਾਲੀਏ, ਮੈਂ ਡੇਰਾ ਕਰਨਾ ਹੈ ਤੇਰੇ।**

ਘਰ ਦੀਆਂ ਪ੍ਰਸਥਿਤੀਆਂ ਅਜਿਹੀਆਂ ਹਨ ਕਿ ਪ੍ਰਦੇਸੀ ਨੂੰ ਘਰ ਵਿਚ ਨਹੀਂ ਰੱਖਿਆ ਜਾ ਸਕਦਾ। ਪਰ ਇਥੇ ਪ੍ਰਦੇਸੀ ਏਨਾ ਭਾਵੁਕ ਹੈ ਕਿ ਹਰ ਪ੍ਰਸਤਿਥੀ ਨੂੰ ਬਦਲਣਾ ਚਾਹ ਰਿਹਾ ਹੈ। ਸੱਸ ਨੂੰ ਉਹ ਪੇਕੇ ਭੇਜ ਦੇਵੇਗਾ। ਇਥੋਂ ਹੀ ਮੈਂ ਕਲਪਨਾ ਕਰ ਸਕਦਾ ਸਾਂ ਕਿ ਹੁਣ ਨੰਬਰ, ਘਰ ਦੇ ਦੂਸਰੇ ਜੀਆਂ ਦਾ ਆਵੇਗਾ। ਕਿਉਂਕਿ ਹੋਰ ਕਈ ਗੀਤਾਂ ਵਿਚ ਅਜਿਹਾ ਦੁਹਰਾ ਮੈਂ ਪਹਿਲਾਂ ਵੇਖ ਚੁੱਕਿਆ ਸੀ। ਅਜਿਹਾ ਦੁਹਰਾ ਸੁਹਾਗ ਘੋੜੀਆਂ ਵਿਚ ਆਮ ਹੈ। ਘੋੜੀਆਂ ਵਿਚ ਲਾੜੇ ਦੀ ਕਲਗੀ ਤੋਂ ਲੈ ਕੇ, ਦਸਤਾਰ, ਜੋੜਾ-ਜਾਮਾ, ਘੋੜਾ ਆਦਿ ਦਾ ਦੁਹਰਾ ਹੁੰਦਾ। ਨਾਲ ਹੀ ਨਾਲ ਮਾਂ-ਬਾਪ, ਦਾਦੀ-ਦਾਦਾ, ਚਾਚਾ-ਚਾਚੀ, ਸਮਾਜਿਕ ਰੁਤਬਿਆਂ ਅਨੁਸਾਰ ਆਉਂਦੇ ਜਾਂਦੇ ਹਨ। ਇਉਂ ਹੀ ਸੁਹਾਗਾਂ ਵਿਚ ਰਿਸ਼ਤੇਦਾਰੀਆਂ ਦਾ ਦੁਹਰਾ ਆਉਂਦਾ ਜਾਂਦਾ ਹੈ। ਜਿਹੜਾ ਗੀਤ ਮੈਂ ਸੁਣ ਰਿਹਾ ਸਾਂ ਉਸ ਵਿਚ ਸਹੁਰੇ ਘਰ ਦੇ ਜੀਆਂ ਦਾ ਦੁਹਰਾ ਆਉਣਾ ਚਾਹੀਦਾ ਸੀ ਕਿਉਂਕਿ ਇਨ੍ਹਾਂ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚੋਂ ਅਨੇਕਾਂ ਗੁੰਝਲਦਾਰ ਪ੍ਰਸਥਿਤੀਆਂ ਪੈਦਾ ਹੁੰਦੀਆਂ ਹਨ। ਮੈਨੂੰ ਗੀਤ ਦੀਆਂ ਅਗਲੀਆਂ ਪੰਗਤੀਆਂ ਦਾ ਇੰਤਜ਼ਾਰ ਸੀ। ਸਮੂਹ ਨੇ 'ਸੰਝ ਪਈ' ਤੋਂ ਲੈ ਕੇ 'ਆਏ ਸੌਮਾਂ ਘਰ ਤੇਰੇ' ਤਕ ਗੀਤਾਂ ਦੀਆਂ ਪੰਗਤੀਆਂ ਨੂੰ ਮੁੜ ਦੁਹਰਾਇਆ। ਇਹ ਸਮਾਂ ਕਾਫ਼ੀ ਸੀ, ਮੇਰੇ ਲਈ ਹੋਰ ਬਹੁਤ ਕੁਝ ਸੋਚਣ ਲਈ। ਗੀਤ ਨੇ, ਲੜੀ ਜੋੜੀ।

ਤੇਰਾ ਡੇਰਾ ਸਾਡੇ ਨਈਂ ਬਣਦਾ, ਸਾਡੇ ਨਹੀਂ ਬਣਦਾ,
ਮੇਰੇ ਘਰ ਸਹੁਰਾ ਸਿਆਣਾ,
ਸੁਣ ਚੀਰੇ ਵਾਲਿਆ, ਮੇਰੇ ਘਰ ਸਹੁਰਾ ਸਿਆਣਾ,
ਸਹੁਰੇ ਤੈਰੇ ਨੂੰ ਰਾਜ ਬਹਾਲਾਂ, ਤਖ਼ਤ ਬਹਾਲਾਂ।
ਮੈਂ ਡੇਰਾ ਕਰਨਾ ਹੈ ਤੇਰੇ।
ਸੁਣ ਸਾਲੂ ਵਾਲੀਏ ਮੈਂ ਡੇਰਾ ਕਰਨਾ ਹੈ ਤੇਰੇ,

ਦੁਹਰਾ ਤਾਂ ਮੇਰੀ ਕਲਪਨਾ ਅਨੁਸਾਰ ਸੀ, ਪਰ ਸਹੁਰੇ ਨੂੰ ਤਖ਼ਤ ਬਿਠਾਉਣ ਦੀ ਗੱਲ ਅਤਿਕਥਨੀ ਸੀ। ਮੈਂ ਜਿੰਨੇ ਵੀ ਗੀਤ ਇਕੱਠੇ ਕਰ ਰਿਹਾ ਸਾਂ, ਉਹ ਨੱਬੇ ਫ਼ੀ ਸਦੀ ਸਮਾਜ ਦੇ ਹੇਠਲੇ ਵਰਗ ਵਿਚੋਂ ਸਨ। ਇਨ੍ਹਾਂ ਦੀਆਂ ਪ੍ਰਸਿਥਤੀਆਂ ਦੋ ਵੇਲੇ ਦੀ ਰੋਟੀ ਰੋਜ਼ੀ ਨਾਲ ਜੁੜੀਆਂ ਹੋਈਆਂ ਹਨ ਪਰ ਫ਼ੁਰਸਤ ਦੇ ਪਲਾਂ ਵਿਚ ਇਨ੍ਹਾਂ ਨੂੰ ਕਲਪਨਾ ਦੀਆਂ ਉਡਾਰੀਆਂ ਮਾਰਨ ਤੋਂ ਕੋਈ ਨਹੀਂ ਰੋਕ ਸਕਦਾ। ਫਿਰ ਉਹ ਰਾਜਿਆਂ ਮਹਾਰਾਜਿਆਂ ਦੀਆਂ ਤਖ਼ਤਾਂ ਤਾਜਾਂ ਦੀਆਂ ਦਿਉਆਂ-ਪਰੀਆਂ ਦੀਆਂ, ਪੀਰਾਂ ਫ਼ਕੀਰਾਂ ਦੀਆਂ ਕਰਾਮਾਤਾਂ ਦੀਆਂ ਕਲਪਨਾ ਕਿਉਂ ਨਾ ਕਰਨ? ਤੇ ਉਹ ਇਹ ਕਰਦੇ ਹਨ। ਜੋ ਯਥਾਰਥ ਵਿਚ ਨਹੀਂ ਮਿਲਦਾ, ਉਹ ਕਲਪਨਾ ਵਿਚ ਪਾਉਣ ਦਾ ਆਹਰ ਪਾਹਰ ਕਰਦੇ ਹਨ। ਜੇ ਉਹ ਅਜਿਹਾ ਨਾ ਕਰਨ ਤਾਂ ਪ੍ਰਸਥਿਤੀਆਂ ਉਨ੍ਹਾਂ ਨੂੰ ਕੁਝ ਦਿਨਾਂ ਵਿਚ ਅਗਲੇ ਜਹਾਨ ਤੋਰ ਦੇਣ। ਇਨ੍ਹਾਂ ਲੋਕਾਂ ਨੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਇਕ ਇਹ ਢੰਗ ਵੀ ਅਪਣਾ ਲਿਆ ਹੈ। ਜਿੰਨੀ ਦੇਰ ਪਹਿਲੀਆਂ ਪੰਗਤੀਆਂ ਦਾ ਦੁਹਰਾ ਹੁੰਦਾ ਮੈਂ ਇਹ ਸਭ ਕੁਝ ਸੋਚ ਗਿਆ।

ਗੀਤ ਅਗਾਂਹ ਤੁਰਿਆ
ਤੇਰਾ ਡੇਰਾ ਸਾਡੇ ਨਈਂ ਬਣਦਾ, ਸਾਡੇ ਨਹੀਂ ਬਣਦਾ,
ਮੇਰੇ ਘਰ ਨਣਦ ਕੁਆਰੀ,
ਸੁਣ ਚੀਰੇ ਵਾਲਿਆ, ਮੇਰੇ ਘਰ ਨਣਦ ਕੁਆਰੀ।
ਨਣਦ ਤੇਰੀ ਨੂੰ ਮੈਂ ਸਹੁਰੇ ਭਜਾਮਾਂ, ਸਹੁਰੇ ਭਜਾਮਾਂ,
ਮੈਂ ਡੇਰਾ ਕਰਨਾ ਹੈ ਤੇਰੇ,
ਸੁਣ ਸਾਲੂ ਵਾਲੀਏ ਮੈਂ ਡੇਰਾ ਕਰਨਾ ਹੈ ਤੇਰੇ।

ਸਮੂਹ ਨੇ ਪਹਿਲੀਆਂ ਪੰਗਤੀਆਂ ਮੁੜ ਦੁਹਰਾਈਆਂ ਤੇ ਚੁੱਪ ਕਰ ਗਿਆ। ਮੈਨੂੰ ਆਸ ਸੀ ਕਿ ਕੌਂਤ 'ਪਤੀ' ਦਾ ਜ਼ਿਕਰ ਜ਼ਰੂਰ ਆਵੇਗਾ ਪਰ ਹੁਣ ਤਾਂ ਚੁੱਪ ਵਰਤ ਗਈ ਸੀ। ਗੀਤ ਕਿਸੇ ਸੁਲਝਾਉ ਤੋਂ ਬਗੈਰ ਸਮਾਪਤ ਹੋ ਗਿਆ ਸੀ। ਸਮਾਜਿਕ ਪ੍ਰਸਥਿਤੀਆਂ ਵਿਚ ਸੁਲਝਾਉ ਸ਼ਾਇਦ ਹੋ ਵੀ ਨਹੀਂ ਸੀ ਸਕਦਾ। ਜੇ ਹੁੰਦਾ ਤਾਂ ਕਲਪਿਤ। ਮੈਂ ਇਹ ਸਭ ਕੁਝ ਸੋਚ ਰਿਹਾ ਸਾਂ ਤੇ ਨਾਲ ਦੀ ਨਾਲ ਇਸੇ ਸਮੇਂ ਨਾਲ ਸੰਬੋਧਤ ਦੋ ਹੋਰ ਗੀਤ ਵੀ ਸੁਣ ਰਿਹਾ ਸਾਂ। ਇਨ੍ਹਾਂ ਦਾ ਵਿਸ਼ਾ ਪ੍ਰਦੇਸ ਗਏ ਪਤੀ ਦਾ ਬਿਰਹਾ ਭੋਗਦੀ ਔਰਤ ਸੀ। ਉਹ ਪਤਨੀ ਵੀ ਸੀ, ਭੈਣ ਵੀ ਤੇ ਮਾਂ ਵੀ। ਘਰ ਵਾਲੇ ਵੱਲੋਂ ਦੇਰ ਨਾਲ ਘਰ ਪਰਤਣ ਤੇ ਲਾਏ ਬਹਾਨੇ ਸਨ, ਜਦਕਿ ਔਰਤ ਜਾਣਦੀ ਸੀ ਕਿ ਉਸ ਦਾ ਪਤੀ ਕਿਸੇ ਹੋਰ ਰੂਪਵੰਤ ਕੋਲ ਜਾ ਆਇਆ ਸੀ।

ਇਨ੍ਹਾਂ ਗੀਤਾਂ ਨੇ ਮੇਰੇ ਲਈ, ਕਈ ਲੋਕ ਗੀਤਾਂ ਨੂੰ ਸਮਝਣ ਦੇ ਦੁਆਰ ਖੋਲ੍ਹ ਦਿੱਤੇ ਸਨ।

---

# ਰਾਜਿੰਦਰਜੀਤ ਦੀਆਂ ਗ਼ਜ਼ਲਾਂ



ਪੰਜਾਬੀ ਗ਼ਜ਼ਲ ਅੱਜ ਜਿਸ ਮੁਕਾਮ 'ਤੇ ਪਹੰਚ ਗਈ ਹੈ, ਉਸ ਨੂੰ ਹੋਰ ਅਗੇਰੇ ਲਿਜਾਣ ਵਿੱਚ ਜੁਟੇ ਹੋਏ ਨੌਜਵਾਨ ਗ਼ਜ਼ਲਕਾਰਾਂ ਵਿਚੋਂ ਰਾਜਿੰਦਰਜੀਤ ਦਾ ਨਾਂਅ ਉਘੜਵਾਂ ਹੈ। 'ਸਾਵੇ ਅਕਸ' ਨਾਂਅ ਦੇ ਗ਼ਜ਼ਲ ਸੰਗ੍ਰਹਿ ਨਾਲ ਚਰਚਾ ਵਿਚ ਆਏ ਰਾਜਿੰਦਰਜੀਤ ਕੋਲ ਸ਼ਬਦ ਅਤੇ ਸੁਰ ਦੀ ਇਕਸੁਰਤਾ ਹੈ। ਉਹਦੀ ਗ਼ਜ਼ਲ ਜ਼ਿੰਦਗੀ ਦੇ ਆਰ-ਪਾਰ ਦੇਖਦੀ ਹੋਈ, ਨਵੇਂ ਦਿੱਸਹੱਦਿਆਂ ਦੀ ਤਲਾਸ਼ ਵਿਚ ਜੁਟੀ ਦਿਖਾਈ ਦੇਂਦੀ ਹੈ।

**'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹਨ ਉਹਦੀਆਂ ਤਿੰਨ ਗ਼ਜ਼ਲਾਂ। (ਸੰਪਾਦਕ)**

(1)

ਲਿਆ ਜ਼ਰਾ ਕਾਗਜ਼ ਹੁਣੇ ਅਪਣੀ ਵਸੀਅਤ ਲਿਖ ਦਿਆਂ।
ਤਪਦਿਆਂ ਲਈ ਆਪਣੇ ਹਿੱਸੇ ਦੀ ਰਾਹਤ ਲਿਖ ਦਿਆਂ।

ਤੂੰ ਜੇ ਮੇਰੇ ਵਾਸਤੇ ਮੁਸਕਾਉਣ ਦਾ ਵਾਅਦਾ ਕਰੇਂ,
ਪੇਸ਼ਗੀ ਤੈਨੂੰ ਇਹ ਨਦੀਆਂ, ਪੌਣ, ਪਰਬਤ ਲਿਖ ਦਿਆਂ।

ਸ਼ਾਮ ਤੀਕਰ ਧੁੱਪ ਦੇ ਸੰਗ ਖੜ੍ਹ ਸਕੇ ਜੇ ਦੋਸਤੋ,
ਉੱਗਦੇ ਸੂਰਜ ਦੇ ਮੱਥੇ 'ਤੇ ਬਗ਼ਾਵਤ ਲਿਖ ਦਿਆਂ।

ਉਂਜ ਤਾਂ ਮੈਂ ਤੇਰੀਆਂ ਖ਼ੁਸ਼ੀਆਂ ਦਾ ਹੀ ਪੁੱਛਣਾ ਸੀ ਹਾਲ,
ਜੇ ਕਹੇਂ ਤਾਂ ਆਪਣੇ ਜ਼ਖ਼ਮਾਂ ਦੀ ਹਾਲਤ ਲਿਖ ਦਿਆਂ।

ਤੂੰ ਹੈਂ ਈਸਾ, ਮੈਂ ਨਹੀਂ, ਏਨਾ ਕੁ ਬਸ ਮਨਜ਼ੂਰ ਕਰ,
ਆ ਤਿਰੀ ਸੂਲ਼ੀ 'ਤੇ ਮੈਂ ਅਪਣੀ ਅਕੀਦਤ ਲਿਖ ਦਿਆਂ।

ਸਾਰੀਆਂ ਕੰਧੋਲ਼ੀਆਂ ਦੇ ਨਾਲ਼ ਦੁੱਖ-ਸੁੱਖ ਫੋਲ ਕੇ,
ਮੇਰੇ ਵੱਸ ਹੋਵੇ ਤਾਂ ਹਰ ਚੁੱਲ੍ਹੇ 'ਤੇ ਬਰਕਤ ਲਿਖ ਦਿਆਂ।

ਆਪਣਾ ਪਿੰਡਾ ਬਚਾਉ, ਛੱਡ ਕੇ ਕਣੀਆਂ ਦਾ ਹੇਜ,
ਜੀ ਕਰੇ ਮੈਂ ਕੱਚੀਆਂ ਕੰਧਾਂ ਨੂੰ ਇਕ ਖ਼ਤ ਲਿਖ ਦਿਆਂ।

ਤੂੰ ਅਥਾਹ ਅਸਮਾਨ ਵੱਲ ਰੱਖੀਂ ਜ਼ਰਾ ਨਜ਼ਰਾਂ ਤੇ ਮੈਂ,
ਤੇਰੇ ਉੱਗਦੇ ਖੰਭ 'ਤੇ ਉੱਡਣ ਦੀ ਚਾਹਤ ਲਿਖ ਦਿਆਂ।

ਇਸ ਉਦਾਸੇ ਦੌਰ ਵਿਚ ਸਾਥੀ ਬਣਾ, 'ਕੱਲਾ ਨਾ ਰਹਿ,
ਆ ਤਿਰੇ ਨਾਂ 'ਤੇ ਇਨ੍ਹਾਂ ਗ਼ਜ਼ਲਾਂ ਦੀ ਸੰਗਤ ਲਿਖ ਦਿਆਂ।

(2)

ਬਕਾਇਆ ਮੇਰੀ ਹਰ ਧੜਕਣ ਦਾ ਮੇਰੇ ਵੱਲ ਨਿਕਲ਼ਦਾ ਹੈ।
ਅਜੇ ਤਾਂ ਵਕਤ ਦਾ ਪਹੀਆ ਮੇਰੇ ਛਾਤੀ 'ਤੇ ਚਲਦਾ ਹੈ।

ਸੁਨਹਿਰੀ ਸਿੱਟਿਆਂ ਨੂੰ ਵੇਖ ਕੇ ਵੀ ਖੁਸ਼ ਨਹੀਂ ਹੋਇਆ,
ਹੁਣ ਉਸਦੇ ਜ਼ਿਹਨ ਵਿਚ ਸੰਸਾ ਸਗੋਂ ਅਗਲੀ ਫ਼ਸਲ ਦਾ ਹੈ।

ਜ਼ਰਾ ਹੁਸ਼ਿਆਰ ਹੀ ਰਹਿਣਾ, ਇਹ ਫੁੱਲ ਬਣਕੇ ਵੀ ਮਿਲ਼ ਸਕਦੇ,
ਇਹ ਖ਼ੰਜਰ ਵਕਤ ਦਾ ਸੱਚੀਂ ਬੜੇ ਚਿਹਰੇ ਬਦਲਦਾ ਹੈ।

ਬਲਾਵਾਂ ਨੂੰ, ਹਨੇਰੇ ਨੂੰ ਮਿਰੇ ਬਾਰੇ ਨਾ ਕੁਝ ਪੁੱਛਣਾ,
ਇਨ੍ਹਾਂ ਸਭਨਾਂ ਦਾ ਮੇਰੇ 'ਤੇ ਅਜੇ ਇਤਰਾਜ਼ ਚਲਦਾ ਹੈ।

ਉਹ ਜਾਂ ਝੱਲਾ ਹੈ ਜਾਂ ਇਨਕਾਰ ਤੇ ਇਕਰਾਰ ਤੋਂ ਉੱਚਾ,
ਮਿਰੇ ਨਾਂ 'ਤੇ ਉਹ ਇਕ ਖ਼ਾਲੀ ਲਿਫ਼ਾਫ਼ਾ ਰੋਜ਼ ਘੱਲਦਾ ਹੈ।

ਇਹ ਮਨ ਹੈ, ਇਸ 'ਚ ਉੱਠਣ ਮੱਸਿਆ ਦੀ ਰਾਤ ਨੂੰ ਛੱਲਾਂ,
ਤੇ ਨਾਲ਼ੇ ਪੋਹ ਦੀਆਂ ਰਾਤਾਂ ਦੇ ਵਿੱਚ ਲਾਵਾ ਪਿਘਲ਼ਦਾ ਹੈ।

ਹਨੇਰੀ ਰਾਤ ਵਿਚ ਰਾਹ ਲੱਭਦਿਆਂ ਉਹ ਹੋ ਗਿਆ ਜ਼ਖ਼ਮੀ,
ਉਹਨੂੰ ਸ਼ੱਕ ਸੀ ਕਿ ਇਕ ਸੂਰਜ ਉਦ੍ਹੇ ਮੱਥੇ 'ਚ ਬਲ਼ਦਾ ਹੈ।

(3)

ਜਿਵੇਂ ਖੜ੍ਹਾ ਕਿਤੇ ਗੱਡੀ ਉਡੀਕਦਾ ਕੋਈ।
ਮਿਰੀ ਉਡੀਕ ਨੂੰ ਏਨਾ ਕੁ ਵੇਖਦਾ ਕੋਈ।

ਹਰੇਕ ਉੱਗਦਾ ਬੂਟਾ ਜਲ਼ਾ ਰਿਹਾ ਕੋਈ,
ਤੇ ਮੈਨੂੰ ਬੀਜ ਨੂੰ ਉੱਗਣ ਤੋਂ ਰੋਕਦਾ ਕੋਈ।

ਚਲੋ ਚੁਰਸਤਿਆਂ 'ਚ ਜਾ ਕੇ ਖੜ੍ਹੋ ਤੁਸੀਂ ਵੀ ਹੁਣ,
ਉਦਾਸ ਘਰ ਦੀਆਂ ਕੰਧਾਂ ਨੂੰ ਕਹਿ ਗਿਆ ਕੋਈ।

ਘਰਾਂ ਦੇ ਹਰ ਸਿਰੇ 'ਤੇ ਔਕੜਾਂ ਦੀ ਭੀੜ ਖੜ੍ਹੀ,
ਤੇ ਏਸ ਭੀੜ ਦਾ ਨਹੀਂ ਕਿਤੇ ਸਿਰਾ ਕੋਈ।

ਉਦਾਸੀਆਂ ਦੇ ਨਾਲ਼ ਭਰ ਕੇ ਮਨ ਦੀ ਚਾਦਰ ਨੂੰ,
ਉਦਾਸ ਝੀਲ ਦੇ ਸੀਨੇ 'ਚ ਲਹਿ ਗਿਆ ਕੋਈ।

ਕੋਈ ਨਾ ਜਾਣ ਲਵੇ ਰਾਜ਼ ਉਸਦੇ ਅੰਦਰ ਦਾ,
ਹਰੇਕ ਚੀਖ਼ ਨੂੰ ਸੀਨੇ 'ਚ ਸਾਂਭਦਾ ਕੋਈ।

ਜੋ ਟਿਕ ਕੇ ਪਲ ਵੀ ਨਹੀਂ ਦੀਵਿਆਂ 'ਚ ਬਹਿ ਸਕਦੀ,
ਨਹੀਂ ਕਿਸੇ ਨੂੰ ਐਸੀ ਅੱਗ ਦਾ ਆਸਰਾ ਕੋਈ।

## ਸੁਖ਼ਨ-ਸਾਜ਼



ਸੁਲੱਖਣ ਸਰਹੱਦੀ

## ਚੇਤੇ ਦੀ ਚੰਗੇਰ 'ਚੋਂ

# ਘਰ ਦੇ ਜੀਅ



ਮੰਗੇ ਸਪਰਾਏ

ਸਾਡੇ ਬਾਪੂ ਨੂੰ ਕੁੱਤੇ ਰੱਖਣ ਦਾ ਬੜਾ ਸ਼ੌਕ ਸੀ। ਆਪਣੇ ਬਚਪਨ ਤੋਂ ਹੀ ਅਸੀਂ ਘਰ ਚ ਕੁੱਤੇ ਦੇਖਦੇ ਆਏ ਹਾਂ। ਕਈ ਵਾਰੀ ਇੱਕ ਵੀ ਤੇ ਕਈ ਵਾਰੀ ਇੱਕ ਤੋਂ ਵੱਧ ਵੀ। ਸਾਨੂੰ ਸੱਭ ਤੋਂ ਵੱਧ ਜੋਤੀ ਤੇ ਕਾਲੂ ਪਿਆਰੇ ਸੀ। ਇਹ ਇਕ ਦੂਜੇ ਤੋਂ ਸਾਲ, ਡੇਢ ਸਾਲ ਛੋਟੇ ਵੱਡੇ ਸੀ। ਕਾਲੂ ਸੀ ਤਾਂ ਛੋਟਾ, ਪਰ ਬੜਾ ਛੋਹਲਾ ਸੀ। ਜੋਤੀ ਵੱਡਾ ਤੇ ਤਕੜਾ ਸੀ; ਇਹ ਲੜਨ ਭਿੜਨ ਨੂੰ ਵੀ ਤੇਜ਼ ਸੀ। ਇਹ ਕਿਸੇ ਤੋਂ ਡਰਦਾ ਨਹੀਂ ਸੀ – ਪੂਰਾ ਨਿੱਡਰ। ਵੱਡਾ ਸਾਰਾ ਮੂੰਹ ਸੀ। ਇਹਦੇ ਸਾਰੇ ਸਰੀਰ ਤੇ ਚਿੱਟੇ ਤੇ ਭੂਰੇ ਡੱਬ ਸੀ। ਇਹ ਪੂਰੀ ਸ਼ਾਨ ਨਾਲ ਤੁਰਦਾ, ਭਲਵਾਨਾਂ ਵਾਗੂੰ। ਲੜਨ ਲੱਗਿਆਂ ਇਹਦੇ ਕੰਨ ਖੜੇ ਹੋ ਜਾਂਦੇ। ਪਰ ਇਹਦਾ ਵੱਡਾ ਗੁਣ ਦਰਵੇਸ਼ਾਂ ਵਾਲਾ ਸਬਰ ਸੀ।

ਕਾਲੂ ਦਾ ਰੰਗ ਭੂਰਾ ਸੀ। ਏਸੇ ਕਰਕੇ ਇਹਦਾ ਨਾਂ ਕਾਲੂ ਪਾ ਲਿਆ ਸੀ। ਇਹ ਪਤਲਾ ਸੀ, ਛੀਂਟਕਾ ਜਿਹਾ। ਦਰਮਿਆਨੇ ਕੱਦ ਤੇ ਖੜੇ ਕੰਨਾਂ ਵਾਲਾ। ਇਹ ਹਰ ਵੇਲੇ ਟਪੂੰ ਟਪੂੰ ਕਰਦਾ ਰਹਿੰਦਾ ਸੀ। ਜੋਤੀ ਨੂੰ ਸਤਾਉਂਦਾ ਰਹਿੰਦਾ; ਉਹ ਚੁਪ ਚਾਪ ਅੱਖਾਂ ਮੀਟੀ ਲੇਟਿਆ ਰਹਿੰਦਾ। ਇਹਨੇ ਕਦੇ ਉਹਦੇ ਉੱਤੇ ਚੜ੍ਹ ਜਾਣਾ, ਕਦੇ ਪੂਛ ਖਿੱਚਣੀ ਜਾਂ ਲੱਤ ਤੇ ਦੰਦੀ ਵੱਢ ਦੇਣੀ। ਵਿਚ ਵਿਚ ਜੋਤੀ ਨੇ ਇਹਦੇ ਵੱਲ ਨੂੰ ਘੁਰਕਣਾ ਤਾਂ ਇਹਨੇ ਚੁੱਪ ਕਰਕੇ 'ਰਾਮ ਨਾਲ ਬਹਿ ਜਾਣਾ। ਆਪਸ ਵਿਚ ਇਹਨਾਂ ਦਾ ਏਨਾ ਕੁ ਹੀ ਮਨ ਮੁਟਾਵ ਦੇਖਿਆ। ਜੋਤੀ ਕਾਲੂ ਦਾ ਵੱਡਾ ਭਾਈ ਹੋ ਕੇ ਰਿਹਾ। ਕਾਲੂ ਬਹੁਤ ਤੇਜ਼ ਦੌੜਦਾ ਸੀ। ਏਨਾ ਤੇਜ਼, ਕਿ ਚੰਗੇ ਚੰਗੇ ਸਿਖਲਾਈ ਪ੍ਰਾਪਤ ਨਾਢੂ ਖਾਨਾਂ ਦੇ ਕੁੱਤਿਆਂ ਦੀਆਂ ਘੀਸੀਆਂ ਕਰਾ ਦਿੰਦਾ ਸੀ। ਦੋਵੇਂ ਸਾਡੇ ਲਾਡ, ਚਾਅ ਵੀ ਸਮਝ ਲੈਂਦੇ ਸੀ ਤੇ ਘੂਰਾਂ ਨੂੰ ਵੀ। ਕੋਈ ਭਾਸ਼ਾ ਦੀ ਸਾਂਝ ਜਰੂਰ ਹੋਣੀ ਹੈ।

ਸਾਡੇ ਘਰ ਦਾ ਵਿਹੜਾ ਖੁੱਲਾ ਡੁੱਲਾ ਸੀ। ਘਰਾਂ ਚ ਰੋਟੀ ਪਾਣੀ ਲਈ ਰਸੋਈਆਂ ਦਾ ਰਿਵਾਜ ਨਹੀਂ ਸੀ ਪਿਆ ਅਜੇ। ਚੁੱਲੇ ਚੌਂਕੇ ਹੁੰਦੇ ਸੀ, ਉਦੋਂ। ਮੇਰੀ ਮਾਂ ਨੇ ਕੰਮ ਕਰਦਿਆਂ ਕੋਈ ਚੀਜ਼ ਅੰਦਰੋਂ ਲੈਣ ਜਾਣੀ, ਤਾਂ ਜੋਤੀ ਨੂੰ ਤਕੀਦ ਕਰ ਦੇਣੀ : ਖਿਆਲ ਰੱਖਿਓ, ਕਾਂ ਰੋਟੀਆਂ ਨਾਂ ਲੈ ਜਾਣ। ਇਹਨੇ ਰਤਾ ਕੁ ਹੋਰ ਲਾਗੇ ਹੋ ਜਾਣਾ ਤੇ ਆਲੇ ਦੁਆਲੇ ਪੂਰੀ ਨਿਗ੍ਹਾ ਰੱਖਣੀ। ਜੇ ਕਿਸੇ ਕਾਂ ਨੇ ਲਾਗੇ ਆਉਣਾ, ਤਾਂ ਕਾਲੂ ਨੇ ਦੂਰ ਤਾਈਂ ਭਜਾ ਕੇ ਆਉਣਾ। ਕਾਂ ਮਗਰ ਪਿਆ ਕਾਲੂ 5-7 ਫੁੱਟ ਉਚੀ ਕੰਧ ਤੇ ਚੜ੍ਹ ਜਾਂਦਾ ਸੀ। ਇਹ ਤਾਂ ਮੰਨੀ ਹੋਈ ਗੱਲ ਹੈ ਕਿ ਕੁੱਤਾ ਆਪਣੀ ਰੋਟੀ ਕਿਸੇ ਨੂੰ ਨਹੀਂ ਦਿੰਦਾ, ਪਰ ਜੋਤੀ ਦੀ ਰੋਟੀ ਕਾਲੂ ਖਾ ਜਾਂਦਾ ਸੀ। ਇਸ ਦਰਵੇਸ਼ ਨੇ ਕਦੀ ਬੁਰਾ ਨਹੀਂ ਸੀ ਮਨਾਇਆ। ਏਸੇ ਲਈ ਮਾਂ ਕਈ ਵਾਰ ਜੋਤੀ ਨੂੰ ਵਾਧੂ ਰੋਟੀ ਪਾ ਦਿੰਦੀ ਸੀ। ਕਦੇ ਕਦੇ ਇਹ ਆਪਣੀ ਰੋਟੀ ਲੈ ਕੇ ਘਰ ਦੇ ਕਿਸੇ ਖੂੰਜੇ ਚ ਜਾ ਕੇ ਖਾ ਲੈਂਦਾ ਸੀ। ਇਹ ਸਾਰੇ ਟੱਬਰ ਦਾ ਪਿਆਰਾ ਸੀ। ਪਰ ਬਾਪ ਦਾ ਵਧੇਰੇ ਮੋਹ ਕਾਲੂ ਨਾ਼ਲ ਸੀ।

ਇਕ ਵਾਰ ਮੇਰੇ ਮਾਮੇ ਦਾ ਪੁੱਤ ਵਲੈਤੋਂ ਆਇਆ। ਹਾਸੇ ਹਾਸੇ ਚ ਉਹਨੇ ਮੇਰੀ ਭੈਣ ਦਾ ਗਲ ਫੜ੍ਹ ਲਿਆ। ਦੇਖਦਿਆਂ ਹੀ ਜੋਤੀ ਨੇ ਮਾਮੇ ਦੇ ਪੁੱਤ ਨੂੰ ਸੰਘੋ ਫੜ੍ਹ ਹੀ ਲਿਆ ਸੀ, ਜੇ ਮੇਰੀ ਮਾਂ ਵਿੱਚ ਪੈ ਕੇ ਨਾ ਰੋਕਦੀ। ਬਾਅਦ ਚ ਜਿੰਨਾ ਚਿਰ ਜੋਤੀ ਜੀਂਦਾ ਰਿਹਾ, ਮੇਰੇ ਮਾਮੇ ਦੇ ਪੁੱਤ ਵੱਲ ਕੈੜਾ ਕੈੜਾ ਹੀ ਦੇਖਦਾ ਰਿਹਾ ਤੇ ਮਾਮੇ ਦਾ ਪੁੱਤ ਵੀ ਇਹਤੋਂ ਡਰਦਾ ਘਰ ਨਹੀਂ ਵੜਿਆ; ਆਪਣੀ ਕੋਠੀ ਤੇ ਖੜੋ ਕੇ ਹੀ ਗੱਲ ਕਰ ਲੈਂਦਾ।

ਅੱਤਵਾਦ ਦੇ ਦਿਨਾਂ ਚ ਜਦੋਂ ਕਾਲੇ ਕੱਛਿਆਂ ਦਾ ਜ਼ੋਰ ਸੀ ਤਾਂ ਸਾਡੇ ਬਾਪ ਨੇ ਕਹਿਣਾ: ਜਿੰਨਾ ਚਿਰ ਆਪਣਾ ਜੋਤੀ ਹੈ, ਤੁਸੀਂ ਬੇਫਿਕਰ ਹੋ ਕੇ ਸੌਂਇਆ ਕਰੋ। ਇਹ ਸੱਚ ਹੀ ਸੀ। ਇਨ੍ਹਾਂ ਦੇ ਹੁੰਦਿਆਂ ਸਾਡੇ ਮਨ ਚ ਡਰ ਘੱਟ ਹੀ ਹੁੰਦਾ ਸੀ। ਕਿਸੇ ਦੀ ਹਿੰਮਤ ਵੀ ਨਹੀਂ ਸੀ ਪੈਂਦੀ।

ਜੋਤੀ ਦੀ ਤਕੜਾਈ ਦਾ ਆਲਮ ਇਹ ਸੀ ਕਿ ਇਹ ਪੰਜਾਂ ਸੱਤਾਂ ਕੁੱਤਿਆਂ ਚ ਘਿਰਿਆ ਵੀ ਭੱਜਦਾ ਨਹੀਂ ਸੀ। ਅੜ ਕੇ ਖੜੋ ਜਾਂਦਾ। ਇਹਦਾ ਰੋਹਬ ਹੀ ਏਨਾ ਸੀ ਕਿ ਇਹਨੂੰ ਘੇਰੀ ਖੜ੍ਹੇ ਕੁੱਤੇ, ਆਪੇ ਹੀ ਇੱਕ ਇੱਕ ਕਰਕੇ ਖਿਸਕ ਜਾਂਦੇ ਸੀ। ਇਹ ਆਪਣੀ ਮਸਤ ਚਾਲੇ ਸ਼ਾਨ ਨਾਲ ਘਰ ਆ ਜਾਂਦਾ। ਇੱਕੋ ਇੱਕ ਕੁੱਤਾ ਸਾਡੇ ਗੁਆਂਢ ਸੀ, ਜੋ



ਇਹਦੇ ਮੋਹਰੇ ਅੜਦਾ ਸੀ। ਓਹਦੀ ਵੀ ਡੀਲ ਡੌਲ ਜੋਤੀ ਵਰਗੀ ਸੀ। ਨਾਂ ਇਹ ਭੱਜਦਾ ਸੀ, ਨਾ ਓਹ। ਗਲੀ ਚ ਓਨਾ ਚਿਰ ਅੜਕੇ ਖੜੇ ਰਹਿੰਦੇ, ਜਿੰਨਾ ਚਿਰ ਕੋਈ ਨਾ ਕੋਈ ਆ ਕੇ ਛੁਡਾ ਨਾ ਦਿੰਦਾ। ਦੋਹਾਂ ਨੇ ਇਕ ਦੂਜੇ ਨੂੰ ਵੱਡਿਆ ਨਹੀਂ ਸੀ। ਇਨ੍ਹਾਂ ਦੀ ਲੜਾਈ ਚੌਧਰ ਦੀ ਸੀ, ਜਾਂ ਸਵੈਮਾਣ ਦੀ।

ਪਰ ਕਾਲੂ ਦੌੜਨ ਨੂੰ ਬਹੁਤ ਤੇਜ਼ ਸੀ। ਸ਼ਿਕਾਰ ਖੇਡਣ ਗਏ ਸਾਡੇ ਬਾਪ ਨੇ ਮਾਣ ਨਾਲ ਆ ਕੇ ਦੱਸਣਾ, ਕਿ ਫਲਾਨੇ ਫਲਾਨੇ ਦੇ ਕੁੱਤੇ ਨੇ ਐਨੇ ਸੈਹੇ ਫੜੇ ਤੇ ਸਾਡੇ ਕਾਲੂ ਇੱਕ-ਲੇ ਨੇ ਐਨੇ; ਸੱਭ ਤੋਂ ਵੱਧ। ਬਾਪ ਦੇ ਸਾਥੀ ਵੀ ਕਾਲੂ ਦੀ ਫ਼ੁਰਤੀ ਨੂੰ ਦੇਖ ਕੇ ਹੈਰਾਨ ਹੋਏ ਰਹਿੰਦੇ ਕਿਉਂਕਿ ਇਹ ਸ਼ਿਕਾਰੀ ਕੁੱਤਿਆਂ ਦੀ ਨਸਲ ਚੋਂ ਨਹੀਂ ਸੀ।

ਜੋਤੀ ਤੇ ਕਾਲੂ ਦੇ ਹੁੰਦਿਆਂ ਹੀ ਅਸੀਂ ਇਕ ਬਿੱਲੀ ਵੀ ਲਿਆਂਦੀ। ਲਾਡ ਨਾਲ ਅਸੀਂ ਇਹਦਾ ਨਾਂ ਨੂਰੀ ਰੱਖਿਆ। ਸ਼ੁਰੂ ਸ਼ੁਰੂ ਚ ਜੋਤੀ ਤੇ ਕਾਲੂ ਇਹਨੂੰ ਚੰਗਾ ਨਹੀਂ ਸੀ ਸਮਝਦੇ। ਜਦੋਂ ਦੇਖਦੇ ਇਹਨੂੰ ਫੜਨ ਦੌੜਦੇ। ਪਰ ਬਿੱਲੀ ਤਾਂ ਬਿੱਲੀ ਸੀ। ਓਹ ਅਹਿਜੀਆਂ ਥਾਵਾਂ ਚ ਲੁਕ ਜਾਂਦੀ, ਜਿੱਥੇ ਇਹ ਨਾ ਪਹੁੰਚ ਸਕਦੇ। ਹੌਲੀ ਹੌਲੀ ਇਹ ਰਚ ਮਿਚ ਗਏ। ਬਹੁਤ ਘੁਲ ਮਿਲ ਗਏ। ਬਾਅਦ ਚ ਤਾਂ ਨੂਰੀ, ਜੋਤੀ ਤੇ ਢਿੱਡ ਤੇ ਵੀ ਸੌਂ ਜਾਇਆ ਕਰਦੀ ਸੀ। ਕਾਲੂ ਨਾਲ ਵੀ ਇਹਦਾ ਮੋਹ ਪੈ ਗਿਆ। ਨੂਰੀ ਤੇ ਕਾਲੂ ਰਲ ਕੇ ਸ਼ਰਾਰਤਾਂ ਕਰਦੇ। ਇਕ ਦੂਜੇ ਦੇ ਮਗਰ ਦੌੜਦੇ। ਨੂਰੀ ਕਦੇ ਕਿੱਕਰ ਤੇ ਚੜ੍ਹ ਜਾਂਦੀ ਕਦੇ ਕੋਠੇ ਤੇ ਚੜ ਜਾਂਦੀ ਤੇ ਉੱਤੋਂ ਕਾਲੂ ਨੂੰ ਚਿੜਾਉਂਦੀ। ਜੋਤੀ ਮੌਜ ਨਾਲ ਪਿਆ ਰਹਿੰਦਾ। ਜਦੋਂ ਬਾਹਰ ਕੁਤਿਆਂ ਨੇ ਨੂਰੀ ਨੂੰ ਘੇਰ ਲੈਣਾ ਤਾਂ ਜੋਤੀ ਤੇ ਕਾਲੂ ਦੋਹਾਂ ਨੇ ਭੱਜ ਕੇ ਇਹਦੀ ਮਦਦ ਲਈ ਜਾਣਾ। ਇੱਕ ਨੇ ਓਧਰ ਹੋ ਜਾਣਾ ਇੱਕ ਨੇ ਓਧਰ ਤੇ, ਤੇ ਨੂਰੀ ਨੇ ਵਿਚਾਲੇ ਤੁਰੀ ਆਉਣਾ; ਜਿਵੇਂ ਰਾਣੀ ਆਪਣੇ ਬਾਡੀਗਾਰਡਾਂ ਚ ਤੁਰੀ ਜਾਂਦੀ ਹੋਵੇ।

ਸਾਡੇ ਲਾਗਲੇ ਪਿੰਡਾਂ ਚ ਮਹੰਤਾਂ ਦੀ ਕੋਈ ਸੌ ਕੁ ਏਕੜ ਜ਼ਮੀਨ ਬੇਆਬਾਦ ਪਈ ਸੀ। ਏਥੇ ਹਰ ਸਾਲ ਕੁੱਤਿਆਂ ਦੀਆਂ ਦੌੜਾਂ ਹੋਇਆ ਕਰਦੀਆਂ ਸੀ। ਸਾਡੇ ਬਾਪ ਨੂੰ ਬੜਾ ਸ਼ੌਕ ਸੀ ਕਿ ਕਾਲੂ ਵੀ ਵੀ ਇਹਨਾਂ ਦੌੜਾਂ ਚ ਹਿੱਸਾ ਲਵੇ। ਪਰ ਓਥੇ ਇਹ ਸ਼ਰਤ ਲੱਗਭਗ ਤੈਅ ਹੀ ਸੀ ਕਿ ਕੁੱਤਿਆਂ ਵਾਲੇ ਸਰਦੇ ਪੁੱਜਦੇ ਸਰਦਾਰ ਹੋਣ। ਸਿੱਧਾ ਸਿੱਧਾ ਮਤਲਬ ਤਾਂ ਇਹੋ ਸੀ ਕਿ ਮਹਿੰਗੇ ਭਾਅ ਖਰੀਦੇ, ਨਸਲ ਦੇ ਕੁੱਤੇ ਹੀ ਦੌੜਨ ਤੇ ਮਾਲਕ ਵੀ ਰੁੱਤਬਿਆਂ ਵਾਲੇ ਹੋਣ। ਪੂਰੀ ਠਾਠ ਬਾਠ ਵਾਲੇ। ਸਾਡਾ ਬਾਪ ਦੌੜਾਂ ਦੇਖਣ ਗਿਆ ਕਾਲੂ ਨੂੰ ਐਵੇਂ ਹੀ ਹਰ ਵਾਰੀ ਨਾਲ ਲੈ ਜਾਂਦਾ ਸੀ। ਕਦੇ ਕਦੇ ਇਹਨੇ ਕਾਲੂ ਨੂੰ ਦੌੜਾਉਣ ਦੀ ਗੱਲ ਵੀ ਕਰ ਦੇਣੀ। ਉਹਨਾਂ ਮੋਹਰਿਓਂ ਇਹਨੂੰ ਤਰ੍ਹਾਂ ਤਰ੍ਹਾਂ ਦੇ ਮਖ਼ੌਲ ਕਰਨੇ। ਇਕ ਵਾਰ ਸਾਡਾ ਬਾਪ ਸ਼ਰਾਬੀ ਸੀ ਤੇ ਇਹਨੇ ਗੁੱਸੇ ਚ ਆਏ ਨੇ ਪੁਚਕਾਰ ਕੇ ਕਾਲੂ ਨੂੰ ਵੀ ਛੱਡ ਦਿੱਤਾ। ਕਾਲੂ ਨੇ ਸਹਿਆ ਫਾਈਨਲ ਵਾਲੇ ਦੋਹਾਂ ਕੁੱਤਿਆਂ ਤੋਂ ਪਹਿਲਾਂ ਹੀ ਜਾ ਫੜਿਆ। ਹੋ ਹੱਲਾ ਮੱਚ ਗਿਆ। ਕੁੱਤਿਆਂ ਦੀ ਘੱਟ ਪਰ ਰੁਤਬੇ ਵਾਲ਼ਿਆਂ ਦੀ ਜ਼ਿਆਦਾ ਲਹਿ ਗਈ ਸੀ-ਸੱਭ ਦੇ ਸਾਹਮਣੇ। ਚੌਧਰੀਆਂ ਸਾਡੇ ਬਾਪ ਤੇ ਕਾਲੂ ਦੋਹਾਂ ਨੂੰ ਫੜ ਕੇ ਬਿਠਾ ਲਿਆ। ਉਹ ਕਹਿਣ ਸਾਡਾ ਬਾਪ ਤਾਂ ਛੱਡਾਂਗੇ ਜੇ ਇਹ ਜੁਰਮਾਨਾ ਦੇਵੇ, ਤੇ ਕਾਲੂ ਨੂੰ ਗੋਲੀ ਹੀ ਮਾਰਨੀ ਹੈ। ਬਾਪੂ ਮੁੜ ਮੁੜ ਕੇ ਇੱਕੋ ਗੱਲ ਹੀ ਕਹੀ ਜਾਵੇ: ਹੁਣ ਤੁਸੀਂ ਜੋ ਮਰਜੀ ਕਰ ਲਓ; ਗੋਲੀ ਤਾਂ ਭਾਵੇਂ ਮੈਨੂੰ ਵੀ ਮਾਰ ਦਿਓ। ਪਰ ਮੇਰੇ ਕਾਲੂ ਨੇ ਤੁਹਾਡੇ ਲੱਖ ਲੱਖ ਦੇ ਕੁੱਤਿਆਂ ਦੀ ਅਹੀ ਤਹੀ ਤਾਂ ਫੇਰ ਹੀ ਦਿੱਤੀ ਆ, ਕਿ ਨਹੀਂ। ਅਖ਼ੀਰ ਚ, ਲਾਗਲੇ ਪਿੰਡਾਂ ਦੇ ਮੋਹਤਬਰਾਂ ਵਿੱਚ ਪੈ ਕੇ ਗੱਲ ਰਫਾ ਦਫਾ ਕਰਵਾ ਦਿੱਤੀ। ਓਦਣ ਬਾਪ ਪਿੰਡ ਨੂੰ ਬਾਘੀਆਂ ਪਾਉਂਦਾ ਮੁੜਿਆ। ਕਹਿੰਦਾ: ਓਏ ਮੇਰਾ ਕਾਲੂ ਜਿੱਤ ਗਿਆ, ਓਏ ਮੇਰਾ ਕਾਲੂ ਜਿੱਤ ਗਿਆ। ਬਾਪ ਨੇ ਏਸੇ ਖੁਸ਼ੀ ਚ ਆਪਣੇ ਆੜੀਆਂ-ਬੇਲੀਆਂ ਨੂੰ ਪਿਆਈ ਵੀ।

ਬਾਪ ਦੇ ਲਾਡਲੇ ਕਾਲੂ ਦੀ ਮੌਤ ਵੀ ਸਹੇ ਮਗਰ ਭੱਜਦਿਆਂ ਹੋਈ। ਭੱਜਾ ਜਾਂਦਾ ਇਹ ਖੇਤ ਵਾਹੁੰਣ ਵਾਲੀਆਂ ਟਰੈਕਟਰ ਦੀਆਂ ਤਵੀਆਂ ਜਾ ਵੱਜਾ। ਵਿਚਾਲਿਓਂ ਲੱਕ ਵੱਢਿਆ ਗਿਆ। ਡੂੰਘਾ ਕੱਟ ਸੀ ਬਾਪੂ ਦੇ ਦੇਖਦੇ ਦੇਖਦੇ ਥਾਂ ਤੇ ਹੀ ਪੂਰਾ ਹੋ ਗਿਆ। ਓਦਣ ਬਾਪ ਬੜਾ ਰੋਇਆ। ਕਿੰਨਾ ਚਿਰ ਵਰਲਾਪ ਕਰਦਾ ਰਿਹਾ। ਕਿਹਾ ਕਰੇ: ਮੇਰਾ ਕਾਲੂ ਸੱਭ ਤੋਂ ਤਕੜਾ ਸੀ। ਚੰਗੇ ਤੋਂ ਚੰਗੇ ਕੁੱਤਿਆਂ ਨੂੰ ਅੱਗੇ ਨਹੀ ਸੀ ਲੰਘਣ ਦਿੱਤਾ, ਮੇਰਾ ਸ਼ੇਰ ਪੁੱਤ ਸੀ, ਓਹ।

ਜੋਤੀ ਦੀ ਮੌਤ ਵੀ ਏਦਾਂ ਹੀ ਹੋਈ, ਤੌੜੀ ਦੇ ਗਲਮੇਂ ਕਾਰਨ। ਇਹਨੇ ਲੱਸੀ ਪੀਂਦੇ ਨੇ ਤੌੜੀ ਧੌਣ ਚ ਫਸਾ ਲਈ। ਭੱਜੇ ਫਿਰਦੇ ਤੋਂ ਤੌੜੀ ਦਾ ਹੇਠਲਾ ਹਿੱਸਾ ਭੱਜ ਕੇ ਲਹਿ ਗਿਆ ਤੇ ਗ਼ਲਵਾਂ ਇਹਦੇ ਗ਼ਲ ਚ ਫਸਿਆ ਰਹਿ ਗਿਆ। ਇਹਨੂੰ ਕੱਢਦਿਆਂ ਜੋਤੀ ਦੇ ਗ਼ਲੇ ਤੇ ਜ਼ਖਮ ਹੋ ਗਿਆ। ਅਸੀਂ ਬੜਾ ਓਹੜ ਪੋਹੜ ਕੀਤਾ, ਪਰ ਗੱਲ ਨਾ ਬਣੀ। ਧੌਣ ਦਾ ਇਕ ਪਾਸਾ ਤੇ ਅੱਖ ਗ਼ਲ ਹੀ ਗਈ। ਇਹ ਕੰਧਾਂ ਚ ਵਜਦਾ ਫਿਰਿਆਂ ਕਰੇ। ਆਖ਼ਰੀ ਦਿਨ ਘਰੇ ਰਿਹਾ। ਕਦੇ ਕਿਸੇ ਜੀਅ ਵੱਲ ਜਾਵੇ, ਕਦੇ ਕਿਸੇ ਵੱਲ। ਜਿਵੇਂ ਕਹਿ ਰਿਹਾ ਹੋਵੇ, ਮੈਨੂੰ ਕਿਸੇ ਤਰ੍ਹਾਂ ਬਚਾ ਲਓ। ਅਸੀਂ ਉਹਨੂੰ ਡਾਕਟਰਾਂ ਕੋਲ ਲਿਜਾਣ ਜੋਗੇ ਵੀ ਨਹੀਂ ਸੀ। ਬੱਸ ਘਰ ਦਾ ਓਹੜ ਪੋਹੜ ਹੀ ਸੀ। ਘਰ ਦੇ ਕਿਸੇ ਜੀਅ ਨੂੰ ਇਹਦੇ ਤੋਂ ਕਚਿਆਣ ਨਹੀਂ ਸੀ ਆਈ। ਪੂਰਾ ਹੋਇਆ ਤਾਂ ਹੱਥੀਂ ਦੱਬ ਕੇ ਆਏ। ਓਦਣ ਸਾਡੇ ਘਰ ਨਾ ਰੋਟੀ ਪੱਕੀ, ਨਾ ਕਿਸੇ ਨੇ ਖਾਧੀ। ਕਿੰਨੇ ਦਿਨ ਘਰ ਭਾਂਅ ਭਾਂਅ ਕਰਦਾ ਰਿਹਾ। ਫਿਰ ਬਲਵਾਨ ਸਮੇਂ ਨੇ ਕਾਲੂ ਤੇ ਜੋਤੀ ਬਿਨਾਂ ਹੀ ਰਹਿਣ ਦੀ ਆਦਤ ਪਾ ਦਿੱਤੀ।

ਜੋਤੀ ਤੇ ਕਾਲੂ ਦੇ ਬਾਅਦ ਅਸੀਂ ਇਕ ਹੋਰ ਕੁੱਤਾ ਵੀ ਲਿਆਂਦਾ। ਓਹਦਾ ਨਾਂ ਬਿੱਲੂ ਰੱਖਿਆ। ਹੁਣ ਨੂਰੀ ਇਹਦੇ ਪੈਰ ਨਾ ਲੱਗਣ ਦੇਵੇ। ਫਿਰ ਹੌਲੀ ਹੌਲੀ ਇਹ ਰਚ ਮਿਚ ਗਏ। ਮੈਂ ਮਾਂ ਤੋਂ ਚੋਰੀ ਆਪਣੇ ਹਿੱਸੇ ਦਾ ਦੁੱਧ ਵੀ ਇਨ੍ਹਾ ਨੂੰ ਪਿਲਾ ਦਿੰਦਾ ਸੀ। ਸਿਆਲਾਂ ਦੇ ਦਿਨੀਂ ਇਹ ਦੋਵੇਂ ਮੇਰੀ ਰਜਾਈ ਚ ਵੜ ਜਾਂਦੇ ਤੇ ਆਪਸ ਵਿਚ ਝਗੜਦੇ ਰਹਿੰਦੇ। ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਚਲੇ ਗਿਆ ਤੇ ਓਥੇ ਹੀ ਹੋਸਟਲ ਚ ਰਹਿਣ ਲੱਗ ਪਿਆ। ਜਦੋਂ ਵਿਚ ਵਿਚਾਲੇ ਘਰ ਆਉਣਾ ਤਾਂ ਘਰ ਦਿਆਂ ਦੱਸਣਾ ਕਿ ਇਹ ਦੋਵੇਂ ਮੇਰੇ ਵਾਲੇ ਮੰਜੇ ਤੇ ਪੈਂਦੇ ਸੀ ਤੇ ਕਿਸੇ ਨੂੰ ਲਾਗੇ ਨਹੀਂ ਸੀ ਆਉਣ ਦਿੰਦੇ। ਜਦੋਂ ਮੈਂ ਘਰ ਆਉਣਾਂ, ਤਾਂ ਇਨ੍ਹਾਂ ਨੇ ਪੈਣ ਤੋਂ ਆਪਸ ਵਿਚ ਵੀ ਝਗੜ ਪੈਣਾ। ਨੂਰੀ ਸਾਡੇ ਗੁਆਂਢੀਆਂ ਦੇ ਮੁੰਡੇ ਨੇ ਮਾਰੀ, ਅਖੇ: ਇਹਨੇ ਮੇਰਾ ਕਬੂਤਰ ਖਾ ਲਿਆ ਸੀ। ਬਿੱਲੂ ਨੂੰ ਮੇਰੇ ਤਾਏ ਦਾ ਪੁੱਤ ਧੱਕੇ ਨਾਲ ਲੈ ਗਿਆ। ਜਦੋਂ ਅਸੀਂ ਮਿਲਣ ਜਾਣਾ ਤਾਂ ਇਹਨੇ ਬੜਾ ਖੌਰੂ ਪਾਉਣਾ। ਮੇਰੇ ਪੁੱਤਾਂ ਨਾਲ ਲਾਡ ਕਰਨੇ। ਫੇਰ ਤਾਏ ਦੇ ਪੁੱਤ ਨੇ ਚੁੱਪ ਚੁਪੀਤੇ ਬਿੱਲੂ ਗਾਂਹ ਤੋਰ ਦਿੱਤਾ। ਹੁਣ ਹੋਰ ਜਾਨਵਰ ਰੱਖਣ ਲਈ ਸਮਾਂ ਨਹੀਂ। ਪਰ ਜੋਤੀ, ਕਾਲੂ ਤੇ ਨੂਰੀ ਨਾ ਭੁੱਲਣਹਾਰ ਨੇ।

---

**ਹੁਣ** ਪ੍ਰਕਾਸ਼ਨ ਵਲੋਂ **ਮੱਖਣ ਕੁਹਾੜ** ਦੇ ਛਪ ਰਹੇ



## ਨਵੇਂ ਗ਼ਜ਼ਲ ਸੰਗ੍ਰਹਿ
## ਕੇਤਕੀ ਦੇ ਫੁੱਲ
## ਵਿਚੋਂ ਚਾਰ ਗ਼ਜ਼ਲਾਂ

(1)

ਸਹਿਮ ਦਾ ਸੰਸਾ ਮੁਕਾਵਾਂਗੇ ਅਸੀਂ ਵਾਅਦਾ ਰਿਹਾ।
ਰਸਤਿਆਂ ਦੀ ਪੈੜ ਪਾਵਾਂਗੇ ਅਸੀਂ ਵਾਅਦਾ ਰਿਹਾ।

ਜੇ ਹਵਾ ਬਣ ਕੇ ਕਦੇ ਰੁਮਕਣ ਦਾ ਉਹ ਵਾਅਦਾ ਕਰੂ,
ਮਹਿਕ ਬਣ ਕੇ ਖਿੰਡ ਜਾਵਾਂਗੇ ਅਸੀਂ ਵਾਅਦਾ ਰਿਹਾ।

ਇੱਕ ਪੜਾਅ 'ਤੇ ਪੁੱਜਦਿਆਂ ਹੀ 'ਵਾਜ ਦਏ ਅਗਲਾ ਪੜਾਅ,
ਪੰਧ ਕੁਝ ਏਦਾਂ ਮੁਕਾਵਾਂਗੇ ਅਸੀਂ ਵਾਅਦਾ ਰਿਹਾ।

ਜਿਸਦੇ ਹਰ ਇੱਕ ਟਾਹਣ 'ਤੇ ਪਾ ਲਏ ਨੇ ਗਿਰਝਾਂ ਆਹਲਣੇ,
ਓਸ ਰੁੱਖ ਨਾ ਪੀਂਘ ਪਾਵਾਂਗੇ ਅਸੀਂ ਵਾਅਦਾ ਰਿਹਾ।

ਬੰਜਰਾਂ ਤੱਕ ਲੈ ਕੇ ਜਾਵਾਂਗੇ ਘਟਾਵਾਂ ਕਾਲ਼ੀਆਂ,
ਸਬਜ਼ ਮਾਰੂਥਲ ਬਣਾਵਾਂਗੇ ਅਸੀਂ ਵਾਅਦਾ ਰਿਹਾ।

**ਸ਼ਿਕਰਿਆਂ ਬਾਜਾਂ ਤੋਂ ਹੋ ਬੇ-ਖੌਫ਼ ਚਿੜੀਆਂ ਉੱਡ ਸਕਣ,**
**ਐਸਾ ਇੱਕ ਮੌਸਮ ਸਜਾਵਾਂਗੇ ਅਸੀਂ ਵਾਅਦਾ ਰਿਹਾ।**

ਰੰਗ ਲੈਂਦੇ ਨੇ ਬਦਲ ਝਟ ਲੋਕ ਮੌਸਮ ਬਦਲਿਆਂ,
ਸੁਰਖ ਇੱਕੋ ਰੰਗ ਹੰਡਾਵਾਂਗੇ ਅਸੀਂ ਵਾਅਦਾ ਰਿਹਾ।

(2)

ਬਰਫ਼ੀਲੇ ਤੂਫ਼ਾਨ ਸੀ ਰਾਹ ਵਿੱਚ ਪਿੰਡਾ ਲੂੰਹਦੀਆਂ ਵਾਵਾਂ।
ਰੁਮਕਦੀ 'ਵਾ ਦਾ ਵੀ ਉਹਨਾਂ ਤੋਂ ਹੀ ਮਿਲਿਆ ਸਿਰਨਾਵਾਂ।

ਪਹਿਲਾ ਦਿਨ ਹੈ ਸਾਲ ਨਵੇਂ ਦਾ ਕਿੱਦਾਂ ਜਸ਼ਨ ਮਨਾਵਾਂ।
ਸੁੰਦਰ ਬਿਰਖ ਦਾ ਹੋਰ ਇੱਕ ਟਾਹਣਾ ਦਿੱਤਾ ਤੋੜ ਹਵਾਵਾਂ।

ਕੁਤਰ ਕੁਤਰਾ ਹੋ ਕੇ ਗੁਜ਼ਰੇ ਪਲ-ਪਲ, ਸਾਲ, ਮਹੀਨੇ,
ਮੈਂ ਇਸ ਸਾਲ ਦੇ ਪਹਿਲੇ ਦਿਨ ਨੂੰ ਕਿਹੜੇ ਲੇਖੇ ਲਾਵਾਂ।

**ਇੱਕ ਪਾਸੇ ਹਨ ਨਿੱਘੀਆਂ ਧੁੱਪਾਂ, ਦੂਜੇ ਪਾਸੇ ਕੋਰਾ,**
**ਇੱਕੋ ਸੂਰਜ, ਇਕੋ ਨਗਰੀ, ਵੱਖ ਵੱਖ ਕਿਉਂ ਸਿਰਨਾਵਾਂ?**

ਮੈਨੂੰ ਸਭ ਮਨਜ਼ੂਰ ਹੈ ਤੇਰਾ ਹੱਸਣਾ, ਰੋਣਾ, ਖਿਝਣਾ,
ਹੋਣ ਜੇ ਮੇਰੀ ਖਾਤਿਰ ਦਿਲਬਰ, ਤੇਰੀਆਂ ਕੁੱਲ ਅਦਾਵਾਂ।

ਰਾਸ ਨਾ ਆਏ ਰੁੱਤ ਜਿਨ੍ਹਾਂ ਨੂੰ ਝੱਲਣ ਖ਼ੂਬ ਕਰੋਪੀ,
ਐਪਰ ਐਸੇ ਰੁੱਖ ਕਦੇ ਨਾ ਸੁੱਕਣ ਦੇਣ ਸ਼ਾਖਾਵਾਂ।

(3)

ਕਿਸ-ਕਿਸ ਸਾਨੂੰ ਲੁੱਟਿਆ, ਕੁੱਟਿਆ, ਇਲਮ ਹੈ ਸਾਨੂੰ ਸਾਰਾ,
ਨਾਲ ਹੀ ਸਾਨੂੰ ਯਾਦ ਹੈ ਝੂਠੇ ਰਹਿਬਰ ਦਾ ਸਿਰਨਾਵਾਂ।

ਰੁੱਤੇ ਅੜੀਏ! ਝੱਖੜ ਨੂੰ ਕਹਿ ਬੱਸ ਕਰੇ ਰੁਕ ਜਾਵੇ।
ਪੱਤ ਵਿਹੂਣੇ ਸਭ ਰੁੱਖ ਹੋਏ ਹੋਰ ਸਿਤਮ ਨਾ ਢਾਵੇ।

ਪਿੰਡ ਪਿਆ ਜਦ ਖਾਲੀ ਕਰਨਾ ਤਾਂ ਸੰਵਿਧਾਨ 'ਚ ਪੜ੍ਹਿਆ,
ਆਪਣੇ ਦੇਸ਼ 'ਚ ਰਹਿ ਸਕਦਾ ਹੈ, ਜਿੱਥੇ ਵੀ ਕੋਈ ਚਾਹਵੇ।

ਜੀਅ ਕਰਦੈ ਇਕ ਸਿਖ਼ਰ ਦੁਪਹਿਰਾ ਐਸਾ ਪਿੰਡ 'ਚ ਕੱਟਾਂ,
ਤਾਇਆ 'ਫ਼ਜ਼ਲਾ' ਬੋਹੜ ਦੀ ਛਾਵੇਂ ਮਿਰਜ਼ੇ ਦੀ ਸੱਦ ਲਾਵੇ।

**ਚਿੜੀਓ ਨੀ! ਚਹਿਕਣ ਨਾ ਭੁੱਲਿਓ, ਬਿਰਖੋ! ਸੁੱਕ ਨਾ ਜਾਇਓ,**
**ਝੱਖੜ ਦਾ ਦਸਤੂਰ ਇਹੋ ਹੈ, ਇਹ ਛੇਤੀ ਮਰ ਜਾਵੇ।**

ਸੜਦਾ ਅੰਬਰ, ਤਪਦੀ ਧਰਤੀ, ਝੁੱਲਿਆ ਕਹਿਰ ਦਾ ਝੱਖੜ,
ਅਸ਼ਕੇ ਉਸ ਗੁਲਸ਼ਨ ਦੇ ਜਿਹੜਾ ਫੇਰ ਵੀ ਮੌਲੀ ਜਾਵੇ।

ਕਿਸ ਕਿਸ ਰੁੱਖ ਦੇ ਟਾਹਣੇ ਟੁੱਟੇ ਕਿੰਨੀਆਂ ਚਿੜੀਆਂ ਮਰੀਆਂ,
ਪਿੰਡ ਤੋਂ ਆਉਂਦੀ ਸੜਕ ਨੂੰ ਕਹੀਏ ਰਾਤ ਦੀ ਖ਼ਬਰ ਸੁਣਾਵੇ।

ਸੋਨੇ ਦੇ ਰਾਹ, ਚਾਂਦੀ ਪਾਣੀ, ਮਾਖਿਓਂ ਭਰੀਆਂ ਕੁੰਨੀਆਂ,
ਉਹ ਬਚਪਨ, ਉਹ ਪਿੰਡ ਬਹਿਸ਼ਤੀ, ਕੋਈ ਮੋੜ ਲਿਆਵੇ।

(4)

ਚਿੜੀ ਤੋਂ ਬਾਜ਼ ਤੁੜਵਾਏ, ਉਹ ਕੈਸੀ ਸੋਚ ਹੋਵੇਗੀ?
ਜੋ ਗਿੱਦੜੋਂ ਸ਼ੇਰ ਬਣਵਾਏ, ਉਹ ਕੈਸੀ ਸੋਚ ਹੋਵੇਗੀ?

**ਜਦੋਂ ਹੱਦ ਜਬਰ ਦੀ ਮੁੱਕੇ, ਜਦੋਂ ਕੜ ਸਬਰ ਦਾ ਟੁੱਟੇ,**
**ਉਦੋਂ ਤਲਵਾਰ ਲਹਿਰਾਵੇ, ਉਹ ਕੈਸੀ ਸੋਚ ਹੋਵੇਗੀ?**

ਜੋ ਹੋਵੇ ਬਾਦਸ਼ਾਹ ਐਸਾ, ਦਿਲਾਂ 'ਤੇ ਰਾਜ ਕਰ ਜਾਵੇ,
ਮਗਰ ਦਰਵੇਸ਼ ਕਹਿਲਾਵੇ, ਉਹ ਕੈਸੀ ਸੋਚ ਹੋਵੇਗੀ?

ਚਲਾਵੇ ਬਾਣ ਜਦ ਸ਼ਿਅਰਾਂ ਦੇ ਤਾਂ ਚਿੰਗਾਰੀਆਂ ਨਿਕਲਣ,
ਤੇ ਰੂਹ ਜ਼ਾਲਮ ਦੀ ਕੰਬਾਵੇ, ਉਹ ਕੈਸੀ ਸੋਚ ਹੋਵੇਗੀ?

ਗੁਰੂ, ਚੇਲਾ, ਕਵੀ ਤੇ ਬਾਦਸ਼ਾਹ, ਦਰਵੇਸ਼ ਵੀ ਹੋਵੇ,
ਤੇ ਰਣ ਤੱਤੇ 'ਚ ਡਟ ਜਾਵੇ, ਉਹ ਕੈਸੀ ਸੋਚ ਹੋਵੇਗੀ?

ਜੋ ਸੱਚ ਖਾਤਰ ਪਿਤਾ ਵਾਰੇ, ਜੋ ਮਾਂ ਵਾਰੇ, ਜੋ ਪੁੱਤ ਵਾਰੇ,
ਤੇ ਖੁਦ ਕੁਰਬਾਨ ਹੋ ਜਾਵੇ, ਉਹ ਕੈਸੀ ਸੋਚ ਹੋਵੇਗੀ?

ਬਣੇ ਦੁਸ਼ਮਣ ਜੋ ਜੋਕਾਂ ਦੀ, ਬਣੇ ਸੱਜਣ ਜੋ ਲੋਕਾਂ ਦੀ,
ਕਦੇ ਵੀ ਥਿੜਕ ਨਾ ਪਾਵੇ, ਉਹ ਕੈਸੀ ਸੋਚ ਹੋਵੇਗੀ?

ਹਕੀਕਤ

# ਕਤਲ ਨਹੀਂ ਭੁੱਲ ਸਕਦੇ ਰਿਸ਼ਤਿਆਂ ਦੇ

ਡਾ. ਮੋਹਨ ਸਿੰਘ

ਕੱਚੇ ਕੋਠੇ! ਇੱਕ ਹੀ ਕੰਧ 'ਤੇ ਰੱਖੀਆਂ ਛਤੀਰੀਆਂ। ਸਾਡੇ ਘਰ ਦਾ ਮੂੰਹ ਲੈਂਹਦੇ ਨੂੰ ਤੇ ਚਾਚੇ ਮਿਹਰਦੀਨ ਦੇ ਘਰ ਦਾ ਮੂੰਹ ਚੜ੍ਹਦੇ ਨੂੰ। ਭਰਾਵਾਂ ਤੋਂ ਵੱਧ ਪਿਆਰ ਪਿਤਾ ਨਾਲ। ਪਿੰਡ 'ਚ ਵਧੀਆ ਸੱਚੇ ਸੌਦੇ ਦੀ ਹੱਟੀ ਚਾਚੇ ਮਿਹਰਦੀਨ ਦੀ। ਇੱਕ ਦੋ ਮੱਝਾਂ ਰੱਖਕੇ ਚਾਚੀ ਰੇਸ਼ਮਾਂ ਨੇ ਘਿਓ ਬਣਾਕੇ ਵੇਚਣਾ, ਸਵਾ ਰੁਪਈਏ ਸੇਰ। ਦੁੱਧ ਨਹੀਂ ਸੀ ਵਿਕਦਾ। ਸਾਨੂੰ ਜਦੋਂ ਵੀ ਲੋੜ ਪੈਣੀਂ, ਮੈਨੂੰ ਪਿਤਾ ਨੇ ਘਿਓ ਲੈਣ ਭੇਜਣਾ। ਬਾਰਾਂ ਕੁ ਸਾਲ ਸੀ ਉਮਰ ਮੇਰੀ। ਮੈਨੂੰ ਅੱਜੀਂ ਪੁੱਜੀਂ ਕਿੰਨ੍ਹਾ ਹੀ ਚਿਰ ਲਾ ਦੇਣਾ ਰੇਸ਼ਮਾਂ ਚਾਚੀ ਨੇ। ਜੀਅ ਮੇਰਾ ਵੀ ਉੱਠਣ ਨੂੰ ਨਹੀਂ ਸੀ ਕਰਦਾ। ਏਹ ਕਰਲਾਂ ਔਹ ਕਰਲਾਂ। ਗੱਲ੍ਹਾਂ ਚੁੰਮ- ਚੁੰਮ ਕੇ ਲਾਲ ਕਰ ਦੇਣੀਆਂ, ਤੇ ਘੁੱਟ ਘੁੱਟ ਕੇ ਜੱਫੀਆਂ। ਉਸਦੇ ਬੱਚਾ ਨਹੀਂ ਸੀ ਉਦੋਂ। ਮਮਤਾ ਦਾ ਪਿਆਰ ਮੇਰੇ ਲਈ, ਉਸਦੇ ਪਿਆਰ ਦੀ ਮੈਨੂੰ ਸਮਝ ਨਹੀਂ ਸੀ। ਦੋ ਵੀਰ ਸਾਂ। ਮਾਂ 1947 ਚ, ਮਾਂ-ਮਹਿਟਰ ਛੱਡਕੇ ਇਸ ਦੁਨੀਆਂ ਤੋਂ ਤੁਰ ਗਈ। ਪਿਤਾ ਦੀ ਇੱਕ ਉਂਗਲੀ ਮੈਂ ਤੇ ਦੂਜੀ ਛੋਟੇ ਨੇ ਫੜ੍ਹਕੇ ਸਿੱਖਿਆ ਤੁਰਨਾ ਇਸ ਦੁਨੀਆਂ ਚ। ਹੱਦੋਂ ਵੱਧ ਪਿਆਰ ਚਾਚੇ ਮਿਹਰਦੀਨ ਨਾਲ।

"ਉਰਦੂ ਦਾ ਹਫਤਾਵਾਰੀ ਅਖਬਾਰ ਬੰਬਈ ਤੋਂ ਆਉਂਦਾ ਤੇ "ਜੰਗਿ ਆਜਾਦੀ" ਲਾਹੌਰ ਤੋਂ, ਪੜ੍ਹਕੇ ਸੁਨਾਉਣੇ ਪਿਤਾ ਨੂੰ, ਜਦ ਕਦੀ ਦੁਪਹਿਰੇ ਥੋੜ੍ਹੀ ਵੇਹਲ ਮਿਲਣੀ। ਸਦਾ ਸਿਰ 'ਤੇ ਕੰਮਾਂ ਦੀ ਪੰਡ ਦਾ ਭਾਰ, ਘਰ ਦਾ ਸਾਰਾ ਸੌਦਾ ਚਾਚੇ ਮਿਹਰਦੀਨ ਦੀ ਹੱਟੀ ਤੋਂ। ਤੇ ਪੈਸਾ ਧੇਲਾ ਵੀ ਲੋੜ ਪੈਣ 'ਤੇ ਵਰਤ ਕੇ ਕਣਕ ਕਪਾਹ ਤੋਂ ਵਾਪਸ। ਝੋਨੇ ਦਾ ਕਿਤੇ ਨਾਂ ਨਹੀਂ । ਘਰੋਗੀ ਹਾਲਤ ਮਾੜੀ ਕਰਕੇ ਵੀ ਸਾਨੂੰ ਸਕੂਲੇ ਘੱਲਣਾ। ਪਿਤਾ ਵੱਲੋਂ ਸ੍ਹਾਂਬਣਾ ਸੌਖਾ ਨਹੀਂ ਸੀ ਕੰਮ। ਏਨੇ ਨੂੰ ਪਾਕਿਸਤਾਨ ਬਨਣ ਦੀਆਂ ਖਬਰਾਂ ਸ਼ੁਰੂ।

ਮੁਸਲਮਾਨ ਤੇ ਹਿੰਦੂ ਸਿੱਖਾਂ ਚ, ਨਫਰਤ। ਦੰਗੇ ਫਸਾਦ ਸ਼ੁਰੂ। ਪਿੰਡਾਂ ਚ, ਅਮਨ ਕਮੇਟੀਆਂ, ਚਾਚਾ ਮਿਹਰਦੀਨ ਵੀ ਮੈਂਬਰ। ਦੋਵਾਂ ਨੇ ਪਾਰਟੀ ਹੁਕਮ ਦੇ ਬੱਧੇ, ਅਮਨ ਕਰੋ ਕਰਦੇ ਫਿਰਨਾ ਪਿੰਡ ਪਿੰਡ। ਕਦ ਜਰਦੇ ਧਰਮਾਂ ਦੇ ਠੇਕੇਦਾਰ। ਦੋਵੇਂ ਫ਼ਿਰਕੂ ਪਾਰਟੀਆਂ ਦੀ ਨਜਰਾਂ ਚ, ਲੁਟੇਰੇ ਤਾਂ ਉਹ ਦਿਨ-ਉਡੀਕਦੇ ਲੁੱਟਣ ਮਾਰਨ ਲਈ। ਆਖਰ ਅਗਸਤ 1947 ਆ ਹੀ ਗਿਆ। ਪੌ ਬਾਰਾਂ ਡਾਕੂ ਲੁਟੇਰਿਆਂ ਦੇ। ਚਾਚਾ ਮਿਹਰਦੀਨ ਤੇ ਚਾਚੀ ਰੇਸ਼ਮਾਂ ਨੇ ਹਨੇਰੇ ਪੌੜੀਆਂ ਉੱਤਰ ਕੇ ਕਿੰਨਾਂ ਹੀ ਚਿਰ ਰਾਤ ਗਈ ਡਰ ਸੈਂਹਮ ਦੀਆਂ ਗੱਲਾਂ ਕਰਦੇ ਰਹਿਣਾ, ਕੀ ਕਰਾਂਗੇ ਭਾਈ ਜੀ? ਦੋਹਾਂ ਨੇ ਇੱਕੋ ਮੂੰਹ ਇਹੋ ਹੀ ਕਹੀ ਜਾਣਾ, ਯਕੀਨ ਧਰਵਾਸ ਦੇਣ 'ਤੇ ਵੀ ਨਾ ਹਟਣਾ। ਲੋਹੜੇ ਦਾ ਹੁਸਨ ਸੀ ਚਾਚੀ ਰੇਸ਼ਮਾਂ 'ਤੇ। ਚਾਚੀ ਰੇਸ਼ਮਾਂ ਦਾ ਲਾਲ ਰੰਗ ਪੀਲਾ ਹੋਣਾ ਸ਼ੁਰੂ। ਸਾਨੂੰ ਦੋਹਾਂ ਵੀਰਾਂ ਨੂੰ ਘੁੱਟ ਘੁੱਟ ਗਲ ਨਾਲ ਲਾਉਣਾ। ਵੱਧ ਪਿਆਰ ਸਕੀ ਜਨਣ ਵਾਲੀ ਤੋਂ। ਚਾਰੇ ਪਾਸੇ ਸੈਂਹਮ ਹੀ ਸੈਂਹਮ। ਇਲਾਕੇ ਚ, ਮੁਸਲਮਾਨ ਘਰਾਂ ਚ, ਲੁੱਟਾਂ ਖੋਹਾਂ । ਜਾਨੋਂ ਮਾਰਨ ਦੀਆਂ ਧਮਕੀਆਂ । ਲਾਗਲੇ ਪਿੰਡ ਭੁੱਸੇ ਚ ਘਰਾਂ ਨੂੰ ਅੱਗਾਂ। ਕੱਟ ਵੱਢ। ਮਾਸੂਮ ਬੱਚਿਆਂ ਨੂੰ ਵੀ ਨਾ ਬਖਸ਼ਣਾ!

ਅਗਲੇ ਦਿਨ ਹੁਸ਼ਿਆਰ-ਨਗਰ 'ਤੇ ਹਮਲਾ। ਕਹਿੰਦੇ ਸਨ ਕਿ ਲੀਗ ਵਾਲੇ ਇਕ ਸੰਤ ਰੂਪੀ ਬਾਬੇ ਨੂੰ ਮਾਰ ਗਏ ਸਨ। ਲਟ-ਲਟ ਕਰਦਾ ਪਿੰਡ ਬਲ ਰਿਹਾ ਸੀ। ਲਾਸ਼ਾਂ ਹੀ ਲਾਸ਼ਾਂ, ਲਹੂ ਲੁਹਾਨ ਹੋਈਆਂ ਗਲੀਆਂ ਨਾਲੀਆਂ । ਪੱਥਰ ਅੱਖਾਂ, ਹੰਝੂ ਵੀ ਸੁੱਕ ਗਏ। ਏਧਰ ਤੜਫ ਕੇ ਚਾਚੇ ਮਿਹਰਦੀਨ ਹੁਰਾਂ ਨੂੰ ਦੋ ਦਿਨ ਲੰਘੇ। ਸਾਡੇ ਪਿੰਡ ਲੱਧੇਵਾਲ ਚ ਵੀ ਘੁਸਰ-ਘੁਸਰ ਸ਼ੁਰੂ। ਲੱਟ ਲਓ ਮੁਸਲਮਾਨ ਘੁਮਿਆਰਾਂ ਦੇ ਘਰ। ਮਾਰ ਦਿਓ ਬੰਦੇ। ਜਨਾਨੀਆਂ ਲੈ ਆਓ

ਫ ੜ੍ਹ ਕੇ

ਘਰੀਂ। ਮੱਚ ਗਈ ਹਫੜਾ ਦਫੜੀ ਪਿੰਡ ਚ, ਚਾਚੇ ਮਿਹਰਦੀਨ ਹੁਰਾਂ ਦੇ ਲਾਗਲੇ ਘਰ ਲੁੱਟ ਕੇ ਲੈ ਗਏ। ਰਾਤ ਪਈ ਤਾਂ ਸਾਡਾ ਘਰ ਬੰਦੇ ਬੁੜ੍ਹੀਆਂ ਨਾਲ ਭਰ ਗਿਆ। ਚਾਚੇ ਮਿਹਰਦੀਨ ਤੇ ਚਾਚੀ ਰੇਸ਼ਮਾਂ ਨਾਲ ਤਿੰਨ ਘਰ ਹੋਰ ਵੀ ਆ ਗਏ। ਪਨਾਹ ਕੇਵਲ ਕਾਮਰੇਡ ਪੂਰਨ ਸਿੰਘ ਹੁਰਾਂ ਦੇ ਘਰ। ਘਰ ਦੇ ਬੂਹੇ ਅੱਗੇ ਕੋਈ ਝਾਤੀ ਵੀ ਨਹੀਂ ਸੀ ਮਾਰ ਸਕਦਾ। ਹੱਦੋਂ ਵੱਧ ਦਬਦਬਾ। ਤਿੰਨ ਰਾਤਾਂ ਘੁੱਟੇ ਸਾਹ ਹੀ ਲੰਘਾਈਆਂ ਸਾਡੇ ਘਰ।

ਓਧਰੋਂ ਜਿਲ੍ਹਾ ਲਾਹੌਰ ਤੋਂ ਖਰਕ ਪਿੰਡ ਤੋਂ ਪਿਤਾ ਹੁਰਾਂ ਦਾ ਫੁੱਫੜ ਤੇ ਭੂਆ ਦਾ ਪੁੱਤ ਭਰਾ ਮਾਲ ਡੰਗਰ ਲੈ ਕੇ ਆ ਗਏ। ਬਹੁਤ ਹੀ ਘਬਰਾਏ ਹੋਏ, ਪਰ ਨੁਕਸਾਨ ਕੋਈ ਨਹੀਂ ਸੀ ਹੋਇਆ। ਜਦ ਉਹਨਾਂ ਘਰ ਚ, ਸਾਰਾ ਮਹੌਲ ਵੇਖਿਆ ਤੇ ਕਿਹਾ-

'ਭਾਊ ਜੀ ਇਨਹਾਂ ਦਾ ਕੀ ਬਣੂ?'

'ਤਕੜਾ ਹੋ ਤੂੰ ਕੁਝ ਨਹੀਂ ਹੋਏਗਾ ਇਨ੍ਹਾਂ ਨੂੰ, ਕਿਸੇ ਦੀ ਕੀ ਮਜਾਲ ਹੈ ਅਪਣੇ ਘਰ ਵੱਲ ਕੋਈ ਅੱਖ ਚੁੱਕ ਕੇ ਵੀ ਵੇਖ ਜਾਏ।'

ਮੈਂ ਤੇ ਛੋਟਾ ਸਵਰਨ ਖੁਸ਼ ਵੀ ਤੇ ਸੈਂਹਮੇ ਵੀ। ਚਾਚੀ ਰੇਸ਼ਮਾਂ ਰੋਟੀਆਂ ਪਕਾਉਣੀਆਂ ਤੇ ਅਸੀਂ ਖੁਸ਼ ਹੋ ਕੇ ਖਾਂਦੇ। ਮੈਂ ਕਈ ਸਾਲ ਰੋਟੀਆਂ ਪਕਾਕੇ ਪੜ੍ਹਨ ਜਾਣਾ , ਤੇ ਆਕੇ ਫਿਰ ਪਕਾਉਣੀਆਂ ਸਾਮ ਨੂੰ। ਬਹੁਤ ਹੀ ਵਖਤ ਕੱਟਿਆ।

ਏਧਰ ਗੁੰਡੇ ਹਰਲ-ਹਰਲ ਕਰਦੇ ਬੂਹੇ ਅੱਗੋਂ ਲੰਘਦੇ। ਪਰ ਕੀ ਮਜਾਲ ਕੋਈ ਬੂਹੇ ਅੱਗੋਂ ਖੰਘ ਕੇ ਵੀ ਲੰਘ ਜਾਏ। ਲੋਟੂਆਂ ਦੀ ਦਾਲ ਨਾ ਗੱਲੀ। ਰੇਸ਼ਮਾਂ ਚਾਚੀ ਗੁੰਡਿਆਂ ਤੋਂ ਬਚ ਗਈ। ਜਿਸ ਮਗਰ ਮਰਦਾ ਸੀ ਸਾਰਾ ਪਿੰਡ। ਅਖੀਰ ਪ੍ਰੋਗਰਾਮ ਬਣਾਕੇ ਪਿਤਾ ਨੇ ਛੋਟੇ ਭਰਾ ਨਾਲ ਚਾਚੀ ਰੇਸ਼ਮਾਂ ਨੂੰ ਘਰ ਵਾਲੀ ਦੇ ਬਹਾਨੇ ਮੁਹਾਵੇ ਭੇਜ ਦਿੱਤਾ। ਮੁਹਾਵੇ ਵਿਆਇਆ ਸੀ ਉਹ। ਨਾਲ ਹੀ ਕਹਿ ਦਿੱਤਾ ਕਿ ਅੱਧੀ ਰਾਤ ਨੂੰ ਅਸੀਂ ਮੁਹਾਵੇ ਵਾਲੇ ਥੇਹ 'ਤੇ ਆ ਜਾਵਾਂਗੇ। ਤੂੰ ਰੇਸ਼ਮਾਂ ਨੂੰ ਲੈ ਕੇ ਥੇਹ 'ਤੇ ਆ ਜਾਵੀਂ। ਓਥੋਂ ਇਹਨਾਂ ਸਾਰਿਆਂ ਨੂੰ ਸਰਹੱਦ ਲੰਘਾਂ ਆਵਾਂਗੇ, ਤਾਂ ਜੋ ਇਹ ਅੱਗੋਂ, ਪਾਕਿਸਤਾਨ ਚਲੇ ਜਾਣਗੇ। ਸਰਹੱਦ ਕੇਵਲ ਇੱਕ ਮੀਲ ਵੀ ਨਹੀਂ। ਕਦੀ ਯਾਦ ਕਰਿਆ ਕਰਨਗੇ ਭਰਪਣ ਨੂੰ। ਏਧਰ ਚਾਚੇ ਮਿਹਰਦੀਨ ਨੂੰ ਤਾਂ ਕੁਝ ਵੀ ਨਹੀਂ ਸੀ ਸੁੱਝ ਰਹੀ। ਘਬਰਾ ਪੈ ਜਾਂਦਾ ਘੜੀ ਘੜੀ। ਪਰ ਪਿਤਾ ਹੁਰਾਂ 'ਤੇ ਰੱਬ ਵਰਗਾ ਭਰੋਸਾ ਸੀ ਉਸਨੂੰ। ਕਾਲੀ ਬੋਲੀ ਰਾਤ, ਘੁੱਪ ਹਨੇਰਾ, ਨਾਲ ਹੀ ਕਿਣ ਮਿਣ। ਪੌੜੀ ਲਾਕੇ ਪਿਛਲੇ ਪਸਿਓਂ ਸਾਰੇ ਹੀ ਆਦਮੀ ਤੇ ਜਨਾਨੀਆਂ, ਉਤਾਰ ਕੇ ਮੁਹਾਵੇ ਵੱਲ ਨੂੰ ਤੁਰ ਪਏ।

ਪਿਤਾ ਤੇ ਖਰਕਾਂ ਵਾਲਾ

ਚਾਚਾ ਭਜਨ ਸਿੰਘ ਨਾਲ । ਹਥਿਆਰ ਕੇਵਲ ਸੋਟਾ ਤੇ ਤਲਵਾਰ। ਓਧਰ ਚਾਚੀ ਰੇਸ਼ਮਾਂ ਸ਼ੁਕਰ ਕਰਕੇ ਜਦ ਮੁਹਾਵੇ ਅੱਪੜੀ, ਤਾਂ ਉਹਨਾਂ ਦੀਆਂ ਅੱਗੋਂ ਅੱਖਾਂ ਹੀ ਹੋਰ ਹੋ ਗਈਆਂ, ਰੂਪ ਵੇਖਕੇ ਚਾਚੀ ਰੇਸ਼ਮਾਂ ਦਾ। ਚਾਚੇ ਕਿਹਰ ਸਿੰਘ ਦਾ ਇਕ ਸਾਲਾ ਛੜਾ ਹੀ ਸੀ, ਕਿਓਂ ਨਾ ਇਸਨੂੰ ਕਰਤਾਰੇ ਦੇ ਘਰ ਬਿਠਾ ਦੇਈਏ। ਸਾਕ ਤਾਂ ਕੋਈ ਹੁੰਦਾ ਨਹੀਂ ਸੀ। ਬੱਕਰੀਆਂ ਚਾਰਦੇ ਜੱਟ ਨੂੰ ਕੌਣ ਸਾਕ ਕਰਦਾ ਸੀ। ਪੂਰੀ ਵਿਓਂਤ ਬਣ ਗਈ। ਰਾਤ ਨੂੰ ਉਹਨਾਂ ਸਾਰਿਆਂ ਥੇਹ 'ਤੇ ਆ ਜਾਣਾ ਹੈ ਲੱਧੇਵਾਲ ਤੋਂ। ਸਾਰੇ ਵੱਢ ਟੁੱਕ ਕੇ ਪਾਰ ਬੁਲਾਵਾਂਗੇ। ਜਨਾਨੀਆਂ ਲੈ ਆਵਾਂਗੇ।

ਇਸ ਤਰ੍ਹਾਂ ਹੀ ਹੋਇਆ। ਪਿਤਾ ਹੁਰੀਂ ਸਹੀ ਸਲਾਮਤ ਸਾਰੇ ਥੇਹ 'ਤੇ ਆ ਗਏ। ਡਿੱਗਦੇ ਡੈਂਹਡੇ। ਸ਼ੁਕਰ ਕੀਤਾ ਸਾਰਿਆਂ ਹੱਦ ਲਾਗੇ ਹੀ ਸੀ। ਪਰ ਏਨੇ ਨੂੰ ਘੁਸਰ-ਘੁਸਰ ਹੋਣ ਲੱਗੀ। ਪਤਾ ਓਦੋਂ ਹੀ ਲੱਗਾ ,ਜਦੋਂ ਬਰਛੀਆਂ ਕ੍ਰਿਪਾਨਾਂ ਨਾਲ ਵੱਢ ਟੁੱਕ ਸ਼ੁਰੂ ਹੋ ਗਈ। ਚੀਕਾਂ ਹੀ ਚੀਕਾਂ, ਹਾਏ ਮਰ ਗਏ। ਹਾਏ ਮਰ ਗਏ! ਦੁਹਾਈ ਪੈ ਗਈ, ਚੀਕ ਚਿਹਾੜੇ ਚ, ਕੁਝ ਹੀ ਪਲਾਂ ਚ, ਲਾਸ਼ਾਂ ਦੇ ਢੇਰ ਲੱਗ ਗਏ। ਇਕ ਮੁੰਡਾ ਬਚਿਆ ਭੱਜ ਕੇ ਕੇਵਲ, ਕੌਣ ਸੀ? ਪਤਾ ਨਹੀਂ। ਚਾਚੀ ਰੇਸ਼ਮਾਂ ਦੀ ਇੱਕ ਭੈਣ ਜਿਸਦੇ ਚੂੜੇ ਦਾ ਅਜੇ ਰੰਗ ਵੀ ਨਹੀਂ ਸੀ ਲੱਥਾ, ਤੇ ਇਕ ਹੋਰ ਦਰਾਣੀ ਮਹਾਵੇ ਲੈ ਆਏ। ਜਦ ਚਾਚੀ ਰੇਸ਼ਮਾਂ ਨੇ ਉਹਨਾਂ ਨੂੰ ਵੇਖਿਆ ਤਾਂ ਭੁੱਬਾਂ ਹੀ ਨਿਕਲ ਗਈਆਂ ਉਸਦੀਆਂ। ਏਧਰ ਪਿਤਾ ਤੇ ਚਾਚਾ ਭਜਨ ਸਿੰਘ ਬਹੁਤ ਹੀ ਮੁਸ਼ਕਲ ਨਾਲ ਭੱਜ ਕੇ ਬਚੇ। ਬਚਾਅ ਸਿਰਫ਼ ਇਸ ਕਰਕੇ ਹੀ ਹੋਇਆ, ਕਿਉਂਕਿ ਉਹਨਾਂ ਦੇ ਵੱਡੇ ਲੜਕੇ ਨੂੰ ਭਰਾ ਕਿਹਰ ਸਿੰਘ ਨੇ ਵੱਡੇ ਸਾਲੇ ਦੀ ਲੜਕੀ ਦਾ ਰਿਸ਼ਤਾ ਕਰਾਇਆ ਸੀ। ਜੇਕਰ ਰਿਸ਼ਤਾ ਨਾ ਹੁੰਦਾ, ਤਾਂ ਉਹਨਾਂ ਦੋਵਾਂ ਨੂੰ ਵੀ ਟੁੱਕ ਸੁੱਟਦੇ।

ਏਧਰ ਸਾਨੂੰ ਦੋਵਾਂ ਵੀਰਾਂ ਨੂੰ ਵੀ ਨੀਂਦ ਸੀ ਆ ਰਹੀ। ਘਰ ਇੱਕ ਚਾਚਾ ਤੇ ਇੱਕ ਚਾਚੀ ਕਿਹਰ ਸਿੰਘ ਦੇ ਘਰੋਂ ਸੀ। ਏਨੇ ਨੂੰ ਹੌਲੀ ਜੇਹੀ ਵੱਡਾ ਦਰਵਾਜ਼ਾ ਖੜਕਿਆ। ਡੱਟ ਜਾ ਕੇ ਖੋਹਲਿਆ, ਪਿਤਾ ਤੇ ਚਾਚਾ ਬਹੁਤ ਹੀ ਘਬਰਾਏ ਹੋਏ ਸਨ। ਲਹੂ ਨਾਲ ਕੱਪੜੇ ਵੀ ਖਰਾਬ ਵੇਖ ਕੇ ਘਬਰਾ ਗਏ ਅਸੀਂ ਵੀ। ਸਾਰੀ ਕਹਾਣੀ ਦੱਸੀ, ਤਾਂ ਸਾਡੀਆਂ ਭੁੱਬਾਂ ਨਿਕਲ ਗਈਆਂ। ਹਾਏ! ਸਾਡੇ ਚਾਚੇ ਮਿਹਰਦੀਨ ਨੂੰ ਕੀ ਹੋ ਗਿਆ! ਕਿਓਂ ਮਾਰ ਦਿੱਤਾ ਉਹਨਾਂ ਨੂੰ। ਪਿਤਾ ਤੇ ਚਾਚਾ ਸਾਨੂੰ ਚੁੱਪ ਕਰਾ ਰਹੇ ਸਨ। ਡੱਕਿਆ ਨਹੀਂ ਸੀ ਜਾਂਦਾ ਰੋਂਣ। ਸਵੇਰ ਹੋ ਗਈ ਸਾਰੇ ਪਿੰਡ ਵਿੱਚ ਲੋਕ ਗੱਲਾਂ ਕਰ ਰਹੇ ਸਨ, ਕਿ ਭਾਈ ਪੂਰਨ ਸਿੰਘ ਨੇ ਮਿਹਰਦੀਨ ਹੁਰਾਂ ਦਾ ਸਾਰਾ ਟੱਬਰ ਖ਼ਤਮ ਕਰਕੇ ਰੇਸ਼ਮਾਂ ਨੂੰ ਆਪਣੇ ਘਰ ਰੱਖ ਲਿਆ ਹੈ। ਪਰ ਕੁਝ ਦਿਨਾਂ ਮਗਰੋਂ ਲੋਕਾਂ ਨੂੰ ਪਤਾ ਲੱਗ ਗਿਆ, ਜਦ ਇੱਕ ਹੋਰ ਪਰਿਵਾਰ ਅੱਛਰ ਸਿੰਘ ਅਪਣੇ ਮਿੱਤਰ ਪਰਿਵਾਰ ਨੂੰ, ਉਸੇ ਹੀ ਰਾਤ ਥੇਹ ਤੋਂ ਸਰਹੱਦ ਲੰਘਾ ਕੇ ਆਇਆ ਸੀ। ਸਾਰੀ ਕਹਾਣੀ ਦੱਸੀ ਉਸਨੇ ਹੀ- ਕਿ ਭਾਈ ਦਾ ਕੋਈ ਕਸੂਰ ਨਹੀਂ, ਇਹ ਤਾਂ ਸਗੋਂ ਆਪ ਜਾਨਾਂ ਬਚਾਕੇ ਭੱਜੇ ਹਨ। ਕਈ ਲੋਕ ਤਾਂ ਅਜੇ ਵੀ ਯਕੀਨ ਨਹੀਂ ਸਨ ਕਰਦੇ। ਓਧਰੋਂ ਸਵੇਰੇ ਮੁਹਾਵੇ ਤੋਂ ਕਿਹਰ ਸਿੰਘ ਵੀ ਆ ਗਿਆ। ਪਿਤਾ ਹੁਰੀਂ ਬਹੁਤ ਹੀ ਗੁੱਸੇ ਹੋਕੇ ਗਾਲਾਂ ਕੱਢ ਰਹੇ ਸਨ-

'ਮੈਂ ਚੰਡਾਲਾ ਤੇਰਾ ਸਾਕ ਵੀ ਨਹੀਂ ਲੈਣਾ ਜਾਹ ਜਾ ਕੇ ਦੱਸਦੇ ਮੁਹਾਵੇ ਵਾਲਿਆਂ ਨੂੰ।'

ਪਰ ਜਿਸ ਦੀ ਲੜਕੀ ਦਾ ਰਿਸ਼ਤਾ ਕਰਾਇਆ ਸੀ, ਉਸ ਵਿਚਾਰੇ ਨੂੰ ਵੀ ਨਹੀਂ ਸੀ ਪਤਾ ਇਸ ਕਾਰੇ ਦਾ।

ਓਧਰੋਂ ਚਾਚੀ ਰੇਸ਼ਮਾਂ ਨੇ ਪਿਤਾ ਨੂੰ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ। ਸਾਰਾ ਪਤਾ ਲੱਗ ਗਿਆ ਸੀ, ਵਿਚਾਰੀ ਏਹੋ ਆਖਦੀ ਰਹੀ-

'ਭਾਈ ਜੀ ਤੁਸੀਂ ਮੈਨੂੰ ਅਪਣੇ ਹੀ ਰੱਖ ਲੈਂਦੇ ਘਰ। ਮੈਂ ਤਾਂ ਪਹਿਲਾਂ ਹੀ ਮੋਹਣ (ਲੇਖਕ) ਤੇ ਸਵਰਨ (ਵਿੰਮਕੋ) ਨੂੰ ਪੁੱਤਾਂ ਤੋਂ ਵੀ ਵੱਧ ਪਿਆਰ ਕਰਦੀ ਸਾਂ, ਕਿਓਂ ਘੱਲ ਦਿੱਤਾ ਨਰਕ ਚ।'

ਆਖ਼ਰ ਜਦ ਕਰਤਾਰੇ ਨਾਲ ਚਾਦਰ ਪਈ ਤਾਂ ਉਹਨੂੰ ਸਾਰੀ ਕਹਾਣੀ ਦਾ ਪਤਾ ਲੱਗਾ, ਕਿ ਭਾਈ ਹੁਰਾਂ ਨਾਲ ਵੀ ਧੋਖਾ ਕੀਤਾ ਗਿਆ ਹੈ। ਉਹਨਾਂ ਤਾਂ ਅਪਣੀ ਪੂਰੀ ਦੋਸਤੀ ਨਿਭਾ ਦਿੱਤੀ। ਪਰ ਇਹਨਾਂ ਜੁਲਮਾਂ ਨੂੰ ਅੱਲਾ ਹੀ ਪਛਾਣੇਗਾ।

ਸਮਾਂ ਖਲੋਂਦਾ ਨਹੀਂ। ਲੰਘਦੇ ਗਏ ਦਿਨ। ਚਾਚੀ ਰੇਸ਼ਮਾਂ ਦੇ ਘਰ ਕਾਕਾ ਹੋ ਪਿਆ। ਇਹ ਸਾਰਾ ਪਰਿਵਾਰ ਖੁਸ਼ ਸੀ। ਘਰਰ...ਕਰਦਿਆਂ ਮਿਲਟਰੀ ਦੀ ਗੱਡੀ ਆ ਖਲੋਤੀ ਇਕ ਦਿਨ ਘਰ ਅੱਗੇ। ਚਾਚੀ ਰੇਸ਼ਮਾਂ ਨੇ ਜਦ ਅਪਣੇ ਭਰਾ ਨੂੰ ਉਤਰਦਿਆਂ ਵੇਖਿਆ ਤਾਂ, ਉਸ ਦੀਆਂ ਭੁੱਬਾਂ ਹੀ ਨਿਕਲ ਗਈਆਂ। ਦੂਸਰੀਆਂ ਦਾ ਉਸਨੂੰ ਪਤਾ ਨਹੀਂ ਸੀ। ਲੋਕ ਕੋਠਿਆਂ 'ਤੇ ਖਲੋਕੇ ਵੇਖ ਰਹੇ ਸਨ। ਫਟਾ ਫਟ ਰੇਸ਼ਮਾਂ ਨੂੰ ਤੇ ਨਾਲ ਹੀ ਮੁੰਡੇ ਨੂੰ ਬਿਠਾ ਕੇ ਪਤਾ ਨਹੀਂ ਕਿੱਥੇ ਲੈ ਗਏ। ਜਿਸਦੀ ਅੱਜ ਤੱਕ ਕੋਈ ਦੱਸ ਧੁੱਖ ਨਹੀਂ ਪਈ। ਆਖ਼ਰ ਮੇਰਾ ਵਿਆਹ ਵੀ ਹੋ ਹੀ ਗਿਆ। ਜੇ ਚਾਚੀ ਰੇਸ਼ਮਾਂ ਨਾਂ ਜਾਂਦੀ ਤਾਂ ਸ਼ਾਇਦ...।

ਪਰ ਮੈਨੂ ਅੱਜ ਵੀ ਜਦ ਚਾਚਾ ਮਿਹਰਦੀਨ ਤੇ ਚਾਚੀ ਰੇਸ਼ਮਾਂ ਦੀ ਯਾਦ ਆਉਂਦੀ ਹੈ, ਤਾਂ ਮੇਰੇ ਪਿੰਡੇ ਲੂੰ ਕੰਡੇ ਹੋ ਜਾਂਦੇ ਹਨ, ਤੇ ਸੁੱਕੇ ਅੱਥਰੂ ਗਿੱਲੇ। ਆਮੀਨ

**ਰਾਜਾਤਾਲ,ਅੰਮ੍ਰਿਤਸਰ।**


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.




Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca



*ਸਾਧੂ ਸਿੰਘ ਦੀ ਸ਼ਾਹਕਾਰ ਕਹਾਣੀ*

# ਗੋਗਲਿਆਂ ਦਾ ਮੀਂਹ

**ਮਨੁੱਖੀ ਰਿਸ਼ਤਿਆਂ ਵਿਚਲੀ ਮੋਹ-ਮਮਤਾ, ਤਾਂਘ, ਹੁਲਾਸ ਤੇ ਹਰ ਕਿਸਮ ਦੀ ਭਾਵਨਾਤਮਕ ਸਾਂਝ ਨੂੰ ਮਾਨਵੀ-ਜੀਵਨ ਦਾ ਧੁਰਾ ਸਮਝਿਆ ਜਾਂਦਾ ਹੈ। ਕੁਝ ਵਿਸ਼ੇਸ਼ ਪ੍ਰਸਥਿਤੀਆਂ ਅਧੀਨ ਰਿਸ਼ਤਿਆਂ ਦੇ ਵੇਗ ਦੀ ਮਿੱਥ ਕਿਵੇਂ ਤਿੜਕ ਕੇ ਚਕਨਾ-ਚੂਰ ਹੋ ਜਾਂਦੀ ਹੈ, ਇਸ ਭਾਵ ਨੂੰ ਸਾਕਾਰ ਕਰਦੀ ਹੈ ਸਾਧੂ ਸਿੰਘ ਦੀ ਕਹਾਣੀ 'ਗੋਗਲਿਆਂ ਦਾ ਵਰ੍ਹਦਾ ਮੀਂਹ'। ਕਹਾਣੀ ਦਾ ਨਾਇਕ ਮਜ਼ਬੂਤ ਆਰਥਿਕ ਪੁਜੀਸ਼ਨ ਹਾਸਲ ਕਰਨ ਲਈ ਸੰਘਰਸ਼ ਕਰਦਾ ਹੈ, ਪਰਵਾਸ ਦਾ ਕਠੋਰ ਜੀਵਨ ਭੋਗਦਾ ਹੈ, ਉਦਰੇਵੇਂ ਤੇ ਉਪਰਾਮਤਾ ਦੀ ਮਾਰ ਸਹਿੰਦਾ ਹੈ, ਵਾਪਸ ਵਤਨ ਪਰਤਣ ਦਾ ਵਿਕਲਪ ਉਸ ਲਈ ਖੁਲ੍ਹਾ ਹੈ ਪਰ ਉਹ ਵਤਨ ਵਾਪਸ ਨਾ ਪਰਤਣ ਦਾ ਨਿਰਣਾ ਹੀ ਲੈਂਦਾ ਹੈ। ਪਿੱਛੇ ਸਕੇ-ਸੰਬੰਧੀਆਂ ਦਾ ਉਦਰੇਵਾਂ ਤੇ ਵਤਨ ਦੀ ਖਿੱਚ ਬੇਮਾਅਨਾ ਹੋ ਕੇ ਹੀ ਰਹਿ ਜਾਂਦੀ ਹੈ, ਜਦੋਂ ਉਹ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਉਹ ਇਕਦਮ ਵਾਪਸ ਨਹੀਂ ਪਰਤੇਗਾ। ਦੱਬ ਕੇ ਕੰਮ ਕਰੇਗਾ ਤੇ ਵੱਧ ਤੋਂ ਵੱਧ ਪੈਸੇ ਬਚਾਵੇਗਾ। ਕਥਾਵਾਚਕ, ਜਿਹੜਾ ਆਪਣੇ ਵਲਾਇਤ ਗਏ ਦੋਸਤ ਅੱਗੇ ਉਸ ਦੇ ਪਰਿਵਾਰ ਦੀ ਦੁਹਾਈ ਪਾ ਕੇ, ਉਸ ਨੂੰ ਵਾਪਸ ਆਉਣ ਦਾ ਸੁਝਾਅ ਦਿੰਦਾ ਹੈ, ਚਿੱਠੀ ਵਿਚ ਆਪਣੇ ਪਰਵਾਸੀ ਦੋਸਤ ਦਾ ਇਹ ਫੈਸਲਾ ਪੜ੍ਹ ਕੇ ਹੱਕਾ ਬੱਕਾ ਰਹਿ ਜਾਂਦਾ ਹੈ। ਉਸ ਨੂੰ ਜਾਪਦਾ ਹੈ ਜਿਵੇਂ, ''ਮਾਇਆ ਦੀ ਸਰਪਣੀ ਮਮਤਾ ਨੂੰ ਸਾਬਤ ਸਬੂਤਿਆਂ ਨਿਗਲ ਰਹੀ ਹੈ।''**

**ਸੰਪਾਦਕ**

ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਹੁੰਦੀਆਂ ਤਾਂ ਚਰਨਜੀਤ ਨੂੰ ਬਾਹਰ ਜਾਣ ਦਾ ਬੁਖ਼ਾਰ ਚੜ੍ਹ ਜਾਂਦਾ। ਮਨ ਨੂੰ ਅਜੀਬ ਜਿਹੀ ਅਚਵੀ ਲਗਦੀ, ਚਿੱਤ ਕਾਹਲਾ ਪੈਂਦਾ ਕਿ ਉਹ ਕਿਹੜੀ ਘੜੀ ਇੰਗਲੈਂਡ ਨੂੰ ਉੱਡ ਜਾਏ।

ਪਰ ਕਿਵੇਂ?

ਇਸ ਸੁਆਲ ਤਾ ਤਸੱਲੀਬਖ਼ਸ਼ ਜੁਆਬ ਨਾ ਲੱਭਣ ਕਾਰਨ 'ਉਡਾਰੀ' ਦਾ ਉਮਾਹ ਉਸ ਦੇ ਮਨ ਵਿਚ ਹੀ ਦਮ ਤੋੜ ਕੇ ਰਹਿ ਜਾਂਦਾ। ਨਿਢਾਲ ਜਿਹਾ ਹੋਇਆ ਉਹ ਮੰਜੇ ਉਪਰ ਪਿਆ ਖ਼ਿਆਲੀ ਕਿਲਿਆਂ ਦੀ ਢਾਹ-ਉਸਾਰੀ ਵਿਚ, ਬਿਨਾਂ ਕੁੱਝ ਕੀਤਿਆਂ ਕੱਤਰਿਆਂ ਕਿੰਨਾ ਹੀ ਸਮਾਂ ਅੰਦਰੇ ਹੁਬੜਿਆਂ ਰਹਿੰਦਾ।

ਬੜਾ ਚਿਰ ਮਗਜ਼ ਖਪਾਉਣ ਤੋਂ ਮਗਰੋਂ ਵੀ ਉਸ ਦੀ ਸੋਚ ਕੋਈ ਰਾਹ ਨਾ ਦਿੰਦੀ। ਐਂਪਲਾਇਮੈਂਟ ਵਊਚਰਾਂ ਵਾਲੀ ਸਕੀਮ ਬੰਦ ਹੋ ਚੁੱਕੀ ਸੀ। ਟੂਰਿਸਟਾਂ ਨੂੰ ਅਗਲੇ ਕਈ ਵਾਰੀ ਏਅਰਪੋਰਟ ਤੋਂ ਹੀ ਬੇਰੰਗ ਵਾਪਿਸ ਮੋੜ ਦਿੰਦੇ ਸਨ। ਉਧਰਲੀ ਕਿਸੇ ਕੁੜੀ ਨਾਲ ਵਿਆਹ ਕਰਵਾ ਕੇ ਜਾਣ ਦਾ ਇਕੋ ਇਕ ਰਸਤਾ ਖੁੱਲ੍ਹਾ ਸੀ। ਪਰ ਇਹ ਰਾਹ ਅਖਤਿਆਰ ਕਰਨ ਨੂੰ ਉਸ ਦਾ ਮਨ ਅਸਲੋਂ ਹੀ ਨਹੀਂ ਅਹੁਲਦਾ।

ਕਈ ਸਾਲ ਪਹਿਲਾਂ, ਹਾਲੇ ਜਦੋਂ ਉਹ ਪ੍ਰਾਇਮਰੀ ਸਕੂਲ ਵਿੱਚ ਹੀ ਪੜ੍ਹਦਾ ਸੀ, ਉਸ ਦੇ ਘਰਦਿਆਂ ਨੇ ਆਪਣੇ ਪਲੇਠੀ ਦੇ ਇਕਲੌਤੇ ਪੁੱਤਰ ਨੂੰ ਤੱਤ-ਭਲੱਥੀ ਵਿੱਚ ਮੰਗਣ-ਵਿਆਹੁਣ ਦਾ ਚਾਅ ਪੂਰਾ ਕਰ ਲਿਆ ਸੀ। ਚਰਨਜੀਤ ਨੂੰ ਆਪਣੀ ਮੰਗਣੀ ਬਾਰੇ ਸਿਰਫ਼ ਏਨਾ ਹੀ ਧੁੰਦਲਾ ਜਿਹਾ ਖ਼ਿਆਲ ਸੀ ਕਿ ਉਹ ਆਪਣੇ ਹਾਣੀਆਂ ਨਾਲ ਪਿੰਡ ਦੇ ਚੌਗਾਨ ਵਿੱਚ ਉਚਾ-ਨੀਵਾਂ ਖੇਡ ਰਿਹਾ ਸੀ। ਉਸ ਦੇ ਭਾਪੇ ਨੇ ਚੰਨੀ ਨੂੰ 'ਵਾਜ਼ ਮਾਰੀ। ਲਾਗਲੇ ਛੱਪੜ ਵਿੱਚ ਉਸ ਦੇ ਹੱਥ-ਪੈਰ ਧੁਆਏ। ਮੂੰਹ ਨੂੰ ਤੇਲ ਲੱਗੀ ਤਲੀ ਮਲੀ ਤੇ ਛੱਪੜ ਕੰਢੇ ਹੀ ਉਸ ਨੂੰ ਨਵੇਂ ਲੀੜੇ ਪੁਆਏ। ਘਰ ਆਇਆ ਤਾਂ ਪ੍ਰਾਹੁਣੇ ਉਸ ਨੂੰ ਦੇਖਣ ਆਏ ਹੋਏ ਸਨ। ਝੱਟ ਕੁ ਮਗਰੋਂ ਉਸ ਦੇ ਮੋਢੇ ਉੱਤੇ ਬੁਰ ਵਾਲਾ ਸਾਫ਼ਾ ਸੀ। ਝੋਲੀ ਵਿਚ ਚਾਂਦੀ ਦਾ ਰੁਪਈਆ ਤੇ ਮੂੰਹ ਵਿਚ ਛੁਹਾਰਾ। ਮਗਰੋਂ ਝੱਟ ਮੰਗਣੀ ਤੇ ਪੱਟ ਵਿਆਹ ਵਾਲੀ ਗੱਲ ਹੋਈ। ਇਹ ਸਾਰੀ ਲੀਲਾ ਦੇ ਬਾਵਜੂਦ ਵੱਡੇ ਹੋਏ ਚਰਨਜੀਤ ਨੂੰ ਆਪਣਾ ਆਪ ਕਦੇ ਵਿਆਹਿਆ ਵਰ੍ਹਿਆ ਨਹੀਂ ਸੀ ਲੱਗਾ।

ਕਈ ਵਰ੍ਹੇ ਲੰਘ ਗਏ। ਚਰਨਜੀਤ ਦੀ ਆਪਣੇ ਸਹੁਰੀਂ ਕੋਈ ਆਉਣੀ-ਜਾਣੀ ਨਹੀਂ ਸੀ ਹੋਈ। ਹਾਲੇ ਮੁੰਡਾ ਪੜ੍ਹਦਾ ਹੋਣ ਜਾਂ ਕੁੜੀ 'ਨਿਆਣੀ' ਹੋਣ ਕਾਰਨ, ਉਸ ਦੇ ਸਹੁਰਿਆਂ ਨੇ ਵੀ 'ਮੁਕਲਾਵੇ' ਦੀ ਕੋਈ ਕਾਹਲ ਨਹੀਂ ਸੀ ਕੀਤੀ।

ਦੋ ਕੁ ਸਾਲ ਹੋਏ, ਉਹ ਆਪਣੇ ਸਾਲੇ ਦੇ ਵਿਆਹ 'ਤੇ ਸਹੁਰੇ ਗਿਆ ਸੀ। ਆਪਣੀ ਵਹੁਟੀ ਦੇਖ ਕੇ ਉਸ ਦੇ ਔਸਾਣ ਹੀ ਮਾਰੇ ਗਏ ਸਨ। ਛੇ ਫੁੱਟ ਉਚੇ ਲੰਮੇ-ਝੰਮੇ ਚਰਨਜੀਤ ਨੂੰ ਕੱਛ ਵਿਚ ਵੀ ਖਿੱਚ ਧੂਹ ਕੇ ਮਸੀਂ ਹੀ ਆਉਂਦੀ ਸੀ। ਉਠ ਦੇ ਗਲ ਟੱਲੀ ਦੀ ਕਲਪਣਾ ਕਰ ਕੇ ਉਸ ਦੇ ਸੋਤ ਹੀ ਸੁੱਕ ਗਏ ਸਨ।

ਘਰ ਆ ਕੇ ਉਸ ਨੇ ਆਪਣੀ ਵਹੁਟੀ ਨੂੰ ਕਦੇ ਨਾ ਲਿਆਉਣ ਦਾ ਐਲਾਨ ਕੀਤਾ। ਘਰਦਿਆਂ ਨੇ ਬੜੀ ਨਮੋਸ਼ੀ ਮੰਨੀ। ਉਹ ਉਸ ਨੂੰ ਮਨਾਉਣ ਲਈ ਵਾਹ ਜਹਾਨ ਦੀ ਲਾ ਰਹੇ, ਪਰ ਉਸ ਇਕੋ ਨੰਨਾ ਫੜੀ ਰੱਖਿਆ। ਬੜਾ ਰੌਲਾ ਰੱਪਾ ਪਿਆ ਪਰ ਮਗਰੋਂ ਕੁੱਝ ਸਿਆਣੇ ਬੰਦਿਆਂ ਦੇ ਵਿਚ ਪੈ ਜਾਣ ਨਾਲ ਵਿਆਹ ਦੇ ਸਮਾਨ ਦੀ ਮੋੜ ਮੁੜਾਈ ਤੋਂ ਬਿਨਾਂ ਕੁੱਝ ਹੋਰ ਖਰਚਾ ਦੇ-ਦੁਆਕੇ ਗੱਲ ਅਮਨ ਚੈਨ ਨਾਲ ਮੁੱਕ ਗਈ ਸੀ। ਚਰਨਜੀਤ ਦੇ ਸਿਰ ਤੋਂ ਜਿਵੇਂ ਮਣਾ ਮੂੰਹੀ ਭਾਰ ਲੱਥਾ ਹੋਵੇ।

ਚਰਨਜੀਤ ਦੀ ਬਾਹਰ ਜਾਣ ਦੀ ਖਾਹਿਸ਼ ਭਾਵੇਂ ਬੜੀ ਹੀ ਤੀਬਰ ਸੀ ਪਰ ਵਿਆਹ ਦੀ ਬਿਨ ਵੇਖੀ ਬਲਾ ਨੂੰ ਗਲ ਪਾ ਕੇ ਇਸ ਖਾਹਿਸ਼ ਦੀ ਪੂਰਤੀ ਦੀ ਕਲਪਨਾ ਹੀ ਕੰਬਾ ਸੁਟਦੀ ਸੀ। ਨਹੀਂ, ਹੁਣ ਉਸ ਫੇਰ ਅੰਨ੍ਹੇ ਖੂਹ ਵਿਚ ਛਾਲ ਮਾਰਨ ਦੀ ਭੁੱਲ ਕਦੇ ਨਹੀਂ ਕਰਨੀ। ਪਹਿਲੋਂ ਹੀ ਤਾਂ ਮਸੀਂ ਉਸ ਦੀ ਜਾਨ ਛੁੱਟੀ ਸੀ।

ਚੰਨੀ ਨੂੰ ਜਾਪਦਾ ਕਿ ਸੱਪਾਂ-ਨੂੰਹਿਆਂ ਨਾਲ ਭਰੀ ਸੁਰੰਗ ਵਿੱਚੀਂ ਗੁਜ਼ਰਦਾ ਸੀ ਉਸ ਦੇ ਬਾਹਰ ਜਾਣ ਦਾ ਇਕੋ ਇਕ ਰਸਤਾ ਤੇ ਕੌਣ ਜਾਣ ਬੁੱਝ ਕੇ ਸੱਪਾਂ ਦੀ ਖੁੱਡ ਵਿੱਚ ਹੱਥ ਪਾਵੇ ਤੇ ਉਹ ਤਾਂ ਵਿਚਾਰਾ ਪਹਿਲਾਂ ਹੀ ਇਕ ਵਾਰ ਡੰਗਿਆ ਜਾ ਚੁੱਕਾ ਸੀ। ਉਸ ਨੂੰ ਤਾਂ ਹੁਣ ਰੱਸੀਆਂ ਵਿੱਚੋਂ ਵੀ ਸੱਪਾਂ ਦੇ ਭੁਲੇਖੇ ਪੈਂਦੇ ਸਨ।

ਪਰ ਇਸ ਚੁਣੌਤੀ ਭਰੀ ਕੋਠੜੀ ਵਿੱਚੋਂ ਨਿਕਲ ਕੇ ਬਾਹਰ ਕਿਵੇਂ ਜਾਇਆ ਜਾਵੇ?'' ਇਹ ਸੁਆਲ ਉਸ ਦਾ ਪਿੱਛਾ ਨਹੀਂ ਸੀ ਛੱਡਦਾ। ਉਹ ਜਦ ਕਦੇ ਵੀ ਇਹੋ ਜਿਹੀ ਸ਼ਸ਼ੋਪੰਜ ਵਿੱਚ ਹੁੰਦਾ, ਮੇਰੀ ਸਲਾਹ ਲੈਣ ਆ ਜਾਂਦਾ ਹੁੰਦਾ ਸੀ।

ਤੇ ਮੈਂ ਉਸ ਦੇ ਬਾਹਰ ਜਾਣ 'ਤੇ ਬਿਲਕੁਲ ਹੀ ਹੱਕ ਵਿੱਚ ਨਹੀਂ ਸਾਂ।

ਕੋਈ ਬੇਕਾਰ ਤਾਂ ਹੈ ਨਹੀਂ ਸੀ ਚਰਨਜੀਤ। ਆਪਣੇ ਪਿੰਡੋਂ ਦੋ ਮੀਲ ਦੀ ਹੀ ਵਿੱਥ 'ਤੇ ਸ਼ਹਿਰ ਦੇ ਇਕ ਕਾਲਜ ਵਿਚ ਚੰਗਾ ਭਲਾ ਪ੍ਰੋਫ਼ੈਸਰ ਲੱਗਾ ਹੋਇਆ ਸੀ। ਚੰਗੀ ਤਨਖਾਹ ਤੋਂ ਬਿਨਾਂ ਉਸ ਕੋਲ ਤਿੰਨ ਚਾਰ ਕਿੱਲੇ ਜੱਦੀ ਪੁਸ਼ਤੀ ਜ਼ਮੀਨ ਵੀ ਸੀ। ਘਰ ਦਾ ਦਾਣਾ-ਫੱਕਾ, ਦੁੱਧ ਘਿਉ ਤੇ ਰਿਹਾਇਸ਼ ਜੋਗਾ ਚੰਗਾ ਮਕਾਨ। ਜਿਹੜੇ ਦੁੱਧ-ਰਾਸ਼ਨ ਪਾਣੀ ਤੇ ਕਿਰਾਏ ਆਦਿ ਦੇ ਝਬਞੇਂ ਖ਼ਰਚੇ ਆਮ ਨੌਕਰੀ ਪੇਸ਼ਾ ਲੋਕਾਂ ਦੀ ਪਹਿਲੀ ਤਾਰੀਖ ਦੀ ਖੁਸ਼ੀ ਨੂੰ ਦੋਹ-ਚਹੁੰ ਦਿਨਾਂ ਵਿਚ ਹੀ ਬਦਰੰਗ ਕਰ ਦਿੰਦੇ ਹਨ, ਉਹ ਚਰਨਜੀਤ ਨੂੰ ਅਸਲੋਂ ਹੀ ਪੋਂਹਦੇ ਤਕ ਨਹੀਂ ਸੀ। ਇਸ ਲਈ ਉਸ ਦੀ ਤਨਖਾਹ ਵਿੱਚ ਵਾਹਵਾ ਬਰਕਤ ਸੀ। ਉਹ ਹਰ ਤਰ੍ਹਾਂ ਸੁਖੀ ਸੀ ਤੇ ਇਹ ਸੁੱਖ ਉਸ ਨੇ ਜਾਨ-ਲੂਹਵੀਂ ਮਿਹਨਤ ਨਾਲ ਕਮਾਇਆ ਸੀ।

ਬੜੀ ਤਪੱਸਿਆ ਨਾਲ ਪੜ੍ਹਿਆ ਸੀ ਚਰਨਜੀਤ। ਚਾਰ ਪੰਜ ਵਰ੍ਹੇ ਪਹਿਲਾਂ ਉਨ੍ਹਾਂ ਦੇ ਘਰ ਵਿੱਚ ਸੱਚ-ਮੁਚ ਹੀ ਦਲਿੱਦਰ ਦਾ ਪਹਿਰਾ ਸੀ। ਜਿਹੜੇ ਚਾਰ ਕੁ ਖੇਤ ਹੁਣ ਉਸ ਦੀ ਮਾਸਕ ਤਨਖ਼ਾਹ ਦੇ ਆਸਰੇ ਨਾਲ ਸੱਚ-ਮੁਚ ਹੀ ਆਪਣੇ ਸਾਧਾਰਨ ਵਿੱਤ ਨਾਲੋਂ ਕਿਤੇ ਵੱਧ ਸੋਨਾ ਉਗਲਦੇ ਦਿਸ ਰਹੇ ਹਨ, ਉਨ੍ਹੀਂ ਦਿਨੀਂ ਸੱਚਮੁੱਚ ਉਸ ਦੇ ਕੱਲ-ਕਲਪੇ ਘੱਟ ਜ਼ਮੀਨੇ ਕਿਸਾਨ ਬਾਪ ਨੂੰ ਖਾਂਦੇ ਹੀ ਜਾਪਦੇ ਹੁੰਦੇ ਸਨ।

ਜਦੋਂ ਉਹ ਆਪਣੀ ਹਾਇਰ ਸੈਕੰਡਰੀ ਦੇ ਆਖਰੀ ਵਰ੍ਹੇ ਵਿੱਚ ਪੜ੍ਹਦਾ ਹੁੰਦਾ ਸੀ, ਇਕ ਵਾਰ ਉਸ ਦੇ ਘਰ ਜਾਣ ਦਾ ਸਬੱਬ ਬਣਿਆ ਸੀ। ਘਰ ਕਾਹਦਾ ਸੀ। ਬੂਹੇ ਵੜਦਿਆਂ ਛਤੜੇ-ਨੁਮਾ ਕੱਚੀਆਂ ਕੰਧਾਂ ਵਾਲੇ ਵਰਾਂਡੇ ਪਿੱਛੋਂ ਇਕੋ ਬੂਹੇ ਵਾਲਾ ਬਿਨਾ ਬਾਰੀਆਂ ਦੇ ਸਭਨਾਂ ਪਾਸਿਆਂ ਤੋਂ ਬੰਦ ਦਾਲਾਨ ਤੇ ਪਿੱਛੇ ਕੋਠੜੀ। ਇਹੀ ਦਾਲਾਨ ਸਾਰੇ ਟੱਬਰ ਦਾ ਰਿਹਾਇਸ਼ੀ ਕਮਰਾ ਵੀ ਸੀ ਤੇ ਚਰਨਜੀਤ ਦਾ ਪੜ੍ਹਨ-ਕਮਰਾ ਵੀ। ਦਾਲਾਨ ਦੀ ਨੁੱਕਰ ਵਿੱਚ ਇਕ ਵੱਡੇ ਵੱਡੇ ਪਾਵਿਆਂ ਵਾਲਾ ਘਸਮੈਲੀ ਜਿਹੀ ਸੂਤਲੀ ਨਾਲ ਬੁਣਿਆ ਪਲੰਘ ਡੱਠਾ ਹੋਇਆ ਸੀ, ਜੋ ਸ਼ਾਇਦ ਉਸ ਦੇ ਵਿਆਹ ਦੇ ਦਹੇਜ ਵਿੱਚ ਮਿਲਿਆ ਸੀ। ਸਿਖਰ ਦੁਪਹਿਰੇ ਵੀ ਇਸ ਦਾਲਾਨ ਵਿਚ ਘੁਸ ਮੁਸ ਜਿਹਾ ਹੀ ਚਾਨਣ ਹੁੰਦਾ ਸੀ। ਛੱਤ ਉਪਰੋਂ ਖੁਲ੍ਹੇ ਮੋਘ ਵਿੱਚੀਂ ਤੇਜ਼ ਚਾਨਣ ਦਾ ਗੋਲਾ ਚਰਨਜੀਤ ਦੇ ਮੰਜੇ ਦੇ ਸਰ੍ਹਾਣੇ ਕੋਲ ਪੈਂਦਾ ਸੀ ਤੇ ਕੰਧ ਦੀ ਢੋਹ ਲਾ ਕੇ ਬੈਠੇ ਚਰਨਜੀਤ ਨੇ ਰੋਸ਼ਨੀ ਦੇ ਇਸ ਗੋਲੇ ਦੀ ਮਦਦ ਨਾਲ ਢੇਰ ਸਾਰੀਆਂ ਕਿਤਾਬਾਂ ਪੜ੍ਹੀਆਂ ਸਨ।

ਉਨ੍ਹੀਂ ਦਿਨੀਂ ਮੈਂ ਚੰਨੀ ਦੇ ਸਕੂਲ ਵਿੱਚ ਹੀ ਅਧਿਆਪਕ ਸਾਂ। ਵਿਹਲੇ ਪੀਰੀਅਡ ਵਿੱਚ ਧੁੱਪੇ ਬੈਠਾ ਆਪਣੀ ਜਮਾਤ ਦੀਆਂ ਫ਼ੀਸਾਂ ਦਾ ਹਿਸਾਬ ਕਿਤਾਬ ਮਿਲਾਉਣ ਲਈ ਰਜਿਸਟਰ ਨਾਲ ਮੱਥਾ ਮਾਰ ਰਿਹਾ ਸਾਂ। ਖਾਕੀ ਪਾਪਲੀਨ ਦੇ ਵੱਟੋ ਵੱਟ ਹੋਏ ਕਮੀਜ਼ ਪਜਾਮੇ ਪਰ ਵਾਹਵਾ ਸੁਆਰਕੇ ਬੰਨ੍ਹੀ ਨੋਕਦਾਰ ਪੱਗ ਵਾਲਾ ਚੰਨੀ ਮੇਰੇ ਕੋਲ ਆ ਖਲੋਇਆ। ਉਸ ਦਾ ਕਿਸੇ ਭਾਸ਼ਣ-ਮੁਕਾਬਲੇ ਵਿੱਚ ਯੋਜਨਾ ਬੰਦੀ ਤੇ ਆਮ ਜਨ ਸਮੂਹ ਦੇ ਵਿਸ਼ੇ ਉਪਰ ਤਕਰੀਰ ਕਰਨ ਦਾ ਇਰਾਦਾ ਸੀ। ਇਸ ਤਕਰੀਰ ਲਈ ਲੋੜੀਂਦੀ ਸਮੱਗਰੀ ਜੁਟਾਉਣ ਲਈ ਉਸ ਨੂੰ ਮੇਰੇ ਸਹਿਯੋਗ ਦੀ ਲੋੜ ਸੀ।

ਜੋ ਕੁੱਝ ਉਸ ਵੇਲੇ ਮੇਰੇ ਜ਼ਿਹਨ ਵਿਚ ਆਇਆ, ਮੈਂ ਉਸ ਨੂੰ ਦੱਸਣ ਮਗਰੋਂ ਇਹ ਤਾਕੀਦ ਕੀਤੀ ਕਿ ਸਾਰੀ ਸਮੱਗਰੀ ਨੂੰ ਲੋੜੀਂਦੀ ਤਰਤੀਬ ਵਿੱਚ ਲਿਖ ਕੇ ਚੰਗੀ ਤਰ੍ਹਾਂ ਚੇਤੇ ਕਰ ਲਿਆ ਜਾਏ ਤਾਂਕਿ ਤਕਰੀਰ ਕਰਨ ਦੌਰਾਨ ਗੱਲਾਂ ਦੇ ਉਲਝੇਵੇਂ ਦੀ ਕੋਈ ਗੁੰਜਾਇਸ਼ ਨਾ ਰਹੇ।

''ਨਹੀਂ ਜੀ ਲਿਖ ਕੇ ਰੱਟਾ ਲਾਉਣ ਦੀ ਲੋੜ ਨਹੀਂ, ਜ਼ੁਬਾਨੀ ਬੋਲ ਦਿਆਂਗੇ।'' ਚਰਨਜੀਤ ਦੇ ਬੋਲ ਵਿੱਚ ਸਹਿਜ ਸੁਭਾਵਕ ਬੇ-ਪ੍ਰਵਾਹੀ ਤੇ ਉਸ ਦੀਆਂ ਸ਼ਾਹ-ਕਾਲੀਆਂ ਮੋਟੀਆਂ ਅੱਖਾਂ ਵਿੱਚ ਕਹਿਰਾਂ ਦੇ ਆਤਮ-ਵਿਸ਼ਵਾਸ ਦੀ ਲਿਸ਼ਕ ਸੀ। ਸੱਚ ਜਾਣਿਓ, ਚਰਨਜੀਤ ਦੇ ਇਸ ਵਾਕ ਦੇ ਜਾਦੂ ਨੇ ਮੇਰੇ ਮਨ ਉਪਰ ਵਿਸਮਾਦ ਦੀ ਅਵਸਥਾ ਤਾਰੀ ਕਰ ਦਿੱਤੀ ਸੀ। ਫੇਰ ਜਦ ਉਸ ਨੇ ਆਪਣੇ ਘਰ ਦੀ ਤੰਗੀ ਦਾ ਜ਼ਿਕਰ ਕਰਦਿਆਂ ਹਾਇਰ ਸੈਕੰਡਰੀ ਤੋਂ ਮਗਰੋਂ ਆਪਣੀ ਪੜ੍ਹਾਈ ਨੂੰ ਅਲਵਿਦਾ ਕਹਿ ਕੇ ਕੋਈ ਕੰਮ ਲੱਭਣ ਦੀ ਗੱਲ ਕੀਤੀ ਤਾਂ ਉਸ ਵਿੱਚੋਂ ਮੈਨੂੰ ਚੰਨੀ ਦੀਆਂ ਅੱਖਾਂ ਦੀ ਲਿਸ਼ਕ ਦੇ ਨਾਲ ਹੀ ਆਪਣੇ ਵਿਸਮਾਦ ਦੀ ਵੀ ਮੌਤ ਹੁੰਦੀ ਜਾਪੀ ਸੀ। ਮਨ ਹੀ ਮਨ ਅੰਦਰ ਇਸ ਚੁਨੌਤੀ ਨੂੰ ਪ੍ਰਵਾਨ ਕਰ ਕੇ, ਇਹ ਨਿਸ਼ਚਾ ਕਰ ਲਿਆ ਸੀ ਕਿ ਮੈਂ 'ਦੋਹਰਾ ਕਤਲ' ਨਹੀਂ ਹੋਣ ਦਿਆਂਗਾ, ਕਤਈ ਨਹੀਂ ਹੋਣ ਦਿਆਂਗਾ।

ਉਨ੍ਹੀਂ ਦਿਨੀਂ ਪ੍ਰਾਈਵੇਟ ਸਕੂਲ ਮਾਸਟਰ ਦੇ ਖਲਜਗਣ ਤੋਂ ਮੈਂ ਵੀ ਅੱਕਿਆ ਹੋਇਆ ਸਾਂ। ਇਸੇ ਕਿਸਮ ਦੀ ਖਸਤਾਹਾਲੀ ਤੋਂ ਤੰਗ ਆ ਕੇ ਗਿਣੇ ਚੁਣੇ ਮਿੱਤਰ ਬਾਹਰ ਜਾ ਚੁੱਕੇ ਸਨ। ਮੈਨੂੰ ਆਪਣੇ ਕੋਲ ਬੁਲਾਉਣ ਲਈ ਖ਼ਤਾਂ ਰਾਹੀਂ ਤੁਣਕੇ ਮਾਰ ਰਹੇ ਸਨ। ਮੈਂ ਵੀ ਫ਼ਾਰਮ ਭਰ ਛੱਡਿਆ। ਡੇਢ ਮਹੀਨੇ ਵਿੱਚ ਹੀ ਵਾਊਚਰ ਆ ਗਿਆ। ਪਾਸਪੋਰਟ ਪਹਿਲਾਂ ਹੀ ਤਿਆਰ ਸੀ। ਕਿਰਾਇਆ ਭਾੜਾ ਮਿੱਤਰਾਂ ਦੀ ਮਿਹਰਬਾਨੀ ਨਾਲ ਇਕੱਠਾ ਹੋ ਗਿਆ। ਕਪੜੇ-ਲੀੜੇ ਦੇ ਸੰਖੇਪ ਜੇਹੇ ਖਰਚਿਆਂ ਤੋਂ ਬਾਅਦ ਕੁੱਝ ਪੈਸੇ ਬਚੇ ਰਹੇ। ਉਨ੍ਹਾਂ ਨਾਲ ਚੰਨੀ ਨੂੰ ਕਾਲਜ ਵਿਚ ਦਾਖਲਾ ਲੈਣ ਦੀ ਤਾਕੀਦ ਕਰ ਕੇ ਮੈਂ ਬਾਹਰ ਚਲਾ ਗਿਆ। ਨਿੱਜੀ ਖਰਚੇ ਭਾਵੇਂ ਨਾ-ਮਾਤਰ ਹੀ ਸਨ ਪਰ ਭਾਂਤ-ਸੁਭਾਂਤੀਆਂ ਜ਼ਿੰਮੇਵਾਰੀਆਂ ਏਨੀਆਂ ਸਨ ਕਿ ਚੰਨੀ ਦੀ ਮੈਥੋਂ ਪੂਰੀ ਤਰ੍ਹਾਂ ਸਾਰ ਨਾ ਲੈ ਹੋਈ। ਜੋ ਤਿਲ-ਫੁੱਲ ਉਸ ਨੂੰ ਭੇਜ ਸਕਿਆ, ਉਹ ਉਸ ਨੂੰ ਕਾਲਜ ਵਿੱਚ ਫਸਾਈ ਰੱਖਣ ਜੋਗਾ ਹੀ ਹੋਵੇਗਾ, ਪਰ ਮੁਸ਼ਕਲਾਂ ਨਾਲ ਗਿੱਝਿਆ ਚੰਨੀ ਆਪਣੀ ਚਾਲੇ ਤੁਰਿਆ ਗਿਆ।

ਮੈਨੂੰ 'ਬਾਹਰ' ਰਾਸ ਨਾ ਆਇਆ। ਘੋਰ-ਇਕਲਾਪਾ, ਮਸ਼ੀਨਾਂ ਦੇ ਸ਼ੋਰ ਵਿੱਚ ਮਸ਼ੀਨ ਬਣਨ ਦੀ ਮਜਬੂਰੀ, ਖੋਪੇ - ਬੰਨ੍ਹੇ ਕੋਹਲੂ ਦੇ ਬੈਲ ਵਾਲੀ ਜ਼ਿੰਦਗੀ। ਪੈਰ ਪੈਰ 'ਤੇ ਨਸਲੀ-ਵਿਤਕਰੇ ਦੇ ਨਸ਼ਤਰ। ਇਹੋ ਜਿਹਾ ਵਿਸ਼ਾਦ ਹੰਢਾਉਂਦੇ ਸਭਨਾਂ ਦੋਸਤਾਂ ਦੀ ਉਦਾਸੀ ਭਰੀ ਸੰਗਤ। ਪੌਂਡਾਂ ਦੇ ਮੋਹ ਵਿੱਚ ਮਿੱਠੀ ਕੈਦ ਭੋਗਦੇ ਪ੍ਰਵਾਸੀ ਭਾਈਬੰਦ।

ਭੱਠ ਪਿਆ ਸੋਨਾ ਜੋ ਕੰਨਾ ਨੂੰ ਖਾਵੇ। ਤੇ ਮੈਂ ਸਭਨਾਂ ਦੋਸਤਾਂ ਨੂੰ ਹੈਰਾਨ ਪ੍ਰੇਸ਼ਾਨ ਛੱਡ ਕੇ ਦੋ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਜਿਹੋ ਜਿਹਾ ਨੰਗ-ਮੁਨੰਗ ਗਿਆ ਸਾਂ, ਓਹੋ ਜਿਹਾ ਹੀ ਦੇਸ਼ ਪਰਤ ਆਇਆ।

ਸਾਲ ਕੁ ਦੀ ਭੱਜ ਨੱਠ ਮਗਰੋਂ ਕਾਲਜ ਵਿੱਚ ਨੌਕਰੀ ਮਿਲ ਗਈ। ਤਦ ਤੀਕ ਚੰਨੀ ਦੀ ਬੀ.ਏ. ਆਨਰਜ਼ ਪੂਰੀ ਹੋ ਚੁੱਕੀ ਸੀ। ਪੰਜਾਬ ਯੂਨੀਵਰਸਿਟੀ ਵਿੱਚ ਪਹਿਲੀ ਪੁਜ਼ੀਸ਼ਨ ਆਈ ਸੀ ਉਸ ਦੀ। ਮੈਂ ਕਦੇ ਇਸ ਇਮਤਿਹਾਨ ਵਿੱਚੋਂ ਦੂਜੇ ਨੰਬਰ 'ਤੇ ਆਇਆ ਸਾਂ। ਕਾਲਜ ਦੇ ਰੋਲ ਆਫ਼ ਆਨਰਜ਼ ਵਾਲੇ ਬੋਰਡ 'ਤੇ ਮੇਰੇ ਨਾਂ ਦੇ ਨਾਲ ਹੀ ਉਸ ਦਾ ਨਾਂ ਲਿਖਿਆ ਜਾ ਚੁੱਕਾ ਸੀ। ਉਸ ਦੀਆਂ ਅੱਖਾਂ ਦੀ ਲਿਸ਼ਕ ਤੇ ਮੇਰੇ ਵਿਸਮਾਦ ਦਾ ਕੋਈ ਹੱਦ ਬੰਨਾ ਨਹੀਂ ਸੀ।

ਐਮ.ਏ. ਕਰਨ ਲਈ ਮੇਰੇ ਵਾਲੇ ਕਾਲਜ ਵਿਚ ਹੀ ਉਸ ਨੇ ਦਾਖ਼ਲਾ ਲੈ ਲਿਆ। ਇਨ੍ਹੀਂ ਦਿਨੀਂ ਸੁਖਾਵੇਂ ਸਾਥ ਤੇ ਪੜ੍ਹਾਈ ਵਿਚ ਥੋੜ੍ਹੀ ਘੜੀ ਰਾਹਨੁਮਾਈ ਤੋਂ ਬਿਨਾਂ ਮੈਂ ਉਸ ਦੀ ਹੋਰ ਕੋਈ ਸਹਾਇਤਾ ਨਾ ਕਰ ਸਕਿਆ। ਰੋਜ਼ ਦੇ ਸਫ਼ਰ ਤੇ ਵਿਤ ਨਾਲੋਂ ਬਹੁਤੀ ਮਿਹਨਤ ਕਾਰਨ ਚੰਨੀ ਦੀ ਸਿਹਤ ਤੇ ਉਨ੍ਹਾਂ ਦੀ ਜੱਦੀ-ਪੁਸ਼ਤੀ ਜ਼ਮੀਨ ਦੇ ਇਕ ਖੇਤ ਦੀ ਬਲੀ ਚੜ੍ਹ ਗਈ। ਪਰ ਉਹ ਖੁਸ਼ ਸੀ। ਉਸ ਦੀ ਪੜ੍ਹਾਈ ਆਸ ਮੁਤਾਬਕ ਪੂਰੀ ਹੋ ਗਈ ਸੀ। ਸਬੱਬ ਦੀ ਹੀ ਸਮਝੋ ਕਿ ਉਸ ਨੂੰ ਵੇਲੇ ਸਿਰ ਅਪਣੇ ਗੁਆਂਢ ਮੱਥਿਓਂ ਹੀ ਇਕੋ ਸਿਫ਼ਾਰਿਸ਼ ਬਹੁਤ ਪਈ ਤੇ ਜਿਸ ਕਾਲਜ ਵਿਚ ਉਹ ਪੜ੍ਹਦਾ ਹੁੰਦਾ ਸੀ, ਉਸ ਵਿਚ ਉਹ ਲੈਕਚਰਾਰ ਲੱਗ ਗਿਆ।

ਦੋ ਤਿੰਨਾਂ ਸਾਲਾਂ ਵਿਚ ਹੀ ਉਸ ਨੇ ਅਪਣੇ ਘਰ ਦਾ ਨਕਸ਼ਾ ਬਦਲ ਸੁਟਿਆ। ਦੋ ਗਲੀਆਂ ਥਾਂ ਸੀ, ਉਸ ਨੇ ਘਰ ਸਾਰੇ ਨੂੰ ਢਾਹ ਕੇ ਨਵੇਂ ਸਿਰਿਉਂ ਉਸਾਰਿਆ। ਪਿਛਲੇ ਪਾਸੇ ਲਗਦੇ ਰਾਹ ਵਿਚ ਰੱਖੇ ਸ਼ੀਸ਼ੇਦਾਰ ਬੂਹੇ-ਬਾਰੀਆਂ ਨਾਲ ਘਰ ਚਾਨਣ ਨਾਲ ਭਰ ਗਿਆ। ਚੰਨੀ ਹੁਣ ਮੇਰੀ ਪੂਰੀ ਧਿਰ ਸੀ। ਬਰਾਬਰ ਦੀ ਬਾਂਹ। ਸ਼ਾਇਦ ਇਸ ਨਾਲੋਂ ਵੀ ਵੱਧ।

ਪਰ ਚੰਨੀ ਦੇ ਮਨ ਨੂੰ ਬਾਹਰ ਜਾਣ ਦਾ ਝੱਲ ਚੜ੍ਹ ਗਿਆ ਸੀ। ਇਕ ਅਥਰੀ ਅਚਵੀ ਸੀ ਕਿ ਬੱਸ ਹਟਣ ਵਿਚ ਹੀ ਨਹੀਂ ਸੀ ਆਉਂਦੀ।

ਮੈਂ ਉਸ ਨੂੰ ਬਥੇਰਾ ਸਮਝਾਉਂਦਾ ਕਿ ਚੱਜ ਹਾਲ ਦਾ ਵਿਆਹ ਕਰਾਵੇ ਤੇ ਅਰਾਮ ਨਾਲ ਰਹੇ। ਰਿਸ਼ਤਿਆਂ ਦੀ ਲਾਮਡੋਰੀ ਲੱਗੀ ਹੋਈ ਸੀ। ਘਰ ਉਹ ਕੰਨ 'ਤੇ ਹੱਥ ਹੀ ਨਹੀਂ ਸੀ ਧਰਨ ਦਿੰਦਾ।

ਬੜੀ ਲੋੜ ਸੀ ਉਸ ਦੀ ਆਪਣੇ ਘਰ ਵਿਚ। ਬਜ਼ੁਰਗ ਮਾਂ ਬਾਪ ਦਾ ਇਕਲੌਤਾ ਪੁੱਤਰ। ਦੋ ਛੋਟੀਆਂ ਭੈਣਾਂ। ਵੱਡੀ ਮੰਗੀ ਹੋਈ ਤੇ ਸਾਲ ਖੰਡ ਨੂੰ ਵਿਆਹੇ ਜਾਣ ਯੋਗ ਸੀ। ਛੋਟੀ ਨੌਵੀਂ ਵਿਚ ਪੜ੍ਹਦੀ ਸੀ। ਉਸ ਦੇ ਜਾਣ ਨਾਲ ਸਭਨਾਂ ਦੇ ਹੱਥਲ ਜੇਹੇ ਹੋ ਜਾਣ ਦਾ ਖ਼ਦਸ਼ਾ ਸੀ।

ਮੈਨੂੰ ਓਹਦੇ ਬਾਹਰ ਜਾਣ ਦੀ ਲਿੱਲ੍ਹ ਐਵੇਂ ਖਾਂਦੇ ਪੀਂਦਿਆਂ ਮੌਤ ਨੂੰ ਛੜਾਂ ਮਾਰਨ ਵਾਲੀ ਗੱਲ ਹੀ ਜਾਪਦੀ ਸੀ।

ਸਾਦਾ-ਦਿਲ ਤੇ ਨੇਕ-ਸੀਰਤ ਵਾਲਾ ਸੀ ਇਹ ਆਦਮੀ। ਸਾਲ ਖੰਡ ਵਿਚ ਦਿਹਾੜੀ-ਡੰਗ ਤੋਂ ਵੱਧ ਕਦੇ ਘਰੋਂ ਬਾਹਰ ਨਹੀਂ ਰਿਹਾ ਹੋਣਾ। ਘਰਦਿਆਂ ਦਾ ਸੁੱਖੀਂ ਲੱਧਾ ਲਾਡਲਾ ਪੁੱਤਰ। ਔਖ ਸੌਖ ਵਿਚ ਵੀ ਡੱਕਾ ਭੰਨ ਕੇ ਦੋਹਰਾ ਕਰਨ ਲਈ ਉਨ੍ਹਾਂ ਨੇ ਕਦੇ ਸ਼ਾਇਦ ਹੀ ਆਖਿਆ ਹੋਵੇ ਉਸ ਨੂੰ। ਪੜ੍ਹਨ ਪੜ੍ਹਾਉਣ ਤੋਂ ਸਿਵਾ ਹੋਰ ਕਿਸੇ ਕੰਮ ਦੀ ਜਾਚ ਨਹੀਂ ਸੀ ਤੇ ਪ੍ਰਦੇਸਾਂ ਵਿਚ ਜਿਹੜਾ ਭੱਠ ਝੋਕਣਾ ਪੈਂਦਾ ਹੈ, ਉਸ ਦਾ ਮੈਨੂੰ ਨਿੱਜੀ ਤਜਰਬਾ ਸੀ। ਇਸ ਲਈ ਮੈਂ ਨਹੀਂ ਸੀ ਚਾਹੁੰਦਾ ਕਿ ਐਵੇਂ ਉਹ ਬਲਦੀ ਦੇ ਬੁੱਥੇ ਆਵੇ।

ਪਰ ਦੁਆਬੇ ਦੀ ਸ਼ਾਇਦ ਮਿੱਟੀ ਹੀ ਇਹੋ ਜਿਹੀ ਹੈ ਕਿ ਜਦ ਤੀਕ ਸੱਤ-ਸਮੁੰਦਰੋਂ ਪਾਰ ਦਾ ਪਾਣੀ ਨਾ ਪੀ ਲਵੇ, ਉਸ ਦੀ ਤੇਹ ਨਹੀਂ ਮਿਟਦੀ। ਤੇ ਸ਼ਾਇਦ ਗੱਲ ਹੋਰ ਵੀ ਹੋਵੇ। ਆਪਣੇ ਘਰੋਂ ਬਾਹਰ ਨਿਕਲਦਿਆਂ ਹੀ ਵਲੈਤੀਆਂ ਦੀ ਤਿੰਨ ਮੰਜ਼ਲੀ ਕੋਠੀ ਲਗਦੀ ਸੀ ਜੋ ਨਾਲ ਬਣੇ ਗੁਰਦੁਆਰੇ ਦੇ ਕਲਸ਼ ਤੋਂ ਵੀ ਉਚੀ ਸੀ। ਸ਼ਾਇਦ ਇਸੇ ਗੱਲ ਨੇ ਉਸ ਦੀਆਂ ਅੱਖਾਂ ਅਸਮਾਨ ਵਿਚ ਗੱਡ ਦਿੱਤੀਆਂ ਹੋਈਆਂ ਸਨ। ਧਰਤੀ ਦੇ ਸਾਧਾਰਨ ਸੁੱਖ ਸ਼ਾਇਦ ਉਸ ਨੂੰ ਸੁੱਖ ਹੀ ਨਾ ਜਾਪਦੇ ਹੋਣ।

ਇਸ ਲਈ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿਚ ਉਸ ਦੇ ਮਨ ਨੂੰ ਅਜੀਬ ਜਿਹੀ ਅੱਚੋਤਾਈ ਲੱਗ ਜਾਂਦੀ। ਮੇਰੀਆਂ ਦਲੀਲਾਂ ਨਾਲ ਸ਼ਾਇਦ ਉਸਦੀ ਅਕਾਂਖਿਆਂ ਦੀਆਂ ਉਪਰ ਦਿਸਦੀਆਂ ਲਾਟਾਂ ਹੀ ਬੁਝਦੀਆਂ, ਅੰਦਰਲੀ ਅੱਗ ਸਾਰਾ ਸਾਲ ਉਥੇ ਧੁਖਦੀ ਰਹਿੰਦੀ ਤੇ ਮੌਸਮ ਆਉਣ 'ਤੇ ਭਾਂਬੜ ਫੇਰ ਮਚ ਉਠਦੇ ਸਨ।

ਐਤਕੀਂ ਉਸ ਦੀ ਰੀਝ ਅਸਲੋਂ ਹੀ ਬੇਕਾਬੂ ਹੋ ਚੁੱਕੀ ਸੀ। ਉਹ ਮੇਰੇ ਕੋਲ ਆਇਆ। ਬੈਠਣ ਸਾਰ ਹੀ ਬੋਲਿਆ, ''ਟੂਰਿਸਟ ਬਣ ਕੇ ਹੀ ਚਾਲੇ ਪਾ ਦੇਣੇ ਆਂ ਐਤਕੀਂ। ਬਲਵੰਤ ਵੀ ਤਿਆਰ ਆ ਮੇਰੇ ਨਾਲ ਨਵੇਂ ਪਿੰਡੀਆ।'' ਉਸ ਦੇ ਅੰਦਾਜ਼ ਤੋਂ ਸਾਫ਼ ਸੀ ਕਿ ਇਸ ਵਾਰੇ ਉਹ ਮੇਰੀ ਸਲਾਹ ਪੁੱਛਣ ਨਹੀਂ ਸੀ ਆਇਆ, ਸਗੋਂ ਆਪਣਾ ਫੈਸਲਾ ਦੱਸਣ ਆਇਆ ਸੀ।''

ਜ਼ਰੂਰੀ ਨਹੀਂ ਕਿ ਇਹਦੀ ਪ੍ਰਦੇਸ਼-ਯਾਤਰਾ ਮੇਰੇ ਵਾਲੀ ਕਹਾਣੀ ਦੀ ਹੀ ਦੁਹਰਾਈ ਹੋਵੇ। ਬਥੇਰੇ ਲੋਕ ਹਨ ਜੋ ਬਾਹਰ ਚੰਗੇ ਭਲੇ ਰੰਗ ਵਿਚ ਵਸਦੇ ਰਸਦੇ ਹਨ। ਨਾਲੇ ਇਕ ਵਾਰ ਇਹਦਾ ਮੱਥਾ ਨਿਕਲ ਹੀ ਜਾਏ ਤਾਂ ਚੰਗਾ ਹੈ। ਇਕ ਪਾਸੇ ਕੱਟਾ ਕੱਟੀ ਨਿਕਲਣ ਤੋਂ ਬਗੈਰ ਇਹਦੇ ਮਨ ਨੂੰ ਚੈਨ ਨਹੀਂ ਆਉਣਾ। ਜੇ ਬਾਹਰ ਵਸ ਗਿਆ ਤਾਂ ਵਾਹ ਭਲੀ, ਜੇ ਵਾਪਿਸ ਆ ਗਿਆ ਤਾਂ ਚੱਜ ਹਾਲ ਨਾਲ ਟਿਕੇਗਾ ਤਾਂ ਸਹੀ। ਰੋਜ਼ ਦੀ ਘੈਂਸ ਘੈਂਸ ਤਾਂ ਇਕ ਪਾਸੇ ਲੱਗੂ। ਮੈਂ ਸੋਚਿਆ। ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ, ਦੇ ਅੰਦਾਜ਼ ਵਿਚ ਉਸ ਦੀ ਹਾਂ ਨਾਲ ਹਾਂ ਮਿਲਾ ਦਿੱਤੀ ਤੇ ਚਰਨਜੀਤ ਦਾ ਮਨ ਇਕ ਪਾਸੇ ਫੈਸਲਾ ਹੋ ਜਾਣ ਮਗਰੋਂ ਹਲਕਾ ਫੁੱਲ ਸੀ।

ਕੁੱਝ ਦਿਨ ਮਗਰੋਂ ਸਟੇਸ਼ਨ 'ਤੇ ਜਦ ਮੈਂ ਹੋਰ ਦੋਸਤਾਂ ਨਾਲ ਉਸ ਨੂੰ ਵਿਦਾ ਕਰਨ ਗਿਆ ਤਾਂ ਉਸ ਦਾ ਮਨ ਉਦਾਸ ਸੀ। ਮੈਨੂੰ ਆਪਣਾ ਚੇਤਾ ਆਇਆ। ਛੱਡਣ ਆਏ ਬੰਦਿਆਂ ਨਾਲ ਕੋਈ ਗੱਲ ਕਰਨ ਤੋਂ ਬਿਨਾਂ ਹੀ ਦੂਰ ਪਲੇਟ ਫ਼ਾਰਮ 'ਤੇ ਇਕ ਖੰਭੇ ਦਾ ਆਸਰਾ ਲੈ ਕੇ ਇੱਕਲਾ ਡੁਸਕਦਾ ਰਿਹਾ ਸਾਂ। ਪਰ ਚਰਨਜੀਤ ਦੀ ਹਾਲਤ ਜ਼ਰਾ ਕਰਾਰ ਵਾਲੀ ਸੀ। ਉਹ ਰੋਂਦਾ ਨਹੀਂ ਸੀ, ਜਾਂ ਘੱਟੋਂ ਘੱਟ ਰੋਂਦਾ ਦਿਸ ਨਹੀਂ ਸੀ ਰਿਹਾ। ਗੱਡੀ ਵਿਚ ਜਾਂਦੇ ਉਸ ਦਾ ਹਿਲਦਾ ਹੱਥ ਮੈਨੂੰ ਕਿੰਨਾ ਹੀ ਚਿਰ ਦਿਸਦਾ ਰਿਹਾ। ਕਈ ਦਿਨ ਮਨ ਬੜਾ ਹੀ ਮਸੋਸਿਆ ਜਿਹਾ ਰਿਹਾ।

ਕਾਫ਼ੀ ਲੰਮੀ ਉਡੀਕ ਮਗਰੋਂ ਉਸ ਦਾ ਲੰਡਨ ਤੋਂ ਖ਼ਤ ਆਇਆ। ਕਾਹਲੀ ਕਾਹਲੀ ਖੋਲ੍ਹਿਆ। ਲਿਖਿਆ ਸੀ, 'ਕਲ ਮੈਂ ਲੰਡਨ ਪਹੁੰਚ ਹੀ ਗਿਆ। ਇਕ ਮਹੀਨਾ ਟੂਰਿਸਟ ਬਣਿਆ ਰਿਹਾ ਹਾਂ। ਮਿਊਨਿਖ, ਈਸਟ ਬਰਲਿਨ, ਕੋਪਨ ਹੇਗ, ਮਲੀਨੋ ਵਿਚ ਟੁਰਕੇ ਲੰਡਨ ਪਹੁੰਚਿਆ। ਕਹਾਣੀ ਸਾਰੀ ਡੇਢ ਕੁ ਮਿੰਟ 'ਚ ਮੁੱਕ ਗਈ ਤੇ ਇਮੀਗ੍ਰੇਸ਼ਨ ਅਫ਼ਸਰ ਨੇ ਐਂਟਰੀ ਲਾ ਕੇ ਪਾਸਪੋਰਟ ਮੇਰੇ ਹੱਥ ਫੜਾ ਦਿੱਤਾ। ਸਾਰਾ ਕੁੱਝ ਮੈਨੂੰ ਸੌਖਾ ਹੀ ਲੱਗਾ। ਕੋਪਨਹੇਗ ਤੋਂ ਮੈਂ ਪਹਿਲਾਂ ਹੀ ਐਂਟਰੀ ਲੈ ਲਈ ਸੀ।''

ਖ਼ਤ ਪੜ੍ਹਦਿਆਂ ਮੈਨੂੰ ਵਾਰ ਵਾਰ ਇਹ ਖ਼ਿਆਲ ਆ ਰਿਹਾ ਸੀ ਕਿ ਸ਼ਾਇਦ ਮੈਂ ਮੋਹ ਦਾ ਮਾਰਿਆ ਹੀ ਉਸ ਦੀਆਂ ਬਾਹਰ ਜਾਣ ਦੀਆਂ ਮੁਸ਼ਕਲਾਂ ਵਧਾ ਚੜ੍ਹਾ ਕੇ ਦੇਖ ਰਿਹਾ ਸਾਂ। ਉਸ ਦੇ ਪਹਿਲੇ ਵਿਆਹ ਤੋਂ ਮੁਕਤ ਹੋਣ ਤੇ ਮਸਲੇ ਨੂੰ ਵੀ ਮੈਂ ਇਵੇਂ ਹੀ ਵੇਖਿਆ ਕਰਦਾ ਸਾਂ। ਮੈਨੂੰ ਉਸ ਦਾ ਇਹ ਕਦਮ ਕਾਫ਼ੀ ਖ਼ਤਰਿਆਂ ਭਰਿਆ ਲਗਦਾ ਸੀ ਤੇ ਮਾਨਵੀ ਤੌਰ 'ਤੇ ਕੁੱਝ ਅਨਿਆਂ ਭਰਿਆ ਵੀ। ਵਿਚਾਰੀ ਕੁੜੀ ਦਾ ਇਸ ਸਭ ਲੀਲਾ ਵਿਚ ਕੀ ਦੋਸ਼ ਸੀ? ਉਸ ਦਾ ਮੁੜ ਵਸੇਵਾ ਕਿਵੇਂ ਹੋਵੇਗਾ? ਇਹ ਸਵਾਲ ਮੈਨੂੰ ਜ਼ਿਹਨੀ ਤੌਰ 'ਤੇ ਬੜੇ ਪ੍ਰੇਸ਼ਾਨ ਕਰਦੇ ਹੁੰਦੇ ਸਨ ਤੇ ਜਦੋਂ ਗੱਲ ਮੁੱਕਣ 'ਤੇ ਹੀ ਆਈ ਤਾਂ ਸੱਚਮੁਚ ਹੀ ਉਹ 'ਮਿੰਟਾਂ ਸਕਿੰਟਾਂ' ਵਿੱਚ ਹੀ ਮੁੱਕ ਗਈ ਸੀ। ਛੇਤੀ ਹੀ ਮਗਰੋਂ ਉਹ ਕੁੜੀ ਹੋਰ ਥਾਂ ਵਿਆਹੀ ਵੀ ਗਈ ਸੀ ਤੇ ਹੁਣ ਦੋ ਬੱਚਿਆਂ ਦੀ ਮਾਂ ਸੀ। ਮੇਰੀ ਰਾਇ ਮੰਨੀ ਜਾਂਦੀ ਤਾਂ ਸ਼ਾਇਦ ਦੋਵੇਂ ਧਿਰਾਂ ਆਪੂ-ਸਹੇੜੀ ਸੂਲੀ 'ਤੇ ਉਮਰ ਭਰ ਟੰਗੀਆਂ ਰਹਿੰਦੀਆਂ।

ਚੰਨੀ ਨੇ ਅਗਾਂਹ ਲਿਖਿਆ ਸੀ, ''ਪਤਾ ਨਹੀਂ ਅਸਲ ਮੁਸ਼ਕਲਾਂ ਖ਼ਤਮ ਹੋਈਆਂ ਹਨ ਕਿ ਸ਼ੁਰੂ ਹੋਈਆਂ ਹਨ। ਪਰ ਐਂਟਰ ਹੋ ਗਿਆ ਹਾਂ। ਕੰਮ ਕਾਰ ਦਾ ਦੇਖੀਏ ਕੀ ਹੁੰਦਾ ਹੈ।'

ਖਤ ਦੇ ਅਗਲੇ ਹਿੱਸੇ ਵਿੱਚ ਉਸ ਮੈਨੂੰ ਘਰ ਗੇੜਾ ਮਾਰਦੇ ਰਹਿਣ ਦੀ ਤਾਕੀਦ ਕੀਤੀ ਸੀ ਤੇ ਇੰਗਲੈਂਡ ਰਹਿੰਦੇ ਕੁੱਝ ਦੋਸਤਾਂ ਦੇ ਸਿਰਨਾਵੇਂ ਮੰਗੇ ਸਨ।

ਚੰਨੀ ਦੀ ਬੀਬੀ ਦਾ ਇਕ ਚਾਚਾ ਕਾਫ਼ੀ ਸਮੇਂ ਤੋਂ ਪਰਿਵਾਰ ਸਮੇਤ ਬਰਮਿੰਘਮ ਵਿੱਚ ਰਹਿ ਰਿਹਾ ਸੀ। ਘਰਦਿਆਂ ਦੀ ਤਾਕੀਦ ਅਨੁਸਾਰ ਉਸ ਨੇ ਆਪਣੇ ਨਾਨਕਿਆਂ ਦਾ ਘਰ ਆਪਣੀ ਠਾਹਰ ਬਣਾ ਲਈ ਸੀ।

ਸਾਡੀ ਖਤੋ ਕਿਤਾਬ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਮਗਰਲੀਆਂ ਚਿੱਠੀਆਂ ਵਿੱਚ ਉਸ ਨੇ ਲਿਖਿਆ ਸੀ ''ਠੀਕ ਠਾਕ ਹਾਂ।'' ਛੇ ਅਗਸਤ ਤੋਂ ਕੰਮ 'ਤੇ ਜਾਣ ਲੱਗ ਪਿਆ ਸੀ। ਇੰਸ਼ੋਰੈਂਸ ਕਾਰਡ ਬਣਾਉਣ 'ਤੇ ਪੰਜਾਹ ਪੌਂਡ ਲੱਗੇ ਹਨ-ਕੰਮ ਇੱਕ ਫਊਂਡਰੀ ਵਿੱਚ ਹੈ। ਪਹਿਲੇ ਦਿਨ ਅਗਲਿਆਂ ਨੇ ਜਾਂਦੇ ਹੀ ਨੌਕ-ਆਊਟ 'ਤੇ ਲਾ ਦਿੱਤਾ। ਮੈਂ ਉਥੇ ਸਿਰਫ਼ ਦੋ ਘੰਟੇ ਹੀ ਕੱਢ ਸਕਿਆ। ਗਰਮੀ ਬਹੁਤ ਸੀ। ਬਣੀਆਂ ਹੋਈਆਂ ਗਰਮ ਚੀਜ਼ਾਂ ਨਾਲੋਂ ਸਕ੍ਰੈਪ ਝਾੜ ਕੇ ਬਕਸਿਆਂ ਵਿੱਚ ਸੁਟਣਾ ਪੈਂਦਾ ਸੀ। ਮੈਥੋਂ ਗਰਮੀ ਝੱਲ ਨਾ ਹੋਈ ਮੇਰੇ ਅੰਦਰ ਵੀ ਅੱਗ, ਬਾਹਰ ਵੀ ਅੱਗ। ਉਸੇ ਦਿਨ ਫ਼ੈਕਟਰੀ ਤੇ ਫਾਊਂਡਰੀ ਦੇ ਫ਼ਰਕ ਦਾ ਪਤਾ ਲੱਗ ਗਿਆ। ਮੈਂ ਫ਼ਸਟ ਬ੍ਰੇਕ ਵੇਲੇ ਉਨ੍ਹਾਂ ਨੂੰ ਕਹਿ ਦਿੱਤਾ ਕਿ ਜੇ

ਕੋਈ ਹੋਰ ਘੱਟ ਗਰਮ ਜਾਂ ਠੰਡਾ ਕੰਮ ਹੈ ਤਾਂ ਦੇ ਦਿਉ ਨਹੀਂ ਤਾਂ ਮੈਂ ਚੱਲਿਆਂ। ਉਥੇ ਬੰਦਿਆਂ ਦੀ ਬਹੁਤੀ ਲੋੜ ਹੋਣ ਕਾਰਨ ਉਨ੍ਹਾਂ ਦੂਜਾ ਕੰਮ ਦੇ ਦਿੱਤਾ।ਹੁਣ ਇਕ ਕ੍ਰੇਨ ਨਾਲ ਬੌਕਸ ਚੁੱਕ ਕੇ ਮਾਹਲ ਉਪਰ ਰੱਖਦਾ ਹਾਂ। ਪਹਿਲਾਂ ਬਹੁਤ ਥੱਕ ਜਾਂਦਾ ਸਾਂ। ਹੁਣ ਠੀਕ ਠਾਕ ਹਾਂ। ਪਰ ਓਵਰਟਾਈਮ ਵਿੱਚ ਕਲੀਨਿੰਗ ਦਾ ਕੰਮ ਕਰੀਦਾ ਹੈ ਤਾਂ ਲਿੱਬੜ ਬਹੁਤ ਜਾਈਦਾ ਹੈ। ਕਾਲਾ ਰੇਤਾ ਨਾਸਾਂ ਵਿੱਚੋਂ ਵੀ ਬਾਹਰ ਆਉਂਦਾ ਹੈ। ਮੂੰਹ ਰਾਹੀਂ ਵੀ। ਪੈਂਤੀ ਕੁ ਪੌਂਡ ਮਿਲ ਜਾਂਦੇ ਹਨ। ਟੈਕਸ ਕੱਟ ਕਟਾ ਕੇ ਮੇਰੇ ਪੱਲੇ ਚੌਵੀ ਪੱਚੀ ਹੀ ਪੈਂਦੇ ਹਨ। ਟੈਕਸ ਵਾਲਿਆਂ ਦੇ ਫਾਰਮ ਆ ਗਏ ਹਨ। ਕੋਡ ਨੰਬਰ ਬਣ ਜਾਣ ਮਗਰੋਂ ਸ਼ਾਇਦ ਕੁੱਝ ਰਾਹਤ ਮਿਲੇ। ਕੱਲ ਨੂੰ ਲੰਡਨ ਜਾਣਾ ਹੈ। ਪਰਸੋਂ ਛੁੱਟੀ ਹੈ। ਉਥੇ ਸ਼ਾਇਦ ਲਕੜੀ ਦੇ ਕੰਮ ਦਾ ਕੁੱਝ ਸੂਤ ਲੱਗੇ। ਲੰਡਨ ਵਿੱਚ ਪੈਸੇ ਉਂਝ ਵੀ ਜ਼ਿਆਦਾ ਹਨ।

'ਉਂਝ ੈਰ ਕਾਨੂੰਨੀ ਬੰਦੇ ਦਾ ਹਾਲ ਬੁਰਾ ਹੈ। ਆਜ਼ਾਦ ਨਹੀਂ। ਪਤਾ ਨਹੀਂ ਇਹ ਕੀ ਗੱਲ ਹੈ ਕਿ ਜੋ ਕੁਝ ਤੁਸੀਂ ਕੀਤਾ ਹੈ, ਉਹੀ ਕੁਝ ਮੈਥੋਂ ਹੋਈ ਜਾ ਰਿਹਾ ਹੈ। ਆਸ ਹੈ ਜਿੰਨਾ ਚਿਰ ਤੁਸੀ ਵਲੈਤ ਵਿੱਚ ਲਾਇਆ ਸੀ, ਉਸ ਤੋਂ ਘੱਟ ਹੀ ਲਾਵਾਂਗਾ। ਜੇ ਮੇਰੀ ਨੌਕਰੀ ਸਾਲ ਕੁ ਕਾਇਮ ਰਹਿ ਗਈ ਤਾਂ ਅਗਲੀ ਜੁਲਾਈ ਵਿੱਚ ਵਾਪਿਸ ਆ ਜਾਵਾਂਗਾ। ਪ੍ਰੋਫੈਸਰੀ ਹੁਣ ਚੰਗੀ ਲੱਗਣ ਲੱਗ ਪਈ ਹੈ। ਜੇ ਨੌਕਰੀ ਨਾ ਕਾਇਮ ਰਹੀ ਤਾਂ ਫਿਰ ਕੀ ਕਰਾਂਗਾ? ਇੱਥੇ ਤਾਂ ਸਦਾ ਹੀ ਖਤਰੇ ਵਿੱਚ ਹਾਂ। ਅੱਜਕਲ ਤਾਂ ਰੌਲਾ ਬਹੁਤ ਹੀ ਵੱਧ ਗਿਆ ਹੈ। ਪਤਾ ਨਹੀਂ ਕੀ ਨਿਆਣਪੁਣਾ ਹੈ ਕਿ ਇੱਕ ਵਾਰ ਫਿਰ ਫਗਵਾੜੇ ਹੀ ਨੌਕਰੀ ਕਰਨ ਨੂੰ ਜੀਅ ਕਰਦਾ ਹੈ। ਫਿਰਨ ਤੁਰਨ ਵਿੱਚ ਹੀ ਕੋਈ ਦਸ ਕੁ ਹਜ਼ਾਰ ਰੁਪਇਆ ਸਿਰ ਕਰਵਾ ਲਿਆ ਹੈ.. ..।

ਅੱਧਾ ਕੁ ਜਰਮਨੀ ਵਿੱਚ ਸਿੰਘ ਸਜ ਗਿਆ ਸਾਂ-ਬਾਕੀ ਦਾ ਇਥੇ ਆ ਕੇ ਸਜ ਗਿਆ ਹਾਂ। ....

.. ..''ਠੀਕ ਠਾਕ ਹਾਂ। ਹੁਣ ਰਮਾਂ ਹੋਈ ਜਾ ਰਿਹਾ ਹਾਂ। ਪਹਿਲਾਂ ਤਾਂ ਮਸ਼ੀਨ ਨਾਲ ਘੁਲਦਾ ਸੀ। ਹੁਣ ਹੈਂਡਲ ਕਰਨ ਦਾ ਵੱਲ ਆ ਗਿਆ ਹੈ। ਪਰ ਨਾਸਾਂ ਵਿੱਚ ਪੈਂਦੀ ਸੁਆਹ ਦਾ ਕੋਈ ਇਲਾਜ ਨਹੀਂ।

''ਇਥੋਂ ਕੰਮ ਛੱਡ ਰਿਹਾ ਹਾਂ। ਅਗਲੇ ਸੋਮਵਾਰ ਤੋਂ ਲੰਡਨ ਸਟਾਰਟ ਹੋ ਰਿਹਾ ਹਾਂ। ਜਾਂਦਾ ਹੀ ਚਿੱਠੀ ਲਿਖਾਂਗਾ। ਤੁਸੀਂ ਚਿੱਠੀ ਨਵੇਂ ਐਡਰੈਸ 'ਤੇ ਹੀ ਪਾਇਓ।''

ਬਚਾਅ ਇਸ ਗੱਲ ਵਿਚ ਬਹੁਤ ਹੈ ਕਿ ਲਿਖਣ, ਪੜ੍ਹਨ, ਫਿਰਨ ਤੁਰਨ ਦਾ ਤਾਂ ਕੀ, ਕੁੱਝ ਸੋਚਣ ਦਾ ਟਾਈਮ ਵੀ ਘੱਟ ਹੀ ਮਿਲਦਾ ਹੈ। ਕੰਮ ਤੋਂ ਆਈਦਾ ਹੈ ਤਾਂ ਥਕਾਵਟ ਕਰ ਕੇ ਝੱਟ ਨੀਂਦ ਆ ਜਾਂਦੀ ਹੈ। ਕੰਮ 'ਤੇ ਸੋਚਣ ਲੱਗਿਆਂ ਬੌਕਸ ਡਿਗ ਕੇ ਲੱਤਾਂ ਭੱਜਣ ਦਾ ਡਰ ਹੁੰਦਾ ਹੈ।

ਘਰ ਨੂੰ ਕਦੇ ਵੀ ਮੈਂ ਉਦਾਸੀ ਵਾਲੀ ਚਿੱਠੀ ਨਹੀਂ ਪਾਈ। ਉਂਝ ਤਾਂ ਸਾਰੇ ਏਨੇ ਉਤਸ਼ਾਹ ਵਿੱਚ ਹਨ ਕਿ ਵਾਰ ਵਾਰ ਛੇਤੀ ਤੋਂ ਛੇਤੀ ਇਥੇ ਹੀ ਵਿਆਹ ਕਰਵਾ ਕੇ ਟਿਕੇ ਰਹਿਣ ਬਾਰੇ ਤਾਕੀਦਾਂ ਕਰਦੇ ਰਹਿੰਦੇ ਹਨ-ਦੇਖ ਲਉ! ਘਰਦਿਆਂ ਦਾ ਇਕੱਲਾ ਪੁੱਤ ਹਾਂ। ਵਿਆਹ ਦੇਖਣ ਦਾ ਉਨ੍ਹਾਂ ਨੂੰ ਵੀ ਚਾਅ ਹੋਣਾ ਹੀ ਹੈ। ਪਰ ''ਵਲੈਤ'' ਕਰ ਕੇ ਉਹ ਇਸ 'ਖੁਸ਼ੀ' ਨੂੰ ਵੀ ਆਪਣੇ ਤੋਂ ਪਰ੍ਹੇ ਹੀ ਵਾਪਰ ਜਾਣ ਲਈ ਕਹਿ ਰਹੇ ਹਨ।

ਫਗਵਾੜੇ ਜਾ ਕੇ ਉਹੀ ਨੌਕਰੀ ਫੇਰ ਕਰਨ ਨੂੰ ਚਿੱਤ ਕਰਦਾ ਹੈ। ਪਤਾ ਨਹੀਂ ਲੱਗ ਰਿਹਾ ਕਿਉਂ? ਬੱਸ ਇੱਕ ਚਾਅ ਜਿਹਾ ਹੈ ਮੁੜ ਕੇ ਉਨ੍ਹਾਂ ਹੀ ਸੜਕਾਂ 'ਤੇ ਫਿਰਨ ਦਾ। ਆਪਣੀ 'ਸਿਫ਼ਾਰਸ਼' ਨੂੰ ਵੀ ਚਿੱਠੀ ਪਾਈ ਹੋਈ ਹੈ। ਪਰ ਹਾਲੇ ਉਸ ਦਾ ਕੋਈ ਜੁਆਬ ਨਹੀਂ ਆਇਆ। ਤੁਸੀਂ ਵੀ ਕੁੱਝ ਟਾਈਮ ਕੱਢ ਕੇ ਪਤਾ ਕਰਿਓ।

ਗਾਰਡੀਅਨ ਵਿੱਚੋਂ ਕੁੱਝ ਲੇਖ ਭੇਜ ਰਿਹਾ ਹਾਂ। ਮੇਰੇ ਕੋਲੋਂ ਤਾਂ ਪੜ੍ਹ ਨਹੀਂ ਹੋਏ। ਸ਼ਾਇਦ ਤੁਹਾਡੇ ਕੰਮ ਆ ਸਕਣ। ਤੁਹਾਡੇ ਲਈ 'ਐਨਕਾਊਂਟਰ' ਦਾ ਚੰਦਾ ਭੇਜ ਦਿੱਤਾ ਹੈ।

ਹਰ ਰੋਜ਼ ਚਿੱਠੀ ਦੀ ਉਡੀਕ ਵਿੱਚ,
''ਬੱਚਿਆਂ ਵਾਂਗ''
ਤੁਹਾਡਾ,
ਚੰਨੀ

''ਆਸ ਹੈ ਬਰਮਿੰਘਮ ਤੋਂ ਪਾਈ ਹੋਈ ਚਿੱਠੀ ਵੀ ਮਿਲ ਗਈ ਹੋਵੇਗੀ। ਦੋਵੇਂ ਚਿੱਠੀਆਂ ਪੜ੍ਹਨ ਮਗਰੋਂ ਜੋ ਤੁਹਾਡੀ ਰਾਇ ਬਣੀ, ਉਸ ਅਨੁਸਾਰ ਕਰ ਲਵਾਂਗਾ।

ਬਲਵੰਤ ਦੇ ਪੈਸੇ ਦੇ ਦਿੱਤੇ ਹਨ। ਸੱਤ ਨਵੰਬਰ ਨੂੰ ਪਹੁੰਚਣ ਤੱਕ ਮੇਰੇ ਕੋਲ ਸਿਰਫ਼ ਕਿਰਾਇਆ ਹੀ ਹੋਵੇਗਾ (ਅਠੱਤੀ ਸੌ ਰੁਪਿਆ ਸਿਰ ਹੋਵੇਗਾ) ਜੇ ਨਵੰਬਰ ਦਸੰਬਰ ਲਾ ਕੇ ਆਵਾਂ ਤਾਂ ਸਾਵਾਂ ਸਿੱਕਾ ਛੁੱਟ ਸਕਦਾ ਹਾਂ। ਪਰ ਮੇਰਾ ਮਨ ਜੁਲਾਈ ਤਕ ਇਥੇ ਰਹਿਣ ਦਾ ਹੈ।

ਜੇ ਨੌਕਰੀ ਵਗੈਰਾ ਦੇ ਹਾਲਾਤ ਬਹੁਤ ਹੀ ਖਰਾਬ ਹੋ ਜਾਣ ਦਾ ਡਰ ਹੋਵੇ ਤਾਂ ਤੁਸੀਂ ਤਾਰ ਦੇ ਦਿਉ।''

ਕੁੱਝ ਦਿਨ ਮਗਰੋਂ ਉਸ ਦੀ ਇੱਕ ਹੋਰ ਚਿੱਠੀ ਆਈ ਸੀ। ਲਿਖਿਆ ਸੀ, ਜਿਸ ਦਿਨ ਮੈਂ ਤੁਹਾਨੂੰ ਪਹਿਲੀ ਚਿੱਠੀ ਪਾਈ ਸੀ, ਉਦਣ ਮੈਂ ਬੜਾ ਹੀ ਉਦਾਸ ਸਾਂ। ਦੇਸੋਂ ਆਏ ਇੱਕ ਦੋਸਤ ਨੂੰ ਮਿਲਿਆ ਸੀ। ਉਸ ਨਾਲ ਗੱਲਾਂ ਕਰ ਕੇ ਘਰ ਲਈ ਬਹੁਤ ਹੀ ਓਧਰ ਗਿਆ ਸੀ। ਉਸ ਉਦਰੇਵੇਂ ਦੀ ਲਹਿਰ ਵਿੱਚ ਹੀ ਤੁਹਾਨੂੰ ਚਿੱਠੀ ਲਿਖ ਹੋ ਗਈ। ਹੁਣ ਕੁਝ ਠੀਕ ਠਾਕ ਹਾਂ।

ਲੰਡਨੋ ਕੰਮ ਛੱਡ ਆਇਆ ਹਾਂ-ਕੰਮ ਸੌਖਾ ਸੀ, ਪੈਸੇ ਵੀ ਚੰਗੇ ਸਨ ਪਰ ਜੀਅ ਨਹੀਂ ਲੱਗਾ।

ਹੁਣ ਸ਼ਿਫਟਾਂ 'ਤੇ ਕੰਮ ਕਰਦਾ ਹਾਂ ਅਜੇ ਸ਼ਿਫ਼ਟਾਂ ਨੂੰ ਗਿੱਝਾ ਨਹੀਂ, ਦਿਨੇ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ। ਅੱਜ ਕਲ ਉਂਝ ਵੀ 'ਟੱਪਰੀਵਾਸ' ਬਣਿਆ ਹੋਇਆ ਹਾਂ। ਨਾਨਕਿਆਂ ਵਲੋਂ ਸੈਕ ਹੋ ਗਈ ਹੈ। ਇਨ੍ਹਾਂ ਦੇ ਅਸਲੀ ਵਲੈਤੀਆਂ ਵਾਲੇ ਦੋਹਰੇ, ਲਾਲਚੀ ਤੇ ਹੈਂਕੜ ਖੋਰੇ ਰੂਪ ਦੇ ਪ੍ਰਗਟ ਹੋਣ ਨੂੰ ਬਹੁਤੀ ਦੇਰ ਨਾ ਲੱਗੀ।

''ਮੈਨੂੰ ਆਪਣੀ ਸੁਰਤ ਵੀ ਟਿਕਾਣੇ ਨਹੀਂ ਜਾਪਦੀ। ਚੰਗੀ ਤਰ੍ਹਾਂ ਸੋਚ ਨਹੀਂ ਹੁੰਦਾ। ਮੇਰੇ ਮਨ ਵਿੱਚ ਸੀ ਕਿ ਇਥੇ ਦੋ ਤਿੰਨ ਸਾਲ ਲਾ ਕੇ ਫਿਰ ਇੰਡੀਆ ਵਿੱਚ ਜਾ ਕੇ ਕਿਤੇ ਸੈਟ ਹੋਵਾਂ। ਪਤਾ ਨਹੀਂ ਠੀਕ ਹੈ ਕਿ ਗਲਤ।

ਬੜਾ ਜੀਅ ਕਰਦਾ ਹੈ ਆਪਣੇ ਮੁਲਕ ਵਿੱਚ ਆਉਣ ਨੂੰ, ਘਰ ਜਾਣ ਨੂੰ, ਕਾਲਜ ਜਾਣ ਨੂੰ। ਮੁੜ ਕੇ ਭਾਵੇਂ ਫਿਰ ਇਥੇ ਹੀ ਆ ਜਾਵਾਂ। ਸੱਚੀਂ ਭਾਵੇਂ ਕੁੱਝ ਦਿਨਾਂ ਲਈ ਹੀ। ਪਰ ਇਨ੍ਹਾਂ ਸਾਲਿਆਂ ਨੇ ਮੁੜ ਕੇ ਮੈਨੂੰ ਵੜਨ ਨਹੀਂ ਦੇਣਾ। ਬੜੀ ਕੁਬਿੱਧੀ ਵਿਚ ਫਸਿਆ ਹੋਇਆ ਹਾਂ। ਪਰ ਇਸ ਵਿਚ ਕਿਸੇ ਦਾ ਕੀ ਦੋਸ਼ ਹੈ? ਅਖੇ ਆਪੇ ਫਾਥੜੀਏ ਤੈਨੂੰ ਕੌਣ ਛੁਡਾਏ।

ਜ਼ਿੰਦਗੀ ਆਮ ਵਾਂਗ ਤੁਰੀ ਜਾਂਦੀ ਹੈ। ਮਾਂ ਬੋਲੀ ਦੇ ਸ਼ਬਦਾਂ ਦੇ ਅਰਥ ਭੁੱਲੀ ਜਾਂਦੇ ਹਨ, ਅੰਗਰੇਜ਼ੀ ਦਾ ਪਤਾ ਕੁੱਝ ਨਹੀਂ ਲਗਦਾ।

ਕੰਮ ਚੰਗਾ ਹੈ, ਆਰਾਮ ਵਾਲਾ। ਪੈਸੇ ਵੀ ਸ਼ਿਫਟ ਅਲਾਉਂਸ ਵਗੈਰਾ ਪਾ ਕੇ ਚੰਗੇ ਹੋ ਜਾਂਦੇ ਹਨ। ਖਾ ਪੀ ਮਨ ਮਰਜ਼ੀ ਦਾ ਲਈਦਾ ਹੈ। ਕਿਸੇ ਗੱਲ ਨੂੰ ਰੂਹ ਨਹੀਂ ਭਟਕਦੀ। ਹਰ ਚੀਜ਼ ਪਹੁੰਚ ਵਿਚ ਹੈ, ਖੁਸ਼ੀ ਤੋਂ ਸਿਵਾ।

ਮਨੋ ਮਨੀ ਮਾਤ ਭੂਮੀ ਦੇ ਗੇੜੇ ਲਾਈਦੇ ਹਨ। ''ਨਿਵਾਸ ਅਸਥਾਨ'' ਫੇਰ ਬਦਲ ਗਿਆ ਹੈ।

ਕਈ ਵਾਰ ਸੋਚਦਾ ਹਾਂ ਮਜ਼ਦੂਰੀ ਕਰ ਕੇ ਅਮੀਰ ਹੋਣ ਦਾ, ਭਲਾ ਕੀ ਗੱਲ ਸੋਚ ਲਈ।

ਭਾਰਤ ਵਿੱਚ ਰਹਿ ਕੇ ਸਰਮਾਏਦਾਰੀ ਦੇ ਢਹਿ ਢੇਰੀ ਹੋਣ ਦੇ ਕਿਆਸਾਂ 'ਤੇ ਬੜੇ ਖੁਸ਼ ਹੋਈਦਾ ਸੀ। ਪਰ ਹੁਣ ਇਸ ਮੁਲਕ ਦੇ ਅਰਥਚਾਰੇ ਦੇ ਵਧਣ ਫੁਲਣ ਦੀਆਂ ਸੋਆਂ ਬੜੀਆਂ ਕੰਨ ਲਾ ਕੇ ਸੁਣੀਂਦੀਆਂ ਹਨ ਕਿਉਂਕ ਇਸ ਦੇ ਪ੍ਰਫੁਲਿਤ ਹੋਣ ਨਾਲ ਸਾਡੀਆਂ ਜੇਬਾਂ ਵਿੱਚ ਪੌਂਡ ਪੈਂਦੇ ਹਨ। ਪਰ ਸੱਤੇ ਦਿਨ ਕੰਮ ਕਰ ਕੇ ਸੱਤਰਾਂ ਤੋਂ ਉਪਰ ਪੌਂਡ ਜੇਬ ਵਿਚ ਪੈਂਦੇ ਸਨ। ਅੱਜਕਲ ਮੰਦਾ ਹੋਣ ਕਰ ਕੇ ਇਸ ਨਾਲੋਂ ਅੱਧੇ ਪੈਸੇ ਵੀ ਮਸਾਂ ਮਿਲਦੇ ਹਨ ਤਾਂ ਹਰ ਉਹ ਖ਼ਬਰ ਬੜੀ ਚੰਗੀ ਲੱਗਦੀ ਹੈ, ਜਿਸ ਵਿੱਚ ਇਸ ਮੁਲਕ ਨੂੰ ਬਾਹਰੋਂ ਮਿਲਣ ਵਾਲੇ ਆਰਡਰਾਂ ਦੀ ਗੱਲ ਹੁੰਦੀ ਹੈ।

''ਸਦਾ ਵਾਂਗ ਦੁਚਿੱਤੀ ਤੇ ਅਨਿਰਣੇ ਦਾ ਸ਼ਿਕਾਰ ਹਾਂ। ਕਦੇ ਜੀ ਕਰਦਾ ਹੈ ਭਾਰਤ ਨੂੰ ਮੁੜ ਆਵਾਂ। ਪਰ ਫੇਰ ਸੋਚਦਾ ਹਾਂ ਕਿ ਕਰਾਂਗਾ ਕੀ?

ਮੈਂ ਸਦਾ ਚਾਹਿਆ ਹੈ ਕਿ ਤੁਸੀਂ ਮੈਨੂੰ ਕੁੱਝ ਮਹੱਤਵਪੂਰਨ ਗੱਲਾਂ ਵਿੱਚ ਜ਼ਰੂਰ ਡਿਕਟੇਟ ਕਰੋ ਕਿਉਂਕਿ ਮੇਰੇ ਲਈ ਕਈ ਵਾਰ ਫੈਸਲਾ ਲੈਣਾ ਔਖਾ ਹੋ ਜਾਂਦਾ ਹੈ। ਤੁਸੀਂ ਸਦਾ ਇਸ ਗੱਲ ਨੂੰ ਮੇਰੀ ਸ਼ਖ਼ਸੀਅਤ ਲਈ ਮਾਰੂ ਸਮਝਿਆ ਹੈ ਤੇ ਮੇਰੀ ਭਟਕਣ ਇੰਝ ਹੋਰ ਵਧ ਜਾਂਦੀ ਹੈ। ਦਰਅਸਲ ਮੇਰੀ ਇਹ ਲੋੜ ਹੈ ਕਿ ਤੁਸੀ ਮੈਨੂੰ ਕੁੱਝ ਗੱਲਾਂ ਵਿੱਚ ਜ਼ਰੂਰ ਡਿਕਟੇਟ ਕਰਿਆ ਕਰੋ।

ਮੈਨੂੰ ਅਗਲੀ ਚਿੱਠੀ ਵਿਚ ਜ਼ਰੂਰ ਸਾਫ਼ ਸਾਫ਼ ਲਿਖਣਾ ਕਿ ਮੈਨੂੰ ਪਿਛਲੀ ਝਾਕਾ (ਨੌਕਰੀ ਦੀ) ਛੱਡ ਕੇ ਇਥੇ ਹੀ ਕੰਮ ਕਰਨਾ ਚਾਹੀਦਾ ਹੈ ਜਾਂ ਵਾਪਸ ਆ ਜਾਣਾ ਚਾਹੀਦਾ ਹੈ।''

ਜਿੱਦਣ ਚਰਨਜੀਤ ਦੀ ਇਹ ਚਿੱਠੀ ਆਈ ਓਦਣ ਹੀ ਕਿਸੇ ਬੰਦੇ ਦੇ ਹੱਥ ਭੇਜਿਆ ਓਹਦੇ ਬੀਬੀ ਭਾਪੇ ਦਾ ਸੰਖੇਪ ਜਿਹਾ ਰੁੱਕਾ ਮਿਲਿਆ। ਉਨ੍ਹਾਂ ਲਿਖਿਆ ਸੀ ਕਿ 'ਨੰਗਲ ਵਾਲੇ ਸਰਬੰਧੀ ਸਾਹਾ ਮੰਗਦੇ ਹਨ। ਤੂੰ ਬਿੰਦ ਝੱਟ ਟੈਮ ਕੱਢ ਕੇ ਛੇਤੀ ਆ। ਵਿਆਹ ਦਾ ਦਿਨ ਪੱਕਾ ਕਰਨਾ ਹੈ।''

ਰੁੱਕਾ ਮਿਲਣ ਸਾਰ ਹੀ ਮੈਂ ਪਿੰਡ ਪੁੱਜਾ। ਘਰ ਤਾਲਾ ਲੱਗਾ ਹੋਇਆ ਸੀ। ਪਤਾ ਲੱਗਾ ਕਿ ਸਾਰੇ ਸੜਕੋਂ ਪਾਰ ਵਾਲੇ ਖੇਤ ਕਪਾਹ ਚੁਗਣ ਗਏ ਹੋਏ ਹਨ।

ਚੰਨੀ ਦੇ ਭਾਪੇ ਨੇ ਮੈਨੂੰ ਦੂਰੋਂ ਹੀ ਪਛਾਣ ਲਿਆ। ਮੇਰੇ ਪੁੱਛਣ ਤੋਂ ਪਹਿਲਾਂ ਹੀ ਉਹ ਦੋਨੋ ਜੀਅ ਕਿੱਕਰ ਦੀ ਛਿੰਦਰੀ ਜਿਹੀ ਛਾਵੇਂ ਆ ਬੈਠੇ ਸਨ। ਉਨ੍ਹਾਂ ਦੇ ਕਪੜੇ ਪਸੀਨੇ ਨਾਲ ਗੱਚ ਹੋਏ ਸਨ। ਰਸਮੀ ਜਿਹੀ ਰਾਜ਼ੀ-ਖੁਸ਼ੀ ਪੁੱਛਣ ਦੱਸਣ ਮਗਰੋਂ ਮੈਂ ਉਨ੍ਹਾਂ ਕੋਲ ਚਰਨਜੀਤ ਦੇ ਕੱਲ ਮਿਲੇ ਖਤ ਦਾ ਉਸ ਦੇ ਉਦਰੇਵੇਂ ਦਾ ਸਰਸਰੀ ਜਿਹਾ ਜ਼ਿਕਰ ਕੀਤਾ।

ਉਹ ਦੋਨੋਂ ਜੀਅ ਮੈਨੂੰ ਚਰਨਜੀਤ ਨਾਲੋਂ ਵੀ ਵਧੀਕ ਓਦਰੇ-ਉਦਾਸੇ ਜਾਪੇ। ਉਨ੍ਹਾਂ ਦੀ ਤਾਂ ਦੁਨੀਆਂ ਹੀ ਚੰਨੀ ਨਾਲ ਵਸਦੀ ਸੀ। ਉਸ ਦੀ ਗੈਰ ਹਾਜ਼ਰੀ ਵਿੱਚ ਪੈਦਾ ਹੋਏ ਘਰੇਲੂ ਸਮਾਜੀ ਮਸਿਲਿਆਂ ਦੀ ਸੂਚੀ ਮੈਨੂੰ ਬੜੀ ਹੀ ਲੰਮੀ ਹੋ ਗੀ ਜਾਪੀ ਸੀ। ਉਨ੍ਹਾਂ ਮੈਨੂੰ ਦੱਸਿਆ ਕਿ ਸ਼ਰੀਕ ਸਾਂਝੀ ਮੋਟਰ 'ਚੋਂ ਉਨ੍ਹਾਂ ਦੇ ਹਿੱਸੇ ਆਉਂਦੀ ਦਿਹਾੜੀ ਮਸਾਂ ਭੰਨ-ਤੋੜ ਕਰ ਕੇ ਹੀ ਦਿੰਦੇ ਸਨ। ਦੋਂਹ ਥਾਈਂ ਜ਼ਮੀਨ ਨੂੰ ਇੱਕ ਥਾਂ ਕਰਨ ਲਈ ਉਹ ਜਿਹੜੇ ਗੁਣੇ ਪਾਉਂਦੇ ਸਨ, ਉਨ੍ਹਾਂ ਨਾਲ ਵੀ ਚੰਨੀ ਪਰਿਵਾਰ ਨੂੰ ਬੜਾ ਧੱਕਾ ਹੁੰਦਾ ਭਾਸਦਾ ਸੀ। ਭਾਪਾ ਜੀ ਦੇ ਦੱਸਣ ਮੁਤਾਬਕ ਜਦੋਂ ਉਨ੍ਹਾਂ ਦਾ 'ਪਤੰਦਰ' ਇਥੇ ਸੀ ਤਾਂ ਕਦੇ ਕੋਈ ਕੰਨ ਵਿਚ ਪਾਇਆ ਨਹੀਂ ਸੀ ਰੜਕਿਆ ਤੇ ਹੁਣ ਬੋਲ ਕਬੋਲ ਬੋਲਣ ਲੱਗੇ, ਉਹ ਕੁੱਝ ਅੱਗਾ ਪਿੱਛਾ ਹੀ ਨਹੀਂ ਸਨ ਦੇਖਦੇ। ਉਪਰੋਂ ਨੰਗਲ ਵਾਲੇ ਵਿਆਹ ਲਈ ਬੜੇ ਕਾਹਲੇ ਪਏ ਹੋਏ ਸਨ।

ਸਾਰੀਆਂ ਗੱਲਾਂ ਗਿਣ ਗੱਠ ਕੇ ਮੈਂ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਚੰਗਾ ਹੋਵੇ ਭਾਵੇਂ ਮੰਦਾ, ਇਸ ਵਾਰ ਮੈਂ ਚੰਨੀ ਨੂੰ ਆਪਣਾ ਫੈਸਲਾ ਡਿਕਟੇਟ ਕਰ ਹੀ ਦੇਵਾਂਗਾ।

ਬਜ਼ੁਰਗਾਂ ਦਾ ਜਿੰਨਾ ਕੁ ਧੀਰਜ ਬੰਨ੍ਹਾ ਸਕਦਾ ਸੀ, ਬੰਨਾਇਆ ਤੇ ਇਹ ਆਖ ਕੇ ਉਨ੍ਹਾਂ ਤੋਂ ਰੁਖਸਤ ਮੰਗ ਕਿ ਬੀਰੋ ਦੇ ਵਿਆਹ ਬਾਰੇ ਮੈਂ ਚਰਨਜੀਤ ਨੂੰ ਲਿਖਾਂਗਾ। ਉਸ ਦਾ ਜਵਾਬ ਆਉਣ ਮਗਰੋਂ ਵਿਆਹ ਦਾ ਦਿਨ ਪੱਕਾ ਕਰ ਲਿਆ ਜਾਵੇਗਾ।

ਘਰ ਪੁੱਜਣ ਸਾਰ ਹੀ ਮੈਂ ਚੰਨੀ ਨੂੰ ਖਤ ਲਿਖਿਆ, ਜਿਸ ਵਿਚ ਉਸ ਦੇ ਘਰਦਿਆਂ ਦੇ ਇਕਲਾਪੇ, ਉਦਾਸੀ ਦੇ ਕੁੜੀ ਦੇ ਵਿਆਹ ਸਮੇਂ ਉਸ ਦੀ ਹਾਜ਼ਰੀ ਦੀ ਮਹੱਤਤਾ ਦਰਸਾਉਂਦਿਆਂ ਅਖੀਰ ਵਿੱਚ ਤਾਕੀਦ ਕੀਤੀ ਕਿ 'ਤੇਰੇ ਘਰੇਲੂ ਤੇ ਨਿੱਜੀ ਹਾਲਾਤ ਦੇ ਸਭਨਾਂ ਪਹਿਲੂਆਂ ਦਾ ਜਾਇਜ਼ਾ ਲੈਣ ਮਗਰੋਂ ਮੈਂ ਇਸ ਨਤੀਜੇ 'ਤੇ ਅਪੜਿਆਂ ਹਾਂ ਕਿ ਛੇਤੀ ਤੋਂ ਛੇਤੀ ਦੇਸ਼ ਪਰਤ ਆ।''

ਇਸ ਖਤ ਦੇ ਜੁਆਬ ਵਿਚ ਮੈਨੂੰ ਉਮੀਦ ਸੀ ਕਿ ਚੰਨੀ ਦੀ ਪਹੁੰਚ ਬਾਰੇ ਉਸ ਦੀ ਤਾਰ ਆਵੇਗੀ ਜਾਂ ਇਕ ਦਿਨ ਉਹ ਆਪ ਹੀ ਅਚਾਨਕ ਮੇਰੇ ਕੋਲ ਪੁੱਜ ਜਾਏਗਾ।

ਪਰ ਮੇਰੀ ਹੈਰਾਨੀ ਦੀ ਉਸ ਸਮੇਂ ਹੱਦ ਨਾ ਰਹੀ ਜਦ ਦਸਾਂ ਬਾਰਾ ਦਿਨਾਂ ਮਗਰੋਂ ਚੰਨੀ ਦੀ ਥਾਂ ਉਸ ਦਾ ਖਤ ਹੀ ਪੁੱਜਾ। ਇਸ ਵਾਰ ਲਫ਼ਾਫ਼ਾ ਆਮ ਨਾਲੋਂ ਜ਼ਿਆਦਾ ਭਾਰਾ ਸੀ। ਕਾਹਲੀ ਕਾਹਲੀ ਖੋਲ੍ਹਿਆ। ਵਿਚੋਂ ਚੰਨੀ ਦੀ ਚਿੱਠੀ ਤੋਂ ਬਿਨਾਂ ਇਕ ਸੁਦੇਸ਼ੀ ਹਵਾਈ ਪੱਤਰ ਵੀ ਨਿਕਲਿਆ, ਜੋ ਉਸ ਦੀ ਬੀਬੀ ਨੇ (ਸ਼ਾਇਦ ਭਾਪੇ ਦੀ ਸਲਾਹ ਨਾਲ) ਆਪਣੇ ਇੰਗਲੈਂਡ ਰਹਿੰਦੇ ਚਾਚੇ ਨੂੰ ਲਿਖਿਆ ਸੀ। ਪਹਿਲਾਂ ਮੈਂ ਚੰਨੀ ਦਾ ਖਤ ਪੜ੍ਹਨਾ ਸ਼ੁਰੂ ਕੀਤਾ। ਉਸ ਨੇ ਲਿਖਿਆ ਸੀ, ''ਸ਼ਾਇਦ ਤੁਹਾਨੂੰ ਇਹ ਖਤ ਪੜ੍ਹ ਕੇ ਹੈਰਾਨੀ ਹੋਏ। ਇਕਦਮ ਦੇਸ਼ ਪਰਤਣ ਦਾ ਮੇਰਾ ਮਨ ਨਹੀਂ ਮੰਨਿਆ।

ਤੁਸੀਂ ਭਾਵੇਂ ਇੰਗਲੈਂਡ ਤੋਂ ਪਰਤਣ ਦੇ ਆਪਣੇ ਫੈਸਲੇ ਬਾਰੇ ਪੂਰੀ ਤਰ੍ਹਾਂ ਸੰਤੁਸ਼ਟ ਹੋ। ਪਰ ਮੈਨੂੰ ਚੇਤਾ ਹੈ ਕਿ ਇੱਕ ਵਾਰ ਤੰਗੀ ਦੇ ਦਿਨਾਂ ਵਿੱਚ ਤੁਸੀਂ ਮੈਨੂੰ ਕਿਹਾ ਸੀ ਕਿ ''ਇੰਗਲੈਂਡ ਵਿੱਚ ਪੱਕੇ ਤੌਰ 'ਤੇ ਰਹਿਣ ਬਾਰੇ ਤਾਂ ਕਲਪਨਾ ਵੀ ਨਹੀਂ ਸੀ ਕਰ ਸਕਦਾ। ਮਨ ਉਪਰ ਬੋਝ ਹੀ ਬਹੁਤ ਰਹਿੰਦਾ ਸੀ। ਪਰ ਇੱਕ ਵਾਰ ਜੇ ਮੁਹਰਾ ਚੱਟਿਆ ਹੀ ਸੀ ਤਾਂ ਦੋ ਚਾਰ ਵਰ੍ਹੇ ਹੋਰ ਦਸੌਂਦਾ ਕੱਟ ਆਉਂਦਾ ਤਾਂ ਚੰਗਾ ਹੋਣਾ ਸੀ।'' ਮੈਂ ਸਾਰੇ ਹਾਲਾਤ ਨੂੰ ਬੜੀ ਗੰਭੀਰਤਾ ਨਾਲ ਸੋਚਿਆ ਵਿਚਾਰਿਆ ਹੈ। ਤੁਹਾਡੇ ਤਜਰਬੇ ਮੁਤਾਬਕ ਕਹਾਲੀ ਵਿੱਚ ਵਾਪਸੀ ਦੇ ਧੁੰਦਲੇ ਜਿਹੇ ਪਛਤਾਵੇ ਤੋਂ ਬਚਣਾ ਚਾਹੁੰਦਾ ਹਾਂ। ਦੋ ਚਾਰ ਵਰ੍ਹੇ ਇਥੇ ਰਵ੍ਹਾਂਗਾ। ਦੱਬ ਕੇ ਕੰਮ ਕਰਾਂਗਾ। ਵੱਧ ਤੋਂ ਵੱਧ ਪੈਸਾ ਬਚਾਵਾਂਗਾ, ਫਿਰ ਜੇ ਐਧਰ ਆ ਕੇ ਕੋਈ ਨੌਕਰੀ ਨਾ ਵੀ ਮਿਲੀ ਤਾਂ ਮਾੜਾ ਮੋਟਾ ਕੋਈ ਆਪਣਾ ਕਾਰੋਬਾਰ ਹੀ ਸ਼ੁਰੂ ਕਰ ਲਵਾਂਗੇ। ਬੀਰੋ ਦਾ ਵਿਆਹ ਤੁਸੀਂ ਆਪੇ ਹੀ ਕਰ ਲਿਉ। ਪੈਸੇ ਪਹਿਲਾਂ ਵੀ ਘਰ ਭੇਜੇ ਹਨ। ਅੱਜ ਹੀ ਹੋਰ ਭੇਜ ਰਿਹਾ ਹਾਂ। ਵਿਆਹ ਵਿੱਚ ਭਾਪੇ ਹੋਰਾਂ ਦਾ ਸੂਮ ਪੁਣਾ ਨਾ ਬਹੁਤਾ ਚੱਲਣ ਦਿਉ। ਕੁੜੀ ਦੀ ਖੁਸ਼ੀ ਦਾ ਬਹੁਤਾ ਖਿਆਲ ਰੱਖਿਓ।

ਘਰਦਿਆਂ ਦੀ ਮੇਰੇ ਬਾਰੇ ਉਦਾਸੀ ਦੀ ਬਹੁਤੀ ਚਿੰਤਾ ਨਾ ਕਰਿਉ। ਉਨ੍ਹਾਂ ਮੈਥੋਂ ਚੋਰੀ ਨਾਨੇ ਨੂੰ ਇੱਕ ਚਿੱਠੀ ਲਿਖੀ ਸੀ। ਉਨ੍ਹਾਂ ਨੇ ਅਗਾਂਹ ਮੈਨੂੰ ਪਹੁੰਚਾ ਦਿੱਤੀ ਸੀ। ਉਹੀ ਚਿੱਠੀ ਤੁਹਾਨੂੰ ਭੇਜ ਰਿਹਾ ਹਾਂ, ਪੜ੍ਹ ਕੇ ਸਾਰੀ ਗੱਲ ਸਪੱਸ਼ਟ ਹੋ ਜਾਏਗੀ।'' ਬੌਂਦਲੇ ਹੋਏ ਨੇ ਮੈਂ ਉਹ ਚਿੱਠੀ ਪੜ੍ਹਨੀ ਸ਼ੁਰੂ ਕੀਤੀ :

ਪਿਆਰੇ ਚਾਚਾ ਜੀ ਤੇ ਚਾਚੀ ਜੀ,
ਸਤਿ ਸ੍ਰੀ ਅਕਾਲ

ਅਸੀ ਤੁਹਾਨੂੰ ਕਈ ਚਿੱਠੀਆਂ ਪਾ ਚੁੱਕੇ ਹਾ, ਪਰ ਤੁਸੀਂ ਕੋਈ ਵੀ ਜਵਾਬ ਨਹੀਂ ਦਿੱਤਾ। ਅਸੀਂ ਫਿਰ ਚਿੱਠੀ ਲਿਖ ਰਹੇ ਹਾਂ, ਹੁਣ ਜ਼ਰੂਰ ਜਵਾਬ ਦਿਉ। ਸਾਨੂੰ ਪਤਾ ਲਗਾ ਹੈ, ਚਲੋ ਚਿੱਠੀ ਵਿਚ ਨਾਂ ਕਾਹਨੂੰ ਲਿਖਣਾ ਹੈ, ਭਾਜੀ ਕਹਿ ਕੇ ਲਿਖ ਦਿੰਦੇ ਹਾਂ। ਸਾਨੂੰ ਪਤਾ ਲੱਗਾ ਕਿ ਭਾਜੀ ਲੰਡਨ ਹੈ ਤੇ ਉਥੇ ਉਦਾਸ ਰਹਿੰਦਾ ਹੈ। ਭਾਜੀ ਨੂੰ ਮਿਲ ਕੇ ਇਕ ਪ੍ਰੋਫ਼ੈਸਰ ਆਇਆ ਹੈ, ਉਸ ਨੇ ਸਾਨੂੰ ਅੱਜ ਹੀ ਦੱਸਿਆ ਹੈ ਕਿ ਭਾਜੀ ਬਹੁਤ ਉਦਾਸ ਹੈ। ਨਾਲੇ ਉਸ ਕੋਲੋਂ ਕੰਮ ਨਹੀਂ ਹੁੰਦਾ। ਚਾਚੀ ਜੀ ਤੁਸੀਂ ਭਾਜੀ ਨੂੰ ਆਪ ਜਾ ਕੇ ਲੰਡਨ ਤੋਂ ਲੈ ਆਓ। ਤੁਹਾਡੇ ਕੋਲ ਜਿੰਨਾ ਚਿਰ ਰਿਹਾ ਹੈ ਉਨਾ ਚਿਰ ਸਾਨੂੰ ਚੰਗੀ ਭਲੀ ਚਿੱਠੀ ਆਉਂਦੀ ਰਹੀ ਹੈ। ਪਰ ਹੁਣ ਉਥੋਂ ਸਾਨੂੰ ਕੋਈ ਵੀ ਚਿੱਠੀ ਨਹੀਂ ਆਈ। ਸਾਨੂੰ ਤਾਂ ਸਾਰੀ ਗੱਲ ਦਾ ਉਸ ਬੰਦੇ ਤੋਂ ਹੀ ਪਤਾ ਲੱਗਾ ਹੈ ਤਾਂ ਸਾਨੂੰ ਬੜਾ ਫਿਕਰ ਹੈ। ਜਦੋਂ ਤੁਹਾਡੇ ਕੋਲ ਸੀ ਤਾਂ ਸਾਨੂੰ ਕੋਈ ਫ਼ਿਕਰ ਨਹੀਂ ਸੀ, ਅਸੀਂ ਤਾਂ ਕਹਿੰਦੇ ਸੀ ਕਿ ਉਹ ਨਾਨਕੀਂ ਗਿਆ ਹੋਇਆ ਹੈ। ਅਸੀਂ ਫੇਰ ਤਾਕੀਦ ਕਰਦੇ ਹਾਂ ਕਿ ਜੇ ਤੁਸੀਂ ਉਸ ਨੂੰ ਜਾ ਕੇ ਲੈ ਆਵੋ ਤੇ ਸਮਝਾਉ ਕਿ ਕਾਕਾ ਦਿਲ ਨਹੀਂ ਉਦਾਸ ਕਰੀਦਾ। ਵੇਖ ਲੈ ਤੂੰ ਕਹਿੰਦਾ ਹੁੰਦਾ ਸੀ ਮੈਂ ਵਲੈਤ ਆਉਣਾ ਹੈ। ਚਾਚੀ ਜੀ ਮੈਨੂੰ ਮਗਾਂ ਲੈ। ਹੁਣ ਤਾਂ ਤੂੰ ਵਲੈਤ ਆਇਆ ਹੋਇਆ ਹੈਂ ਤੇ ਕਾਕਾ ਜੇ ਤੈਥੋਂ ਔਖਾ ਕੰਮ ਨਹੀਂ ਹੁੰਦਾ ਤਾਂ ਤੈਨੂੰ ਸੌਖਾ ਕੰਮ ਲੈ ਦਿੰਦੇ ਹਾਂ। ਤੁਸੀਂ ਕਹੋ ਕਿ ਕਾਕਾ ਇਸ ਥਾਂ ਨੂੰ ਲੋਕ ਝੂਰਦੇ ਹਨ ਤੇ ਤੂੰ ਵੀ ਝੂਰਦਾ ਸੀ ਪਈ ਵਲੈਤ ਜਾ ਹੋ ਆਵੇ। ਹੁਣ ਤਾਂ ਤੈਨੂੰ ਪ੍ਰਮਾਤਮਾ ਨੇ ਵਲੈਤ ਦਿਖਾ ਦਿੱਤੀ ਹੈ। ਹੁਣ ਤੂੰ ਆਰਾਮ ਨਾਲ ਕੰਮ ਕਰ ਤੇ ਮੌਜ ਲੁੱਟ। ਅੱਗੇ ਆਪੇ ਲਿਖਦਾ ਸੀ ਖਾਣ ਪੀਣ ਤੇ ਪਹਿਨਣ ਨੂੰ ਬਹੁਤ ਸੋਹਣਾ ਮਿਲਦਾ ਹੈ। ਚਾਚੀ ਉਸ ਨੂੰ ਦੋ ਚਾਰ ਮਹੀਨੇ ਆਪਣੇ ਕੋਲ ਰੱਖੇ। ਉਹ ਅਜੇ ਨਿਆਣਾ ਹੈ। ਪੜ੍ਹਿਆ ਤਾਂ ਜ਼ਰੂਰ ਹੈ ਪਰ ਦੁਨੀਆ ਨਹੀਂ ਦੇਖੀ ਇਨੇ। ਇਹ ਤਾਂ ਚਾਚੀ ਜੀ ਕਿਤਾਬੀ ਪੜ੍ਹਿਆ ਲਿਖਿਆ ਹੈ ਦੁਨੀਆ ਦਾ ਪਤਾ ਨਹੀਂ ਕਿੱਥੇ ਵਸ ਰਹੀ ਹੈ। ਓਦਾਂ ਤਾਂ ਉਹ ਸਾਡੇ ਨਾਲੋਂ ਤੁਹਾਨੂੰ ਪਿਆਰਾ ਹੈ ਜਿਸ ਤਰ੍ਹਾਂ ਸਿਆਣੇ ਕਹਿੰਦੇ ਹੁੰਦੇ ਹਨ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਧੀਆਂ ਤੋਂ ਦੋਹਤੇ ਵੱਧ ਪਿਆਰੇ ਹੁੰਦੇ ਹਨ। ਓਦਾਂ ਤਾਂ ਚਾਚੀ ਜੀ ਸਾਨੂੰ ਇਹ ਦੁਪਿਆਰਾ ਨਹੀਂ। ਅਸੀਂ ਇਹਦੇ ਨਾਲ ਉਡਦੇ ਫਿਰਦੇ ਆਂ। ਚਾਚੀ ਜੀ ਤੁਸੀਂ ਇੰਨੇ ਸਿਆਣੇ ਹੋ ਕੇ ਵੀ ਇਹ ਨੂੰ ਸਮਝਾ ਨਹੀਂ ਸਕਦੇ। ਅਸੀਂ ਤਾਂ ਇਸ ਨੂੰ ਇਹੀ ਕਹਿੰਦੇ ਹੁੰਦੇ ਸੀ ਕਿ ਕਾਕਾ ਤੂੰ ਇਥੇ ਰਹਿ ਤੇ ਵਿਆਹ ਕਰਾ ਲੈ। ਤੈਨੂੰ ਇਥੇ ਹੀ ਵਲੈਤ ਹੈ। ਤੇਰੀ ਘਰ ਵਰਗੀ ਨੌਕਰੀ ਹੈ ਤੂੰ ਟਿਕਿਆ ਰਹਿ। ਤਾਂ ਇਹ ਕਹਿੰਦਾ ਹੁੰਦਾ ਸੀ ਬੀਬੀ ਪੈਸੇ ਦੀ ਕਦਰ ਹੈ ਪੜ੍ਹਾਈ ਦੀ ਕਦਰ ਨਹੀਂ। ਇਥੇ ਦੀ ਨੌਕਰੀ ਨਾਲ ਕੁੱਝ ਨਹੀਂ ਬਣਦਾ। ਹੁਣ ਚਾਚੀ ਜੀ ਤੁਸੀਂ ਵੀ ਸਿਆਣੇ ਹੋ। ਦੇਖ ਲੈ ਕੁੜੀਆਂ ਦੋਵੇਂ ਵਿਆਹੁਣ ਵਾਲੀਆਂ ਹਨ ਤੇ ਇਹ ਵੀ ਵਿਆਹੁਣ ਵਾਲਾ ਹੈ। ਅੱਜ ਮਾੜਾ ਮੋਟਾ ਵਿਆਹ ਕਰਨਾ ਹੋਵੇ ਤਾਂ 10-20 ਹਜ਼ਾਰ ਦਾ ਖਰਚਾ ਵੱਟ 'ਤੇ ਪਿਆ ਹੁੰਦਾ ਹੈ। ਸਮਾਂ ਬੜਾ ਮਹਿੰਗਾ ਹੈ। ਰੁਪਈਆ ਪੈਸੇ ਵਿੱਚ ਚਲਦਾ ਹੈ। ਮਾੜੇ ਧੀੜੇ ਨਾਲ ਤਾਂ ਕੋਈ ਬੋਲਦਾ ਵੀ ਨਹੀਂ।

MILLCREEK CLEANERS

We Specialize In:
- Designer Labels
- Wedding Gowns
- Fancy Clothing
- Punjabi Suits
- Downfills, Silks, Wools
- Laundered Shirts
- Alterations

4022 – 50 Street
By Pizza Hut and Marry Browns
780-450-0627
Over 30 Years Combined Experience
Monday - Friday: 7:30am – 6:30pm
Saturday: 9:00 am – 5:00pm

more specials at www.millcreekcleaners.com

Get $10 of free drycleaning
with a minimum of $50.00 of drycleaning
Millcreek Cleaners
please present this coupon when you drop off your clothing
only one coupon valid per visit

Get $5 of free drycleaning
with a minimum of $25.00 of drycleaning
Millcreek Cleaners
please present this coupon when you drop off your clothing
only one coupon valid per visit

ਇਥੇ ਤਾਂ ਵਲੈਤ ਦੀ ਕਦਰ ਹੈ ਜਾਂ ਬਲੈਕ ਦੀ। ਪੈਸਾ ਤਾਂ ਬੜੇ ਬੜਿਆਂ ਦੇ ਮੂੰਹ ਮੋੜ ਦਿੰਦਾ ਹੈ। ਕਹਿੰਦੇ ਹੁੰਦੇ ਆ ਪੈਸੇ ਵਾਲਿਆਂ ਬੜੀ ਬਹਾਰ ਧੇਲੇ ਵਾਲਿਆਂ ਧੱਕੇ ਚਾਰ। ਇਸ ਤਰ੍ਹਾਂ ਹੈ ਚਾਚੀ ਜੀ ਤੇ ਚਾਚਾ ਜੀ ਤੁਸੀਂ ਸਾਰੇ ਜਣੇ ਰਲ ਕੇ ਇਕ ਬੰਦੇ ਨੂੰ ਵੀ ਨਹੀਂ ਰੱਖ ਸਕਦੇ। ਇਹਦੇ ਲਈ ਬੜਾ ਵੋਚਰ ਕਢਾ ਲਓ। ਆਉਣੇ ਜਾਣੇ ਨੂੰ ਕੋਈ ਸੌਖਾ ਤਰੀਕਾ ਲੱਭ ਲਓ। ਕਾਲਜਾਂ ਵਿੱਚ ਤਾਂ ਹੁਣ ਬੜਾ ਖਤਰਾ ਰਹਿੰਦਾ ਹੈ। ਨਿੱਤ ਗੋਲੀ ਚੱਲਦੀ ਰਹਿੰਦੀ ਹੈ। ਪ੍ਰੋਫ਼ੈਸਰ ਤਾਂ ਮੁੰਡਿਆਂ ਤੋਂ ਲੁਕ ਲੁਕ ਕੇ ਰਹਿੰਦੇ ਹਨ। ਅਸੀਂ ਤਾਂ ਕਹਿੰਦੇ ਹਾਂ ਕਿ ਇਸ ਤਰ੍ਹਾਂ ਦੀ ਕਵਿੱਧਣੀ ’ਚ ਨਿਕਲਿਆ ਹੈ ਤਾਂ ਚਾਰ ਸਾਲ ਲਾ ਲਵੇ। ਅੱਗੇ ਇਹਦੀ ਮਰਜ਼ੀ ਹੈ ਜਿੱਦਾਂ ਮਰਜ਼ੀ ਕਰੇ। ਸਾਡੇ ਵੱਲੋਂ ਤਾਂ ਭਾਵੇਂ ਕੱਲ ਨੂੰ ਆ ਜਾਵੇ। ਫੇਰ ਇੰਨ੍ਹੇ ਆ ਕੇ ਪਛਤਾਉਣਾ ਹੈ। ਰੋਜ਼ ਰੋਜ਼ ਗੋਗਲਿਆਂ ਦੇ ਮੀਂਹ ਨਹੀਂ ਪੈਣੇ। ਇਹਦੀ ਤਾਂ ਕਿਸਮਤ ਬੜੀ ਚੰਗੀ ਹੈ। ਨਹੀਂ ਤਾਂ ਹੈਥੇ ਤਾਂ ਕਿਸੇ ਨੂੰ ਫਟਕਣ ਨਹੀਂ ਦਿੰਦੇ। ਚਾਚੀ ਜੀ ਭਾਜੀ ਨੂੰ ਇਥੇ ਆਪਣੇ ਕੋਲ ਲਿਆ ਕੇ ਉਸ ਨੂੰ ਸਮਝਾਉ ਤੇ ਸਾਨੂੰ ਜਿੱਦਾਂ ਵੀ ਕਹਿੰਦਾ ਹੈ ਉਸ ਤਰ੍ਹਾਂ ਚਿੱਠੀ ਛੇਤੀ ਤੋਂ ਛੇਤੀ ਪਾਉ। ਜਦੋਂ ਸਾਨੂੰ ਉਸ ਬੰਦੇ ਤੋਂ ਇਨ੍ਹਾਂ ਗੱਲਾਂ ਪਤਾ ਲੱਗਾ ਹੈ ਅਸੀਂ ਫ਼ਿਕਰਮੰਦ ਹਾਂ। ਚਾਚੀ ਜੀ ਇਹ ਹੁਣ ਤੁਹਾਡਾ ਹੀ ਪੁੱਤ ਹੈ। ਇਹ ਨੂੰ ਪਤਿਆਕੇ ਰੱਖੋ। ਚਾਚੇ ਨੇ ਹੁਣ ਕਦੋਂ ਨੂੰ ਆਉਣਾ ਹੈ ਸਾਨੂੰ ਪੱਕੀ ਤਾਰੀਕ ਦੱਸੋ। ਵਾਰ ਵਾਰ ਤਾਕੀਦ ਹੈ ਕਿ ਸਾਨੂੰ ਚਿੱਠੀ ਮਿਲਦੇ ਸਾਰ ਹੀ ਜਵਾਬ ਦਿਉ। ਸਾਨੂੰ ਬੜਾ ਫਿਕਰ ਹੈ। ਸਾਡੇ ਸਾਰਿਆ ਵੱਲੋਂ ਆਪ ਸਾਰਿਆਂ ਨੂੰ ਸਤਿ ਸ੍ਰੀ ਅਕਾਲ

ਆਪ ਦੀ ਪੁੱਤਰੀ - ਭਾਗੋ

ਇਹ ਚਿੱਠੀ ਪੜ੍ਹ ਕੇ ਮੇਰੇ ਤਾਂ ਜਿਵੇਂ ਮਾਪੇ ਹੀ ਮਰ ਗਏ ਸਨ। ਮਾਇਆ ਦੀ ਸਰਪਣੀ ਮਮਤਾ ਨੂੰ ਸਾਬਤ ਸਬੂਤਿਆਂ ਨਿਗਲ ਰਹੀ ਹੈ। ਤੇ ਅਜੀਬ ਗੱਲ ਇਹ ਹੈ ਕਿ ਮਾਇਆ ਦੇ ਪਚਾਕਿਆਂ ਵਿੱਚ ਮਮਤਾ ਦੇ ਪਚਾਕੇ ਰਲੇ ਮਿਲੇ ਹੋਏ ਹਨ। ਉਹ ਮੇਰੇ ਖੁਦਾਇਆ, ਮੈਂ ਇਹ ਕੀ ਦੇਖ ਰਿਹਾ ਹਾਂ :

ਰੜੇ ਮੈਦਾਨ ਵਿੱਚ ਗੋਗਲਿਆਂ ਦਾ ਮੋਹਲੇਧਾਰ ਮੀਂਹ ਪੈ ਰਿਹਾ ਹੈ। ‘‘ਚੰਨੀ ਪੁੱਤ, ਕਰ ਲੈ ਕੱਠੇ ਜਿੰਨੇ ਕਰ ਹੁੰਦੇ ਆ। ਇਹ ਗੋਗਲਿਆਂ ਦਾ ਮੀਂਹ ਰੋਜ਼ ਰੋਜ਼ ਨਹੀਂ ਪੈਣਾ।’’ ਇੱਕ ਚੀਕ ਵਰਗੀ ਚੇਤਾਵਨੀ ਉਜਾੜ ਬੀਆਬਾਣ ਵਿੱਚ ਕੁਰਲਾ ਰਹੀ ਹੈ। ਚੰਨੀ ਗੋਗਲਿਆਂ ਨਾਲ ਪੱਲੇ ਦੇ ਭਰਾੜ ਵਿੱਚੀਂ ਹੇਠਾਂ ਕਿਰ ਰਹੇ ਹਨ। ਉਹ ਪਾਗਲਾਂ ਵਾਂਗ ਉਨ੍ਹਾਂ ਨੂੰ ਜੱਫ਼ੇ ਮਾਰ ਰਿਹਾ ਹੈ।

ਗੋਗਲਿਆਂ ਦੀ ਗੜ੍ਹੇਮਾਰ ਹੇਠ ਉਸ ਦੇ ਨੰਗੇ ਸਿਰ ਵਿੱਚੋਂ ਖ਼ੂਨ ਦੀਆਂ ਘਰਾਲਾਂ ਵਗ ਰਹੀਆ ਹਨ।

‘‘ਮੁੜ ਆ ਚੰਨੀ। ਹੁਣ ਇਸੇ ਘੜੀ।’’ ਮੈਂ ਤੈਨੂੰ ਡਿਕਟੇਟ ਕਰ ਰਿਹਾ ਹਾਂ।’’ ਪਰ ਮੇਰੀ ਖੁਸ਼ਕ ਹੋਈ ਜ਼ਬਾਨ ਮੋਏ ਚਮੜੇਹਾਰ ਤਾਲੂ ਚਿਪਕੀ ਹੋਈ ਹੈ। ਮੈਥੋਂ ਕੁਝ ਵੀ ਤਾਂ ਬੋਲਿਆ ਨਹੀਂ ਜਾ ਰਿਹਾ। □



ਮੋਹਨ ਭੰਡਾਰੀ ਦੀ ਸ਼ਾਹਕਾਰ ਕਹਾਣੀ

# ਮਨੁੱਖ ਦੀ ਪੈੜ

**ਉਸ ਰਾਤ ਬੁੱਡਾ ਬਸੰਤਾ ਵਿਹੜੇ ’ਚ ਗੇੜੇ ਕੱਢਦਾ ਰਿਹਾ। ਉਹ ਮਾਰੂ ਚਾਹ ਵਾਰ-ਵਾਰ ਪੀਂਦਾ ਰਿਹਾ। ਉਹਦੀ ਨੀਂਦ ਪਤਾ ਨਹੀਂ ਕਿੱਥੇ ਉਡ ਗਈ ਸੀ। ਉਹਦੀਆਂ ਅੱਖਾਂ ਮੜ੍ਹੀ ਦੇ ਦੀਵੇ ਵਾਂਗ ਮੱਚ ਰਹੀਆਂ ਸਨ। ਉਹਦਾ ਖ਼ੂਨ ਉਬਲ ਰਿਹਾ ਸੀ। ਦੂਜੇ ਦਿਨ ਕਰਤਾਰੇ ਵੈਲੀ ਨੇ ਜੇਲ੍ਹ ’ਚੋਂ ਬਾਹਰ ਆਉਣਾ ਸੀ। ਰਾਤ ਸਰਾਲ ਵਾਂਗ ਹੌਲੀ ਹੌਲੀ ਤੁਰ ਰਹੀ ਸੀ। ਉਹਦੇ ਮਨ ’ਚ ਅਜੀਬ ਅਜੀਬ ਵਿਚਾਰ ਪੈਦਾ ਹੋ ਰਹੇ ਸਨ। ਕਰਤਾਰੇ ਨੂੰ ਉਹ ਕਿਸ ਹਥਿਆਰ ਨਾਲ ਮਾਰੇ? ਤਲਵਾਰ ਨਾਲ ਜਾਂ ਕਿਸੇ ਹੋਰ ਹਥਿਆਰ ਨਾਲ। ਉਹਦਾ ਬਾਪੂ ਤਾਂ ਡਾਂਗ ਲੱਗਣ ਨਾਲ ਹੀ ਮਰ ਗਿਆ ਸੀ।**

ਬੁੱਢੇ ਬਸੰਤੇ ਹੇਠਲੀ ਥਾਂ ਸਿੱਲ੍ਹੀ ਸਿੱਲ੍ਹੀ ਹੋ ਗਈ। ਉਹ ਉਥੋਂ ਉਠ ਕੇ ਰਤਾ ਪਰ੍ਹਾ ਪਰ੍ਹਾਂ ਹੋਇਆ ਤਾਂ ਉੱਥੇ ਉਹਨੂੰ ਦੋ ਪੈੜਾਂ ਦਿਸੀਆਂ। ਇਕ ਪੈੜ ਨਿੱਕੀ ਜਿਹੀ ਸੀ, ਬੌਣੀ ਪੈੜ। ਦੂਜੀ ਪੈੜ ਪੂਰੇ ਪੈਰ ਦੀ ਸੀ, ਸਾਬਤੀ ਪੈੜ।

ਇਕ ਪਾਸੇ ਹਟ ਕੇ ਖੜ੍ਹਾ ਉਹ ਆਪਣੀਆਂ ਪੈੜਾਂ ਵੇਖੀ ਜਾ ਰਿਹਾ ਸੀ।

ਉਹਨੂੰ ਲੱਗਿਆ ਜਿਵੇਂ ਉਹ ਇਕ ਨਹੀਂ, ਡੂਢ ਆਦਮੀ ਹੋਵੇ, ਇਕ ਸਾਬਤ ਪੈੜ ਵਾਲਾ ਬੰਦਾ ਤੇ ਦੂਜਾ ਅੱਧਾ ਮਨੁੱਖ। ਬੌਣਾ ਆਦਮੀ । ਨਿੱਕੀ ਪੈੜ ਬੌਣੇ ਮਨੁੱਖ ਦੀ ਹੀ ਤਾਂ ਹੋ ਸਕਦੀ ਸੀ।

ਉਥੇ ਖੜ੍ਹਾ ਉਹ ਬੇ-ਸਿਰ ਪੈਰ ਗੱਲਾਂ ਸੋਚੀ ਜਾ ਰਿਹਾ ਸੀ। ਉਹ ਗੱਲਾਂ ਜਿਨ੍ਹਾਂ ਦਾ ਉਹਦੀ ਆਪਣੀ ਜ਼ਿੰਦਗੀ ਨਾਲ ਦੂਰ ਦਾ ਵੀ ਵਾਹ ਨਹੀਂ ਸੀ। ਬਿਲਕੁਲ ਉਵੇਂ ਜਿਵੇਂ ਕੋਈ ਮਜਬੂਰ ਔਰਤ ਆਪਣੇ ਸ਼ਰਾਬੀ ਪਤੀ ਤੋਂ ਕੁੱਟ ਖਾ ਕੇ ਸੋਚਾਂ ’ਚ ਡੁੱਬੀ, ਧਰਤੀ ’ਤੇ ਲਕੀਰਾਂ ਖਿੱਚੀ ਜਾਵੇ ਤੇ ਫੇਰ ਉਨ੍ਹਾਂ ਲਕੀਰਾਂ ਦੇ ਬੇ-ਸਿਰ ਅਰਥ ਕੱਢੇ।

ਬੁੱਢੇ ਬਸੰਤੇ ਦੀ ਹਾਲਤ ਇੰਨ ਬਿੰਨ ਇਕ ਬੇਕਸੂਰ ਕੁੱਟੀ ਹੋਈ ਤੀਵੀਂ ਵਰਗੀ ਹੋ ਗਈ ਸੀ। ਸਮੇਂ ਦੀਆਂ ਸੱਟਾਂ ਦਾ ਭੰਨਿਆ, ਉਥੇ ਖੜ੍ਹਾ ਉਹ ਆਪਣੀਆਂ ਪੈੜਾਂ ਵੇਖੀ ਜਾ ਰਿਹਾ ਸੀ।

ਉਹ ਇਕ ਦਮ ਸੰਭਲ ਕੇ ਬਹਿ ਗਿਆ, ਉਹ ਸ਼ਿਕਾਰੀ ਵਾਂਗ ਜਿਸ ਨੂੰ ਸ਼ਿਕਾਰ ਟੱਕਰ ਜਾਣ ਦੀ ਪੂਰੀ ਉਮੀਦ ਹੋ ਗਈ ਹੋਵੇ। ਅਜਿਹੇ ਮੌਕੇ ’ਤੇ ਕੋਤਾਹੀ ਘਾਤਕ ਸਾਬਤ ਹੋ ਸਕਦੀ ਹੈ। ਅੱਖ ਝਮਕੀ ਨਹੀਂ ਤੇ ਸ਼ਿਕਾਰ ਖਿਸਕਿਆ ਨਹੀਂ। ਸ਼ਿਕਾਰ ਕਿਸੇ ਵੇਲੇ ਵੀ ਨਿਕਲ ਸਕਦਾ ਹੈ। ਉਹਦੀਆਂ ਅੱਖਾਂ ’ਚ ਮਾਰੂ ਚਾਹ ਦਾ ਨਸ਼ਾ ਹੋਰ ਗੂੜ੍ਹਾ ਹੋ ਗਿਆ।

ਅੱਖਾਂ ਉਹਦੇ ਸਾਰੇ ਨਾਕਿਆਂ ’ਤੇ ਗੱਡ ਦਿਤੀਆਂ।

ਉਹਨੂੰ ਇੰਜ ਲੱਗਾ ਜਿਵੇਂ ਸਾਰੀ ਉਮਰ ਹੀ ਉਹ ਨਾਕਿਆਂ ’ਤੇ ਬੈਠਾ ਰਿਹਾ ਹੋਵੇ ਤਾਂ ਕਿ ਕੋਈ ਚੀਜ਼ ਚੋਰੀ ਕਰ ਕੇ ਨਾ ਲੈ ਜਾਵੇ। ਪਰ ਵੈਰੀ ਉਨ੍ਹਾਂ ਦੀਆਂ ਅੱਖਾਂ ’ਚ ਘੱਟਾ ਪਾ ਕੇ ਕੁਝ ਨਾ ਕੁਝ ਲੈ ਜਾਂਦਾ ਰਿਹਾ ਸੀ।

ਉਹਨੂੰ ਇਕ ਘਟਨਾ ਯਾਦ ਆਈ। ਉਦੋਂ ਉਹ ਮਸਾਂ ਪੰਦਰਾਂ ਵਰ੍ਹਿਆਂ ਦਾ ਸੀ। ਬਾਪੂ ਉਹਦਾ ਦੂਰ ਕਿਤੇ ਡੰਗਰਾਂ ਦੀ ਮੰਡੀ ’ਤੇ ਜਾਣ ਬਾਬਤ ਕਹਿ ਗਿਆ ਸੀ। ਜਾਂਦਾ ਜਾਂਦਾ ਕਪਾਹ ਦੀ ਰਾਖੀ ਲਈ ਉਹ ਉਹਨੂੰ ਕਹਿ ਗਿਆ।

ਰਾਤ ਭਰ ਦੀ ਤਾਂ ਸਾਰੀ ਗੱਲ ਸੀ। ਦੂਜੇ ਦਿਨ ਉਹਨੇ ਪਰਤ ਆਉਣਾ ਸੀ। ਦਿਨ ਛਿਪਦੇ ਨਾਲ ਉਹ ਕਪਾਹ ਦੇ ਖੇਤ ਵਿਚ ਡਾਂਗ ਲੈ ਕੇ ਆ ਬੈਠਾ। ਰਾਤ ਸਾਰੀ ਦੀ ਸਾਰੀ ਉਹ ਜਾਗਦਾ ਰਿਹਾ। ਚੋਰ ਦਾ ਕੀ ਪਤਾ ਕਦੋਂ ਆ ਨਿਕਲੇ? ਉਹਨੂੰ ਤੌਖ਼ਲਾ ਸੀ।

ਸਵੇਰ ਦੀ ਰੁਮਕਦੀ ਹਵਾ ਨੇ ਉਹਦੇ ਉਤੇ ਜਾਦੂ ਵਰਗਾ ਅਸਰ ਕੀਤਾ। (ਨਿੱਕਾ ਹੁੰਦਾ ਉਹ ਨਾ ਸੌਣ ਦੀ ਜ਼ਿੱਦ ਕਰਦਾ ਵੀ ਆਪਣੀ ਮਾਂ ਦੀ ਗੋਦ ’ਚ ਬੈਠਣ ਸਾਰ ਘੂਕ ਸੌਂ ਜਾਂਦਾ ਸੀ) ਉਹਦੀ ਅੱਖ ਲੱਗ ਗਈ। ਹਵਾ ਦੇ ਰੁਮਕਦੇ ਬੁੱਲ੍ਹਿਆਂ ’ਚ ਮਾਂ ਦੀਆਂ ਥਪਕੀਆਂ ਵਰਗਾ ਸੁਆਦ ਉਹ ਮਾਣ ਰਿਹਾ ਸੀ।

ਜਦ ਉਹਦੀ ਅੱਖ ਖੁੱਲ੍ਹੀ ਤਾਂ ਕਪਾਹ ਦਾ ਇਕ ਕਿਆਰਾ ਸਾਫ਼ ਹੋਇਆ ਪਿਆ ਸੀ। ਉਹਦੇ ਅੱਖ ਝਮਕਦੇ ਸਾਰ ਕੋਈ ਕਪਾਹ ਚੁਗ ਕੇ ਲੈ ਗਿਆ ਸੀ।

ਇਕ ਪਾਸੇ ਡਾਂਗ ਧਰ ਕੇ ਉਹ ਆਪਣੇ ਪੈਰ ਪਲੋਸਣ ਲੱਗ ਪਿਆ। ਪੈਰਾਂ ’ਤੇ ਹੀ ਬਾਪੂ ਉਹਦੇ ਨੇ ਬਹੁਤੀਆਂ ਡਾਂਗਾਂ ਮਾਰੀਆਂ ਸਨ। ਕੁੱਟ ਪੈਣ ਵੇਲੇ ਉਹਨੂੰ ਬੋਹਤਾ ਦੁੱਖ ਨਹੀਂ ਸੀ ਹੋਇਆ। ਰੋਇਆ ਵੀ ਉਦੋਂ ਬਹੁਤ ਘੱਟ ਸੀ। ਪਰ ਰਾਤ ਵੇਲੇ ਉਹਦਾ ਰੋਣਾ ਬੰਦ ਨਹੀਂ ਸੀ ਹੋਣ ’ਤੇ ਆਉਂਦਾ ਜਦੋਂ ਉਹਨੂੰ ਪਤਾ ਲੱਗਾ ਕਿ ਬਾਪੂ ਉਹਦਾ ਮੰਡੀ ਨਹੀਂ ਸੀ ਗਿਆ। ਸਗੋਂ ਉਹ ਤਾਂ ਕਰਤਾਰੇ ਵੈਲੀ ਨਾਲ ਸਾਰੀ ਰਾਤ ਸ਼ਰਾਬ ਪੀਂਦਾ ਰਿਹਾ ਸੀ।

ਬਾਪੂ ਉਹਦਾ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਹੋਇਆ ਸੀ। ਸ਼ਰਾਬ ਪੀਣੋਂ ਨਹੀਂ ਸੀ ਟਲਦਾ। ਰੋਜ਼ਾ ਕਿਸੇ ਨਾਲ ਕਿਸੇ ਨਾਲ ਉਹਦੀ ਖਹਿਬੜਬਾਜ਼ੀ ਹੁੰਦੀ। ਇਕ ਦਿਨ ਉਹ ਤੇ ਕਰਤਾਰਾ ਵੈਲੀ ਸ਼ਰਾਬ ਪੀਂਦੇ-ਪੀਂਦੇ ਲੜ ਪਏ। ਡਾਂਗ ਚੱਲੀ। ਕਰਤਾਰੇ ਵੈਲੀ ਨੇ ਇਕ ਡਾਂਗ ਉਹਦੇ ਕਪਾਲ ’ਚ ਮਾਰੀ। ਉਹ ਥਾਂ ’ਤੇ ਹੀ ਚਿੱਤ ਹੋ ਗਿਆ।

ਕਰਤਾਰੇ ਵੈਲੀ ਨੂੰ ਉਮਰ ਕੈਦ ਦੀ ਸਜ਼ਾ ਹੋਈ।

ਹੁਣ ਘਰ ਦਾ ਸਾਰਾ ਭਾਰ ਬਸੰਤੇ ਦੇ ਸਿਰ ਆ ਪਿਆ। ਖੇਤੀ ਉਸ ਤੋਂ ਹੁਣ ਨਹੀਂ ਸੀ ਸਕਦੀ। ਉਸ ਜ਼ਮੀਨ ਵੇਚ ਦਿੱਤੀ। ਹੋਰ ਮੱਝਾਂ ਖ਼ਰੀਦ ਲਈਆਂ। ਸਵੇਰੇ ਸਵੇਰੇ ਉਹ ਮੱਝਾਂ ਦੀਆਂ ਧਾਰਾਂ ਕੱਢਦਾ ਤੇ ਸਾਰਾ ਦੁੱਧ ਦੋਧੀਆਂ ਦੇ ਢੋਲ ’ਚ ਪਾ ਦੇਂਦਾ।

ਆਪ ਉਹ ਪਤੀਲਾ ਭਰ ਕੇ ਮਾਰੂ ਚਾਹ ਕਰ ਲੈਂਦਾ। ਬਿਨਾਂ ਦੁੱਧ ਦੀ ਇਕ ਛਿੱਟ ਦੇ ਚਾਹ। ਪਤੀਲੇ ’ਚੋਂ ਉਹ ਚਾਹ ਦਾ ਗਲਾਸ ਭਰਦਾ। ਚਾਹ ਪੀਂਦਾ ਰਹਿੰਦਾ। ਵਿਹੜੇ ’ਚ ਚੱਕਰ ਕੱਢਦਾ ਰਹਿੰਦਾ। ਸਾਲਾਂ ਦੀ ਗਿਣਤੀ ਕਰਦਾ ਰਹਿੰਦਾ। ਕਰਤਾਰੇ ਨੂੰ ਕੈਦ ਹੋਈ ਨੂੰ ਕਿੰਨੇ ਸਾਲ ਹੋ ਗਏ। ਕਿੰਨੇ ਬਾਕੀ ਰਹਿ ਗਏ। ਜਿਉਂ ਜਿਉਂ ਮਾਰੂ ਚਾਹ ਉਹਦੇ ਕਾਲਜੇ ਤੇ ਸੱਲ੍ਹ ਕਰਦੀ ਉਹਨੂੰ ਰੋਹ ਚੜ੍ਹੀ ਜਾਂਦਾ। ਉਹਨੂੰ ਸਮੇਂ ’ਤੇ ਗੁੱਸਾ ਆਉਂਦਾ ਜੋ ਮੁੱਕਣ ’ਚ ਹੀ ਨਹੀਂ ਸੀ ਆ ਰਿਹਾ। ਕਦੋਂ ਕਰਤਾਰਾ ਵੈਲੀ ਪਿੰਡ ਆਵੇ ਤੇ ਕਦੋਂ ਉਹ ਉਹਦੀ ਬੋਟੀ ਬੋਟੀ ਕਰੇ। ਉਹਨੂੰ ਕੱਢ ਕੇ ਹੀ ਉਹ ਚਾਹ ’ਚ ਦੁੱਧ ਪਾ ਕੇ ਪੀਵੇਗਾ, ਉਹਦਾ ਇਹ ਪ੍ਰਣ ਸੀ।

ਕਿੰਨੇ ਹੀ ਸਾਲਾਂ ਤੋਂ ਉਹ ਆਪਣਾ ਇਹ ਪ੍ਰਣ ਨਿਭਾਉਂਦਾ ਚਲਿਆ ਆ ਰਿਹਾ ਸੀ। ਚੌਦਾਂ ਸਾਲ! ਉਹ ਆਪਣੀਆਂ ਉਂਗਲਾਂ ਉਤੇ ਗਿਣਦਾ। 'ਸਾਲ ਮੁੱਕਣ ’ਚ ਨਹੀਂ ਆਉਂਦੇ। ਚੌਦਾਂ ਸਾਲ ਨਾ ਹੋਣ ਜਿਵੇਂ ਸੌ ਸਾਲ ਹੋਣ। ਮਰ-ਮਰ ਕੇ ਇਕ ਵਰ੍ਹਾ ਕੱਢੀਦਾ ਹੈ।’

ਉਹ ਚਾਹ ਪੀਂਦਾ ਹੋਇਆ ਵੀ ਬੁੜ ਬੁੜ ਕਰੀ ਜਾਂਦਾ। ਦੋਧੀਆਂ ਨੂੰ ਗਾਲ੍ਹਾਂ ਕੱਢਦਾ ਰਹਿੰਦਾ। ਜਿਹੜੇ ਦੁੱਧ ਦਾ ਤਾਂ ਪੈਸੇ ਪੈਸੇ ਦਾ ਹਿਸਾਬ ਰੱਖਦੇ ਸਨ। ਪਰ ਕਰਤਾਰੇ ਦੀ ਕੈਦ ਦਾ ਲੰਘ ਚੁਕਿਆ ਸਮਾਂ ਨਹੀਂ ਸਨ ਦੱਸ ਸਕਦੇ।

'ਸਾਲੇ ਮੂਰਖ, ਬਹੁਤੇ ਹਿਸਾਬੀ।’ ਉਹ ਚਾਹ ਪੀਂਦਾ-ਪੀਂਦਾ ਜਦੋਂ ਹੱਸਦਾ ਤਾਂ ਉਹਨੂੰ ਹੱਥੂ ਛਿੜ ਜਾਂਦਾ ਤੇ ਫਿਰ ਉਹ ਘੰਟਾ-ਘੰਟਾ ਖੰਘਦਾ ਰਹਿੰਦਾ। ਗਾਲ੍ਹਾਂ ਕੱਢੀ ਜਾਂਦਾ। ਆਪਣੇ ਆਪ ’ਤੇ ਉਹਨੂੰ ਖਿਝ ਆਉਂਦੀ। ਚੌਦਾਂ ਸਾਲਾਂ ਦੀ ਗਿਣਤੀ ਕਰਦਾ ਕਰਦਾ ਉਹ ਭੁਲ ਜਾਂਦਾ ਸੀ।

ਫੇਰ ਉਹਨੂੰ ਇਕ ਤਰਕੀਬ ਸੁੱਝੀ। ਬਹੁਤ ਵਧੀਆ ਤਰਕੀਬ। ਉਸ ਦਿਨ ਉਹਨੂੰ ਐਨਾ ਹਾਸਾ ਆਇਆ ਕਿ ਉਹਨੂੰ ਹੱਥੂ ਆ ਗਿਆ। ਉਹਦੇ ਕਾਲਜੇ ’ਚ ਚੀਸ ਹੋਈ ਤੇ ਉਹ ਉਛਲ ਗਿਆ। ਘਬਰਾਇਆ ਵੀ।

ਮਾਰੂ ਚਾਹ ਵਰਗੇ ਲਹੂ ਦਾ ਛੱਪੜ ਉਹਦੇ ਸਾਹਮਣੇ ਪਿਆ ਸੀ। ਕੀ ਉਹਦੇ ਅੰਦਰ ਅਜੇ ਵੀ ਐਨਾ ਲਹੂ ਸੀ? ਕੀ ਉਹਦੇ ਅੰਦਰ ਅਜੇ ਵੀ ਐਨਾ ਲਹੂ ਸੀ? ਉਹ ਬੜਾ ਹੈਰਾਨ ਹੋਇਆ। ਉਹ ਸਮਝਦਾ ਸੀ ਕਿ ਮਾਰੂ ਚਾਹ ਨੇ ਹੁਣ ਤੱਕ ਉਹਦਾ ਲਹੂ ਸੁਕਾ ਦਿੱਤਾ ਹੋਵੇਗਾ। 'ਤਾਂ ਮੇਰੇ ਅੰਦਰ ਅਜੇ ਬਹੁਤ ਲਹੂ ਹੈ। ਫੇਰ ਕੋਈ ਪਰਵਾਹ ਨਹੀਂ। ਮੈਂ ਅਜੇ ਨਹੀਂ ਮਰਦਾ। ਕਰਤਾਰੇ ਵੈਲੀ ਨੂੰ ਮਾਰ ਕੇ ਹੀ ਮਰੂੰਗਾ ਹੁਣ ਤਾਂ।’’

ਉਹਨੇ ਮੰਜੇ ’ਤੇ ਲੰਮੇ ਪਏ ਨੇ ਸੋਚਿਆ ਤੇ ਉਂਗਲਾਂ ਉਤੇ ਗਿਣਿਆ। ਪੂਰੇ ਅੱਠ ਸਾਲ ਹੋ ਗਏ ਸਨ ਉਹਦੇ ਬਾਪ ਮਰੇ ਨੂੰ। ਕਰਤਾਰਾ ਵੀ ਉਦੋਂ ਹੀ ਕੈਦ ਹੋ ਗਿਆ ਸੀ। ਪੂਰੇ ਅੱਠ ਸਾਲ। ਉਹ ਹਿੰਮਤ ਕਰ ਕੇ ਉਠਿਆ। ਇਕ ਪੱਕੀ ਇੱਟ ਚੁੱਕੀ ਤੇ ਪਹਿਲਾਂ ਰੱਖੀਆਂ ਸੱਤ ਇੱਟਾਂ ਉਪਰ ਰੱਖ ਦਿਤੀ। ਇਕ, ਦੋ, ਤਿੰਨ...ਅੱਠ। ਖੂੰਜੇ ’ਚ ਪਈਆਂ ਇੱਟਾਂ ਦੀ ਉਸ ਫੇਰ ਗਿਣਤੀ ਕੀਤੀ। 'ਅੱਠ ਸਾਲ...’’ ਉਹਨੇ ਕਿਹਾ ਤੇ ਉਹਦਾ ਸਾਹ ਫੁੱਲ ਗਿਆ।

ਇਕ ਦਿਨ ਉਹ ਉਸ ਸ਼ਹਿਰ ਗਿਆ, ਜਿੱਥੇ ਕਰਤਾਰਾ ਵੈਲੀ ਆਪਣੀ ਕੈਦ ਭੁਗਤ ਰਿਹਾ ਸੀ। ਆਪਣੇ ਆਪ ਨੂੰ ਕਰਤਾਰੇ ਵੈਲੀ ਦਾ ਰਿਸ਼ਤੇਦਾਰ ਦੱਸ ਕੇ ਉਹ ਉਹਦੇ ਰਿਹਾ ਹੋਣ ਦੀ ਤਾਰੀਖ ਪੁੱਛ ਆਇਆ।

ਉਹਦੇ ਰਿਹਾ ਹੋਣ ’ਚ ਕੁਝ ਦਿਨ ਹੀ ਬਾਕੀ ਰਹਿ ਗਏ ਸਨ। ਬਾਕੀ ਦੀ ਸਜ਼ਾ ਉਹਦੀ ਮੁਆਫ਼ੀ ਹੋ ਗਈ ਸੀ।

ਬੁੱਢਾ ਬਸੰਤਾ ਉਸ ਦਿਨ ਦਾ ਇੰਤਜ਼ਾਰ ਕਰਨ ਲੱਗਾ। ਉਹ ਦਿਨ ਉਹਦੀ ਜ਼ਿੰਦਗੀ ਦਾ ਇਕ ਬਹੁਤ ਵੱਡਾ ਦਿਨ ਹੋਵੇਗਾ। ਉਸ ਸੋਚਿਆ।

ਉਸ ਰਾਤ ਬੁੱਢਾ ਬਸੰਤਾ ਵਿਹੜੇ ’ਚ ਗੇੜੇ ਕੱਢਦਾ ਰਿਹਾ। ਉਹ ਮਾਰੂ ਚਾਹ ਵਾਰ-ਵਾਰ ਪੀਂਦਾ ਰਿਹਾ। ਉਹਦੀ ਨੀਂਦ ਪਤਾ ਨਹੀਂ ਕਿੱਥੇ ਉਡ ਗਈ ਸੀ। ਉਹਦੀਆਂ ਅੱਖਾਂ ਮੜ੍ਹੀ ਦੇ ਦੀਵੇ ਵਾਂਗ ਮੱਚ ਰਹੀਆਂ ਸਨ। ਉਹਦਾ ਖ਼ੂਨ ਉਬਲ ਰਿਹਾ ਸੀ। ਦੂਜੇ ਦਿਨ ਕਰਤਾਰੇ ਵੈਲੀ ਨੇ ਜੇਲ੍ਹ ’ਚੋਂ ਬਾਹਰ ਆਉਣਾ ਸੀ। ਰਾਤ ਸਰਾਲ ਵਾਂਗ ਹੌਲੀ ਹੌਲੀ ਤੁਰ ਰਹੀ ਸੀ। ਉਹਦੇ ਮਨ ’ਚ ਅਜੀਬ ਅਜੀਬ ਵਿਚਾਰ ਪੈਦਾ ਹੋ ਰਹੇ ਸਨ। ਕਰਤਾਰੇ ਨੂੰ ਉਹ ਕਿਸ ਹਥਿਆਰ ਨਾਲ ਮਾਰੇ? ਤਲਵਾਰ ਨਾਲ ਜਾਂ ਕਿਸੇ ਹੋਰ ਹਥਿਆਰ ਨਾਲ। ਉਹਦਾ ਬਾਪੂ ਤਾਂ ਡਾਂਗ ਲੱਗਣ ਨਾਲ ਹੀ ਮਰ ਗਿਆ ਸੀ।

ਤਲਵਾਰ ਨਾਲ?

ਗੰਡਾਸੇ ਨਾਲ?

ਨਹੀਂ! ਨਹੀਂ!! ਡਾਂਗ ਨਾਲ ਹੀ।

ਦੁਬਿਧਾ ਤਲਵਾਰ ਦੀ ਤਿੱਖੀ ਧਾਰ ਵਾਂਗ ਹੈ। ਮਨੁੱਖ ਮਨ ਇਸ ਉੱਤੇ ਨੰਗੇ ਪੈਰੀਂ ਨਾਚ ਕਰਦਾ ਹੈ। ਆਦਮੀ ਦੀ ਜ਼ਿੰਦਗੀ ’ਚ ਜੇ ਕੋਈ ਸੱਭ ਤੋਂ ਵੱਧ ਉਪਰਾਮਤਾ ਦੀ ਘੜੀ ਹੁੰਦੀ ਹੈ ਤਾਂ ਇਹੀ ਹੈ।

ਉਥੇ ਮੋਢੇ ’ਤੇ ਡਾਂਗ ਧਰੀ ਸ਼ਹਿਰ ਨੂੰ ਤੁਰਿਆ ਜਾ ਰਿਹਾ ਸੀ। ਉਹਦੀ ਖੱਬੀ ਅੱਖ ਫਰਕ ਰਹੀ ਸੀ, ਡੁੱਡੀ ਲੱਤ ਕੰਬ ਰਹੀ ਸੀ। ਅੱਖਾਂ ਉਹਦੀਆਂ ਦੂਰ-ਦੂਰ ਤੱਕ ਵੇਖ ਰਹੀਆਂ ਸਨ। ਨਿਗਾਹ ਉਹਦੀ ਉੱਥੇ ਤੱਕ ਮਾਰ ਕਰ ਰਹੀ ਸੀ ਜਿੱਥੇ ਅਸਮਾਨ ਜ਼ਮੀਨ ਨਾਲ ਲੱਗਿਆ ਪਿਆ ਸੀ।

ਜਿਵੇਂ ਕਰਤਾਰੇ ਵੈਲੀ ਨੇ ਉਥੋਂ ਆਉਣਾ ਹੋਵੇ।

ਉਹ ਸ਼ਹਿਰ ਦੇ ਉਸ ਥਾਂ ਉੱਤੇ ਜਾ ਬੈਠਾ ਜਿਥੋਂ ਦੀ ਆਮ ਤੌਰ ’ਤੇ ਕੈਦੀ ਰਿਹਾ ਹੋ ਕੇ ਨਿਕਲਦੇ ਸਨ।

ਅੱਖਾਂ ਉਹਨੇ ਸਾਰੇ ਨਾਕਿਆਂ ’ਤੇ ਗੱਡ ਦਿੱਤੀਆਂ। ਉਹ ਉਡੀਕਦਾ ਰਿਹਾ... ਉਡੀਕਦਾ ਰਿਹਾ...

ਉਸ ਨੂੰ ਅੱਚਵੀਂ ਲੱਗ ਪਈ।

ਸਮਾਂ ਕੀੜੀ ਦੀ ਤੌਰ ਤੁਰ ਰਿਹਾ ਸੀ।

ਉਥੋਂ ਹਟ ਕੇ ਕੁਝ ਕੁ ਗਜ਼ਾਂ ਦੀ ਵਿੱਥ ’ਤੇ ਇਕ ਬੁੱਢਾ ਧੁੱਪ ਸੇਕ ਰਿਹਾ ਸੀ। ਬਸੰਤਾ ਉਹਦੇ ਕੋਲ ਚਲਿਆ ਗਿਆ।

''ਬਾਬਾ ਕਿਥੋਂ ਆਇਐਂ?’’ ਬਸੰਤੇ ਨੇ ਸਮਾਂ ਲੰਘਾਉਣ ਲਈ ਉਹਦੇ ਨਾਲ ਗੱਲ ਕਰਨੀ ਚਾਹੀ।

''ਖੂਹ ’ਚੋਂ!’

''ਜਾਣਾ ਕਿੱਥੇ ਹੈ?’

'ਖਾਤੇ ’ਚ।’

ਬਸੰਤਾ ਚੁੱਪ ਹੋ ਗਿਆ। ਬੁੱਢਾ ਅਤਿ ਦੁਖੀ ਲੱਗਦਾ ਸੀ। ਬਾਬੇ ਨੇ ਅੱਖਾਂ ਉਘਾੜ ਕੇ ਉਹਦੇ ਵੱਲ ਵੇਖਣ ਦੀ ਕੋਸ਼ਿਸ਼ ਕੀਤੀ ਪਰ ਬਾਹਰਲੇ ਚਾਨਣ ਦੀ ਤਾਬ ਨਾ ਝੱਲ ਸਕੀ। ਉਹਦੇ ਡੇਲੇ ਹੌਲੀ ਹੌਲੀ ਅੰਦਰ ਨੂੰ ਧਸ ਗਏ।

'ਕੌਣ ਐ ਉਏ ਤੂੰ?’ ਬੁੱਢੇ ਦੀ ਆਵਾਜ਼ ਪਹਿਲਾਂ ਨਾਲੋਂ ਵੀ ਕੁਰਖ਼ਤ ਸੀ।

'ਬਾਬਾ ਮੈਂ ਬਹੁਤ ਦੁਖੀ ਹਾਂ।’ ਬਸੰਤੇ ਦਾ ਮਨ ਭਰ ਆਇਆ।

'ਫੇਰ ਬੁੱਕਦਾ ਕਿਉਂ ਐ। ਏਥੇ ਤਾਂ ਸਾਰੀ ਦੁਨੀਆ ਹੀ ਦੁਖੀ ਐ। ਦੇਖਣ ਨੂੰ ਤਾਂ ਚੰਗਾ ਭਲਾ ਲਗਦੈ।’

ਬਸੰਤੇ ਨੇ ਰੱਬ ਦਾ ਸ਼ੁਕਰ ਕੀਤਾ ਕਿ ਬਾਬਾ ਆਖਰ ਕੁਝ ਬੋਲ ਤਾਂ ਪਿਆ ਸੀ। ਬੁੱਢੇ ਬਸੰਤੇ ਦੀਆਂ ਸਿਸਕੀਆਂ ਬੁੱਢੇ ਨੂੰ ਸੁਣਾਈ ਦਿੱਤੀਆਂ। ਬਸੰਤਾ ਸੱਚੀਉਂ ਰੋ ਪਿਆ ਸੀ। ਬੁੱਢਾ ਉਠ ਕੇ ਉਹਦੇ ਕੋਲ ਆ ਗਿਆ।

ਦੋ ਦੁਖੀ ਮਨੁੱਖ ਉੱਥੇ ਬੈਠੇ ਚੁੱਪ ਭਾਸ਼ਾ ਰਾਹੀਂ ਇਕ ਦੂਜੇ ਦਾ ਦਰਦ ਵੰਡਾ ਰਹੇ ਸਨ। ਅਜਿਹੇ ਸਮੇਂ ਮਨੁੱਖ ਦੇ ਕੋਲ ਹੋਣ ਦਾ ਅਹਿਸ-ਾਸ ਬੜਾ ਸੁਖਾਵਾਂ ਲੱਗਦਾ ਸੀ।

'ਦੁਖੀ ਤਾਂ ਮੈਂ ਵੀ ਬੜਾ ਹਾਂ। ਪਰ ਮਨ ਕੁਝ ਇਸ ਤਰ੍ਹਾਂ ਦਾ ਹੋ ਗਿਆ ਹੈ ਜਿਵੇਂ ਦੁੱਖ ਤਾਂ ਹੁੰਦੇ ਹੀ ਹਨ। ਇਨ੍ਹਾਂ ਬਾਰੇ ਕੋਈ ਕਿਸੇ ਨੂੰ ਕੀ ਦੱਸੇ?

ਬਾਬਾ ਹੌਲੀ ਹੌਲੀ ਬੋਲ ਪਿਆ।

ਬਸੰਤਾ ਚੁੱਪ ਕੀਤਾ ਬੈਠਾ ਰਿਹਾ।

'ਚੰਗਾ ਬਾਬਾ, ਕੋਈ ਗੱਲ ਸੁਣਾ, ਐਸ ਵੇਲੇ ਚੁੱਪ ਮੈਨੂੰ ਵਿਹੁ ਵਰਗੀ ਲਗਦੀ ਐ।’ ਬਸੰਤਾ ਚਾਰੇ ਪਾਸੇ ਤੱਕਦਾ ਹੋਇਆ ਬੋਲਿਆ।

'ਹੱਡ ਬੀਤੀ ਕਿ ਜੱਗ-ਬੀਤੀ? ਬਾਬਾ ਲੱਤਾਂ ਸਿੱਧੀਆਂ ਕਰਨ ਲੱਗਾ ਜਿਵੇਂ ਕੋਈ ਖਾਸ ਗੱਲ ਸੁਣਾਨ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਹੋਵੇ। 'ਜੱਗ-ਬੀਤੀਆਂ ਬੜੀਆਂ ਸੁਣੀਆਂ ਨੇ। ਕੋਈ ਹੱਡ-ਬੀਤੀ ਹੀ ਸਹੀ।’ ਬਾਬੇ ਦੀਆਂ ਅੱਖਾਂ ’ਚ ਵੇਖ ਕੇ ਉਸ ਕੁਝ ਜਾਣਨਾ ਚਾਹਿਆ।

'ਸੁਣਾ ਤਾਂ ਮੈਂ ਤੈਨੂੰ ਦਿੰਨਾ ਪਰ ਸਹੂੰ ਖਾ ਬਈ ਕਿਸੇ ਕੋਲ ਦੱਸਦਾ ਨਹੀਂ।’’

'ਸਹੂੰ ਗਊ ਦੀ, ਬਾਬਾ। ਤੂੰ ਐਨਾ ਈ ਕੱਚਾ ਸਮਝ ਲਿਐ।’

'ਸ਼ਾਬਾਸ਼.. .।’

ਬੁੱਢੇ ਨੇ ਲੰਬਾ ਸਾਹ ਖਿੱਚਿਆ ਤੇ ਬੋਲਣਾ ਸ਼ੁਰੂ ਕੀਤਾ:

'ਉਦੋਂ ਮੈਂ ਸੁਰਤ ਪੂਰੀ ਸੰਭਾਲ ਚੁੱਕਾ ਸਾਂ। ਤੇਰੀ ਉਮਰ ਤੋਂ ਕੁੱਝ ਸਾਲ ਛੋਟਾ ਹੀ ਹੋਵਾਂਗਾ,

Helping you to make Informed Decisions
KULVIR GILL
ਕੁਲਵੀਰ ਗਿੱਲ
Registered Home Inspector
ਗਰੇਟਰ ਟਰਾਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
GHI
OAHI
Ontario association of Certified Home Inspectors
Gill Home Inspection Ltd.
Commercial & Residential

ਪਰ ਹੱਡ ਜ਼ਰਾ ਭਰਵੇਂ ਸਨ। ਸੋ ਚੰਗੇ ਗਭਰੂਆਂ 'ਚ ਗਿਣਿਆ ਜਾਂਦਾ ਸਾਂ। ਜੁਆਨੀ ਅੱਗ ਦੀ ਉਮਰ ਹੁੰਦੀ ਹੈ। ਸੜ ਕੇ ਸੁਆਹ ਵੀ ਹੋ ਸਕਦੀ ਹੈ। ਸੰਭਾਲੀ ਜਾਏ ਤਾਂ ਅਣਹੋਂਦੀਆਂ ਕਰ ਦਿਖਾਉਂਦੀ ਐ। ਪਰ ਸਹੁਰੀ ਸੰਭਲਦੀ ਘੱਟ ਹੀ ਹੈ। ਬੇ-ਥੌਹੀ ਜੁ ਹੋਈ। ਸੋ ਮੈਂ ਅੱਗ ਵਾਂਗ ਮੱਚਣ ਲੱਗਿਆ। ਅੱਗ ਦੀ ਲਾਟ ਵਧਦੀ ਵਧਦੀ ਪਿੰਡ ਦਾ ਬੰਨਾ ਟੱਪ ਗਈ।'

'ਹੂੰ... !' ਬਸੰਤਾ ਜਿਵੇਂ ਖੋ ਗਿਆ ਸੀ। ਸ਼ਾਇਦ ਸੋਚ ਰਿਹਾ ਹੋਵੇ ਕਿ ਉਹਦੀ ਜੁਆਨੀ ਨੂੰ ਖਾ ਜਾਣ ਵਾਲਾ ਬੰਦਾ ਆ ਕਿਉਂ ਨਹੀਂ ਸੀ ਰਿਹਾ। ਉਹਦੇ ਅੰਦਰਲਾ ਬਦਲਾ ਲੈਣ ਦੀ ਭਾਵਨਾ ਦਾ ਸੇਕ ਉਹਨੂੰ ਝੁਲਸੀ ਚਲਿਆ ਜਾ ਰਿਹਾ ਸੀ।

'ਮੈਂ ਇਕ ਕੁੜੀ ਦੀ ਗੱਲ ਦੱਸਣ ਲੱਗਾਂ ਤੈਨੂੰ, ਜਿਸ ਨੂੰ ਮੈਂ ਪਿਆਰ ਕਰਨ ਲੱਗ ਪਿਆ ਸਾਂ। ਮੇਰਾ ਉਹਨਾਂ ਦੇ ਘਰ ਆਉਣ-ਜਾਣ ਵਧਦਾ ਗਿਆ। ਅਸੀਂ ਇਕ ਦੂਜੇ ਨੂੰ ਮਿਲਣ ਲੱਗੇ। ਉਹ ਮੇਰਾ ਧਿਆਨ ਰੱਖਣ ਲੱਗੀ, ਮੈਂ ਉਹਦਾ। ਗੱਲ ਵਧ ਗਈ। ਬਹੁਤ ਵਧ ਗਈ। ਨਾਲ ਲੱਗਦੇ ਪਿੰਡੋਂ ਉਹ ਖੂਹ 'ਤੇ ਆ ਕੇ ਮੈਨੂੰ ਮਿਲਣ ਲੱਗੀ। ਗੱਲ ਕੀ ਇਕ ਦਿਨ ਅਸੀਂ... ਬਸ ਹੋ ਗਿਆ।

ਨਾ ਉਹ ਸੰਭਲ ਸਕੀ ਤੇ ਨਾ ਮੈਂ।' ਉਹ ਰੁਕ ਕੇ ਬੁਲਿਆ।

'ਉਹਦਾ ਵਿਆਹ ਸਾਡੇ ਪਿੰਡ ਹੀ ਹੋ ਗਿਆ। ਅਸੀਂ ਫੇਰ ਇਕ ਦੂਜੇ ਨੂੰ ਮਿਲਣ ਲੱਗੇ। ਉਹਦੇ ਘਰ ਵਾਲੇ ਨਾਲ ਮੇਰਾ ਬੈਠਣ-ਉਠਣ ਸੀ। ਕਦੇ ਕਦਾਈ ਮੇਰੇ ਕੋਲ ਆ ਕੇ ਉਹ ਪੀ ਵੀ ਲੈਂਦਾ ਸੀ। ਮੈਂ ਤਾਂ ਰੋਜ਼ ਪੀਂਦਾ ਹੀ ਸਾਂ।'

ਬਸੰਤਾ ਜਿਵੇਂ ਬੋਲਣਾ ਚਾਹੁੰਦਾ ਹੋਵੇ। ਉਹਨੇ ਬਾਂਹ ਖੜ੍ਹੀ ਕੀਤੀ, ਪਰ ਛੇਤੀ ਹੀ ਠੀਕ ਹੋ ਕੇ ਬੈਠ ਗਿਆ।

'ਉਹ ਮੈਨੂੰ ਮਿਲਦੀ ਤਾਂ ਸੀ ਹੀ, ਪਰ ਕਦੇ ਕਦੇ ਕਿਤੇ ਦੂਰ ਨਿਕਲ ਜਾਣ ਲਈ ਉਕਸਾਉਂਦੀ ਵੀ ਰਹਿੰਦੀ। ਦਿਨ ਬੀਤਦੇ ਗਏ। ਸਾਡਾ ਮਿਲਣ ਜੁਲਣ ਹੋਰ ਵੀ ਵਧ ਗਿਆ।

'ਜੇ ਤੂੰ ਨਹੀਂ ਕੁਝ ਕਰ ਸਕਦਾ ਤਾਂ ਮੈਂ ਹੀ ਸਿਆਪਾ ਨਬੇੜੂੰ। ਮੈਂ ਤੇਰੇ ਨਾਲ ਰਹਿਣ ਦੀ ਸਹੁੰ ਖਾਧੀ ਸੀ ਤੇਰੇ ਨਾਲ ਹੀ ਰਹੂੰ। ਸਾਲਾਂ ਦੇ ਸਾਲ ਬੀਤ ਗਏ, ਤੂੰ ਮੈਨੂੰ ਕਿਤੇ ਕੱਢ ਕੇ ਵੀ ਨਹੀਂ ਲੈ ਜਾ ਸਕਿਆ। ਆਦਮੀਆਂ ਆਲਾ ਕੰਮ ਤੀਮੀ ਨੂੰ ਕਰਨਾ ਪਊ...'

'ਪਤਾ ਨਹੀਂ ਉਹ ਕੀ ਦਾ ਕੀ ਬੋਲੀ ਗਈ। ਪਹਿਲੀ ਵਾਰ ਉਹਦੀਆਂ ਅੱਖਾਂ 'ਚੋਂ ਮੈਨੂੰ ਡਰ ਲੱਗਿਆ।'

'ਫੇਰ?'

'ਬੱਸ ਫੇਰ ਕੀ। ਜਿਹੜੀ ਗੱਲ ਤੋਂ ਮੈਂ ਡਰਦਾ ਸਾਂ, ਉਹੀ ਹੋਈ। ਉਹਨੇ ਸ਼ਰਾਬ 'ਚ ਪਾ ਕੇ ਉਹਨੂੰ ਕੁਝ ਦੇ ਦਿਤਾ। ਮੈਂ ਕੰਬ ਰਿਹਾ ਸਾਂ। ਪਰ ਉਹ ਭੋਰਾ ਵੀ ਨਾ ਘਬਰਾਈ। ਉਥੇ ਉਹ ਅਹਿੱਲ ਪਿਆ ਸੀ। ਇਕ ਮਨੁੱਖ, ਜੋ ਮੇਰਾ ਯਾਰ ਸੀ। ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕੀ ਕਰਾਂ। ਉਹਨੇ ਮੇਰੇ ਸਰ੍ਹਾਣਿਓਂ ਡਾਂਗ ਚੁੱਕੀ ਤੇ ਉਹ ਕਪਾਲ 'ਚ ਕੱਢ ਮਾਰੀ। 'ਲੈ ਬਾਕੀ ਹੁਣ ਤੇਰਾ ਕੰਮ। ਮੈਂ ਆਪਣਾ ਕੰਮ ਮੁਕਾ ਚੱਲੀ ਹਾਂ।' ਉਹਨੈ ਕਿਹਾ ਤੇ ਚਲੀ ਗਈ। ਜਾਂਦੀ-ਜਾਂਦੀ ਕਹਿ ਗਈ, 'ਕਰਤਾਰਿਆ, ਛਿਪੀਂ ਨਾ, ਤੈਨੂੰ ਛੁਡਾਉਣਾ ਮੇਰੇ ਖੱਬੇ ਹੱਥ ਦਾ ਕੰਮ ਐ।'

'ਮੈਂ ਕੈਦ 'ਚ ਸੜਦਾ ਰਿਹਾ। ਉਹ ਕੁਸ਼ ਖਾ ਮਰੀ। ਪਤਾ ਨਹੀਂ, ਬਸ ਮਰ ਗਈ। ਮੈਨੂੰ ਜੇਲ੍ਹ ਵਿਚ ਹੀ ਪਤਾ ਲੱਗਿਆ।'

'ਓਏ ਤੂੰ ਕਰਤਾਰਾ ਵੈਲੀ ਐਂ, ਓਏ ਤੂੰ ਸਾਲਿਆ... ਤੂੰ ਖ਼ੂਨ ਨਹੀਂ ਕੀਤਾ... ਓਏ ਤੂੰ... ਭੈਣ ਦਿਆ...ਓਏ ਤੂੰ ਸੱਚੀ ਨਹੀਂ ਮਾਰਿਆ ਬਾਪੂ ਨੂੰ...ਉਹ... ਹੋ...ਮੇਰੀ ਹੀ ਮਾਂ ਨੇ... ਉਸ ਡੈਣ ਨੇ... ਮੈਂ ਕਿਸ ਤੋਂ ਬਦਲਾ ਲਵਾਂ... ਹਾਏ... ਓਏ... ਮੈਂ ਬਦਲਾ ਕਿਸ ਤੋਂ ਲਵਾਂ...'

ਡੁੱਡਾ ਬਸੰਤਾ ਉਠਿਆ। ਬੌਂਦਲਿਆ ਫਿਰਦਾ ਉਹ ਚਾਹ ਦੀ ਹੱਟੀ ਉੱਤੇ ਗਿਆ। ਬਿਨਾ ਦੁੱਧ ਦੀ ਇਕ ਛਿੱਟ ਦੇ ਉਸ ਚਾਹ ਬਣਵਾਈ। ਉਹ ਚਾਹ ਪੀਂਦਾ ਰਿਹਾ...ਪੀਂਦਾ ਰਿਹਾ...ਪੀਂਦਾ ਰਿਹਾ... ਬੱਸ ਪੀਂਦਾ ਹੀ ਰਿਹਾ...। ਉਹਦੇ ਹੇਠਲੀ ਥਾਂ, ਉਹਦਾ ਆਪਣਾ ਪਸੀਨਾ ਚੋ ਚੋ ਕੇ ਸਿੱਲ੍ਹੀ ਸਿੱਲ੍ਹੀ ਹੋ ਗਈ।

□

# ਭੀਲਣੀ ਦੇ ਬੇਰ

**ਸਵੈਰਾਜ ਸੰਧੂ**

ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਨੂੰ ਹਾਲੇ ਹਫ਼ਤਾ ਕੁ ਹੋਇਆ ਸੀ। ਕਣਕ ਲਗਭਗ ਸਾਂਭੀ ਜਾ ਚੁੱਕੀ ਸੀ। ਖ਼ਾਲੀ ਵੱਢਾਂ ਵਿਚ ਪਿੰਡ ਦੇ ਪਾਲੀ ਮੁੰਡੇ ਐਧਰ-ਓਧਰ ਡੰਗਰ ਚਾਰਦੇ ਢੋਲੇ ਗਾਉਂਦੇ ਫਿਰਦੇ ਸਨ। ਲੋਕਾਂ ਕੋਲ ਫ਼ਸਲ ਸਾਂਭਣ ਪਿੱਛੋਂ ਨਿੱਕੇ ਮੋਟੇ ਕੰਮਾਂ ਵਾਸਤੇ ਵਾਹਵਾ ਵਿਹਲ ਨਿਕਲ ਆਈ ਸੀ ਤੇ ਉਹ ਢਾਣੀਆਂ ਬੰਨ੍ਹ ਕੇ ਪਿੰਡ ਦੇ ਪਿੱਪਲਾਂ-ਬੋਹੜਾਂ ਹੇਠ ਤਾਸ਼ ਖੇਡ ਰਹੇ ਸਨ। ਸਕੂਲਾਂ ਦੀ ਦੌੜ-ਭੱਜ ਤੋਂ ਵਿਹਲੇ ਹੋਏ ਨਿਆਣੇ ਵੀ ਡੰਗਰ ਚਾਰਨ ਜਾਂ ਹੋਰ ਘਰ ਦੇ ਕੰਮਾਂ ਵਿਚ ਘਰਦਿਆਂ ਦੀ ਸਹਾਇਤਾ ਕਰ ਰਹੇ ਸਨ। ਮੇਰੇ ਜ਼ਿੰਮੇ ਘਰ ਦੇ ਡੰਗਰਾਂ ਨੂੰ ਕਣਕਾਂ ਦੇ ਵੱਢਾਂ ਵਿਚ ਚਾਰਨ ਦਾ ਕੰਮ ਲੱਗਾ ਹੋਇਆ ਸੀ। ਮੇਰੀ ਉਮਰ ਉਦੋਂ 12 ਕੁ ਸਾਲਾਂ ਦੀ ਸੀ। ਇਹ ਉਮਰ ਜਵਾਨੀ ਦੀ ਪੌੜੀ ਦਾ ਮੁੱਢਲਾ ਡੰਡਾ ਹੁੰਦੀ ਹੈ। ਅਰਮਾਨ ਤੇ ਵਲਵਲੇ ਘਟਾਵਾਂ ਬੰਨ੍ਹ-ਬੰਨ੍ਹ ਦਿਲ ਦੀ ਪੈਲੀ 'ਤੇ ਵਰ੍ਹਦੇ ਰਹਿੰਦੇ ਹਨ। ਮੇਰੇ ਤੋਂ ਵੱਡਾ ਭਰਾ ਬਾਪੂ ਨਾਲ ਦਾਣੇ ਸਾਂਭਣ ਵਿਚ ਰੁੱਝਾ ਹੋਇਆ ਸੀ। ਮੈਂ ਸਵੇਰੇ ਰੋਟੀ ਪਾਣੀ ਖਾ ਕੇ ਘਰੋਂ ਦੂਰ ਖੁੱਲ੍ਹੇ ਵੱਢਾਂ ਵਿਚ ਡੰਗਰਾਂ ਦਾ ਚੌਣਾ ਲੈ ਕੇ ਪਹੁੰਚ ਜਾਂਦਾ। ਨਿੱਕੇ ਰੁੱਖਾਂ ਦੀ ਛਾਂਵੇਂ ਬੈਠ-ਬੈਠ ਕੇ ਦਿਨ ਲੰਘਾਉਂਦਾ ਤੇ ਸ਼ਾਮ ਨੂੰ ਧੂੜ ਉਡਾਂਦੇ ਪਿੰਡ ਦੇ ਬਾਕੀ ਚੌਣੇ ਨਾਲ ਆਪਣੇ ਡੰਗਰ ਰਲਾ ਕੇ ਘਰ ਪਰਤਦਾ।

ਮੇਰੇ ਡੰਗਰਾਂ ਵਿਚ ਮੱਝਾਂ, ਗਾਂਵਾਂ, ਕੱਟੇ, ਕੱਟੀਆਂ ਆਦਿ ਸ਼ਾਮਲ ਸਨ। ਇਕ ਮਾਰ ਖੁੰਡੀ ਗਾਂ ਜਿਸ ਨੂੰ ਸਾਡੇ ਘਰ ਦੇ ਘੋੜੀ ਗਾਂ ਆਖਦੇ, ਬੜੀ ਡਾਹਢੀ ਸੀ। ਉਸ ਨੂੰ ਰੱਸਾ ਪਾ ਕੇ ਜਦੋਂ ਬੰਦਾ ਪਿੱਛੇ ਮੁੜਦਾ ਤਾਂ ਉਹ ਪਿੱਛੋਂ ਘੁੰਮਕੇ ਸਿੰਙ ਮਾਰਦੀ ਤੇ ਟੱਕਰ ਨਾਲ ਬੰਦੇ ਨੂੰ ਪਰ੍ਹਾਂ ਵਗ੍ਹਾ ਕੇ ਸੁੱਟਦੀ। ਡੰਗਰਾਂ ਨਾਲ ਚਰਨ ਵੇਲੇ ਉਹ ਬਦੋਬਦੀ ਨੱਠ ਕੇ ਲੋਕਾਂ ਦੀਆਂ ਫ਼ਸਲਾਂ ਵਿਚ ਜਾ ਵੜਦੀ ਤੇ ਪਾਲੀ ਨੂੰ ਰੋਣਹਾਕਾ ਕਰ ਮਾਰਦੀ। ਮੈਂ ਭਾਵੇਂ ਹੱਡਾਂ ਪੈਰਾਂ ਦਾ ਖੁੱਲ੍ਹਾ ਤੇ ਛੋਹਲਾ ਸਾਂ ਪਰ ਇਹ ਗਾਂ ਤਾਂ ਨਿਰੀ-ਹਨ੍ਹੇਰੀ ਸੀ। ਇਸ ਗਾਂ ਦੇ ਹੱਥੋਂ ਸਤਿਆ ਹੋਇਆ ਮੈਂ ਬੇਬਸੀ ਵਿਚ ਕਈ ਵਾਰ ਰੋਇਆ ਸਾਂ। ਮੇਰੇ ਮਾਰੇ ਸੋਟਿਆਂ ਦਾ ਵੀ ਉਸ ਉਤੇ ਬਾਹਲਾ ਅਸਰ ਨਾ ਹੁੰਦਾ। ਇਕ ਦੋ ਵਾਰ ਵਿਸਰ-ਭੋਲੇ ਉਹ ਮੈਨੂੰ ਵੀ ਟੱਕਰ ਦਾ ਸਵਾਦ ਚਖਾ ਚੁੱਕੀ ਸੀ। ਜੇ ਘਰਦਿਆਂ ਅੱਗੇ ਮੈਂ ਇਸ ਗਾਂ ਦੇ ਵਤੀਰੇ ਬਾਰੇ ਸ਼ਿਕਾਇਤ ਕਰਦਾ ਤਾਂ ਕੰਮ ਦੇ ਲਾਲਚੀ ਮਾਪੇ ਅਣਸੁਣੀ ਕਰ ਕੇ ਉਲਟਾ ਮੇਰੇ ਖੁੰਬ ਠੱਪ ਦਿੰਦੇ। ਕਿਸੇ ਪਾਸਿਉਂ ਕੋਈ ਰਾਹ ਨਾ ਨਿਕਲਦਾ ਹੋਣ ਕਰ ਕੇ ਇਸ ਗਾਂ ਨਾਲ ਸਾਰਾ ਦਿਨ ਸਿਰ ਖਪਾਈ ਕਰਨ ਤੋਂ ਸਿਵਾ ਕੋਈ ਚਾਰਾ ਮੇਰੇ ਲਈ ਨਹੀਂ ਸੀ ਬਚਿਆ। ਭਾਵੇਂ ਮਾਂ ਵਿਚਾਰੀ ਮੇਰੇ ਨਾਲ ਹਮਦਰਦੀ ਕਰਦੀ ਸੀ ਪਰ ਬਾਪੂ ਦੇ ਗੁੱਸੇ ਅੱਗੇ ਬੇਬੱਸ ਉਹ ਚੁੱਪ ਰਹਿਣ ਵਿਚ ਹੀ ਭਲਾ ਸਮਝਦੀ ਸੀ।

ਆਮ ਦਿਨਾਂ ਵਾਂਗ ਇਕ ਦਿਨ ਸੂਰਜ ਦੀ ਟਿੱਕੀ ਉੱਗਣ ਵੇਲੇ ਮੈਂ ਰੋਟੀ ਖਾ ਕੇ ਡੰਗਰਾਂ ਨੂੰ ਘਰੋਂ ਦੂਰ ਟਿੱਬਿਆਂ ਤੋਂ ਪਰ੍ਹਾਂ ਨਿਕਾਸੂ ਨਹਿਰ ਵੱਲ ਲੈ ਗਿਆ। ਨਹਿਰ ਦੇ ਦੋਵੀਂ ਪਾਸੀਂ ਲਾਏ ਰੁੱਖਾਂ ਵਿਚ ਸੰਘਣਾ ਘਾਹ ਲਸ਼ ਲਸ਼ ਕਰ ਰਿਹਾ ਸੀ। ਅਜੇ ਇਸ ਘਾਹ ਵਿਚ ਲੋਕਾਂ ਦੇ ਡੰਗਰ ਚਰਨ ਲਈ ਸਰਕਾਰੀ ਨਿਲਾਮੀ (ਬੋਲੀ) ਨਹੀਂ ਸੀ ਹੋਈ। ਇਸ ਕਰ ਕੇ ਨਹਿਰ ਕੋਲ ਡੰਗਰਾਂ ਦਾ ਫਟਕਣਾ ਵੀ ਜੁਰਮਾਨਾ ਕਰਾ ਸਕਦਾ ਸੀ। ਉਂਝ ਵੀ ਨਹਿਰ ਦੀ ਰੋੜਾਂ ਭਰੀ ਪਟੜੀ 'ਤੇ ਨਹਿਰੀ ਗਾਰਡ ਦੇ ਲਗਾਤਾਰ ਵੱਜਦੇ ਫੇਰੇ ਕਿਸੇ ਨੂੰ ਨੇੜੇ ਆਉਣ ਤੋਂ ਰੋਕਣ ਲਈ ਕਾਫ਼ੀ ਸਨ। ਮਜਬੂਰੀ ਵਸ ਡੰਗਰਾਂ ਨੂੰ ਤਾਜ਼ੀ ਵੱਢੀ ਕਣਕ ਦੇ ਵੱਢਾਂ ਵਿਚ ਹੀ ਚਾਰਨਾ ਪੈਂਦਾ ਸੀ।

ਉਸ ਦਿਨ ਤਾਂ ਮਾਰਖੋਰੀ ਗਾਂ ਨੇ ਅਤਿ ਹੀ ਕਰ ਦਿੱਤੀ। ਇਕ ਪਾਸਿਉਂ ਵਰਜਿਆਂ ਉਹ ਭੂਤਰੀ ਹੋਈ ਨੱਠ ਕੇ ਦੂਜੇ ਪਾਸੇ ਚਲੀ ਜਾਂਦੀ। ਉਤੋਂ ਅਤਿ ਦੀ ਗਰਮੀ ਤੇ ਸਿਖਰ ਦੁਪਹਿਰਾ ਸੀ। ਜੁੱਤੀ ਪੈਰੀਂ ਪਾਉਣ ਤੋਂ ਪਿੱਛੋਂ ਵੀ ਸਖ਼ਤ ਬੁੱਥੇ ਗਿੱਟਿਆਂ ਵਿਚ ਵੱਜਦੇ ਸਨ। ਆਲੇ ਦੁਆਲੇ ਰੇਤਲੇ ਟਿੱਬਿਆਂ ਦੀ ਰੇਤ ਇਸ ਤਪਸ਼ ਵਿਚ ਹੋਰ ਵੀ ਵਾਧਾ ਕਰੀ ਜਾ ਰਹੀ ਸੀ। ਇਸ ਵੇਲੇ ਵੀਹ ਡੰਗਰਾਂ ਦੇ ਚੌਣੇ ਵਿਚ ਪੂਣ ਸਲਾਈ ਵਾਂਗ ਘੁੰਮਦਾ ਮੈਂ ਪਿਆਸ ਤੇ ਗਰਮੀ ਨਾਲ ਬੇਹਾਲ ਹੋਇਆ ਪਿਆ ਸਾਂ। ਬੇਵਸੀ ਵਿਚ ਮੇਰਾ ਰੋਣਾ ਨਿਕਲ ਗਿਆ ਪਰ ਉਥੇ ਵਰਾਉਣ ਵਾਲਾ ਕੌਣ ਸੀ। ਦੂਰ ਤਕ ਬੰਦੇ ਪਰਿੰਦੇ ਦਾ ਤਾਂ ਨਿਸ਼ਾਨ ਵੀ ਨਹੀਂ ਸੀ ਦਿਸਦਾ।

ਮੈਨੂੰ ਅਚਾਨਕ ਮਜ਼ਹਬੀਆਂ ਦਾ 'ਧੀਰਾ' ਗਾਵਾਂ ਚਾਰਨ ਲਈ ਹਿੱਕੀ ਤੁਰਿਆ ਆਉਂਦਾ ਦਿਸਿਆ। ਉਹਦੇ ਡੰਗਰ ਮੇਰੇ ਵੱਲ ਹੀ ਆ ਰਹੇ ਸਨ। ਮੈਂ ਉਹਨੂੰ ਆਪਣੇ ਵਲ ਆਉਂਦਾ ਵੇਖ ਕੇ ਚੈਨ ਦਾ ਸਾਹ ਲਿਆ। ਉਹ ਵਿਆਹਿਆ-ਵਰ੍ਹਿਆ ਸਿਆਣਾ ਬੰਦਾ ਸੀ ਪਰ ਹੈ ਸੀ ਤਾਂ ਹਰੀਜਨ, ਜਿਨ੍ਹਾਂ ਨੂੰ ਉਦੋਂ 'ਉਏ' ਕਹਿ ਕੇ ਬੁਲਾਉਣਾ ਜੱਟਾਂ ਦਾ ਆਮ ਚਲਣ ਸੀ। ਮੈਂ ਵੀ ਉਹਨੂੰ 'ਉਏ ਧੀਰਿਆ' ਆਖ ਮਖ਼ੌਲ ਕੀਤਾ ਜਿਸ ਦਾ ਬੁਰਾ ਮਨਾਉਣ ਦੀ ਥਾਂ ਉਹਨੇ ਹੱਸ ਕੇ ਹੁੰਗਾਰਾ ਭਰਿਆ। ਜਿਵੇਂ ਕਹਿੰਦੇ ਹੁੰਦੇ ਨੇ ਅਖੇ ਨਿਆਣੇ ਜੋ ਕੁੱਝ ਆਲੇ ਦੁਆਲੇ ਵਾਪਰਦਾ ਵੇਖਦੇ ਨੇ ਉਹਨੂੰ ਵੇਖ-ਵੇਖ ਹੀ ਸਿਖਦੇ ਹਨ, ਉਵੇਂ ਹੀ ਉਦੋਂ ਜੋ ਹਾਲਤ ਇਨ੍ਹਾਂ ਲੋਕਾਂ ਦੀ ਸੀ ਉਸੇ ਦਾ ਸਿੱਟਾ ਸੀ ਕਿ ਆਮ ਜੱਟ ਜ਼ਿਮੀਂਦਾਰ ਵੀ ਇਨ੍ਹਾਂ ਨਾਲ ਬੇਇੱਜ਼ਤੀ ਵਾਲਾ ਸਲੂਕ ਕਰਨਾ ਆਪਣੀ ਸ਼ਾਨ ਸਮਝਦੇ ਸਨ।

ਉਹ ਥੋੜੀ ਦੇਰ ਹੀ ਮੇਰੇ ਨੇੜੇ-ਤੇੜੇ ਅਟਕਿਆ ਤੇ ਫੇਰ ਮੂੰਹਜ਼ੋਰ ਗਾਵਾਂ ਨਾਲ ਅਗਾਂਹ ਦੂਜੇ ਪਾਸੇ ਵਲ ਚਲਾ ਗਿਆ। ਨਿੱਕਾ ਟਿੱਬਾ ਚੜ੍ਹ ਕੇ ਤੇ ਦੂਜੇ ਬੰਨ੍ਹੇ ਪਹੁੰਚ ਕੇ ਉਹ ਦਿਸਣੋ ਵੀ ਹੱਟ ਗਿਆ। ਸਿਖਰ ਦੁਪਹਿਰ ਸਿਰ ਤੇ ਲਿਸ਼ਕਾਂ ਮਾਰ ਰਹੀ ਸੀ। ਹਵਾ ਬਿਲਕੁਲ ਖਲੋ ਗਈ ਸੀ। ਇਸ ਵਰ੍ਹ ਰਹੀ ਅੱਗ ਵਿਚ ਮਾੜੀ ਮੋਟੀ ਹਵਾ ਗਰਮ ਹੋ ਕੇ ਭੰਬੂਤਾਰਿਆਂ ਦੀ ਸ਼ਕਲ ਵਿਚ ਵਲਵਲੇਵੇਂ ਖਾਂਦੀ ਅਸਮਾਨੇ ਚੜ੍ਹ ਰਹੀ ਸੀ। ਇੰਝ ਲੱਗਦਾ ਸੀ ਜਿਵੇਂ ਸੂਰਜ ਦੇਵਤਾ ਆਪਣੇ ਅਗਨੀ ਬਾਣਾਂ ਵਾਲਾ ਪੂਰਾ ਭੱਥਾ ਧਰਤੀ ਵਲ ਸੇਧੀ ਜਾ ਰਿਹਾ ਸੀ। ਆਲੇ ਦੁਆਲੇ ਤਪਦੀ ਮਾਰੂ ਰੇਤ, ਵੱਢਾਂ ਵਿਚ ਡੰਗਰਾਂ ਲਈ ਬੇਮਮੂਲੀ ਘਾਹ, ਪਾਣੀ ਦੀ ਪਿਆਸ ਕਾਰਨ ਡੰਗਰ ਖੜੋਣ ਦਾ ਨਾਮ ਨਹੀਂ ਸੀ ਲੈ ਰਹੇ।

ਪਿਆਸ ਕਾਰਨ ਮੇਰੇ ਸੁੱਕ ਰਹੇ ਬੁੱਲ੍ਹਾਂ ਉਤੇ ਪੇਪੜੀ ਜੰਮ ਰਹੀ ਸੀ। ਭਾਵੇਂ ਨੇੜੇ ਨਿਕਾਸੂ ਨਹਿਰ ਦੇ ਨਿੱਕੇ ਚਲ੍ਹਿਆਂ ਵਿਚ ਮਾੜਾ ਮੋਟਾ ਪਾਣੀ ਖੜਾ ਸੀ ਪਰ ਉਸ ਵਿਚ ਤਾਂ ਮੱਛੀਆਂ ਦੇ ਪੂੰਗ ਤੇ ਹੋਰ ਕੀੜੇ ਮਕੌੜੇ ਤੈਰ ਰਹੇ ਸਨ। ਉਸ ਵੇਲੇ ਮੁਸੀਬਤ ਇਹ ਸੀ ਕਿ ਨਿਕਾਸੂ ਨਹਿਰ ਦੇ ਘਾਹ ਲਾਗੇ ਪਸ਼ੂਆਂ ਦਾ ਜਾਣਾ ਗਾਰਡ ਵਾਲੀ ਮੁਸੀਬਤ ਸੁਹੇੜਨਾ ਸੀ। ਥਾਣੇ ਤੋਂ ਉਰ੍ਹਾਂ ਉਹ ਕਿਸੇ ਦੀ ਸੁਣਦਾ ਹੀ ਨਹੀਂ ਸੀ। ਉਸ ਅਲ੍ਹੜ ਉਮਰ ਵਿਚ ਸਕੂਲ ਮਾਸਟਰ, ਪੁਲਿਸ ਵਾਲਾ ਤੇ ਗਾਰਡ ਸਭ ਤੋਂ ਡਰਾਉਣੇ ਬੰਦੇ ਜਾਪਦੇ ਸਨ। ਇਨ੍ਹਾਂ ਨੂੰ ਵੇਖ ਕੇ ਹੀ ਦਮ ਖ਼ੁਸ਼ਕ ਹੋ ਜਾਂਦਾ ਸੀ।

**ਮੈਨੂੰ ਅਚਾਨਕ ਮਜ਼ਹਬੀਆਂ ਦਾ 'ਧੀਰਾ' ਗਾਵਾਂ ਚਾਰਨ ਲਈ ਹਿੱਕੀ ਤੁਰਿਆ ਆਉਂਦਾ ਦਿਸਿਆ। ਉਹਦੇ ਡੰਗਰ ਮੇਰੇ ਵੱਲ ਹੀ ਆ ਰਹੇ ਸਨ। ਮੈਂ ਉਹਨੂੰ ਆਪਣੇ ਵਲ ਆਉਂਦਾ ਵੇਖ ਕੇ ਚੈਨ ਦਾ ਸਾਹ ਲਿਆ। ਉਹ ਵਿਆਹਿਆ-ਵਰ੍ਹਿਆ ਸਿਆਣਾ ਬੰਦਾ ਸੀ ਪਰ ਹੈ ਸੀ ਤਾਂ ਹਰੀਜਨ, ਜਿਨ੍ਹਾਂ ਨੂੰ ਉਦੋਂ 'ਉਏ' ਕਹਿ ਕੇ ਬੁਲਾਉਣਾ ਜੱਟਾਂ ਦਾ ਆਮ ਚਲਣ ਸੀ। ਮੈਂ ਵੀ ਉਹਨੂੰ 'ਉਏ ਧੀਰਿਆ' ਆਖ ਮਖ਼ੌਲ ਕੀਤਾ ਜਿਸ ਦਾ ਬੁਰਾ ਮਨਾਉਣ ਦੀ ਥਾਂ ਉਹਨੇ ਹੱਸ ਕੇ ਹੁੰਗਾਰਾ ਭਰਿਆ। ਜਿਵੇਂ ਕਹਿੰਦੇ ਹੁੰਦੇ ਨੇ ਅਖੇ ਨਿਆਣੇ ਜੋ ਕੁੱਝ ਆਲੇ ਦੁਆਲੇ ਵਾਪਰਦਾ ਵੇਖਦੇ ਨੇ ਉਹਨੂੰ ਵੇਖ-ਵੇਖ ਹੀ ਸਿਖਦੇ ਹਨ, ਉਵੇਂ ਹੀ ਉਦੋਂ ਜੋ ਹਾਲਤ ਇਨ੍ਹਾਂ ਲੋਕਾਂ ਦੀ ਸੀ ਉਸੇ ਦਾ ਸਿੱਟਾ ਸੀ ਕਿ ਆਮ ਜੱਟ ਜ਼ਿਮੀਂਦਾਰ ਵੀ ਇਨ੍ਹਾਂ ਨਾਲ ਬੇਇੱਜ਼ਤੀ ਵਾਲਾ ਸਲੂਕ ਕਰਨਾ ਆਪਣੀ ਸ਼ਾਨ ਸਮਝਦੇ ਸਨ।**

ਧੀਰਾ ਦੂਰ ਵੱਢਾਂ ਵਿਚ ਗਾਵਾਂ ਚਾਰਦਾ ਦਿਸ ਰਿਹਾ ਸੀ। ਮੈਂ ਪਿਆਸ ਨਾਲ ਬੇਹਾਲ, ਘੋੜੀ ਗਾਂ ਨੂੰ ਮੋੜ ਕੇ ਪਿਛਾਂਹ ਹਟਿਆ ਹੀ ਸੀ ਕਿ ਉਸ ਨੇ ਘੁੰਮ ਕੇ ਮੇਰੇ ਪਿੱਛੋਂ ਦੀ ਟੱਕਰ ਮਾਰੀ। ਮੈਂ ਕਣਕ ਦੇ ਵੱਢ ਵਿਚ ਚੁਫ਼ਾਲ ਡਿੱਗ ਪਿਆ। ਮੇਰਾ ਰੋਣ ਨਿਕਲ ਗਿਆ ਇਹ ਵੀ ਸ਼ੁਕਰ ਸੀ ਕਿ ਉਹ ਇਕ ਟੱਕਰ ਮਾਰ ਕੇ ਹੀ ਭੱਜ ਗਈ ਸੀ। ਭੱਜ ਕੇ ਉਹ ਨਹਿਰੀ ਘਾਹ ਵਿਚ ਜਾ ਵੜੀ। ਮੈਂ ਕਿਸੇ ਤਰ੍ਹਾਂ ਜ਼ੋਰ ਲਾ ਕੇ ਉਠਿਆ। ਗਾਂ ਦੀ ਮਾਰੀ ਸੱਟ ਨੇ ਮੇਰਾ ਬੁਰਾ ਹਾਲ ਕਰ ਦਿੱਤਾ। ਪਿਆਸ ਤੇ ਪੀੜ ਦਾ ਮਾਰਿਆ ਮੈਂ ਇਕ ਨਿੱਕੇ ਜਿਹੇ ਰੁੱਖ ਕੋਲ ਢਾਸਣਾ ਲਾ ਕੇ ਬੈਠ ਗਿਆ। ਤੁਰਨਾ ਮੇਰੇ ਲਈ ਮੁਸ਼ਕਲ ਹੋ ਗਿਆ ਸੀ। ਦੂਰ ਤਕ ਕੋਈ ਬੰਦਾ ਆਉਂਦਾ ਜਾਂਦਾ ਵੀ ਨਹੀਂ ਸੀ ਦਿਸਦਾ। ਮੇਰੀਆਂ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗੇ। ਡਰ, ਪਿਆਸ, ਪੀੜ ਤੇ ਇਕੱਲਤਾ ਨੇ ਮੇਰੇ ਤੇਵਰ ਭਵਾਂ ਦਿੱਤੇ। ਉਸ ਵੇਲੇ ਦੀ ਸਮਝ ਮੁਤਾਬਕ ਮੈਨੂੰ ਉਸ ਉਦਾਸ ਬੀਆਬਾਨ ਵਿਚ ਮਰ ਜਾਣ ਦਾ ਅਹਿਸਾਸ ਹੋਇਆ। ਸੁਣੀਆਂ ਸੁਣਾਈਆਂ ਵੱਡਿਆਂ ਦੀਆਂ ਗੱਲਾਂ ਕਿ ਮੌਤ ਵੇਲੇ ਅਸਮਾਨ ਵਿੱਚੋਂ ਜਮਦੂਤ ਉੱਤਰਦੇ ਹਨ, ਸੱਚੀਆਂ ਹੁੰਦੀਆਂ ਪ੍ਰਤੀਤ ਹੋਣ ਲੱਗੀਆਂ। ਮੈਂ ਮਨ ਹੀ ਮਨ ਵਿਚ ਅਰਦਾਸ ਕਰਨ ਲੱਗਾ ਕਿ ਧੀਰਾ ਹੀ ਇਧਰ ਆ ਜਾਵੇ ਤੇ ਮੈਨੂੰ ਬਚਾ ਲਵੇ। ਭਾਵੇਂ ਆਪਣੇ ਆਲੇ ਦੁਆਲੇ ਵਿਚ ਮੈਂ ਧੀਰੇ ਵਰਗੇ ਲੋਕਾਂ ਨਾਲ ਹੁੰਦਾ ਸਲੂਕ ਨਿੱਤ ਅੱਖੀਂ ਵੇਖਦਾ ਸਾਂ ਕਿ ਕਿਵੇਂ ਇਹ ਲੋਕ ਜੱਟਾਂ ਨੂੰ ਛੂਹਣ ਨਾਲ ਉਨ੍ਹਾਂ ਨੂੰ ਭਿੱਟ ਦਿੰਦੇ ਸਨ। ਇਨ੍ਹਾਂ ਨੂੰ ਕੋਈ ਆਪਣੇ ਪਾਸ ਬੈਠਣ ਨਹੀਂ ਸੀ ਦਿੰਦਾ। ਚਾਹ-ਰੋਟੀ ਇਹ ਆਪਣੇ ਘਰੋਂ ਲਿਆਂਦੇ ਪਿੱਤਲ ਦੇ ਭਾਂਡਿਆਂ ਵਿਚ ਪਵਾ ਕੇ ਖਾਂਦੇ ਤੇ ਮੁੜ ਧੋ ਮਾਂਜ ਕੇ ਉਨ੍ਹਾਂ ਨੂੰ ਮਿੱਟੀ ਦੀ ਪੌੜੀ ਹੇਠ ਰੱਖ ਦਿੰਦੇ ਸਨ। ਸਾਡੇ ਵਾਸਤੇ ਘਰਾਂ ਵਿਚ ਇਨ੍ਹਾਂ ਦੇ ਭਾਂਡਿਆਂ ਨੂੰ ਛੂਹਣਾ ਵੀ ਮਨ੍ਹਾ ਸੀ। ਜੱਟਾਂ-ਜ਼ਿਮੀਂਦਾਰਾਂ ਦੇ ਮੰਜਿਆਂ ਤੇ ਬੈਠਿਆਂ ਇਹ ਉਨ੍ਹਾਂ ਸਾਹਮਣੇ ਜ਼ਮੀਨ 'ਤੇ ਇੱਟ ਰੱਖ ਕੇ ਬੈਠਦੇ ਸਨ। ਇਨ੍ਹਾਂ ਦੇ ਨਿਆਣੇ ਦੋ ਚਾਰ ਸਾਲ ਪਿੰਡ ਦੇ ਸਕੂਲ ਵਿਚ ਧੱਕੇ ਖਾ ਕੇ ਫਿਰ ਇਨ੍ਹਾਂ ਨਾਲ ਹੀ ਲੋਕਾਂ ਦੇ ਘਰੀਂ ਕੰਮ ਕਰਨ ਲੱਗ ਪੈਂਦੇ ਸਨ। ਘੋਰ ਗ਼ਰੀਬੀ ਤੇ ਜ਼ਿਲੱਤ ਹੰਢਾਉਂਦੇ ਇਹ ਲੋਕ ਅਖ਼ਰੀ ਉਸੇ ਧਰਤੀ ਵਿਚ ਸਮਾ ਜਾਂਦੇ ਸਨ ਜਿਥੋਂ ਇਹ ਪੈਦਾ ਹੋਏ ਹੁੰਦੇ ਸਨ।

ਧੀਰਾ ਮੇਰੇ ਵੱਲ ਆਉਣ ਦੀ ਬਜਾਇ ਪਰ੍ਹਾਂ ਨਵੇਂ ਖੂਹ ਵਲ ਜਾ ਚੁੱਕਾ ਸੀ। ਮਾੜੀ ਜਿਹੀ ਆਸ ਦੇ ਖ਼ਤਮ ਹੁੰਦਿਆਂ ਮੇਰੇ ਸਰੀਰ ਦੀ ਰਹਿੰਦੀ ਸਤਿਆ ਵੀ ਨੁੱਚੜ ਗਈ। ਪਿਆਸ ਨਾਲ ਸਰੀਰ ਵਿਚਲਾ ਪਾਣੀ ਖ਼ਤਮ ਹੋ ਜਾਣਾ ਸੀ ਤੇ ਪਾਣੀ ਦੀ ਕਮੀ ਨਾਲ ਮੌਤ ਅਵੱਸ਼ ਸੀ। ਮੈਂ ਡੰਗਰਾਂ ਵਲੋਂ ਬੇਧਿਆਨਾ ਨਿਢਾਲ ਬੈਠਾ ਸਾਂ। ਹੌਲੀ ਹੌਲੀ ਡੰਗਰ ਨਹਿਰ ਦੇ ਘਾਹ ਵਿਚ ਜਾ ਵੜੇ। ਮੇਰੇ ਉੱਪਰ ਨੀਮ ਬੇਹੋਸ਼ੀ ਤਾਰੀ ਹੋਣ ਲੱਗੀ। ਦਿਮਾਗ਼ ਜਿਵੇਂ ਖੜੋਤ (ਸੁੰਨ) ਅਵਸਥਾ ਵਿਚ ਦਾਖ਼ਲ ਹੋ ਰਿਹਾ ਸੀ। ਆਲੇ ਦੁਆਲੇ ਦੀਆਂ ਆਵਾਜ਼ਾਂ ਤੋਂ ਬੇਖ਼ਬਰ ਇਕ ਸੁੰਨਤਾ ਜਿਹੀ ਪਸਰ ਰਹੀ ਸੀ।

ਅਚਾਨਕ ਕਿਸੇ ਫ਼ਰਿਸ਼ਤੇ ਦੇ ਪ੍ਰਗਟ ਹੋਣ ਵਾਂਗ ਧੀਰੇ ਦਾ ਪਿਉ ਜੱਗੂ ਸਿਰ ਤੇ ਆਣ ਖੜੋਤਾ। ਜੱਗੂ ਮਜ਼ਹਬੀ ਭੂਤ ਵਿਦਿਆ ਦਾ ਮਾਹਰ ਸੀ। ਜਦੋਂ ਉਹ ਡੋਲੀ ਖਿਡਾਉਂਦਾ ਸੀ ਤਾਂ ਉਦੋਂ ਸੁੰਞੀਆਂ ਹਨੇਰੀਆਂ ਰਾਤਾਂ ਵਿਚ ਪਿੰਡ ਦੀ ਫ਼ਿਜ਼ਾ ਵਿਚ ਡਰ ਦੇ ਸ਼ਰਾਰੇ ਛੁੱਟਦੇ ਸਨ। ਮੈਂ ਜ਼ੋਰ ਨਾਲ ਅੱਖਾਂ ਉਘੇੜ ਕੇ ਉਹਨੂੰ ਸਿਰ 'ਤੇ ਖੜਾ ਵੇਖਿਆ। 'ਉਏ ਪਾੜ੍ਹਿਆ ਤੂੰ ਧੁੱਪੇ ਹੀ ਪਿਐਂ..ਛਾਂ ਤੇ ਪਰ੍ਹਾਂ ਚਲੀ ਗਈ। ਉਠ ਕੇ ਛਾਵੇਂ ਹੋ, ਤੈਨੂੰ ਤਾਂ ਮੁੜ੍ਹਕ (ਪਸੀਨਾ) ਹੀ ਬੜਾ ਆਇਐ।' ਉਹ ਇਕੇ ਸਾਹੇ ਬੋਲਿਆ। ਉਹਦੀ ਸ਼ਕਲ ਹੀ ਕੁੱਝ ਅਜੇਹੀ ਸੀ ਕਿ ਅਸੀਂ ਨਿਆਣੇ ਉਹਦੇ ਤੋਂ ਬੜਾ ਡਰਦੇ ਸਾਂ। ਮੈਂ ਡਰ ਨਾਲ ਕੰਬਣ ਲੱਗਾ ਤੇ ਅੱਧਾ ਕੁ ਉੱਠ ਕੇ ਬੈਠ ਗਿਆ। 'ਕੀ ਹੋਇਆ ਤੈਨੂੰ..?' 'ਮੈਨੂੰ ਗਾਂ ਨੇ ਮਾਰਿਐ ਨਾਲੇ ਬੜੀ ਤੇਹ (ਪਿਆਸ) ਲੱਗੀ ਆ।' ਮੈਂ ਡਰਦੇ ਡਰਦੇ ਆਖਿਆ।

'ਲੈ ਪਾਣੀ ਪੀ।' ਉਹਨੇ ਹੱਥ ਵਿਚ ਫੜੇ ਪਿੱਤਲ ਦੇ ਡੱਬੇ ਨੂੰ ਮੇਰੇ ਮੂੰਹ ਲਾਗੇ ਕੀਤਾ। ਬਿਜਲੀ ਦੀ ਤੇਜ਼ੀ ਨਾਲ ਮੇਰੇ ਮਨ ਵਿਚ ਭਿੱਟੇ ਜਾਣ ਦਾ ਖ਼ਿਆਲ ਦੌੜ ਗਿਆ। ਪਿਆਸ ਨਾਲ ਜਾਨ ਨਿਕਲ ਰਹੀ ਸੀ। ਡੱਬੇ ਦਾ ਕੰਢਾ ਮੂੰਹ ਨਾਲ ਲਗਦਿਆਂ ਮੈਂ ਗਟਾਗਟ ਧੁੱਪੇ ਤੱਤਾ ਹੋਇਆ ਪਾਣੀ ਪੀ ਗਿਆ। ਪਾਣੀ ਹਲਕ 'ਚ ਉੱਤਰਦਿਆਂ ਜਾਨ 'ਚ ਜਾਨ ਆਈ। ਮੇਰੇ ਸਾਹ ਵਿਚ ਸਾਹ ਆਇਆ। ਮਿੱਟ ਰਹੀਆਂ ਅੱਖਾਂ ਉੱਘੜ ਪਈਆਂ। ਜੋ ਹੋਣਾ ਸੀ ਸੋ ਹੋ ਚੁੱਕਾ ਸੀ। ਮੈਂ ਭਿੱਟਿਆ ਜਾ ਚੁੱਕਾ ਸਾਂ।

ਜਦੋਂ ਮੈਂ ਜ਼ਰਾ ਕੁ ਸਹਿਜ ਹੋਇਆ ਤਾਂ ਉਹਨੇ ਆਵਦੇ ਮੁੰਡੇ ਬਾਰੇ ਪੁੱਛਿਆ ਜਿਸ ਲਈ ਉਹ ਰੋਟੀ ਲੈ ਕੇ ਆਇਆ ਸੀ। ਮੈਂ ਇਸ਼ਾਰੇ ਨਾਲ ਧੀਰੇ ਦੇ ਉੱਧਰ ਜਾਣ ਬਾਰੇ ਦੱਸਿਆ। ਉਹ ਚੁੱ-ਪਚਾਪ ਉੱਧਰ ਚਲਾ ਗਿਆ। ਉਹਨੂੰ ਤੁਰੇ ਜਾਂਦੇ ਨੂੰ ਮੈਂ ਉਦੋਂ ਤਕ ਦੇਖਦਾ ਰਿਹਾ ਜਦੋਂ ਤਕ ਉਹ ਟਿੱਬਾ ਚੜ੍ਹ ਕੇ ਅਲੋਪ ਨਹੀਂ ਹੋ ਗਿਆ। ਉਹ ਬੰਦਾ ਮੈਨੂੰ ਕਿਸੇ ਫ਼ਰਿਸ਼ਤੇ ਵਰਗਾ ਜਾਪ ਰਿਹਾ ਸੀ ਜੋ ਮੇਰੇ ਕਲਬੂਤ ਵਿਚ ਜਾਨ ਫੂਕ ਕੇ ਜਾ ਰਿਹਾ ਸੀ।

ਉਹਦੇ ਜਾਣ ਪਿੱਛੋਂ ਮੈਂ ਔਖਾ ਹੋ ਕੇ ਉਠਿਆ। ਉਥੋਂ ਸਿੱਧਾ ਨਹਿਰ ਵਲ ਨੂੰ ਹੋ ਪਿਆ ਜਿਧਰ ਡੰਗਰਾਂ ਦੇ ਜਾਣ ਦਾ ਤੌਖ਼ਲਾ ਸੀ। ਘਾਹ ਨੇੜੇ ਜਾਂਦਿਆਂ ਪਹਿਲਾਂ ਨਿੱਕੇ ਪਸ਼ੂ ਦਿਸੇ ਫਿਰ ਬਾਕੀ ਦੇ ਵੀ ਲੱਭ ਗਏ। ਘੋੜੀ ਗਾਂ ਦਾ ਕੋਈ ਪਤਾ ਨਹੀਂ ਸੀ ਲਗ ਰਿਹਾ। ਮੈਂ ਉਹਦਾ ਖਹਿੜਾ ਛੱਡ ਦਿੱਤਾ। ਪੀੜ ਨਾਲ ਮੇਰੇ ਤੋਂ ਸਿੱਧਾ ਵੀ ਤੁਰਿਆ ਨਹੀਂ ਸੀ ਜਾਂਦਾ। ਕਿਸੇ ਤਰ੍ਹਾਂ ਮੈਂ ਡੰਗਰਾਂ ਨੂੰ ਘੇਰ ਕੇ ਪਿੰਡ ਵਲ ਤੋਰਿਆ। ਘਰ ਪਹੁੰਚਦਿਆਂ ਸ਼ਾਮ ਹੋ ਚੁੱਕੀ ਸੀ। ਗਾਂ ਦੇ ਮਾਰਨ ਦੀ ਗੱਲ ਮੈਂ ਮਾਂ ਨਾਲ ਕੀਤੀ ਪਰ ਤੇਹ ਲੱਗਣ ਦੀ ਗੱਲ ਜਾਣ ਬੁੱਝ ਕੇ ਨਾ ਕੀਤੀ। ਭਿੱਟੇ ਜਾਣ ਕਰ ਕੇ ਮੈਨੂੰ ਆਪਣਾ ਆਪ ਹੋਰੂ ਹੋਰੂ ਲਗ ਰਿਹਾ ਸੀ। ਮੇਰਾ ਜੀ ਕਰਦਾ ਸੀ ਕਿ ਮੈਂ ਸਾਰੀ ਗੱਲ ਘਰਦਿਆਂ ਨਾਲ ਕਰਾਂ ਪਰ ਮੇਰੇ ਦਾਦੇ ਦਾ ਸੁਭਾਅ ਏਨਾ ਸਖ਼ਤ ਸੀ ਕਿ ਉਹਦੇ ਜੱਗੂ ਦੇ ਗਲ ਪੈ ਜਾਣ ਦਾ ਡਰ ਸੀ। ਇਕ ਗੱਲੋਂ ਮੈਂ ਨਿਰਦੋਸ਼ ਸਾਂ। ਮੈਂ ਕਿਹੜਾ ਉਹਦੇ ਤੋਂ ਪਾਣੀ ਮੰਗਿਆ ਸੀ। ਮੇਰੇ ਅੰਦਰ ਹੀਣ ਭਾਵਨਾ ਘਰ ਕਰ ਚੁੱਕੀ ਸੀ।

ਹੌਲੀ-ਹੌਲੀ ਰਾਤ ਪਸਰਨ ਲੱਗੀ। ਮੈਨੂੰ ਗੁੰਮਸੁੰਮ ਵੇਖ ਕੇ ਮਾਂ ਦਾ ਮੱਥਾ ਠਣਕਿਆ। 'ਜ਼ਰੂਰ ਕਿਸੇ ਨਾਲ ਮੇਰੀ ਲੜਾਈ ਹੋਈ ਹੋਣੀ ਏ', ਇਹ ਸੋਚ ਕੇ ਮਾਂ ਨੇ ਮੈਨੂੰ ਪਾਸੇ ਬੁਲ-ਾਇਆ। ਉਹਨੇ ਪਿਆਰ ਨਾਲ ਪੁੱਛਿਆ। ਮੈਂ ਤਾਂ ਪਹਿਲਾਂ ਹੀ ਫਿਸਣ ਨੂੰ ਤਿਆਰ ਬੈਠਾ ਸਾਂ। ਮੈਂ ਸਾਰੀ ਗੱਲ ਦਸ ਦਿੱਤੀ। ਉਹ ਸੋਚਦੀ ਹੋਈ ਗੰਭੀਰ ਹੋ ਗਈ। ਗਾਂ ਦੇ ਹਾਲੀ ਤਕ ਨਾ ਲੱਭਣ ਦਾ ਫ਼ਿਕਰ ਵੀ ਉਹਦੇ ਮਨ 'ਤੇ ਬੈਠਾ ਹੋਇਆ ਸੀ। ਟੱਬਰ ਵਿਚ ਉਹਦੀ ਇਕ ਖ਼ਾਸੀਅਤ ਦੇ ਸਾਰੇ ਕਾਇਲ ਸਨ ਕਿ ਅਨਪੜ੍ਹ ਹੁੰਦਿਆਂ ਹੋਇਆਂ ਵੀ ਉਸ ਦਾ ਗਿਆਨ ਵਿਸ਼ਾਲ ਸੀ। ਆਪਣੇ ਪਿਉ ਤੋਂ ਸੁਣੀਆਂ ਦੰਤ ਕਥਾਵਾਂ ਤੇ ਇਤਿਹਾਸ ਮਿਥਿਹਾਸ ਦੇ ਵਾਕਿਆਤ ਉਸ ਨੂੰ ਕੰਠ ਸਨ। ਭੈੜੀ ਤੋਂ ਭੈੜੀ ਅਵਸਥਾ ਵਿਚ ਵੀ ਉਹ ਆਸ ਦਾ ਪੱਲ ਨਹੀਂ ਸੀ ਛੱਡਦੀ। ਪੱਤੀ ਦੀਆਂ ਤੀਵੀਆਂ ਦੇ ਮਨ ਵਿਚ ਉਹਦੀ ਸਤਿਕਾਰ ਵਾਲੀ ਥਾਂ ਸੀ।

ਉਨ੍ਹੇ ਠਰੰਮੇ ਨਾਲ ਸਾਰੀ ਗੱਲ ਸੁਣ ਤੇ ਬਾਪੂ ਨੂੰ ਇਸ ਗੱਲੋਂ ਕੋਸਿਆ ਕਿ ਕਿਉਂ ਉਨ੍ਹੇ ਘੋੜੀ ਗਾਂ ਦੇ ਗਲ ਡਹਿਆ ਨਹੀਂ ਪਾਇਆ। ਫੇਰ ਪਿਆਰ ਨਾਲ ਆਖਣ ਲੱਗੀ, 'ਪੁੱਤ ਪਾਣੀ ਦੀ ਕੋਈ ਭਿੱਟ ਨਹੀਂ ਹੁੰਦੀ। ਪਾਣੀ ਤਾਂ ਕੋਈ ਕੋਹਾਂ ਤੋਂ ਵਗ ਕੇ ਤਰ੍ਹਾਂ ਤਰ੍ਹਾਂ ਦੀਆਂ ਥਾਵਾਂ ਤੇ ਫਿਰਦਾ ਤੁਰਦਾ ਪਵਿੱਤਰ ਰਹਿੰਦਾ ਹੈ। ਤੈਨੂੰ ਮੈਂ ਜਿਹੜੀ ਭੀਲਣੀ ਵਾਲੀ ਕਥਾ ਸੁਣਾਈ ਸੀ, ਉਹ ਵੀ ਨੀਵੀਂ ਜ਼ਾਤ ਦੀ ਸੀ। ਉਹਦੇ ਬੇਰ ਜੋ ਜੂਠੇ ਸਨ ਭਗਵਾਨ ਰਾਮ ਨੇ ਪਵਿੱਤਰ ਸਮਝ ਕੇ ਖਾ ਲਏ ਸਨ। ਜੇ ਉਨ੍ਹਾਂ ਨੂੰ ਕੁਝ ਨਹੀਂ ਹੋਇਆ ਤਾਂ ਸਾਨੂੰ ਕੀ ਹੋਣਾ ਫੇਰ? ਤੂੰ ਇਹ ਗੱਲ ਕਿਸੇ ਨੂੰ ਨਹੀਂ ਦੱਸਣੀ। ਜੇ ਤੇਰੇ ਬਾਬੇ (ਦਾਦੇ) ਨੂੰ ਪਤਾ ਲਗ ਗਿਆ ਤਾਂ ਜੱਗੂ ਗ਼ਰੀਬ ਦੀ ਦਾਹੜੀ ਪੁੱਟੂਗਾ। ਸੁਣਦੈ ਮੇਰਾ ਪੁੱਤ, ਭੁੱਲ ਜਾ ਇਸ ਗੱਲ ਨੂੰ।'

ਬੀਬੀ (ਮਾਂ) ਦੀ ਗੱਲ ਸੁਣ ਕੇ ਮੈਂ ਫਿਰ ਨਵਾਂ ਨਰੋਆ ਹੋ ਗਿਆ। ਮੈਨੂੰ ਜਾਪਿਆ ਜਿਵੇਂ ਜੱਗੂ ਭੀਲਣੀ ਦਾ ਪੁੱਤ ਹੋਵੇ ਤੇ ਮੈਂ ਭਗਵਾਨ ਰਾਮ ਦੀ ਔਲਾਦ। ਜੱਗੂ ਦੇ ਪਾਣੀ ਵਿੱਚੋਂ ਮੈਨੂੰ ਮਿੱਠੇ ਬੇਰਾਂ ਦਾ ਸਵਾਦ ਔਣ ਲੱਗ ਪਿਆ। □

# ਮੇਰਾ ਕੰਮ ਚੱਲਦੇ ਰਹਿਣਾ ਹੈ..

## ਡਾ. ਆਤਮਜੀਤ



**ਪੰਜਾਬੀ ਨਾਟਕ ਵਿੱਚ ਡਾ. ਆਤਮਜੀਤ ਲੀਹ ਤੋਂ ਹੱਟ ਕੇ ਕੰਮ ਕਰਨ ਲਈ ਜਾਣੇ ਜਾਂਦੇ ਹਨ। ਆਤਮਜੀਤ ਨੇ ਭਾਅਜੀ ਗੁਰਸ਼ਰਨ ਸਿੰਘ ਅਤੇ ਅਜਮੇਰ ਔਲਖ ਦੇ ਦੌਰ ਵਿੱਚ ਆਪਣੀ ਹੀ ਨਿਵੇਕਲੀ ਕਿਸਮ ਦੀ ਨਾਟਕੀ ਲੀਹ ਪਾਈ ਹੈ। ਭਾਰਤੀ ਸਾਹਿਤ ਅਕਾਡਮੀ ਵਲੋਂ ਸਨਮਾਨੇ ਗਏ ਆਤਮਜੀਤ ਨੂੰ ਅਸਲੀ ਸਨਮਾਨ ਉਹਦੇ ਦਰਸ਼ਕਾਂ ਅਤੇ ਪਾਠਕਾਂ ਵਲੋਂ ਲਗਾਤਾਰ ਮਿਲ ਰਿਹਾ ਹੈ।**

**'ਨਵੀਂ ਦੁਨੀਆ' ਦੇ ਪਾਠਕਾਂ ਲਈ ਇਥੇ ਪੇਸ਼ ਹੈ ਤ੍ਰੈਮਾਸਿਕ 'ਤ੍ਰਿਸ਼ੰਕੂ' ਵਿਚ ਛਪੀ ਡਾ. ਆਤਮਜੀਤ ਨਾਲ ਡਾ. ਗੁਰਇਕਬਾਲ ਵਲੋਂ ਕੀਤੀ ਗਈ ਲੰਮੀ ਮੁਲਾਕਾਤ ਦੇ ਅਹਿਮ ਅੰਸ਼।**

ਬਾਲ-ਉਮਰੇ ਘਰ ਵਿਚ ਆਰਥਿਕ ਤੰਗੀ, ਘਰੇਲੂ ਕਲੇਸ਼, ਰਿਸ਼ਤਿਆਂ ਦੀ ਕੁੜੱਤਣ, ਸਰੀਰਿਕ-ਮਾਨਸਿਕ ਬੀਮਾਰੀਆਂ ਤੱਕਣ-ਮਹਿਸੂਸ ਕਰ ਕੇ ਤੁਸੀਂ ਕਹਿੰਦੇ ਹੋ ਕਿ ਤੁਹਾਨੂੰ ਨਾਟਕ ਤੋਂ ਅਤਿ ਦੀ ਤਕਲੀਫ਼ ਸੀ ਪਰ ਇਸ ਤੋਂ ਨਿਜਾਤ ਵੀ ਨਾਟਕ ਰਾਹੀਂ ਪਾਈ। ਇਹ ਕਿਉਂ ਅਤੇ ਕਿਵੇਂ ਵਾਪਰਿਆ?

ਮੇਰੇ ਪਿਤਾ ਅਮੋਲ ਜੀ ਨੇ ਪੰਜਾਬੀ ਸਾਹਿਤ-ਸਭਿਆਚਾਰ ਲਈ ਇਕ ਵੱਡੀ ਗੱਲ ਇਹ ਕੀਤੀ ਕਿ ਅੱਜ ਤੋਂ ਅੱਧੀਉਂ ਵੱਧ ਸਦੀ ਪਹਿਲਾਂ ਕਲਾਸ-ਰੂਮ ਰੰਗਮੰਚ ਦੀ ਨੀਂਹ ਰੱਖੀ। ਅੰਮ੍ਰਿਤਸਰ ਸ਼ਹਿਰ ਵਿਚ ਉਨ੍ਹਾਂ ਦਾ ਪ੍ਰਾਈਵੇਟ ਗਿਆਨੀ ਕਾਲਜ ਸੀ ਜਿਥੇ ਉਹ ਆਪਣੇ ਵਿਦਿਆਰਥੀਆਂ ਵਿਚ ਪਾਤਰਾਂ ਨੂੰ ਵੰਡ ਕੇ ਰਚਨਾ ਦੇ ਨਾਟਕੀ ਪਾਠ ਰਾਹੀਂ ਉਸਦੀ ਪੜ੍ਹਾਈ ਕਰਵਾਉਂਦੇ ਹੁੰਦੇ ਸਨ। ਹੌਲੀ-ਹੌਲੀ ਉਨ੍ਹਾਂ ਨੇ ਆਪਣਾ ਇਕ ਥੀਏਟਰ ਗਰੁੱਪ ਸਥਾਪਤ ਕੀਤਾ। ਇਕ ਨਾਟਕ ਵਿਚ ਮੇਰੀ ਮਾਂ ਨੂੰ ਪਾ ਲ ਔਰਤ ਦੀ ਭੂਮਿਕਾ ਦਿੱਤੀ ਗਈ ਜਿਸ ਵਿਚੋਂ ਉਹ ਪੂਰੀ ਤਰ੍ਹਾਂ ਬਾਹਰ ਨਹੀਂ ਆ ਸਕੀ। ਮੈਂ 12 ਸਾਲ ਦਾ ਸੀ ਕਿ ਉਸ ਦਾ ਦੇਹਾਂਤ ਹੋ ਗਿਆ। ਇਨ੍ਹਾਂ ਅਰਥਾਂ ਵਿਚ ਥੀਏਟਰ ਮੇਰੇ ਲਈ ਸਰਾਪ ਸੀ, ਉਦੋਂ ਮੈਨੂੰ ਇਹੋ ਲੱਗਦਾ ਸੀ ਕਿ ਮੇਰੀ ਮਾਂ ਥੀਏਟਰ ਨੇ ਖੋਹ ਲਈ। ਪਰ ਜਦੋਂ ਮੈਂ 17-18 ਸਾਲ ਦੀ ਉਮਰ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਹੋਇਆ ਤਾਂ ਡਾਕਟਰ ਗੁਰਦਿਆਲ ਸਿੰਘ ਫੁੱਲ ਹੋਰਾਂ ਦੀ ਪ੍ਰੇਰਨਾ ਨਾਲ ਮੈਂ ਨਾਟਕਾਂ ਵਿਚ ਖ਼ੁਦ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਹ ਮੈਨੂੰ ਬਚਪਨ ਦੇ ਸੰਤਾਪਾਂ ਵਿਚੋਂ ਨਿਕਲਣ ਵਾਲੀ ਪਹਿਲੀ ਡੰਡੀ ਸਾਬਤ ਹੋਈ ਜਿਸ ਨੇ ਆਪਾ-ਪਛਾਣ ਦੇ ਪੈਂਡੇ ਪਾਇਆ।

**ਕੀ ਇਹ ਕਿਹਾ ਜਾ ਸਕਦਾ ਹੈ ਕਿ ਤੁਸੀਂ ਆਪਣੇ ਪਿਤਾ ਕਾਰਨ ਸਾਹਿਤਕਾਰ ਬਣੇ ਹੋ?**

ਗੱਲ ਏਨੀ ਸਿੱਧੀ ਵੀ ਨਹੀਂ। ਸਾਡੇ ਘਰ ਵਿਚ ਨਿਸਚਿਤ ਤੌਰ 'ਤੇ ਪੜ੍ਹਨ-ਲਿਖਣ ਦਾ ਮਾਹੌਲ ਸੀ ਅਤੇ ਪੁਸਤਕਾਂ ਦੀ ਕੋਈ ਘਾਟ ਨਹੀਂ ਸੀ। ਲੇਖਕ ਵੀ ਅਕਸਰ ਆਉਂਦੇ ਜਾਂਦੇ ਸਨ। ਇਸ ਮਾਹੌਲ ਵਿਚ ਰਹਿੰਦਿਆਂ ਮੈਨੂੰ ਉਨ੍ਹਾਂ ਨੇ ਸਹਿਤਕਾਰੀ ਤੋਂ ਨਿਰਉਤਸ਼ਾਹਿਤ ਕਦੇ ਨਹੀਂ ਕੀਤਾ। ਪਰ ਘਰ ਦੇ ਦੂਸਰੇ ਵੱਡੇ ਮੈਂਬਰ ਨਿਸਚਿਤ ਤੌਰ 'ਤੇ ਮੇਰੇ ਇਸ ਸ਼ੌਕ ਤੋਂ ਨਾਖ਼ੁਸ਼ ਸਨ। ਮੈਂ ਆਪਣੇ ਬਚਪਨ ਵਿਚ ਬਹੁਤ ਸਾਰੇ ਡਰਾਂ ਵਿਚ ਘਿਰਿਆ ਰਹਿੰਦਾ ਸਾਂ, ਆਪਣਾ ਆਪ ਬਹੁਤ ਖ਼ਤਰੇ ਵਿਚ ਲਗਦਾ ਸੀ। ਨਿਸਚੇ ਹੀ ਮੇਰਾ ਬਚਪਨ ਬੇਹੱਦ ਕਮਜ਼ੋਰ ਮਾਨਸਿਕਤਾ ਦਾ ਲਖਾਇਕ ਹੈ। ਇਸੇ ਕਾਰਨ 16-17 ਸਾਲ ਦੀ ਉਮਰ ਤੱਕ ਮੈਂ ਅਕਸਰ ਬਿਸਤਰਾ ਭਿਉਂਦਾ ਰਿਹਾ।

**ਕੀ ਘਰ ਵਿਚੋਂ ਇਸ ਕਾਰਨ ਵੀ ਨਫ਼ਰਤ ਮਿਲਦੀ ਸੀ?**

ਜ਼ਰੂਰ ਮਿਲਦੀ ਸੀ, ਪਰ ਅਮੋਲ ਜੀ ਵੱਲੋਂ ਨਹੀਂ। ਪਰ ਉਨ੍ਹਾਂ ਦੇ ਸਾਹਿਤਕ ਰੁਝੇਵਿਆਂ ਕਾਰਨ ਅਤੇ ਘਰ ਵਿਚ ਮਾਂ ਅਤੇ ਵੱਡੀ ਭੈਣ ਦੀਆਂ ਬੀਮਾਰੀਆਂ ਕਰ ਕੇ ਇਸ ਪਾਸੇ ਧਿਆਨ ਦੇਣ ਦਾ ਨਾ ਤਾਂ ਉਨ੍ਹਾਂ ਕੋਲ ਵਿਹਲ ਸੀ, ਨਾ ਰੁਝੀ ਤੇ ਸ਼ਾਇਦ ਨਾ ਹੀ ਏਨੀ ਸਮਰਥਾ/ਚੇਤਨਾ ਕਿ ਉਹ ਮੈਨੂੰ ਕਿਸੇ ਮਨੋਵਿਗਿਆਨੀ ਨੂੰ ਦਿਖਾ ਸਕਦੇ।

**ਤੁਸੀਂ ਇਸ ਸਮੱਸਿਆ ਨਾਲ ਕਿਵੇਂ ਜੂਝੇ?**

ਮੈਂ ਆਪਣੇ ਪਿਤਾ ਦੀ ਨਕਲ ਕੀਤੀ। ਜਿਵੇਂ ਉਹ ਕੁਰਸੀ ਉੱਤੇ ਕਾ ਜ਼-ਕਲਮ ਲੈ ਕੇ ਬੈਠੇ ਰਹਿੰਦੇ ਸਨ। ਉਸੇ ਤਰ੍ਹਾਂ ਮੈਂ ਕਰਨ ਲੱਗਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਆਪਣੇ ਘਰ ਦੀ ਪਿਛਲੀ ਕੰਧ ਨਾਲ ਢੋਅ ਲਾ ਕੇ ਬਹਿ ਜਾਂਦਾ ਹੁੰਦਾ ਸੀ। ਜਦੋਂ ਆਪਣੀ ਪਹਿਲੀ ਕਵਿਤਾ ਦੇ ਕੁਝ ਅੱਖਰ ਜੋੜੇ ਸਨ ਤਾਂ ਆਪਣੇ-ਆਪ ਨੂੰ ਕੁਝ ਕੁ ਤਾਕਤਵਾਰ ਹੁੰਦਾ ਮਹਿਸੂਸ ਕੀਤਾ ਸੀ, ਇਸ ਲਈ ਵੀ ਕਿ ਉਹ ਕਵਿਤਾ ਮੈਂ ਗੁਰਦਵਾਰੇ ਵਿਚ ਪੜ੍ਹੀ ਸੀ ਤੇ ਲੋਕਾਂ ਵੱਲੋਂ ਸ਼ਾਬਾਸ਼ ਮਿਲੀ ਸੀ। ਇਉਂ ਮੇਰੇ ਲਈ ਸਾਹਿਤ ਜਾਂ ਕਲਾ ਇਕ ਥਰੈਪੀ ਬਣ ਗਈ। ਮੈਨੂੰ ਲੱਗਦਾ ਹੈ ਮੇਰੇ ਪਿਤਾ ਲਈ ਵੀ ਸਾਹਿਤ ਏਸੇ ਤਰ੍ਹਾਂ ਦਾ ਰੋਲ ਨਿਭਾ ਰਿਹਾ ਸੀ। ਇਹ ਮੇਰੇ ਲਈ ਆਪਣੇ ਮਾਨਸਿਕ ਸੰਕਟਾਂ ਵਿਚੋਂ ਉਭਰਨ ਦਾ ਇਕ ਰਾਹ ਬਣ ਗਿਆ।

**ਫਿਰ ਤੁਹਾਡੀ ਨਜ਼ਰ ਵਿਚ ਤੁਹਾਨੂੰ ਸਾਹਿਤਕਾਰ ਕਿਸ ਨੇ ਬਣਾਇਆ?**

ਇਹ ਜਾਨਣ ਵਾਸਤੇ ਥੋੜੀ ਬਿਰਥਾ ਹੋਰ ਸੁਣਨੀ ਪਵੇਗੀ। ਅਮੋਲ ਜੀ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਪੜ੍ਹਾਉਂਦੇ ਸਨ, ਜਿਥੋਂ ਉਹ ਪ੍ਰਿੰਸੀਪਲ ਬਣ ਕੇ ਤਰਨਤਾਰਨ ਚਲੇ ਗਏ। ਮੈਂ ਤਰਨਤਾਰਨ ਵਿਚ ਦਾਖ਼ਲ ਹੋ ਕੇ ਵੀ ਵਾਪਸ ਜਲੰਧਰ ਆ ਗਿਆ ਕਿਉਂਕਿ ਉੱਥੇ ਬੀ.ਏ. ਆਨਰਜ਼ ਪੰਜਾਬੀ ਨਹੀਂ ਸੀ। ਆਪਣੇ ਪਿਤਾ ਦੀ ਪੁਰਾਣੇ ਵਿਭਾਗੀ ਰਾਜਨੀਤੀ ਦੇ ਨਤੀਜੇ ਵਜੋਂ ਮੇਰੇ ਪ੍ਰਾਧਿਆਪਕ ਪ੍ਰੋ. ਪਿਆਰਾ ਸਿੰਘ ਹੋਰਾਂ ਨੇ ਮੈਨੂੰ ਬਿਨਾਂ ਕਿਸੇ ਕਸੂਰ ਦੇ ਲਾਇਲਪੁਰ ਖ਼ਾਲਸਾ ਕਾਲਜ ਵਿਚੋਂ ਕਢਵਾ ਦਿੱਤਾ, ਬੇਪੱਤ ਕਰਕੇ। ਨਤੀਜੇ ਵਜੋਂ ਮੈਂ ਬੀ.ਏ. ਅਤੇ ਐਮ.ਏ. ਪੰਜਾਬੀ ਦੇ ਦੋਹਾਂ ਵਰ੍ਹਿਆਂ ਦੇ ਇਮਤਿਹਾਨ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੇ। ਉੱਥੇ ਮੈਨੂੰ ਫੁੱਲ ਸਾਹਿਬ ਦੀ ਨੇੜਤਾ ਦਾ ਅਵਸਰ ਮਿਲਿਆ। ਉਹ ਸਾਨੂੰ ਸਾਰੇ ਵਿਦਿਆਰਥੀਆਂ ਨੂੰ ਸਮਾਂ ਦੇਂਦੇ ਸਨ। ਉਨ੍ਹਾਂ ਵਿਚੋਂ ਪਿਤਾ ਜੇਹੀ ਸੁਰੱਖਿਆ ਮਿਲਦੀ ਸੀ। ਪਰ ਇਸ ਨੇੜਤਾ ਦਾ ਉਨ੍ਹਾਂ ਦੇ ਪ੍ਰਾਧਿਆਪਕ ਸਾਥੀਆਂ ਨੇ ਬੁਰਾ ਮਨਾਇਆ। ਰਾਜਨੀਤੀ ਸਿਰਫ਼ ਘਰਾਂ ਜਾਂ ਅਸੰਬਲੀਆਂ ਵਿਚ ਹੀ ਤਾਂ ਨਹੀਂ ਹੁੰਦੀ! ਵਿਭਾਗ ਦੇ ਮੁਖੀ ਪ੍ਰੋਫ਼ੈਸਰ ਦੀਵਾਨ ਸਿੰਘ ਤੇ ਡਾਕਟਰ ਕਰਨੈਲ ਸਿੰਘ ਥਿੰਦ ਤੋਂ ਇਲਾਵਾ ਸਾਨੂੰ ਇਕ ਹੋਰ ਬੜੇ ਦਰਸ਼ਨੀ ਪ੍ਰਾਧਿਆਪਕ ਡਾ. ਸਤਿੰਦਰ ਸਿੰਘ ਵੀ ਪੜ੍ਹਾਉਂਦੇ ਹੁੰਦੇ ਸਨ, ਉਨ੍ਹਾਂ ਨੂੰ ਇਸ ਸਮੇਂ ਮੈਂ ਆਪਣੇ 'ਪਰਮ ਹਿਤੈਸ਼ੀ' ਦੇ ਤੌਰ 'ਤੇ ਯਾਦ ਕਰ ਰਿਹਾ ਹਾਂ। ਉਹ ਕਈ ਮਹਾਂਪੁਰਖਾਂ ਦੇ ਮਹਾਨ ਸੇਵਕ ਵੀ ਰਹੇ ਹਨ, ਪਰ ਉਨ੍ਹਾਂ ਮੈਨੂੰ ਸ਼ਿਸਤ ਬੰਨ੍ਹ ਕੇ ਆਪਣੀ ਨਫ਼ਰਤ ਅਤੇ ਤ੍ਰਿਸਕਾਰ ਦਾ ਨਿਸ਼ਾਨਾ ਬਣਾਇਆ, ਉਨ੍ਹਾਂ ਕੋਲ ਮੇਰੇ 'ਪਰਮ ਹਿਤੈਸ਼ੀ' ਹੋਣ ਦਾ ਕਾਰਨ ਵੀ ਮੌਜੂਦ ਸੀ। ਉਨ੍ਹਾਂ ਨੂੰ ਲੱਗਦਾ ਸੀ ਮੈਂ ਕਲਾਸ ਵਿਚ ਜਾਣ-ਬੁੱਝ ਕੇ ਮਾਹੌਲ ਖਰਾਬ ਕਰਦਾਂ ਸਾਂ। ਮੈਂ ਕਦੇ ਇਹ ਸੋਚਿਆ ਵੀ ਨਹੀਂ ਸੀ, ਨਾ ਹੀ ਉਦੋਂ ਏਨੀ ਮਾਨਸਿਕ ਤਾਕਤ ਸੀ। ਮੈਂ ਤਾਂ ਮਸਾਂ ਜੀਣ ਜੋਗਾ ਹੋ ਰਿਹਾ ਸਾਂ। ਉਨ੍ਹਾਂ ਡਾਕਟਰ ਦੀਵਾਨ ਸਿੰਘ ਹੋਰਾਂ ਨੂੰ ਮੇਰੇ ਵਿਰੁਧ ਇਹ ਕਹਿ ਕੇ ਭੜਕਾਇਆ ਕਿ ਇਹ ਫੁੱਲ ਦਾ ਚੇਲਾ ਹੈ ਤੇ ਉਹਦੇ ਇਸ਼ਾਰਿਆਂ 'ਤੇ ਨੱਚ ਰਿਹਾ ਹੈ। ਅਸਲ ਵਿਚ ਫੁੱਲ ਹੋਰੀਂ ਸਾਨੂੰ ਨਿਰੋਲ ਜੀਵਨ-ਜਾਚ ਸਿਖਾ ਰਹੇ ਸਨ ਨਾ ਕਿ ਨਿੰਦਾ-ਨਾਚ। ਦੀਵਾਨ ਸਿੰਘ ਹੋਰਾਂ ਦੀ ਫੁੱਲ ਸਾਹਿਬ ਨਾਲ ਨਹੀਂ ਬਣਦੀ ਹੋਵੇਗੀ। ਮੈਨੂੰ ਇਸ ਦੇ ਕਈ ਨਤੀਜੇ ਭੁਗਤਣੇ ਪਏ। ਬੀ.ਏ. ਆਨਰਜ਼ ਵਿਚ ਤਾਂ ਮੈਂ ਯੂਨੀਵਰਸਿਟੀ ਵਿਚ ਫ਼ਸਟ ਆ ਗਿਆ ਪਰ ਐਮ.ਏ. ਪੰਜਾਬੀ ਵਿਚ ਯੂਨੀਵਰਸਿਟੀ ਵਿਚੋਂ ਫ਼ਸਟ ਆਉਣ ਤੋਂ ਮਿਥ ਕੇ ਰੋਕਿਆ ਗਿਆ। ਜਿਹੜੀ ਵਿਦਿਆਰਥਣ ਦੇ ਭਾਗ ਪਹਿਲਾਂ ਵਿਚ ਮੇਰੇ ਨਾਲੋਂ 7 ਫ਼ੀ ਸਦੀ ਨੰਬਰ ਘੱਟ ਸਨ ਉਸ ਨੂੰ ਮੇਰੇ ਤੋਂ ਅੱਗੇ ਲੰਘਾਇਆ ਗਿਆ।

**ਤੁਸੀਂ ਆਪਣੇ ਸਾਰੇ ਨਾਟਕ ਖੇਡਦੇ ਹੋ ਪਰ 'ਕਬਰਸਤਾਨ' ਕਦੇ ਨਹੀਂ ਖੇਡਿਆ।**

ਇਹੋ ਗੱਲ ਮੈਂ ਡਾਕਟਰ ਦੀਵਾਨ ਸਿੰਘ ਹੋਰਾਂ ਨੂੰ ਕਹੀ ਸੀ। ਜਦੋਂ ਮੈਨੂੰ ਪਤਾ ਲੱਗਾ ਕਿ ਇਸ ਨਾਟਕ ਨੂੰ ਉਨ੍ਹਾਂ ਦੇ ਨਾਂ ਨਾਲ ਜੋੜ ਦਿੱਤਾ ਗਿਆ ਹੈ ਤਾਂ ਮੈਂ ਇਸ ਦੀ ਖ਼ਰੀਦੋ-ਫ਼ਰੋਖ਼ਤ ਨੂੰ ਬਿਲਕੁਲ ਰੋਕ ਦਿੱਤਾ ਸੀ, ਇਹ ਨਾਟਕ ਉਸ ਤੋਂ ਬਾਅਦ ਨਾ ਤਾਂ ਕਿਤਾਬਾਂ ਵੇਚਣ ਵਾਲਿਆਂ ਨੂੰ ਦਿੱਤਾ ਗਿਆ ਤੇ ਨਾ ਹੀ ਇਸ ਦਾ ਕੋਈ ਰੀਪ੍ਰਿੰਟ ਛਾਪਿਆ ਗਿਆ ਹਾਲਾਂ ਕਿ ਪਬਲਿਸ਼ਰਾਂ ਨੇ ਅਕਸਰ ਇਹ ਮੰਗ ਕੀਤੀ। ਇਹੋ ਕਾਰਨ ਹੈ ਕਿ ਇਸ ਨਾਟਕ ਨੂੰ ਮੈਂ ਅੱਜ ਤੱਕ ਕਿਸੇ ਨੂੰ ਖੇਡਣ ਦੀ ਆਗਿਆ ਵੀ ਨਹੀਂ ਦਿੱਤੀ। ਡਾਕਟਰ ਦੀਵਾਨ ਸਿੰਘ ਹੋਰਾਂ ਨੂੰ ਮੈਂ ਕਿਹਾ ਸੀ, 'ਮੇਰੀ ਜ਼ਿੰਦਗੀ ਦੇ ਆਰ-ਪਾਰ ਬਹੁਤ ਸਾਰੇ ਪ੍ਰਾਧਿਆਪਕ ਹਨ, ਮੈਂ ਖ਼ੁਦ ਵੀ ਪ੍ਰਾਧਿਆਪਕ ਹਾਂ, ਮੈਂ ਇਸ ਪੂਰੇ ਵਰਗ ਨੂੰ ਨਿਸ਼ਾਨਾ ਬਣਾ ਰਿਹਾ ਹਾਂ।' ਇਹ ਗੱਲ ਸੁਣ ਕੇ ਉਹ ਉਦਾਸ ਵੀ ਹੋਏ ਸਨ ਤੇ ਖ਼ੁਸ਼ ਵੀ ਤੇ ਉਠ ਕੇ ਮੈਨੂੰ ਗਲ ਨਾਲ ਲਾ ਲਿਆ ਸੀ।

**ਕੀ ਇਹ ਸਾਰੇ ਪ੍ਰਸੰਗ ਕਾਰਨ ਤੁਹਾਡੇ ਮਨ ਵਿਚ ਅਜੇ ਵੀ ਕੋਈ ਨਫ਼ਰਤ ਹੈ?**

ਨਹੀਂ, 'ਪਰਮ ਹਿਤੈਸ਼ੀ' ਲਈ ਵੀ ਨਹੀਂ , ਕਿਉਂਕਿ ਇਸ ਦੁੱਖ ਨੇ ਹੀ ਮੈਨੂੰ ਕੁਝ ਬਣਾਇਆ ਹੈ। ਫਿਰ ਵੀ ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਬੱਚਿਆਂ ਨੂੰ ਮਾਵਾਂ ਦਾ ਸੱਚਾ ਪਿਆਰ ਤੇ ਉਸਤਾਦਾਂ ਦਾ ਸੁੱਚਾ ਮਸ਼ਵਰਾ ਮਿਲਦਾ ਰਹੇ: ਉਨ੍ਹਾਂ ਨੂੰ ਪੂਰਨ ਨਾ ਬਣਨਾ ਪਵੇ ਕਿਉਂਕਿ ਉਸ ਨੂੰ ਨਾ ਮਾਂ ਸਾਥ ਦਿੰਦੀ ਹੈ ਤੇ ਨਾ ਹੀ ਗੁਰੂ 'ਗੋਰਖ'।

**ਤੁਹਾਡੀ ਮਾਂ ਜੋ ਤੁਹਾਡੀ ਛੋਟੀ ਉਮਰ ਵਿਚ ਤੁਰ ਗਈ ਉਸਨੇ ਤੁਹਾਨੂੰ ਰੁਲਾਇਆ ਵੀ ਅਤੇ ਬਣਾਇਆ ਵੀ। ਇਸ ਪ੍ਰਸੰਗ ਨੂੰ ਖੋਲ੍ਹੋਗੇ?**

ਛੋਟੀ ਉਮਰ ਵਿਚ ਮਾਂ -ਮਹਿੱਟਰ ਹੋਣ ਤੋਂ ਵੱਧ ਬਦਕਿਸਮਤੀ ਕੁਝ ਨਹੀਂ , ਉਹ ਵੀ ਉਸ ਘਰ ਵਿਚ ਜਿੱਥੇ ਮੇਰੇ ਤੋਂ 8-10 ਸਾਲ ਵੱਡੀ ਉਮਰ ਦੇ ਮਤਰੇਏ ਭੈਣ ਭਰਾ ਸਨ ਤੇ ਮੇਰੀ ਉਮਰ ਸਿਰਫ਼ 12 ਸਾਲ ਸੀ। ਪਰ ਜਿਸ ਦਿਨ ਮਾਂ ਦੀ ਮੌਤ ਹੋਈ, ਦੋ ਹੋਰ ਘਟਨਾਵਾਂ ਵਾਪਰੀਆਂ। ਯੂਨੀਵਰਸਿਟੀ ਟੈਕਸਟ ਬੁਕ ਬੋਰਡ ਤੋਂ ਰੀਟਾਇਰ ਹੋਇਆ ਡਾਕਟਰ ਮੋਹਨ ਸਿੰਘ ਰਤਨ ਮੇਰੇ ਪਿਤਾ ਦਾ ਵਿਦਿਆਰਥੀ ਸੀ। ਬੀ. ਏ . ਆਨਰਜ਼ ਵਿਚ ਜਿੱਤਿਆ ਗੋਲਡ ਮੈਡਲ ਉਹ ਮੇਰੇ ਪਿਤਾ ਨੂੰ ਦਿਖਾਉਣ ਆਇਆ ਸੀ। ਉਸੇ ਦਿਨ ਮੇਰੀ ਅੱਠਵੀਂ ਕਲਾਸ ਦਾ ਡੀਟੇਲਡ ਮਾਰਕਸ ਕਾਰਡ ਮੈਨੂੰ ਮਿ-ਲਿਆ। ਮੈਂ ਕਿਹਾ 'ਦੇਖੋ ਬੀਜੀ ਮੇਰੇ ਹਿਸਾਬ ਵਿਚੋਂ 100 ਚੋਂ 100 ਅੰਕ ਆਏ ਨੇ।' ਲਗਭਗ ਅਨਪੜ੍ਹ ਤੇ ਬੀਮਾਰ ਮਾਂ ਨੇ ਕਿਹਾ 'ਜੇ ਸੌ ਵਿਚੋਂ ਸੌ ਤੋਂ ਵੱਧ ਅੰਕ ਲਵੇਂ ਤਾਂ ਤੂੰ ਮੇਰਾ ਪੁੱਤਰ ਏਂ।' ਉਹਨੇ ਰਤਨ ਦੇ ਮੈਡਲ ਦੀ ਉਦਾਹਰਣ ਦਿੱਤੀ । ਪੰਜਾਬੀ ਆਨਰਜ਼ ਦੇ ਇਸ ਮੈਡਲ ਨੇ ਮੈਨੂੰ ਦਰਦ ਵੀ ਦਿੱਤੇ ਤੇ ਜ਼ਿੰਦਗੀ ਨਾਲ ਲੜਨ ਦੀ ਸ਼ਕਤੀ ਵੀ। ਮੈਂ ਮਰ ਰਹੀ ਮਾਂ ਦੇ ਆਖ਼ਰੀ ਬੋਲਾਂ ਨਾਲ ਕਿਵੇਂ ਬੇਵਫ਼ਾਈ ਕਰ ਸਕਦਾ ਸੀ? ਇਸੇ ਵਫ਼ਾ ਵਿੱਚੋਂ ਮੈਂ ਵਿਗਸਿਆਂ ਹਾਂ, ਮੈਡਲ ਜਿੱਤਣ ਦੀ ਲੜਾਈ ਨੇ ਮੈਨੂੰ ਸੰਘਰਸ਼ ਕਰਨ ਦੀ ਜਾਚ, ਤਾਕਤ ਅਤੇ ਆਸ ਦਿੱਤੀ। ਇਸੇ ਮੈਡਲ ਪਿੱਛੇ ਮੈਂ ਤਰਨ-ਤਾਰਨ ਛੱਡ ਕੇ ਜਲੰਧਰ ਗਿਆ; ਉੱਥੋਂ ਕੱਢਿਆ ਗਿਆ ਤਾਂ ਅੰਮ੍ਰਿਤਸਰ ਪੁੱਜਾ। ਇਸ ਗੋਲਡ ਮੈਡਲ ਤੋਂ ਮੈਂ ਆਪਣੇ ਸਾਰੇ ਇਨਾਮ-ਸਨਮਾਨ ਵਾਰ ਸਕਦਾ ਹਾਂ।

**ਤੁਹਾਡੀ ਸਿਰਜਣਾ ਪਿੱਛੇ ਮੈਂ ਸਮਝਦਾ ਹਾਂ ਕੋਈ ਨਾ ਕੋਈ ਤਕਲੀਫ਼ ਹੀ ਪ੍ਰੇਰਨਾ ਦਾ ਕਾਰਨ ਬਣਦੀ ਰਹੀ। ਇਕ ਤਕਲੀਫ਼ ਸਾਹਿਤ ਵਿਚ ਪੈ ਰਹੀਆਂ ਵੰਡੀਆਂ ਦੀ ਵੀ ਹੈ ਜਿਵੇਂ ਮਾਲਵਾ ਅਤੇ ਗੈਰ ਮਾਲਵਾ, ਜੱਟ ਅਤੇ ਗੈਰ ਜੱਟ , ਦਲਿਤ ਅਤੇ ਗੈਰ ਦਲਿਤ , ਸ਼ਹਿਰੀ ਅਤੇ ਪੇਂਡੂ , ਔਰਤ ਅਤੇ ਮਰਦ । ਇਸ ਤਕਲੀਫ਼ ਬਾਰੇ ਖੁਲ੍ਹ ਕੇ ਗੱਲ ਕਰੋਗੇ?**

ਮੈਨੂੰ ਵੰਡੀਆਂ ਦਾ ਦੁੱਖ ਹੈ ਅਤੇ ਨਤੀਜੋਂ ਵਜੋਂ ਸ਼ੋਸ਼ਿਤ ਨਾਲ ਪੂਰੀ ਹਮਦਰਦੀ। ਜੇ ਵੰਡੀ ਸ਼ੋਸਣ ਦਾ ਕਾਰਨ ਨਾ ਬਣੇ ਤਾਂ ਕੋਈ ਦੁੱਖ ਨਹੀਂ। ਪਰ ਕੋਈ ਵੀ ਸੰਵੇਦਨਸ਼ੀਲ ਮਨੁੱਖ ਦੱਬੇ ਹੋਏ ਲਈ ਦਰਦ ਜ਼ਰੂਰ ਰੱਖੇਗਾ ਅਤੇ ਕੋਸ਼ਿਸ਼ ਕਰੇਗਾ ਕਿ ਉਸਦੇ ਦੁੱਖ ਨੂੰ ਨਿਵਾਰਨ ਲਈ ਉਹ ਕੁਝ ਕਰੇ। ਸਕੂਲਾਂ ਕਾਲਜਾਂ ਵਿਚ ਜਿਹੜੇ ਅਧਿਆਪਕ ਬੱਚਿਆਂ ਨੂੰ ਵੰਡਦੇ ਹਨ ਮੈਨੂੰ ਸਭ ਤੋਂ ਵੱਡੇ ਸਮਾਜ ਧ੍ਰੋਹੀ ਲੱਗਦੇ ਹਨ; ਮੇਰਾ ਪਹਿਲਾ ਨਾਟਕ 'ਕਬਰਸਤਾਨ' ਇਸ ਵਿਸ਼ੇ ਨੂੰ ਛੂੰਹਦਾ ਹੈ। ਹਿੰਦੂਸਤਾਨ ਅਤੇ ਪਾਕਿਸਤਾਨ ਦੀ ਵੰਡ ਦੇ ਥੀਮ ਨੂੰ ਮੈਂ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਦੇ ਹਵਾਲੇ ਨਾਲ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਵਿੱਚ ਨਜਿੱਠਣ ਦੀ ਕੋਸ਼ਿਸ਼ ਕੀਤੀ। ਦਲਿਤ ਬਾਰੇ ਮੈਂ ਬਹੁਤ ਤਬੀਰਤਾ ਨਾਲ ਸੋਚਦਾ ਹਾਂ। ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਜਿਹੜੇ ਕਹਿੰਦੇ ਹਨ ਕਿ ਸਿੱਧੇ ਤੌਰ ਤੇ ਦਲਿਤ ਹੋਣ ਬਿਨਾਂ ਉਸ ਦੀ ਤਕਲੀਫ਼ ਨੂੰ ਚਿਤਰਿਆ ਹੀ ਨਹੀਂ ਜਾ ਸਕਦਾ ਮੈਂ। ਮੈਂ ਅੱਜ ਤੋਂ ਢਾਈ ਦਹਾਕੇ ਪਹਿਲਾਂ ਜਿੰਨੀ ਸ਼ਿੱਦਤ ਨਾਲ ਮੇਜਰ ਇਸਹਾਕ ਮੁਹੰਮਦ ਦੇ ਨਾਟਕ 'ਮੁਸੱਲੀ' ਦਾ ਮੰਚਣ ਕੀਤਾ ਸੀ, ਮੈਨੂੰ ਲੱਗਦਾ ਸੀ ਮੈਂ ਦਲਿਤ ਹੀ ਹਾਂ। ਕਿਸੇ ਵੀ ਵਿਸ਼ੇ ਨੂੰ ਮੰਚ ਤੇ ਲਿਆਉਣਾ ਹੋਵੇ, ਉਹਦੇ ਅੰਦਰ ਜਾਏ ਬਿਨਾਂ ਤੁਸੀਂ ਚੰਗਾ ਕੰਮ ਨਹੀਂ ਕਰ ਸਕਦੇ। ਉਂਜ ਸਾਰੀ ਜ਼ਿੰਦਗੀ ਇਕ ਵੱਖਰੀ ਕਿਸਮ ਦੀ ਜਾਤੀਗਤ ਨਫ਼ਰਤ ਜਾਂ ਅਲਹਿਰਦੀ ਦਾ ਸ਼ਿਕਾਰ ਰਿਹਾ ਹਾਂ। ਮੈਂ ਬ੍ਰਾਹਮਣ ਸਿੱਖ ਹਾਂ; ਜਿਨ੍ਹਾਂ ਦੀ ਆਪਣੀ ਗਿਣਤੀ ਇਨ੍ਹੀ ਘੱਟ ਹੈ ਕਿ ਕਈ ਵਾਰ ਮੈਨੂੰ ਲੱਗਦਾ ਹੈ ਕਿ ਮੈਂ ਤਾਂ ਵਰਣ ਪ੍ਰਥਾ ਦਾ ਚੌਥਾ ਡੰਡਾ ਭਾਵ ਸ਼ੂਦਰ ਵੀ ਨਹੀਂ। ਬ੍ਰਾਹਮਣ ਵਾਸਤੇ ਸਿੱਖ ਤੇ ਸਿੱਖ ਵਾਸਤੇ ਬ੍ਰਾਹਮਣ - ਪੂਰੀ ਤਰ੍ਹਾਂ ਆਊਟਸਾਈਡਰ। ਸ਼ਾਇਦ ਇਸੇ ਲਈ ਮੇਰਾ ਇਕ ਜਾਤ ਭਰਾ ਮੇਰੇ ਅੱਗੇ ਤਰਲਾ ਮਾਰਦਾ ਰਹਿੰਦਾ ਹੈ ਕਿ ਮੈਂ ਕਿਸੇ ਨੂੰ ਦੱਸਾਂ ਨਾ ਕਿ ਉਹ ਬ੍ਰਾਹਮਣ ਸਿੱਖ ਹੈ। ਇਸੇ ਲਈ ਬਹੁਤ ਸਾਰੇ ਬ੍ਰਾਹਮਣ ਸਿੱਖਾਂ ਨੇ ਵੀ ਆਪਣੀ ਗੋਤ ਸਿੱਧੂ ਅਤੇ ਸੰਧੂ ਲਿਖੀ ਹੁੰਦੀ ਹੈ। ਘੱਟ ਲੋਕ ਜਾਣਦੇ ਹਨ ਕਿ ਵਿਧਾਤਾ ਸਿੰਘ ਤੀਰ ਵੀ ਬ੍ਰਾਹਮਣ ਸਿੱਖ ਸੀ। ਮੈਨੂੰ ਦਲਿਤ ਦੇ ਪ੍ਰਸ਼ਨਾਂ ਦੇ ਰੂਬਰੂ ਕਰਨ ਵਾਲਾ ਇਕ ਹੋਰ ਸ਼ਖ਼ਸ ਮਨਮੋਹਨ ਬਾਵਾ ਹੈ। ਪਿਛਲੇ ਤੀਹ ਸਾਲਾਂ ਤੋਂ ਉਸ ਦੀ ਸੰਗਤ ਵਿੱਚ ਹਾਂ ਅਤੇ ਉਨ੍ਹਾਂ ਨੂੰ ਵੱਡੇ ਭਰਾਵਾਂ ਜੇਹਾ ਦੋਸਤ ਮੰਨਦਾ ਹਾਂ। ਉਹ ੈਰ- ਦਲਿਤ ਹੋਣ ਦੇ ਬਾਵਜੂਦ ੈਰ-ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਬਾਵਾ ਦੀਆਂ ਦੋ ਕਹਾਣੀਆਂ ਨੂੰ ਆਧਾਰ ਬਣਾ ਕੇ ਹੀ ਨਾਟਕ 'ਪੰਚ ਨਦ ਦਾ ਪਾਣੀ' ਲਿਖਿਆ ਗਿਆ।

**ਉਹ ਕਿਹੜੀਆਂ ਕਹਾਣੀਆਂ ਨੇ?**

'ਬਿਰਜੂ ਝੀਰ ਉਰਫ਼ ਕੁਰਬਾਨ ਅਲੀ' ਅਤੇ 'ਨੀਲਮਾ' ਪਰ ਜਦੋਂ ਦਲਿਤ ਜਾਂ ੈਰ-ਦਲਿਤ ਮਨੁੱਖ ਜਾਂ ਲੇਖਕ ਕਿਸੇ ਵੀ ਕਿਸਮ ਦੀ ਹਉਮੇ ਵਿਚ ਖੁੱਭਦਾ ਹੈ ਤਾਂ ਮੈਨੂੰ ਬਹੁਤ ਦੁੱਖ ਹੁੰਦਾ ਹੈ। ਸਾਹਿਤ ਦਾ ਕੰਮ ਜੋੜਨਾ ਹੈ, ਤੋੜਨਾ ਨਹੀਂ ; ਉਸਦਾ ਕਾਰਜ ਗੰਢਣਾ ਹੈ, ਵੰਡਣਾ ਨਹੀਂ। ਰਾਸ਼ਟਰਵਾਦ ਦੀ ਵੀ ਇਕ ਸੀਮਾ ਹੈ। 'ਟੋਭਾ ਟੇਕ ਸਿੰਘ ' ਉਤੇ ਆਧਾਰਿਤ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਇਸੇ ਕੋਣ ਤੋਂ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ ਦੀ ਗੱਲ ਕਰਦਾ ਹੈ।

**ਤੁਹਾਡਾ ਕੀ ਖ਼ਿਆਲ ਹੈ ਕਿ ਇਹ ਦੋਵੇਂ ਮੁਲਕ ਕਦੇ ਇੱਕਠੇ ਹੋ ਸਕਦੇ ਹਨ?**

ਨਹੀਂ ਹੋ ਸਕਦੇ; ਨਾ ਕੋਈ ਲੋੜ ਹੈ। ਇਸ ਗੱਲ ਦੀ ਵਜ਼ਾਹਤ ਲਈ ਉਸ ਲੇਖ ਦਾ ਹਵਾਲਾ ਦੇਣਾ ਚਾਹੁੰਦਾ ਹਾਂ ਜਿਹੜਾ ਪਿੱਛੇ ਜਿਹੇ 'ਚਿਰਾ ' ਵਿਚ ਛਪਿਆ ਸੀ, '' ਮੈਂ ਏਨਾ ਮਾਸੂਮ ਨਹੀਂ ਕਿ ਬਣ ਚੁੱਕੀਆਂ ਸਰਹੱਦਾਂ ਦੀ ਅਸਲੀਅਤ ਨੂੰ ਨਾ ਜਾਣਦਾ ਹੋਵਾਂ। ਇਹ ਸਰਹੱਦਾਂ ਸਲਤਨਤਾਂ ਦੀਆਂ ਪ੍ਰਤੀਕ ਹਨ; ਉਨ੍ਹਾਂ ਦੇ ਸ਼ਾਸਕ ਆਪਣੀ ਸੱਤਾ ਨੂੰ ਹਰ ਹਾਲਤ ਵਿਚ ਬਚਾ ਕੇ ਰੱਖਣਗੇ ; ਉਹ ਤਾਂ ਸਗੋਂ ਉਨ੍ਹਾਂ ਲੋਕਾਂ ਨੂੰ ਮਾਰਨਗੇ ਜਿਹੜੇ ਸਰਹੱਦਾਂ ਨੂੰ ਤੋੜਨ ਦੀ ਬਾਤ ਪਾਉਣਗੇ, ਸੱਤਾਵਾਨਾਂ ਕੋਲ ਕੋਈ ਹੋਰ ਰਾਹ ਨਹੀਂ। ਮੈਂ ਇਹ ਵੀ ਜਾਣਦਾ ਹਾਂ ਕਿ ਨਿੱਤ ਦਿਹਾੜੇ ਨਵੀਆਂ ਹੱਦਾਂ ਅਤੇ ਨਵੇਂ ਪਾਕਿਸਤਾਨਾਂ ਦੀ ਮੰਗ ਵੀ ਇਸੇ ਸੱਤਾ ਨੂੰ ਹੋਰ ਵੰਡਾਉਣ ਲਈ ਉਠਦੀ ਹੈ। ਜਿੱਥੇ ਹਰ ਰੋਜ਼ ਨਵੇਂ ਜ਼ਿਲ੍ਹੇ, ਨਵੇਂ ਰਾਜ ਤੇ ਨਵੇਂ ਮੁਲਕ ਮੰਗੇ ਜਾ ਰਹੇ ਹੋਣ ਜਾਂ ਬਣ ਰਹੇ ਹੋਣ, ਉਥੇ ਬਣਿਆ ਹੋਇਆ ਢਾਹੁਣਾ ਇਕ ਖ਼ਾਮ -ਖ਼ਿਆਲੀ ਤੋਂ ਵੱਧ ਕੁਝ ਨਹੀਂ। ਪਰ ਜੇ ਕੈਨੇਡਾ ਦੇ ਹੈਮਿਲਟਨ ਵਿਚ ਰਹਿੰਦਾ ਪੰਜਾਬੀ ਆਸਾਨੀ ਨਾਲ ਅਮਰੀਕਾ ਵਿਚ ਆ-ਜਾ ਸਕਦਾ ਹੈ; ਇੰਗਲੈਂਡ ਅਤੇ ਫਰਾਂਸ ਦੀਆਂ ਸਰਹੱਦਾਂ ਲਚਕੀਲੀਆਂ ਹੋ ਸਕਦੀਆਂ ਹਨ; ਜੇਕਰ ਸਿੰਘਾਪੁਰ ਅਤੇ ਮਲੇਸ਼ੀਆ ਦੇ ਲੋਕਾਂ ਦੀ ਆਪੋ ਵਿਚ ਆਮਦੋ-ਰਫ਼ਤ ਦੀ ਕੋਈ ਸਮੱਸਿਆ ਨਹੀਂ ਤਾਂ ਪੰਜਾਬੀਆਂ ਲਈ ਆਪਣੀ ਧਰਤੀ ਉੱਤੇ ਇਹ ਮੁਸ਼ਕਲ ਕਿਉਂ ਹੈ?''



**ਪਰ ਆਪਾਂ ਪੰਜਾਬੀ ਇਸ ਮੁਸ਼ਕਲ ਵਿੱਚ ਕੀ ਕਰ ਸਕਦੇ ਹਾਂ?**

ਉਹੀ ਜੋ ਮੰਟੋ ਕੀ ਕਹਾਣੀ ਦਾ ਬਿਸ਼ਨ ਸਿੰਘ ਤੇ ਨਾਟਕ ਵਿਚ ਬਚਨ ਸਿੰਘ ਕਰਦਾ ਹੈ। ਉਹ ਹੀ ਹਿੰਦੁਸਤਾਨ ਅਤੇ ਪਾਕਿਸਤਾਨ ਦੋਹਾਂ ਨੂੰ ਰੱਦ ਕਰਦਾ ਹੈ ਅਤੇ ਉਨ੍ਹਾਂ ਨਾਲੋਂ ਆਪਣੇ ਪਿੰਡ ਨੂੰ ਤਰਜੀਹ ਦੇਂਦਾ ਹੈ। ਇਹ ਉਹਦਾ ਰਾਜਸੀ ਨਾਅਰਾ ਨਹੀਂ; ਉਹ ਸਭਿਆਚਾਰਕ ਜਾਂ ਸਕਾਫ਼ਤੀ ਦਰਦ ਪ੍ਰਗਟਾ ਰਿਹਾ ਹੈ। ਬੰਦੇ ਲਈ ਮੁਲਕਾਂ ਦੇ ਰਾਜਸੀ ਰਾਸ਼ਟਰਵਾਦ ਨਾਲੋਂ ਕਈ ਵਾਰ ਉਸਦਾ ਐਥਨਿਕ ਰਾਸ਼ਟਰਵਾਦ ਨਾ ਤਾਂ ਕੁਰਬਾਨ ਕਰਨਾ ਚਾਹੀਦਾ ਹੈ; ਨਾ ਹੀ ਉਸ ਉੱਤੇ ਏਨਾ ਹੰਕਾਰ ਕਿ ਦੂਸਰੇ ਲੋਕ ਬੰਦੇ ਨਾ ਜਾਪਣ। ਜੇ ਕੋਈ ਮੈਨੂੰ ਮੇਰੀ ਰੋਟੀ , ਬੋਲੀ, ਗੀਤ , ਸਾਹਿਤ ਤੇ ਸੰਗੀਤ ਤੋਂ ਤੋੜ ਕੇ ਕਿਸੇ ਵੀ ਕਿਸਮ ਦਾ ਰਾਜਸੀ ਰਾਸ਼ਟਰਵਾਦ ਸਿਖਾਉਂਦਾ ਹੈ ਤਾਂ ਮੈਂ ਉਸਨੂੰ ਸਿੱਖਣ ਤੋਂ ਜ਼ਰੂਰ ਇਨਕਾਰ ਕਰਾਂਗਾ। ਦਰਅਸਲ 'ਟੋਬਾ ਟੇਕ ਸਿੰਘ' ਦਾ ਬਿਸ਼ਨ ਸਿੰਘ ਇਹੋ ਕੁਝ ਕਰ ਰਿਹਾ ਹੈ। ਬਿਸ਼ਨ ਸਿੰਘ ਰਾਸ਼ਟਰਵਾਦ ਦੇ ਸੁਆਰਥੀ ਰੂਪ ਨੂੰ ਮੰਨਣ ਤੋਂ ਇਨਕਾਰੀ ਹੈ; ਕਮਾਲ ਦੀ ਗੱਲ ਇਹ ਹੈ ਕਿ ਇਸ ਇਨਕਾਰ ਵਾਸਤੇ ਉਹ ਰਾਜਸੀ ਭਾਸ਼ਾ ਦੀ ਬਜਾਏ ਸਕਾਫ਼ਤੀ ਬੋਲੀ ਬੋਲ ਰਿਹਾ ਹੈ। ਇਹ ਬੋਲੀ ਬੁਲਵਾਉਣਾ ਹੀ ਮੰਟੋ ਦਾ ਕਮਾਲ ਹੈ। ਮੰਟੋ ਦਾ ਬਿਸ਼ਨ ਸਿੰਘ ਸੰਵੇਦਨਸ਼ੀਲ ਲੇਖਕ ਨੂੰ ਹਰ ਯੁੱਗ ਵਿਚ ਟੁੰਬਦਾ ਰਹੇਗਾ। ਪਰ ਕੀ ਹਰੇਕ ਪੰਜਾਬੀ, ਹਿੰਦੁਸਤਾਨੀ ਅਤੇ ਪਾਕਿਸਤਾਨੀ ਬਿਸ਼ਨ /ਬਚਨ ਸਿੰਘ ਬਣ ਸਕਦਾ ਹੈ?

**ਇਕ ਵਾਰ ਜਸਬੀਰ ਸਿੰਘ ਆਹਲੂਵਾਲੀਆ ਨਾਲ ਤੁਹਾਡੀ ਅਖ਼ਬਾਰਾਂ ਵਿਚ ਸ਼ਬਦ-ਜੰਗ ਵੀ ਛਿੜੀ ਸੀ।**

ਹਾਂ, ਲੰਮਾਂ ਸਮਾਂ ਚੱਲੀ ਸੀ। ਜਦੋਂ ਮੈਂ ਪੰਜਾਬੀ ਸੰਗੀਤ ਨਾਟਕ ਅਕਾਦਮੀ ਦਾ ਸਕੱਤਰ ਸੀ ਉਦੋਂ ਸੁਰਿੰਦਰ ਕੁਮਾਰ ਆਹਲੂਵਾਲੀਆ ਵਿਭਾਗ ਦੇ ਡਾਇਰੈਕਟਰ ਸਨ ਤੇ ਮੇਰੇ ਚਚੇਰੇ ਭਰਾ ਐਨ. ਐੱਸ. ਰਤਨ ਵਿਭਾਗ ਦੇ ਸਕੱਤਰ। ਸਾਡੀ ਅਕਾਦਮੀ ਵਿਭਾਗ ਪਾਸੋਂ ਆਰਥਿਕ ਸਹਿਯੋਗ ਲੈ ਕੇ ਹਫ਼ਤਾਵਾਰੀ/ਵੀਰਵਾਰੀ ਸਭਿਆਚਾਰਕ ਪ੍ਰੋਗਰਾਮ ਕਰਵਾਉਂਦੀ ਹੁੰਦੀ ਸੀ। ਜਦੋਂ ਸੁਰਿੰਦਰ ਕੁਮਾਰ ਆਹਲੂਵਾਲੀਆ ਦੀ ਥਾਂ ਤੇ ਸਰਕਾਰ ਨੇ ਜਸਬੀਰ ਸਿੰਘ ਆਹਲੂਵਾਲੀਆ ਨੂੰ ਦੂਜੀ ਵਾਰ ਡਾਇਰੈਕਟਰ ਲਾ ਦਿੱਤਾ ਤਾਂ ਸਮੱਸਿਆਵਾਂ ਬਣਨ ਲੱਗ ਪਈਆਂ। ਜਸਬੀਰ ਸਿੰਘ ਹੋਰਾਂ ਦੀ ਰਤਨ ਸਾਹਿਬ ਨਾਲ ਵੀ ਖਟਪਟ ਜਾਪਦੀ ਸੀ। ਡਾਇਰੈਕਟਰ ਨੇ ਅਕਾਦਮੀ ਦੇ ਪ੍ਰੋਗਰਾਮਾਂ ਦੇ ਦੁੱਧ ਵਿਚ ਕਾਂਜੀ ਪਾਉਣੀ ਸ਼ੁਰੂ ਕਰ ਦਿੱਤੀ। ਉਦੋਂ ਮੈਂ ਅਕਾਦਮੀ ਦੀ ਸਕੱਤਰੀ ਤੋਂ ਅਸਤੀਫ਼ਾ ਵੀ ਦੇ ਦਿਤਾ ਸੀ। ਅਖ਼ਬਾਰਾਂ ਅਤੇ ਲੋਕਾਂ ਨੇ ਮੇਰਾ ਭਰਪੂਰ ਸਾਥ ਦਿੱਤਾ। ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ, ਮੇਰੇ ਕੀਤੇ ਕੰਮ ਨੇ ਮੇਰੀ ਇੱਜ਼ਤ ਬਹਾਲ ਕੀਤੀ।

**ਤੁਹਾਡੇ ਸੁਭਾਅ ਵਿਚ ਕਦੇ ਕਦੇ ਏਨਾ ਤਿੱਖਾਪਨ ਕਿਉਂ ਆ ਜਾਂਦਾ ਹੈ?**

ਪਤਾ ਨਹੀਂ। ਸ਼ਾਇਦ ਇਸ ਤਰ੍ਹਾਂ ਮੈਂ ਆਪਣੇ ਅੰਦਰਲੇ ਰੋਸ ਨੂੰ ਬਾਹਰ ਕੱਢਦਾ ਹਾਂ। ਮੈਂ ਪ੍ਰਾਈਵੇਟ ਲੋਕਾਂ ਨਾਲ ਏਨਾਂ ਗੁੱਸਾ ਨਹੀਂ ਕਰਦਾ, ਪਰ ਸਰਕਾਰੀ ਲੋਕਾਂ ਜਾਂ ਸੰਸਥਾਵਾਂ ਸਾਹਮਣੇ ਮੇਰਾ ਪਾਰਾ ਸੱਚਮੁੱਚ ਬਹੁਤ ਚੜ੍ਹ ਜਾਂਦਾ ਹੈ। ਰੇਡੀਓ, ਦੂਰਦਰਸ਼ਨ , ਸਾਂਗ ਐਂਡ ਡਰਾਮਾ ਡਵੀਜ਼ਨ ਸਭ ਨਾਲ ਏਸ ਤਰ੍ਹਾਂ ਹੋ ਜਾਂਦਾ ਹੈ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੈ, ਪਰ ਮੈਂ ਏਸੇ ਤਰ੍ਹਾਂ ਦਾ ਰਿਹਾ ਹਾਂ, ਮੈਂ ਕੁਝ ਨਹੀਂ ਸੀ ਕਰ ਸਕਦਾ। ਪੰਜਾਬੀ ਅਕਾਦਮੀ ਦਿੱਲੀ ਅਤੇ ਭਾਰਤੀ ਸੰਗੀਤ ਨਾਟਕ ਅਕਾਦਮੀ ਦਿੱਲੀ ਨਾਲ ਸ਼ੁਰੂ ਵਿਚ ਤਲਖ਼ੀ ਆਈ ਸੀ ਪਰ ਹੁਣ ਡੇਢ ਦੋ ਦਹਾਕਿਆਂ ਤੋਂ ਮੇਰੇ ਉਨ੍ਹਾਂ ਨਾਲ ਚੰਗੇ ਸੰਬੰਧ ਹਨ!

**ਕੀ ਹੁਣ ਤੁਹਾਡੇ ਸੁਭਾਅ ਵਿਚ ਕੋਈ ਤਬਦੀਲੀ ਆਈ ਹੈ?**

ਬੜੀ ਦੇਰ ਤੋਂ ਮਾਪਣ ਜਾਂ ਜਾਨਣ ਦਾ ਮੌਕਾ ਨਹੀਂ ਮਿਲਿਆ: ਪਰ ਮੈਂ ਚਾਹੁੰਦਾ ਹਾਂ ਕਿ ਕੋਈ ਤਬਦੀਲੀ ਆ ਹੀ ਜਾਵੇ।

**'ਕੈਮਲੂਪਸ ਦੀਆਂ ਮੱਛੀਆਂ' ਦਾ ਜ਼ਿਕਰ ਕਰੀਏ: ਇਸ ਨਾਟਕ ਦੀ ਬਹੁਤ ਚਰਚਾ ਹੋਈ ਹੈ।**

ਹਾਂ, ਇਸ ਦੀ ਪ੍ਰਸ਼ੰਸਾ ਦੇ ਪੁੱਲ ਵੀ ਬੰਨ੍ਹੇ ਗਏ ਤੇ ਉਨ੍ਹਾਂ ਪੁੱਲਾਂ ਉੱਤੇ ਆਲੋਚਨਾ ਦੇ ਨਾਲ ਨਾਲ ਨਿੰਜੀ ਨਿੰਦਾ ਦੇ ਬੰਬ ਵੀ ਸੁੱਟੇ ਗਏ। ਇਸ ਨਾਟਕ ਦੀ ਕਥਾ ਬਾਰੇ ਸਾਰੇ ਜਾਣਦੇ ਹਨ, ਮੈਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਬੰਦਾ ਆਪਣੀ ਧਰਤੀ ਤਾਂ ਛੱਡ ਸਕਦਾ ਹੈ ਪਰ ਉਹ ਉਸ ਦੀ ਖਿੱਚ ਨਹੀਂ ਛੱਡ ਸਕਦਾ। ਆਪਣੇ ਖ਼ਿਆਲਾਂ , ਚੇਤਿਆਂ ਅਤੇ ਸੁਪਨਿਆਂ ਵਿਚ ਉਹ ਵਾਰ ਵਾਰ ਉਥੇ ਜਾਵੇਗਾ। ਆਪਣੇ ਮੂਲ ਤੋਂ ਮੁਕਤ ਹੋਣਾ ਨਾ-ਮੁਮਕਿਨ ਹੈ। ਮੈਂ ਇਹ ਵੀ ਕਹਿ ਰਿਹਾ ਸੀ ਕਿ ਪਰਵਾਸ ਵਿਚ ਰਹਿੰਦੀ ਦੂਜੀ ਅਤੇ ਤੀਜੀ ਪੀੜ੍ਹੀ ਦੇ ਸੰਕਟ ਬਦਲ ਜਾਂਦੇ ਹਨ ਤੇ ਕਦਰਾਂ ਕੀਮਤਾਂ ਵਿਚ ਤਬਦੀਲੀ ਆਉਣ ਲੱਗਦੀ ਹੈ। ਉਨ੍ਹਾਂ ਦੀ ਮੁੱਖ ਸਮੱਸਿਆ ਨਵੇਂ ਸੰਸਾਰ ਵਿਚ ਕਿਸੇ ਉਸਾਰੂ ਢੰਗ ਨਾਲ ਸ਼ਾਮਲ ਹੋਣ ਦੀ ਹੁੰਦੀ ਹੈ। ਪਰ ਉਹ ਦੋ ਪ੍ਰਕਾਰ ਦੇ ਸੰਸਕਾਰਾਂ ਵਿਚ ਵੰਡੇ ਜਾਂਦੇ ਹਨ ਤੇ ਇਸ ਮਾਨਸਿਕ ਵੰਡੀ ਦੇ ਦੁੱਖ ਨੂੰ ਭੋਗਦੇ ਹਨ। ਇਕ ਹੋਰ ਮਹੱਤਵਪੂਰਨ ਗੱਲ ਕਹਿਣ ਦੀ ਕੋਸ਼ਿਸ਼ ਸੀ ਕਿ ਅਸੀਂ ਆਪਣੇ ਬਹੁਤ ਸਾਰੇ ਸੰਕਟਾਂ ਦੇ ਕਾਫ਼ੀ ਹੱਦ ਤੱਕ ਆਪ ਜ਼ੁੰਮੇਵਾਰ ਹਾਂ। ਕੁਝ ਕੁ ਸੂਝ ਨਾਲ ਸਥਿਤੀ ਨੂੰ ਬੇਹਤਰ ਬਣਾਇਆ ਜਾ ਸਕਦਾ ਹੈ। ਪਰ ਮੇਰੇ ਆਲੋਚਕਾਂ ਨੇ ਇਸ ਤੀਜੀ ਗੱਲ ਵੱਲ ਤਾਂ ਉੱਕਾ ਹੀ ਧਿਆਨ ਨਹੀਂ ਦਿੱਤਾ। ਦੂਜੀ ਦਾ ਕਿਤੇ ਕਿਤੇ ਨੋਟਿਸ ਲਿਆ ਤੇ ਆਪਣੀ ਆਲੋਚਨਾ ਨੂੰ ਪਹਿਲੇ ਨੁਕਤੇ ਉੱਤੇ ਇਹ ਸਮਝ ਕੇ ਕੇਂਦ੍ਰਿਤ ਕੀਤਾ ਕਿ ਸ਼ਾਇਦ ਮੈਂ ਲੋਕਾਂ ਨੂੰ ਹਿੰਦੁਸਤਾਨ ਪਰਤ ਜਾਣ ਲਈ ਕਹਿ ਰਿਹਾ ਹਾਂ। ਦਰਅਸਲ ਉਨ੍ਹਾਂ ਨੇ ਆਪਣੇ ਆਪ ਨੂੰ ਮੇਰੇ ਨਾਲੋਂ ਵੱਡੇ ਸਟੇਕਹੋਲਡਰ ਮੰਨ ਲਿਆ ਅਤੇ ਆਪਣਾ ਸਾਰਾ ਜ਼ੋਰ ਇਸ ਗੱਲ ਨੂੰ ਸਾਬਤ ਕਰਨ ਉੱਤੇ ਲਾ ਦਿੱਤਾ ਕਿ ਮੈਂ ਕੈਨੇਡਾ ਵਿਚੋਂ ਬਾਹਰੋਂ ਆਇਆ ਬੰਦਾ ਹਾਂ, ਮੈਨੂੰ ਉੱਥੋਂ ਦੇ ਲੋਕਾਂ ਬਾਰੇ ਕੋਈ ਗੱਲ ਕਹਿਣ ਦਾ ਹੱਕ ਨਹੀਂ ਹੈ। ਉਨ੍ਹਾਂ ਇਹ ਵੀ ਨਤੀਜਾ ਕੱਢ ਲਿਆ ਕਿ ਨਾਟਕ ਲੋਕਾਂ ਦੇ ਸੰਘਰਸ਼ ਨੂੰ ਚਿਤਰਨ ਦੀ ਬਜਾਏ ਖ਼ਾਹਮਖ਼ਾਹ ਉਨ੍ਹਾਂ ਦੀ ਆਲੋਚਨਾ ਕਰ ਰਿਹਾ ਹੈ। ਉਹ ਇਸ ਗੱਲ ਨੂੰ ਅੱਖੋਂ ਪਰੋਖੇ ਕਰ ਗਏ ਕਿ ਹਰ ਲੇਖਕ ਆਪਣੇ ਵਿਲੱਖਣ ਕੋਣ ਤੋਂ ਹੀ ਸਮੱਸਿਆ ਨੂੰ ਦੇਖਦਾ ਹੈ ਅਤੇ ਦੁਨੀਆਂ ਦੀ ਕੋਈ ਵੀ ਸਮੱਸਿਆ ਕਿਸੇ ਵੀ ਲੇਖਕ ਨੂੰ ਆਕਰਸ਼ਿਤ ਕਰ ਸਕਦੀ ਹੈ। ਮੈਂ ਨਾਟਕ ਵਿਚ ਓਹੋ ਕੁਝ ਲਿਖਦਾ ਹਾਂ ਜੋ ਮੈਂ ਜ਼ਿੰਦਗੀ ਵਿਚ ਦੇਖਦਾ ਹਾਂ।

**ਕੀ ਤੁਹਾਨੂੰ ਉਨ੍ਹਾਂ ਦਾ ਸੰਘਰਸ਼ ਨਹੀਂ ਦਿੱਸਿਆ?**

ਦਿੱਸਿਆ ਸੀ। ਪਰ ਸੰਘਰਸ਼ ਨਾਲੋਂ ਵੱਧ ਸੰਕਟ ਦਿੱਸੇ। ਉਨ੍ਹਾਂ ਦੇ ਸੰਘਰਸ਼ ਪਿੱਛੇ ਜਿਹੜੇ ਕਾਰਨ ਸਨ ਉਹ ਮੇਰੇ ਨਵੇਂ ਨਾਟਕ 'ਮੁੰਗੂ ਕਾਮਰੇਡ ' ਦੇ ਨਾਇਕ ਦੇ ਸੰਘਰਸ਼ ਦੇ ਕਾਰਨਾਂ ਵਰਗੇ ਨਹੀਂ ਸਨ; ਨਾ ਹੀ ਉਹ ਸੰਘਰਸ਼ ਉਨ੍ਹਾਂ 150 ਸ਼ਹੀਦਾਂ ਵਰਗਾ ਹੈ ਜਿਨ੍ਹਾਂ ਦਾ ਜ਼ਿਕਰ ਮੈਂ ' ਦਰ ਐਕਸਪ੍ਰੈੱਸ ' ਵਿਚ ਕੀਤਾ ਹੈ। ਇਹ ਸਾਰੇ ਨਾਟਕ ਪਰਵਾਸੀ ਪੰਜਾਬੀਆਂ ਬਾਰੇ ਹਨ।

**ਸ਼ੁਰੂ ਵਿਚ ਤੁਸੀਂ ਕਾਵਿ -ਸਤਰਾਂ ਦੇ ਹਮਸਫ਼ਰ ਹੋ ਕੇ ਤੁਰੇ ਪਰ ਬਾਅਦ ਵਿਚ ਨਾਟਕ ਦੇ ਪਿੜ ਵਿਚ ਪ੍ਰਵੇਸ਼ ਕਰ ਲਿਆ। ਇਸ ਮੋੜ ਦਾ ਕੀ ਕਾਰਨ ਸੀ?**

ਨਾਟਕਾਂ ਦੇ ਗੀਤ ਤਾਂ ਹੁਣ ਵੀ ਖ਼ੁਦ ਹੀ ਲਿਖਦਾ ਹਾਂ। ਉੱਤਰ ਭਾਰਤ ਦੇ ਕਾਲਜਾਂ-ਯੂਨੀਵਰਸਿਟੀਆਂ ਵਿਚ ਭਾਸ਼ਣ ਮੁਕਾਬਲਿਆਂ ਤੋਂ ਇਲਾਵਾ ਕਾਵਿ ਉਚਾਰਣ ਮੁਕਾਬਲਿਆਂ ਵਿਚ ਵੀ ਮੈਂ ਮੋਹਰੀ ਕਲਾਕਾਰ ਰਿਹਾ ਹਾਂ। ਵਿਦਿਆਰਥੀ ਕਾਲ ਦੌਰਾਨ ਨਾ ਕੇਵਲ ਆਪਣੀ ਸੰਸਥਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਸਤੇ ਲਗਭਗ 100 ਟ੍ਰਾਫ਼ੀਆਂ ਜਿੱਤੀਆਂ ਬਲਕਿ ਉਹਨੀਂ ਦਿਨੀ ਮੇਰੇ ਅੰਨ ਪਾਣੀ ਦਾ ਬਹੁਤਾ ਜੁਗਾੜ ਇਨ੍ਹਾਂ ਮੁਕਾਬਲਿਆਂ ਰਾਹੀਂ ਹੀ ਹੁੰਦਾ ਸੀ। ਪਰ ਕਵਿਤਾ ਤੋਂ ਨਾਟਕ ਦਾ ਮੋੜ ਕੱਟਣ ਦੇ ਨਿਰਣਾਇਕ ਕਾਰਨ ਉਹੀ ਹਨ ਜੋ ਮੈਂ ਪਹਿਲਾਂ ਦੱਸ ਚੁੱਕਾ ਹਾਂ। ਮਾਂ ਦਾ ਨਾਟਕ ਕਰਦਿਆਂ ਉਸ ਵਿਚ ਗੋਤਾ ਖਾ ਜਾਣਾ ਅਤੇ ਅਧਿਆਪਕ ਨਾਟਕਕਾਰ ਵੱਲੋਂ ਮਿਲੀ ਸੁਰੱਖਿਆ , ਸ਼ਾਬਾਸ਼ 'ਤੇ ਸਰਪ੍ਰਸਤੀ।

**ਪਰ ਅਜੇ ਵੀ ਤੁਹਾਡੇ ਨਾਟਕਾਂ ਵਿਚ ਕਵਿਤਾ ਇਕ ਸਫ਼ਲ ਮੰਚੀ ਜੁਗਤ ਵਜੋਂ ਵਰਤੀ ਜਾਂਦੀ ਹੈ; ਕੀ ਤੁਹਾਡੇ ਅੰਦਰਲਾ ਕਵੀ ਤੁਹਾਨੂੰ ਕਦੇ ਪੂਰਾ ਕਵੀ ਬਣਨ ਲਈ ਨਹੀਂ ਉਕਸਾਉਂਦਾ?**

ਨਿਸ਼ਚਿਤ ਤੌਰ ਤੇ ਨਹੀਂ ਉਕਸਾਉਂਦਾ। ਸ਼ਾਇਦ ਇਸ ਲਈ ਕਿ ਮੈਨੂੰ ਨਾਟਕ -ਲੇਖਣ ਵਿਚੋਂ ਪੂਰੀ ਤੱਸਲੀ ਮਿਲ ਰਹੀ ਹੈ। ਜਿੰਨੀ ਕੁ ਘਾਟ ਰਹਿ ਜਾਂਦੀ ਹੈ ਉਹ ਮੈਨੂੰ ਅਗਲਾ ਨਾਟਕ ਲਿਖਣ ਲਈ ਪ੍ਰੇਰਦੀ ਹੈ। ਮੇਰੇ ਕੋਲ ਕਵਿਤਾ ਲਿਖਣ ਦਾ ਨਾ ਤਾਂ ਕੋਈ ਵੱਡਾ ਕਾਰਨ ਹੈ ਅਤੇ ਨਾ ਹੀ ਵਿਹਲ।

**'ਮੈਂ ਕੀ ਹਾਂ' ਇਹ ਪ੍ਰਸ਼ਨ ਤੁਹਾਡੇ ਬੋਲਾਂ ਵਿਚ ਅਕਸਰ ਆਉਂਦਾ ਹੈ, ਇਸ ਦਾ ਜਵਾਬ ਵੀ ਦਵੋ ।**

ਇਹ ਸਵਾਲ ਵੀ ਪਹਿਲੇ ਪ੍ਰਸ਼ਨ ਨਾਲ ਜੁੜਿਆ ਹੋਇਆ ਹੈ। ਇਸ ਦੀਆਂ ਕਈ ਤੈਹਾਂ ਹਨ; ਮੇਰਾ ਆਪਣੇ ਆਪ ਨੂੰ ਸਵਾਲ ਹੈ: ਮੇਰਾ ਜੈਂਡਰ ਮੈਨੂੰ ਕੀ ਕਹਿੰਦਾ ਹੈ। ਮੇਰੀ ਜਾਤ, ਧਰਮ ਤੇ ਮੁਲਕ ਮੈਨੂੰ ਕੀ ਸਮਝਾਉਂਦੇ ਨੇ। ਮੇਰਾ ਕਿੱਤਾ, ਆਰਥਿਕਤਾ ਤੇ ਵਿੱਦਿਆ ਮੈਨੂੰ ਕਿੰਨਾਂ ਕੁ ਹੱਕ ਦਿੰਦੇ ਹਨ ਕਿ ਮੈਂ ਕਿਸੇ 'ਸ਼ਰਮਿੰਦਗੀ ' ਜਾਂ 'ਹੰਕਾਰ' ਦਾ ਸ਼ਿਕਾਰ ਹੋਵਾਂ! ਮੇਰੇ ਲਈ ਇਹ ਸਾਰੇ ਬੜੇ ਠੋਸ ਸਵਾਲ ਹਨ। ਕੀ ਮੇਰਾ ਹੱਕ ਹੈ ਕਿ ਮੈਂ ਦੂਜਿਆਂ ਨੂੰ ਉਨ੍ਹਾਂ ਦੇ ਪਹਿਰਾਵੇ, ਖਾਣੇ ਜਾਂ ਬੋਲੀ ਦੇ ਆਧਾਰ 'ਤੇ ਉਨ੍ਹਾਂ ਨਾਲ ਜ਼ਾਹਿਰ ਜਾਂ ਬਾਤਨ ਨਫ਼ਰਤ ਕਰਾਂ? ਮੇਰਾ ਸਰੋਕਾਰ ਉਨ੍ਹਾਂ ਦੇ ਵਿਚਾਰਾਂ ਜਾਂ ਸੋਚਣ ਦੇ ਤਰੀਕੇ ਨਾਲ ਹੋਣਾ ਚਾਹੀਦਾ ਹੈ। ਇਸੇ ਲਈ ਸਨਮਾਨ ਦੀ ਸਪੀਚ ਵਿਚ ਮੇਰਾ ਇਕ ਪੈਰਾ ਇਹ ਵੀ ਸੀ, ਮੇਰਾ ਖ਼ਿਆਲ ਹੈ ਉਥੋਂ ਹੀ ਤੁਹਾਡਾ ਪ੍ਰਸ਼ਨ ਉਭਰਿਆ ਹੈ: ''ਮੇਰਾ ਜਨਮ ਅੰਮ੍ਰਿਤਸਰ ਵਿਚ ਹੋਇਆ, ਪਰ ਮੈਨੂੰ ਉਹ ਦੂਸਰੇ ਥਾਵਾਂ ਤੋਂ ਵੱਧ ਪਿਆਰਾ ਨਹੀਂ। ਮੇਰੀ ਨਾਨੀ ਪਿਸ਼ੌਰ ਦੀ ਤੇ ਨਾਨਾ ਕਾਬਲੀ ਸੀ, ਮੇਰਾ ਬਾਪ ਲਾਹੌਰ ਦਾ ਤੇ ਦਾਦੀ ਈਪੋ (ਮਲੇਸ਼ੀਆ) ਵਿਚ ਰਹਿੰਦੀ ਸੀ। ਮੇਰਾ ਪੁੱਤਰ ਅਮਰੀਕਾ ਵਿਚ ਹੈ ਤੇ ਧੀ ਕੈਨੇਡਾ ਜਾ ਰਹੀ ਹੈ। ਮੈਂ ਇਕ ਧਰਤੀ ਨਾਲ ਪਿਆਰ ਤੇ ਦੂਜੀ ਨਾਲ ਨਫ਼ਰਤ ਕਿਵੇਂ ਕਰਾਂ? ਇਕ ਹੱਦ ਤੋਂ ਪਰੇ ਰਾਜਸੀ ਰਾਸ਼ਟਰਵਾਦ ਨਿਰਾਰਥਕ ਹੈ। ਮੇਰੇ ਲਈ ਐਥਨੋ ਰਾਸ਼ਟਰਵਾਦ ਵੀ ਸਮੱਸਿਆ ਹੈ। ਮੇਰਾ ਧਰਮ ਸਿੱਖ ਹੈ ਪਰ ਜਾਤ ਬ੍ਰਾਹਮਣ ; ਪਿਛਲੀ, ਵਰਤਮਾਨ ਅਤੇ ਅਗਲੀ ਤਿੰਨਾਂ ਹੀ ਪੀੜ੍ਹੀਆਂ ਵਿਚ ਰਿਸ਼ਤੇਦਾਰੀ ਸਾਂਝੀ ਹੈ; ਹਿੰਦੂ ਅਤੇ ਸਿੱਖ ਵਿਚਲਾ ਅੰਤਰ ਲਕੀਰੀ ਨਹੀਂ ਹੈ। ਕੋਈ ਦੱਸੇ ਮੈਂ ਕੀ ਕਰਾਂ? ਬੁੱਲ੍ਹਾ ਕੀ ਜਾਣਾਂ ਮੈਂ ਕੌਣ?'' ਮੈਨੂੰ ਨਹੀਂ ਪਤਾ ਕੀ ਮੈਂ ਕੀ ਹਾਂ, ਪਰ ਇਹ ਜ਼ਰੂਰ ਜਾਣਦਾ ਹਾਂ ਕਿ ਮੈਂ ਮੱਖਣ ਸਿੰਘ ਹੋਣਾ ਚਾਹੁੰਦਾ ਹਾਂ। ਜਿੰਨਾਂ ਕੁ ਹਾਂ ਉਸ ਦੀ ਖ਼ੁਸ਼ੀ ਹੈ, ਜਿੰਨਾਂ ਨਹੀਂ ਹਾਂ ਉਸ ਲਈ ਯਤਨ ਕਰਦਾ ਰਹਾਂਗਾ।

**ਉਹ ਕੌਣ ਹੈ?**

ਮੇਰੇ ਨਵੇਂ ਛਪੇ ਨਾਟਕ 'ਮੁੰਗੂ ਕਾਮਰੇਡ ' ਦਾ ਨਾਇਕ । ਅਜਿਹਾ ਪੰਜਾਬੀ ਜਿਸਨੇ ਪੂਰਬੀ ਅਫ਼ਰੀਕਾ ਵਿਚ ਮਜ਼ਦੂਰਾਂ ਨੂੰ ਵੱਡੇ ਪੱਧਰ 'ਤੇ ਸੰਗਠਿਤ ਕੀਤਾ, ਕੀਨੀਆ ਦੀ ਫ਼ੌਰੀ ਆਜ਼ਾਦੀ ਲਈ ਪਹਿਲੀ ਵਾਰੀ ਨਾਅਰਾ ਲਾਇਆ, ਅੰਗ੍ਰੇਜ਼ਾਂ ਵਿਰੁਧ ਡਟ ਕੇ ਲੜਿਆ ਅਤੇ ਅਫ਼ਰੀਕਾ ਦੇ ਕਿਸੇ ਵੀ ਮੁਲਕ ਦੀ ਆਜ਼ਾਦੀ ਵਾਸਤੇ ਸਭ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਰਿਹਾ ਅਤੇ ਅਫ਼ਰੀਕਾ ਦੇ ਲੋਕਾਂ ਨੂੰ ਏਸ਼ੀਆ ਅਤੇ ਯੂਰਪੀਨਾਂ ਦੇ ਸਮਾਨ ਅਧਿਕਾਰ ਅਤੇ ਵੇਤਨ ਦੇਣ ਦੀ ਮੰਗ ਕੀਤੀ। ਮਹਾਤਮਾ ਗਾਂਧੀ ਨੂੰ ਮੱਖਣ ਸਿੰਘ ਤੋਂ ਬਹੁਤ ਪਹਿਲਾਂ ਦੱਖਣੀ ਅਫ਼ਰੀਕਾ ਵਿਚ ਜਾਣ ਦਾ ਮੌਕਾ ਮਿਲਿਆ ਸੀ ਜਿੱਥੇ ਉਸਦੀਆਂ ਭਾਵਨਾਵਾਂ ਨੂੰ ਦੁੱਖ ਪੁਚਾਇਆ ਗਿਆ। ਗਾਂਧੀ ਨੇ ਏਸ਼ੀਅਨ ਅਤੇ ਹਿੰਦੀ ਲੋਕਾਂ ਵਾਸਤੇ ਆਪਣੀ ਲੜਾਈ ਲੜੀ ਅਤੇ ਅੰਤ ਭਾਰਤ ਪਰਤ ਆਇਆ; ਭਾਵੇਂ ਗਾਂਧੀ ਦਾ ਕੰਮ ਵਿਲੱਖਣ ਹੈ, ਮੇਰੀ ਨਜ਼ਰ ਵਿਚ ਮੱਖਣ ਸਿੰਘ ਅਹਿੰਸਾਵਾਦੀ ਹੁੰਦਿਆ ਵੀ ਗਾਂਧੀ ਨਾਲੋਂ ਕਈ ਗੱਲਾਂ ਵਿਚ ਵੱਖਰਾ ਹੈ। ਉਸਦਾ ਕਿਸੇ ਗੋਰੇ ਨੇ ਦਿਲ ਨਹੀਂ ਦੁਖਾਇਆ, ਬਲਕਿ ਉਸ ਨੇ ਲੋਕਾਂ ਦੇ ਦਰਦ ਨੂੰ ਖ਼ੁਦ ਵੇਖਿਆ ਅਤੇ ਸਮੁੱਚੀ ਲੋਕਾਈ ਲਈ ਲੜਾਈ ਲੜੀ। ਉਹ ਭਾਰਤ ਵਿਚ ਪੰਜ ਸਾਲ ਕੈਦ ਰਿਹਾ। ਕੀਨੀਆ ਵਿਚ ਲਗਭਗ 11 ਸਾਲ ਦੀ ਜੇਲ੍ਹ ਦੌਰਾਨ ਉਸ ਨੂੰ ਅਨੇਕ ਵਾਰ ਫ਼ਰੰਗੀਆਂ ਨੇ ਇਹ ਪੇਸ਼ਕਸ਼ ਕੀਤੀ ਕਿ ਜੇਕਰ ਉਹ ਹਿੰਦੁਸਤਾਨ ਵਾਪਸ ਚਲਾ ਜਾਵੇ ਤਾਂ ਉਸ ਨੂੰ ਆਜ਼ਾਦ ਕੀਤਾ ਜਾ ਸਕਦਾ ਹੈ। ਮੱਖਣ ਸਿੰਘ ਨੇ ਹਰ ਵਾਰ ਇਸ ਪ੍ਰਸਤਾਵ ਨੂੰ ਠੁਕਰਾਇਆ। ਉਸ ਦੀ ਮਾਂ ਦੀ ਮੌਤ ਤੋਂ ਬਾਅਦ ਭੋਗ ਵਿਚ ਸ਼ਾਮਲ ਹੋਣ ਲਈ ਵੀ ਇਹੋ ਸ਼ਰਤ ਲਾਈ ਗਈ ਸੀ, ਪਰ ਉਸ ਨੇ ਜੇਲ੍ਹ ਦੇ ਵਿਚ ਬੈਠ ਕੇ ਅੱਥਰੂ ਅੰਦਰ ਸੁੱਟਣ ਉੱਤੇ ਸਬਰ ਕੀਤਾ। ਮੱਖਣ ਸਿੰਘ ਨੇ ਉਸ ਮੁਲਕ ਵਾਸਤੇ ਸੰਘਰਸ਼ ਕੀਤਾ ਜਿਸਨੂੰ ਉਸਨੇ ਅਪਣਾਇਆ ਸੀ ਅਤੇ ਜਿਸ ਦੀ ਉਹ ਰੋਟੀ ਖਾ ਰਿਹਾ ਸੀ। ਉਹ ਜਾਤ-ਪਾਤ , ਧਰਮ -ਨਸਲ , ਦੇਸ਼ -ਖਿੱਤੇ , ਭਾਸ਼ਾ-ਸਭਿਆਚਾਰ ਕਿਸੇ ਵੀ ਤਰ੍ਹਾਂ ਦੀ ਹੱਦ ਨੂੰ ਉਲੰਘ ਚੁੱਕਾ ਸੀ। ਮੱਖਣ ਸਿੰਘ ਨੇ ਆਪਣੇ ਆਪ ਨੂੰ ਹਮੇਸ਼ਾ ਕਾਮਰੇਡ ਐਲਾਨਿਆ ਪਰ ਲੋਕਾਂ ਨੇ ਉਸਨੂੰ ਰੱਬ ਦਾ ਦਰਜਾ ਦਿੱਤਾ। ਭਾਵੇਂ ਉਸ ਦੀ ਮੌਤ ਲਗਭਗ ਗੁੰਮਨਾਮੀ ਵਾਲੀ ਹਾਲਤ ਵਿਚ ਹੋਈ, ਪਰ ਨਿਸ਼ਚੇ ਹੀ ਮੱਖਣ ਸਿੰਘ ਨੇ ਸੰਘਰਸ਼ ਦਾ ਅਜਿਹਾ ਇਤਿਹਾਸ ਸਿਰਜਿਆ ਜਿਸ ਨਾਲ ਉਹ ਵੀਹਵੀਂ ਸਦੀ ਦੇ ਸਰਵ ਸ੍ਰੇਸ਼ਠ ਪਰਵਾਸੀ ਭਾਰਤੀਆਂ ਦੀ ਕਤਾਰ ਵਿਚ ਖੜਾ ਹੁੰਦਾ ਹੈ।

**ਜੇ ਮੱਖਣ ਸਿੰਘ ਤੁਹਾਡਾ ਆਦਰਸ਼ ਹੈ ਤਾਂ ਕੀ ਉਸ ਵਾਂਗ ਰਾਜਨੀਤੀ ਵਿਚ ਹਿੱਸਾ ਲੈਣਾ ਚਾਹੋਗੇ?**

ਨਹੀਂ , ਮੇਰਾ ਭਾਵ ਇਹ ਨਹੀਂ ਕਿ ਮੈਂ ਉਸ ਦੁਬਾਰਾ ਕੀਤੇ ਕੰਮਾਂ ਦੀ ਕਾਪੀ ਕਰਨਾ ਚਾਹੁੰਦਾ ਹਾਂ; ਮੈਂ ਉਸ ਵਰਗੀਆਂ ਭਾਵਨਾਵਾਂ ਅਨੁਸਾਰ ਆਪਣੀ ਜ਼ਿੰਦਗੀ ਜੀਣਾ ਚਾਹੁੰਦਾ ਹਾਂ।

**ਲੇਖਕ ਵਧੇਰੇ ਸੰਵੇਦਨਸ਼ੀਲ ਤੇ ਚੇਤੰਨ ਪੁਰਸ਼ ਹੁੰਦਾ ਹੈ। ਬਾਜ਼ਾਰ ਦੇ ਭੂਮੰਡਲੀਕਰਨ ਦੇ ਭੈਅ ਤੋਂ ਘਬਰਾਏ, ਜੇ ਮੰਨਦੇ ਹੋ ਤਾਂ, ਇਕ ਲੇਖਕ ਦੇ ਤੌਰ ਤੇ ਤੁਹਾਡੀਆਂ ਚਿੰਤਾਵਾਂ ਕਿਸ ਰੂਪ ਦੀਆਂ ਹਨ? ਮੁਲਕ ਵਿਚ ਨਵੇਂ ਉੱਸਰ ਰਹੇ ਆਰਥਿਕ ਢਾਂਚੇ ਬਾਰੇ ਕੀ ਕਹਿਣਾ ਚਾਹੋਗੇ? ਕੀ ਤੁਸੀਂ ਵੀ ਖੱਬੇ ਪੱਖੀ ਆਰਥਿਕ ਨਿਜ਼ਾਮ ਦੇ ਹਾਮੀ ਹੋ?**

ਸਿਧਾਂਤਕ ਤੌਰ ਤੇ ਹਾਂ, ਪਰ ਵਿਹਾਰਕ ਤੌਰ ਤੇ ਉਸਦਾ ਨਤੀਜਾ ਕੁਝ ਨਹੀਂ ਨਿਕਲਿਆ। ਖੱਬੇ-ਪੱਖੀ ਨਿਜ਼ਾਮ ਵਾਸਤੇ ਵਿਅਕਤੀਗਤ ਸਵਾਰਥ ਤੋਂ ਉੱਤੇ ਉੱਠਣਾ ਪੈਂਦਾ ਹੈ, ਸਮੂਹ ਦੇ ਤੌਰ ਤੇ ਸੋਚਣਾ ਪੈਂਦਾ ਹੈ; ਪਰ ਸਮੂਹਿਕ ਸੋਚ ਵਿਚ ਆਚਰਣਕ ਉੱਚਤਾ ਦੀ ਵਧੇਰੇ ਲੋੜ ਹੈ, ਨਹੀਂ ਤਾਂ ਉਹ ਕਾਮਯਾਬ ਨਹੀਂ ਹੁੰਦੀ। ਅਸੀਂ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਮੌਕਾਪ੍ਰਸਤ ਲੋਕ ਹਾਂ; ਧਰਮ ਦੇ ਨਾਂ ਤੇ ਅਧਰਮ ਵਿਚ ਵਿਸ਼ਵਾਸ ਕਰਨਾ ਸਾਡੀ ਮਿਡਲ ਕਲਾਸ ਦਾ ਖ਼ਾਸਾ ਹੈ। ਦੂਜੇ ਪਾਸੇ ਖੱਬੇ -ਪੱਖੀਆਂ ਨੇ ਸਥਾਨਕ ਸਭਿਆਚਾਰਾਂ ਦੀਆਂ ਵਿਚਾਰਧਾਰਾਵਾਂ ਨੂੰ ਧਰਮ ਵਾਂਗ ਲਾਗੂ ਕਰਨ ਦੀ ਕੋਸ਼ਿਸ਼ ਕੀਤੀ; ਉਨ੍ਹਾਂ ਨੇ ਆਧੁਨਿਕ ਵਿਚਾਰਧਾਰਾ ਨੂੰ ਆਮ ਲੋਕਾਂ ਦੀ ਸੋਚ ਵਿਚ ਸ਼ਾਮਿਲ ਕਰਨ ਦੀ ਪ੍ਰਕਿਰਿਆ ਨੂੰ ਛੱਡ ਕੇ ਆਪਣੀ ਵਿਚਾਰਧਾਰਾ ਨੂੰ ਧਰਮ ਵਾਂਗ ਫ਼ੈਲਾਣਾ ਸ਼ੁਰੂ ਕੀਤਾ। ਜਿੱਥੇ ਮੱਖਣ ਸਿੰਘ ਕਾਮਰੇਡ ਹੁੰਦਿਆਂ ਵੀ ਲੋਕਾਂ ਵਾਸਤੇ ਰੱਬ ਬਣ ਗਿਆ; ਸਾਡੇ ਮੁਲਕ ਵਿਚ ਕਾਮਰੇਡੀ ਨੂੰ ਰੱਬ ਦੇ ਬਦਲ ਵਾਂਗ ਪੇਸ਼ ਕੀਤਾ ਗਿਆ। ਜਦੋਂ ਲੋਕਾਂ ਨੂੰ ਲੱਗਾ ਕਿ ਮਾਰਕਸਵਾਦ ਧਰਮ ਦਾ ਬਦਲ ਹੈ ਤਾਂ ਉਨ੍ਹਾਂ ਇਸ ਵਾਸਤੇ ਆਪਣੇ ਅੰਦਰ ਸਦੀਆਂ ਤੋਂ ਵੱਸਦੇ ਧਰਮ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ। ਚੇਤਨਾ ਦੀ ਇਸ ਪ੍ਰਕਿਰਿਆ ਵਿਚ ਧੀਰਜ ਤੇ ਠੰਰ੍ਹਮੇ ਦੀ ਲੋੜ ਸੀ। ਜਦੋਂ ਆਰਥਿਕ ਏਜੰਡੇ ਨੂੰ ਸਭਿਆਚਾਰਕ ਰਾਸ਼ਟਰਵਾਦ ਦੇ ਅੰਦਰ ਜ਼ਬਰਦਸਤੀ ਘਸੋੜਨ ਦੀ ਕੋਸ਼ਿਸ਼ ਹੋਈ ਤਾਂ ਇਹ ਅਸਫਲ ਹੋਈ। ਮੱਖਣ ਸਿੰਘ ਵੱਖ ਵੱਖ ਸਮਿਆਂ ' ਤੇ ਆਪਣੇ ਜੀਵਨ ਵਿਚ ਆਸਤਿਕ ਵੀ ਰਿਹਾ ਅਤੇ ਨਾਸਤਿਕ ਵੀ , ਉਸ ਨੇ ਪੂਰੀ ਤਨਦੇਹੀ ਨਾਲ ਆਪਣੇ ਵਿਚਾਰਾਂ ਦੀ ਰੱਖਿਆ ਕੀਤੀ ਪਰ ਇਸ ਨੂੰ ਆਪਣੀ ਜ਼ਾਤੀ ਚੋਣ ਤੱਕ ਸੀਮਿਤ ਰੱਖਿਆ, ਹੋਰਾਂ ਉੱਤੇ ਨਹੀਂ ਠੋਸਿਆ। ਪਰ ਸਾਡੇ ਕਈ ਕਹਿੰਦੇ ਕਹਾਉਂਦੇ ਮਾਮਰੇਡ ਚੋਰੀ -ਛਿਪੀ ਬਾਬਿਆਂ ਤੇ ਡੇਰਿਆਂ ਦੀ ਭਗਤੀ ਕਰਦੇ ਹਨ।

**ਕੀ ਹਿੰਦੁਸਤਾਨ ਵਾਸਤੇ ਹੁਣ ਖੱਬੇ ਪੱਖੀ ਸੁਪਨਾ ਖ਼ਤਮ ਹੋ ਗਿਆ ਹੈ?**

ਆਰਥਿਕਤਾ ਨੂੰ ਖੋਹਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਸ਼ਵੀਕਰਨ ਬੜੀ ਤੇਜ਼ੀ ਨਾਲ ਪਹੁੰਚ ਚੁੱਕਾ ਹੈ। ਅਰਥ -ਵਿਵਸਥਾ ਦੀ ਵਿਕਾਸ ਦਰ ਵਧੀ ਹੈ, ਇਨਫ਼ਰਾਸਟ੍ਰਕਚਰ ਵਿਚ ਬਿਹਤਰੀ ਦਿੱਸ ਰਹੀ ਹੈ। ਪਰ ਵੱਡਾ ਸਵਾਲ ਇਹ ਹੈ ਕਿ ਕੀ ਇਸ ਦਾ ਗਰੀਬ ਇਨਸਾਨ ਨੂੰ ਲਾਭ ਪਹੁੰਚਾ ਹੈ? ਬਿਲਕੁਲ ਨਹੀਂ। ਪਿੰਡਾਂ ਅਤੇ ਸ਼ਹਿਰਾਂ ਵਿਚ ਪਾੜਾ ਵੱਧ ਰਿਹਾ ਹੈ। ਰੀਬ ਅਤੇ ਅਮੀਰ ਵਿਚਕਾਰ ਵਿੱਥ ਵੱਡੀ ਹੋ ਰਹੀ ਹੈ। ਗਰੀਬੀ ਰੇਖਾ ਪਹਿਲਾਂ ਹੀ ਬਹੁਤ ਨੀਵੀਂ ਹੈ, ਲੋਕ ਉਸ ਤੋਂ ਵੀ ਨੀਵੇਂ ਹਨ। ਜਿੰਨੇ ਲੋਕ ਅਰਥ ਵਿਵਸਥਾ ਦੇ ਖੁਲ੍ਹਣ ਤੋਂ ਪਹਿਲਾਂ ਗਰੀਬੀ ਰੇਖਾ ਤੋਂ ਉਤਾਂਹ ਆ ਰਹੇ ਸਨ, ਹੁਣ ਉਸ ਤੋਂ ਘੱਟ ਆ ਰਹੇ ਹਨ; ਭਾਵ ਗਰੀਬਾਂ ਦਾ ਕੁਝ ਨਹੀਂ ਬਣ ਰਿਹਾ ! ਰਾਈਟ ਟੂ ਇਨਫ਼ਰਮੇਸ਼ਨ , ਰਾਈਟ ਟੂ ਐਜੂਕੇਸ਼ਨ ਅਤੇ ਸਿਕਿਉਰਿਟੀ ਆਫ਼ ਫੂਡ ਐਕਟ ( ਪ੍ਰਕਿਰਿਆ ਅਧੀਨ ) ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਉਹ ਘੱਟ ਹੈ, ਪਰ ਪਿੰਡਾਂ ਅਤੇ ਪੱਛੜਿਆਂ ਇਲਾਕਿਆਂ ਵਿਚ ਕਿਹੋ ਜਿਹੀ ਸਿੱਖਿਆ ਅਤੇ ਸਿਹਤ ਸੇਵਾ ਹੈ ? ਸ਼ਹਿਰ ਦਾ ਬੱਚਾ ਬੀ. ਟੈੱਕ ., ਬੀ. ਐਸ. ਸੀ. , ਬੀ. ਕਾਮ . ਅਤੇ ਬੀ. ਸੀ. ਏ. ਕਰ ਰਿਹਾ ਹੈ ਜਦੋਂ ਇਕ ਪਿੰਡ ਦਾ ਬੱਚਾ ਬੀ. ਏ. ਕਰਦਾ ਹੈ। ਸ਼ਹਿਰ ਵਿਚ ਨੌਕਰੀ ਹੈ; ਪਿੰਡ ਵਿਚ ਬੇਕਾਰੀ ਹੈ, ਸ਼ਹਿਰੀ ਪੜ੍ਹ ਲਿਖ ਕੇ ਵਿਦੇਸ਼ ਜਾ ਰਿਹਾ ਹੈ, ਪੇਂਡੂ ਕੋਲ ਲਤ -ਮਰੀ ਢੰਗ ਨਾਲ ਵਿਦੇਸ਼ ਜਾਣ ਦਾ ਸਿਰਫ਼ ਸੁਪਨਾ ਹੈ ਜਿਸਦੀ ਰੰਗੀਨੀ ਬਹੁਤ ਘੱਟ ਚੁੱਕੀ ਹੈ। ਪਰਵਾਸੀ ਪੰਜਾਬੀਆਂ ਦੀਆਂ ਵੱਡੀਆਂ ਕੋਠੀਆਂ ਬਣਾਉਣ , ਉਨ੍ਹਾਂ ਦੀ ਸ਼ਾਪਿੰਗ ਵਾਸਤੇ ਕਸਬਿਆਂ ਵਿਚ ਦੁਕਾਨਾਂ ਖੋਹਲਣ ਅਤੇ ਉਨ੍ਹਾਂ ਨੂੰ ਟੈਕਸੀਆਂ ਵਿਚ ਘੁੰਮਾਉਣ ਦੇ ਧੰਦੇ ਦੀ ਅਰਥ ਵਿਵਸਥਾ ਸਾਡੇ ਲੋਕਾਂ ਨੂੰ ਬਹੁਤਾ ਫ਼ਾਇਦਾ ਨਹੀਂ ਪੁਚਾ ਰਹੀ



ਨਾਟਕ ਪੂਰਨ ਦਾ ਇੱਕ ਦ੍ਰਿਸ਼।

ਕਿਉਂਕਿ ਅਸੀਂ ਅੱਜਕਲ੍ਹ ਜੋ ਕੁਝ ਵੀ ਕਰਦੇ ਹਾਂ ਉਸ ਦੇ ਪਿੱਛੇ ਭਾਰਤ ਵਿਚ ਰਹਿ ਕੇ ਰੋਜ਼ੀ ਕਮਾਉਣ ਦੀ ਇੱਛਾ ਬਹੁਤ ਘੱਟ ਅਤੇ ਬਾਹਰ ਲੰਘ ਜਾਣ ਦਾ ਲਾਲਚ ਬਹੁਤ ਜ਼ਿਆਦਾ ਹੈ। ਇਸ ਦੌੜ ਵਿਚ ਅਸੀਂ ਸਹੀ ਕੰਮ ਨਹੀਂ ਕਰ ਰਹੇ। ਯਥਾਰਥ ਨੂੰ ਪਿੱਠ ਦੇ ਕੇ ਸੁਪਨਿਆਂ ਪਿੱਛੇ ਦੌੜ ਰਹੇ ਹਾਂ। ਸਰਕਾਰਾਂ, ਸੰਸਥਾਵਾਂ ਅਤੇ ਸਿਆਣਿਆਂ ਨੂੰ ਹਿਸ ਪਾਸੇ ਜ਼ਿਆਦਾ ਧਿਆਨ ਦੇਣਾ ਪਵੇਗਾ।

**ਹੁਣ ਤਾਂ ਸਿਖਿਆ ਦੇ ਖੇਤਰ ਵਿਚ ਬਹੁਤ ਸਾਰਾ ਪੈਸਾ ਆ ਗਿਆ ਹੈ, ਕੀ ਇਸ ਨਾਲ ਫ਼ਰਕ ਪਵੇਗਾ?**

ਕੁਝ ਫ਼ਰਕ ਪਵੇਗਾ। ਪਰ ਇਹ ਪੈਸਾ ਤਬਾਹੀ ਵੀ ਪੈਦਾ ਕਰ ਸਕਦਾ ਹੈ। ਕਾਲਜਾਂ ਵਿਚ ਜਿਨ੍ਹਾਂ ਨੂੰ ਨਵੇਂ ਗਰੇਡ ਮਿਲ ਗਏ ਹਨ ਉਹ ਚੁਰਾਸੀ ਹਜ਼ਾਰ ਮਹੀਨਾ ਤੱਕ ਤਨਖ਼ਾਹ ਲੈ ਰਹੇ ਹਨ, ਜਿਨ੍ਹਾਂ ਨੂੰ ਨਹੀਂ ਮਿਲਿਆ ਤੇ ਜਿਹੜੇ ਅਜੇ ਠੇਕੇ 'ਤੇ ਕੰਮ ਕਰ ਰਹੇ ਹਨ ਉਹ ਸਾਲ ਵਿਚ ਏਨੀ ਤਨਖ਼ਾਹ ਲੈਣ ਵਾਸਤੇ ਤਰਲੇ ਮਾਰ ਰਹੇ ਹਨ। ਜਦੋਂ ਰੈਗੂਲਰ ਗਰੇਡ ਦਾ ਚਪੜਾਸੀ 13 ਹਜ਼ਾਰ ਰੁਪਏ ਪਰ ਠੇਕੇ ਵਾਲਾ ਬੱਸ ਡਰਾਈਵਰ ਤਿੰਨ ਹਜ਼ਾਰ ਰੁਪਏ ਲੈ ਰਿਹਾ ਹੈ ਤਾਂ ਇਹ ਪਾੜਾ ਖ਼ਤਰਨਾਕ ਹੈ। ਆਮ ਬੰਦੇ ਲਈ ਮਹਿੰਗਾਈ, ਉਸ ਨਾਲ ਹੁੰਦਾ ਭ੍ਰਿਸ਼ਟਾਚਾਰ, ਸ਼ੋਸ਼ਨ ਅਤੇ ਉਸ ਨੂੰ ਲਾਭ ਦੇਣ ਸਮੇਂ ਦਿਖਾਈ ਜਾਂਦੀ ਸਿਰੇ ਦੀ ਮੌਕਾ ਪ੍ਰਸਤੀ ਅਜਿਹੀ ਵਿਸਫ਼ੋਟਕ ਸਥਿਤੀ ਪੈਦਾ ਕਰ ਰਹੀ ਹੈ ਜਿਸ ਵਿਚ ਸਾਡਾ ਆਰਥਿਕ ਵਿਕਾਸ ਪ੍ਰਸ਼ਨ ਹੇਠ ਹੈ। ਠੀਕ ਹੈ ਕਿ ਜਦੋਂ ਅਰਥਚਾਰਾ ਤਬਦੀਲ ਹੁੰਦਾ ਹੈ ਤਾਂ ਕੁਝ ਸਮੇਂ ਲਈ ਕਮਜ਼ੋਰ ਨੂੰ ਉਸ ਦਾ ਜ਼ਿਆਦਾ ਭਾਰ ਸਹਿਣਾ ਪੈਂਦਾ ਹੈ। ਪਰ ਸਾਡੀ ਹਾਲਤ ਇਸ ਹੱਦ ਤੱਕ ਖ਼ਰਾਬ ਹੈ ਕਿ ਕਮਜ਼ੋਰ ਜਾਂ ਤਾਂ ਇਸ ਭਾਰ ਹੇਠ ਪਿਸ ਜਵੇਗਾ ਤੇ ਜਾਂ ਫੇਰ ਉਹ ਆਪਣੇ ਉਪਰ ਡਿੱਗ ਰਹੇ ਸਿਸਟਮ ਨੂੰ ਉਲਟਾ ਕੇ ਪਰ੍ਹੇ ਸੁੱਟੇ ਦਵੇਗਾ। ਇਨ੍ਹਾਂ ਵਿੱਥਾਂ ਨੂੰ ਜਿੰਨੀ ਜਲਦੀ ਘਟਾ ਲਿਆ ਜਾਵੇ ਓਨਾ ਚੰਗਾ।

**ਕੀ ਵਿਸ਼ਵੀਕਰਨ ਦੀ ਪ੍ਰਕਿਰਿਆ ਵਾਪਸ ਮੁੜੇਗੀ?**

ਮੈਂ ਅਰਥ ਸ਼ਾਸਤਰੀ ਨਹੀਂ ਹਾਂ, ਪਰ ਮੇਰਾ ਖ਼ਿਆਲ ਹੈ ਕਿ ਅਜੇ ਕੁਝ ਦਹਾਕੇ ਇਸ ਪ੍ਰਕਿਰਿਆ ਨੂੰ ਮੋੜਿਆ ਨਹੀਂ ਜਾ ਸਕਦਾ। ਜੇ ਸਾਡੇ ਨੀਤੀਵਾਨਾਂ ਨੇ ਪਾੜੇ ਨੂੰ ਸੱਚਮੁੱਚ ਘਟਾ ਲਿਆ ਤਾਂ ਨਵੀਂ ਅਰਥ ਵਿਵਸਥਾ ਕਾਮਯਾਬ ਵੀ ਹੋ ਸਕਦੀ ਹੈ। ਇਸ ਦੇ ਉਲਟ ਜੇਕਰ ਲੋਕਾਂ ਦੇ ਸਬਰ ਦਾ ਪਿਆਲਾ ਭਰ ਗਿਆ ਤਾਂ ਅਸੀਂ ਇਕ ਵਾਰ ਜ਼ਰੂਰ ਡੁੱਬਾਂਗੇ।

**ਤੁਸੀਂ 'ਮੰਗੂ ਕਾਮਰੇਡ' ਵਿਚ ਅਹਿੰਸਾ ਦੀ ਵਜ਼ਾਹਤ ਕੀਤੀ ਹੈ!**

ਮੈਨੂੰ ਨਿਸਚੈ ਹੀ ਹਿੰਸਾ ਨਾਲੋਂ ਅਹਿੰਸਾ ਦਾ ਰਾਹ ਬਿਹਤਰ ਲੱਗਦਾ ਹੈ। ਉਂਜ ਹਿੰਸਾ ਦੇ ਵੀ ਨੇਮ ਹੁੰਦੇ ਹਨ, ਕੋਈ ਨਿਸਚਿਤ ਨੀਤੀ ਹੁੰਦੀ ਹੈ, ਇਹ ਖੁਲ੍ਹਾ ਖੇਡ ਨਹੀਂ ਹੁੰਦਾ। ਪਰ ਮੰਦੇ ਭਾਗੀਂ ਅਸੀਂ ਕਿਸੇ ਨੀਤੀ ਅਨੁਸਾਰ ਚੱਲਣ ਦੇ ਆਦੀ ਨਹੀਂ ਹਾਂ। ਮੈਂ ਆਪਣੇ ਤਾਜ਼ਾ ਨਾਟਕ 'ਗਦਰ ਐਕਸਪ੍ਰੈੱਸ' ਵਿਚ ਹਿੰਸਾ ਦੇ ਵਿਸ਼ਵਾਸੀਆਂ ਦਾ ਚਿਤਰਣ ਕੀਤਾ ਹੈ। ਜਿੱਥੋਂ ਤੱਕ 'ਮੰਗੂ ਕਾਮਰੇਡ' ਦਾ ਸਬੰਧ ਹੈ ਉਸ ਦੇ ਟਰਾਂਟੋ ਵਿਚ ਹੋਏ ਪਾਠ ਉੱਤੇ ਮੇਰੇ ਕਵੀ ਮਿੱਤਰ ਡਾਕਟਰ ਸੁਖਪਾਲ ਸਿੰਘ ਨੇ ਇਕ ਮਹੱਤਵਪੂਰਨ ਕਿੰਤੂ ਕੀਤਾ ਸੀ। ਉਸ ਅਨੁਸਾਰ ਜਦੋਂ ਨਾਟਕ ਦੇ ਅੰਤਿਮ ਦ੍ਰਿਸ਼ਾਂ ਵਿਚ ਮੱਖਣ ਸਿੰਘ ਆਪਣੇ ਅਹਿੰਸਾਵਾਦੀ ਵਿਚਾਰਾਂ ਦੇ ਸਮਰਥਣ ਲਈ ਗੁਰੂ ਨਾਨਕ ਦੇਵ ਦਾ ਨਾਮ ਲੈਂਦਾ ਹੈ ਤਾਂ ਪਾਠਕ/ਦਰਸ਼ਕ ਦੇ ਮਨ ਵਿਚ ਗੁਰੂ ਗੋਬਿੰਦ ਸਿੰਘ ਦਾ ਬਿੰਬ ਵੀ ਸਾਕਾਰ ਹੁੰਦਾ ਹੈ। ਉਸ ਅਨੁਸਾਰ ਮੈਨੂੰ ਇਸ ਬਾਰੇ ਚੁੱਪ ਨਹੀਂ ਕਰਨਾ ਚਾਹੀਦਾ। ਮੈਂ ਸੁਖਪਾਲ ਸਿੰਘ ਦੇ ਸੁਝਾਅ ਨੂੰ ਮੰਨਿਆ ਅਤੇ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਦੇ ਨਾਲ ਜਸਵੰਤ ਸਿੰਘ ਦਾ ਜ਼ਿਕਰ ਕੀਤਾ ਜਿਹੜਾ ਕਿ ਕੀਨੀਆਂ ਦੀ ਮਸ਼ਹੂਰ ਮਾਉ-ਮਾਉ ਲਹਿਰ ਦਾ ਵੱਡਾ ਕਾਰਕੁੰਨ ਸੀ

ਅਤੇ ਬੰਬਾਂ ਨੂੰ ਬਣਾਉਣ ਤੋਂ ਲੈ ਕੇ ਚਲਾਉਣ ਤੱਕ ਦੀ ਸਿਖਲਾਈ ਦੇਂਦਾ ਸੀ। ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਪੰਜਾਬੀ ਮਾਨਸ ਨੇ ਮਨੁੱਖੀ ਆਜ਼ਾਦੀ ਵਾਸਤੇ ਹਰ ਤਰ੍ਹਾਂ ਦੀ ਲੜਾਈ ਲੜੀ ਹੈ। ਹਿੰਸਾ ਅਤੇ ਅਹਿੰਸਾ ਦੋਵੇਂ ਰਾਜਸੀ ਹਥਿਆਰ ਹਨ ਜਿਨ੍ਹਾਂ ਦੀ ਵੱਖ ਵੱਖ ਸਮਿਆਂ ਵਿਚ ਲੋਕਾਂ ਨੇ ਆਪਣੀਆਂ ਮਾਨਤਾਵਾਂ ਅਤੇ ਪ੍ਰਸਥਿਤੀਆਂ ਅਨੁਸਾਰ ਵਰਤੋਂ ਕੀਤੀ।

**ਸਾਹਿਤ ਅਕਾਦਮੀ ਦੇ ਪੁਰਸਕਾਰ ਲਈ ਜਾਂ ਕਿਸੇ ਹੋਰ ਇਨਾਮ ਵਾਸਤੇ ਕਦੇ ਕੋਸ਼ਿਸ਼ ਵੀ ਕੀਤੀ?**

ਸਾਰੀ ਉਮਰ ਭਰਪੂਰ ਕੋਸ਼ਿਸ਼ਾਂ ਕੀਤੀਆਂ ਪਰ ਸਿਰਫ਼ ਲਿਖਣ ਲਈ ਅਤੇ ਮੰਚਣ ਲਈ। ਆਪਣੇ ਸਨਮਾਨ ਲਈ ਕੀਤੀ ਕੋਈ ਵੀ ਕੋਸ਼ਿਸ਼ ਅਪਮਾਨ ਤੋਂ ਵੀ ਬੁਰੀ ਹੁੰਦੀ ਹੈ, ਇਯ ਅਪਮਾਨ ਨੂੰ ਦੂਜਿਆਂ ਕੋਲੋਂ ਲੁਕਾਇਆ ਜਾ ਸਕਦਾ ਹੈ, ਆਪਣੇ ਆਪ ਤੋਂ ਨਹੀਂ। ਮੈਂ ਏਨਾ ਨਿਰਾਰਥਕ ਅਤੇ ਹੀਣਾ ਨਹੀਂ ਹਾਂ ਕਿ ਆਪਣੇ ਆਪ ਨੂੰ ਆਪਣੀਆਂ ਨਜ਼ਰਾਂ ਵਿਚ ਡੇਗ ਲਵਾਂ।

**ਸਨਮਾਨ ਜਾਂ ਇਨਾਮ ਲੇਖਕ ਲਈ ਕਿੰਨਾ ਕੁ ਜ਼ਰੂਰੀ ਹੁੰਦਾ ਹੈ?**

ਨਿਸਚਿਤ ਤੌਰ 'ਤੇ ਇਸ ਦੀ ਭੂਮਿਕਾ ਹੈ ਪਰ ਏਨੀ ਨਹੀਂ ਕਿ 'ਈਮਾਨ' ਵੇਚ ਕੇ 'ਇਨਾਮ' ਖ਼ਰੀਦਿਆ ਜਾਵੇ। ਇਨਾਮ ਪ੍ਰਮਾਣਿਕਤਾ ਦਾ ਵੀ ਪੈਮਾਨਾ ਨਹੀਂ ਹੈ। ਅਜੇ ਮੈਨੂੰ ਭਾਸ਼ਾ ਵਿਭਾਗ ਦਾ ਸ਼ਰੋਮਣੀ ਪੁਰਸਕਾਰ ਵੀ ਨਹੀਂ ਸੀ ਮਿਲਿਆ ਤਾਂ ਮੈਂ ਕਿਹਾ ਸੀ ਕਿ ਇਕੋ ਸਮੇਂ ਕਿਸੇ ਵੀ ਪੁਰਸਕਾਰ ਲਈ ਪੰਜ ਸੱਤ ਲੇਖਕ ਯੋਗ ਉਮੀਦਵਾਰ ਹੁੰਦੇ ਹਨ। ਪਰ ਉਹ ਮਿਲਦਾ ਸਿਰਫ਼ ਇਕ ਨੂੰ ਹੈ। ਅਗਲੇ ਸਾਲ ਤੱਕ ਗਿਣਤੀ ਫਿਰ ਵਧ ਜਾਂਦੀ ਹੈ। ਸਾਫ਼ ਹੈ ਕਿ ਸਾਰੇ ਯੋਗ ਲੇਖਕਾਂ ਨੂੰ ਕਦੇ ਵੀ ਪੁਰਸਕਾਰ ਨਹੀਂ ਮਿਲ ਸਕੇਗਾ। ਗੁਰਬਖ਼ਸ਼ ਸਿੰਘ ਪ੍ਰਤੀਲੜੀ ਅਤੇ ਦੇਵਿੰਦਰ ਸਤਿਆਰਥੀ ਵਰਗੇ ਮਹਾਂਰਥੀਆਂ ਦੀ ਇਕ ਵੱਡੀ ਪਛਾਣ ਇਹ ਵੀ ਹੈ ਕਿ ਉਨ੍ਹਾਂ ਨੂੰ ਅਕਾਦਮੀ ਇਹ ਸਨਮਾਨ ਨਹੀਂ ਦੇ ਸਕੀ। ਬਹੁਤਾ ਦੁੱਖ ਉਦੋਂ ਹੁੰਦਾ ਹੈ ਜਦੋਂ ਇਹ ਬਿਲਕੁਲ ਅਣਕਿਆਸੇ ਵਿਅਕਤੀ ਨੂੰ ਚਲਾ ਜਾਂਦਾ ਹੈ। ਅਜਿਹੇ ਵਿਅਕਤੀ ਨੇ ਸਾਹਿਤ ਜਾਂ ਕਲਾ ਨੂੰ ਕਿਸੇ ਵੀ ਸਟੇਜ 'ਤੇ ਕੁਝ ਨਹੀਂ ਦਿੱਤਾ ਹੁੰਦਾ। ਇਹ ਸਾਡੀ ਭਾਸ਼ਾ ਵਿਚ ਵੀ ਕੁਝ ਵਾਰ ਵਾਪਰਿਆ ਹੈ।

**ਕੋਈ ਨਾਂ ਲੈਣਾ ਚਾਹੋਗੇ?**

ਕੋਈ ਲਾਭ ਨਹੀਂ ਹੋਵੇਗਾ।

**ਇਹ ਫ਼ੈਸਲਾ ਕਿੱਦਾਂ ਹੋ ਸਕਦਾ ਹੈ ਕਿ ਸਨਮਾਨ ਠੀਕ ਲੇਖਕ ਨੂੰ ਗਿਆ ਹੈ ਕਿ ਨਹੀਂ, ਇਹ ਤਾਂ ਬੜੀ ਸਬਜੈਕਟਿਵ ਰਾਏ ਹੈ, ਇਕ ਨੂੰ ਮੈਂ ਠੀਕ ਕਹਾਂਗਾ, ਦੂਜੇ ਨੂੰ ਤੁਸੀਂ ਕਹੋਗੇ।**

ਸਹੀ ਕਿਹਾ, ਰਾਵਾਂ ਵਿਚ ਅੰਤਰ ਤਾਂ ਰਹੇਗਾ ਹੀ। ਰਾਵਾਂ ਦੀ ਭਿੰਨਤਾ ਸਵਸਥ ਸਮਾਜ ਦੀ ਨਿਸ਼ਾਨੀ ਹੈ। ਪਰ ਸਹੀ ਇਨਾਮ ਉਦੋਂ ਹੁੰਦਾ ਹੈ ਜਦੋਂ ਸਮੁੱਚਾ ਸਮਾਜਕ ਤੇ ਸਾਹਿਤਕ ਹੁੰਗਾਰਾ ਹਾਂ-ਪੱਖੀ ਹੋਵੇ, ਜਦੋਂ ਸਨਮਾਨ ਲੈਣ ਵਾਲੇ, ਦੇਣ ਵਾਲੇ ਅਤੇ ਦੇਖਣ ਸੁਣਨ ਵਾਲੇ ਨੂੰ ਸ਼ਰਮ ਨਾ ਆਵੇ, ਉਹ ਹੱਕੇ-ਬੱਕੇ ਨਾ ਰਹਿ ਜਾਣ, ਜਦੋਂ ਅਖ਼ਬਾਰ ਕਿਸੇ ਨੁੱਕਰ ਵਿਚ ਛੋਟੀ ਜਿਹੀ ਖ਼ਬਰ ਛਾਪ ਕੇ ਚੁੱਪ ਨਾ ਕਰ ਜਾਣ, ਜਦੋਂ ਰੇਡੀਉ ਅਤੇ ਟੀ.ਵੀ. ਦਾ ਮੀਡੀਆ ਆਪ ਹੁੱਭ ਕੇ ਇਸ ਖ਼ਬਰ ਦਾ ਪ੍ਰਸਾਰਨ ਕਰੇ ਤੇ ਲੇਖਕ ਦੇ ਵਾਰ ਵਾਰ ਇੰਟਰਵਿਊ ਕਰੇ, ਜਦੋਂ ਕੋਈ ਕਹਿ ਦੇਵੇ ਕਿ ਇਹ ਤਾਂ ਪਹਿਲਾਂ ਮਿਲ ਜਾਣਾ ਚਾਹੀਦਾ ਸੀ, ਕੋਈ ਲਿਖੇ ਕਿ ਇਨਾਮ ਠੀਕ ਥਾਂ ਤੇ ਗਿਆ, ਕੋਈ ਹੋਰ ਆਖੇ ਮੈਂ ਤਾਂ ਸੋਚਿਆ ਸੀ ਇਸ ਲੇਖਕ ਨੂੰ ਹੁਣ ਤੱਕ ਇਹ ਸਨਮਾਨ ਮਿਲ ਚੁੱਕਾ ਹੋਵੇਗਾ।

**ਕੀ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਸਹੀ ਇਨਾਮ ਮਿਲਿਆ ਹੈ?**

ਕਵੀ ਤਾਰਾ ਸਿੰਘ ਕਾਮਲ ਇਸ ਸਵਾਲ ਦਾ ਵਾਜਬ ਜਵਾਬ ਦੇ ਚੁੱਕਾ ਹੈ, ਮੇਰਾ ਵੀ ਓਹੋ ਜਵਾਬ ਹੈ 'ਇਨਾਮ ਦੇਣਾ ਦੂਸਰੇ ਲੋਕਾਂ ਦਾ ਕੰਮ ਹੈ, ਉਹਦੇ 'ਚ ਤਾਂ ਨਾ ਮੇਰਾ ਗੁਣ ਐਂ ਨਾ ਮੇਰਾ ਦੋਸ਼ ਐ। ਮੈਂ ਤਾਂ ਛੋਟਾ ਜਿਹਾ ਸਾਹਿਤਕਾਰ ਹਾਂ, ਉਨ੍ਹਾਂ ਨੇ ਪੁਰਸਕਾਰ ਦੇ ਦਿੱਤਾ, ਉਨ੍ਹਾਂ ਦੀ ਬੜੀ ਮਿਹਰਬਾਨੀ ਐ। ਬਾਕੀ ਇਨਾਮ ਕੋਈ ਐਡੀ ਵੱਡੀ ਚੀਜ਼ ਵੀ ਨਹੀਂ ਕਿ ਇਹਨੂੰ ਸਿਰ 'ਤੇ ਲੈ ਕੇ ਟੱਪਿਆ ਜਾਵੇ, ਔਰ ਐਡੀ ਛੋਟੀ ਚੀਜ਼ ਵੀ ਨਹੀਂ ਕਿ ਇਹਨੂੰ ਹਕਾਰਤ ਨਾਲ ਛੱਡ ਦਿੱਤਾ ਜਾਏ। ਕਿਸੇ ਨੇ ਇੱਜ਼ਤ ਦਿੱਤੀ ਏ, ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ। ਯੋਗ ਤਾਂ ਆਦਮੀ ਕਦੇ ਵੀ ਨਹੀਂ ਹੁੰਦਾ ਕਿਸੇ ਚੀਜ਼ ਦੇ।'

**ਕਈ ਕਹਿੰਦੇ ਹਨ ਕਿ ਆਤਮਜੀਤ ਨੇ 'ਤੱਤੀ ਤਵੀ ਦਾ ਸੱਚ' ਸਿੱਖ ਧਰਮ ਦੇ ਬਾਰੇ ਨਾਟਕ ਲਿਖਿਆ ਹੈ। ਕੀ ਇਹ ਧਾਰਮਿਕ ਨਾਟਕ ਹੈ?**

ਕੁਝ ਲੋਕਾਂ ਨੇ ਇਸਚਿਤ ਤੌਰ ਤੇ ਇਸ ਨਾਟਕ ਨੂੰ ਇਸ ਕਾਰਨ ਹੀ ਆਪਣੇ ਧਿਆਨ ਦਾ ਕੇਂਦਰ ਬਣਾਉਣ ਤੋਂ ਗੁਰੇਜ਼ ਕੀਤਾ ਹੈ ਕਿ ਇਸ ਦਾ ਆਫ਼ ਸਟੇਜ ਨਾਇਕ ਧਾਰਮਿਕ ਪੁਰਸ਼ ਹੈ। ਮੈਨੂੰ ਅਜਿਹੇ ਲੋਕਾਂ ਉਤੇ ਤਰਸ ਆਉਂਦਾ ਹੈ। ਉਂਜ ਵੀ ਨਾਟਕ ਪੂਰੀ ਤਰ੍ਹਾਂ ਰਾਜਸੀ ਅਤੇ ਸਮਾਜਿਕ ਹੈ। ਇਹ ਸਿਆਸਤ ਅਤੇ ਧਰਮ ਦੇ ਸਬੰਧਾਂ ਨੂੰ ਜ਼ਰੂਰ ਖੋਜਦਾ ਹੈ। ਇਹ ਨਾਟਕ ਧਰਮ ਦੇ ਦੋ ਪੱਖਾਂ ਨੂੰ ਉਜਾਗਰ ਕਰਦਾ ਹੈ, ਪਹਿਲਾ ਇਹ ਕਿ ਕਿਵੇਂ ਧਰਮ ਦਾ ਘੂ ਰੂਪ ਰਾਜਨੀਤੀ ਨੂੰ ਆਪਣੇ ਸੌੜੇ ਸਵਾਰਥਾਂ ਲਈ ਵਰਤਦਾ ਹੈ, ਦੂਸਰਾ ਇਹ ਕਿ ਕਿਵੇਂ ਧਰਮ ਦਾ ਵਿਰਾਟ ਰੂਪ ਤੰਗ ਰਾਜਨੀਤੀ ਅੱਗੇ ਝੁਕਣ ਤੋਂ ਇਨਕਾਰ ਕਰਦਾ ਹੈ। ਇਨ੍ਹਾਂ ਅਰਥਾਂ ਵਿਚ ਇਹ ਇਕ ਆਧੁਨਿਕ ਅਤੇ ਸਮਾਜਿਕ ਅਰਥਾਂ ਵਾਲੀ ਰਚਨਾ ਹੈ। ਗੁਰੂ ਅਰਜਨ ਦੇਵ ਦੀ ਸ਼ਹਾਦਤ ਭਾਰਤ ਦੇ ਭਵਿੱਖ ਦੀ ਰਾਜਨੀਤੀ ਨੂੰ ਇਕ ਨਿਸਚਿਤ ਸੇਧ ਦੇਣ ਵਾਲੀ ਮਹਾਨ ਘਟਨਾ ਹੈ, ਅਸੀਂ ਸ਼ਹਾਦਤ ਦੇ ਇਸ ਪੱਖ ਨੂੰ ਅਣਡਿੱਠ ਕਰਨ ਦੇ ਦੋਸ਼ੀ ਵੀ ਹਾਂ।

**ਤੁਹਾਡੇ ਨਾਟਕਾਂ ਉਤੇ ਖੋਜ ਕਾਰਜ ਵੀ ਹੋਇਆ ਹੈ।**

ਦੋ ਜਾਂ ਤਿੰਨ ਪੀ.ਐਚ.ਡੀ. ਤੋਂ ਇਲਾਵਾ 20-25 ਕੁ ਐਮ.ਫ਼ਿਲ ਥੀਸਿਸ ਜ਼ਰੂਰ ਹੋ ਗਏ ਹੋਣਗੇ। ਪਰ ਇਨ੍ਹਾਂ ਗਿਣਤੀਆਂ ਮਿਣਤੀਆਂ ਦਾ ਕੋਈ ਵਿਸ਼ੇਸ਼ ਲਾਭ ਨਹੀਂ ਹੈ, ਕਿਉਂਕਿ ਪੰਜ ਸੱਤ ਕੰਮਾਂ ਤੋਂ ਇਲਾਵਾ ਬਾਕੀ ਸਭ ਭਰਤੀ ਹੈ।

**ਤੁਹਾਡੀ ਹਰ ਪੁਸਤਕ ਦੇ ਅੱਗੇ ਕਿਸੇ ਨਾ ਕਿਸੇ ਵਿਦਵਾਨ ਦੀ ਭੂਮਿਕਾ ਲਿਖੀ ਹੁੰਦੀ ਹੈ। ਕੀ ਤੁਹਾਨੂੰ ਆਪਣੇ ਨਾਟਕਾਂ ਦੀ ਲਿਖਤ ਉਤੇ ਵਿਸ਼ਵਾਸ ਨਹੀਂ ਹੈ?**

ਮੈਨੂੰ ਸੱਚਮੁੱਚ ਅਪਾਣੇ ਲਿਖੇ ਉਤੇ ਕਈ ਵਾਰ ਸ਼ੱਕ ਪੈਦਾ ਹੁੰਦਾ ਹੈ। ਮੈਂ ਆਪਣੇ ਨਾਟਕਾਂ ਨੂੰ ਅਕਸਰ ਸਿਆਣੇ ਲੋਕਾਂ ਵਿਚ ਪੜ੍ਹ ਕੇ ਸੁਣਾਉਂਦਾ ਹਾਂ। ਦਲੀਪ ਸਿੰਘ ਉੱਪਲ ਹੋਰਾਂ ਦੇ ਅਤੇ ਤੁਹਾਡੇ ਘਰ ਵਿਚ ਮੈਂ ਕਈ ਨਾਟਕਾਂ ਦੇ ਪਾਠ ਕੀਤੇ ਹਨ। ਇਕ ਸਮੀਖਿਅਕ ਨੇ ਮੈਨੂੰ ਇਕ ਵਾਰ ਨਿਹੋਰਾ ਵੀ ਦਿੱਤਾ ਸੀ। 'ਫਿਰ ਨਾਟਕ ਤੇਰਾ ਕਿਵੇਂ ਰਹਿ ਜਾਂਦਾ ਏ?' ਉਦੋਂ ਮੈਂ ਉਹਨੂੰ ਕਿਹਾ ਸੀ ਕਿ ਮੈਂ ਹਮੇਸ਼ਾਂ ਅਜਿਹੇ ਪਾਠਾਂ ਦਾ ਪ੍ਰਕਾਸ਼ਨ ਸਮੇਂ ਜ਼ਿਕਰ ਕਰਦਾ ਹਾਂ। ਜੇਕਰ ਸਿਆਣਿਆਂ ਨੂੰ ਸੁਣਾ ਕੇ ਮੇਰਾ ਨਾਟਕ ਕੁਝ ਬਿਹਤਰ ਹੋ ਜਾਂਦਾ ਹੈ ਤਾਂ ਮੈਨੂੰ ਖ਼ੁਸ਼ੀ ਹੁੰਦੀ ਹੈ। ਇਹ ਗੱਲ ਵੱਖਰੀ ਹੈ ਕਿ ਕੁਝ ਸਮੇਂ ਬਾਅਦ ਉਹੋ ਸਮੀਖਿਅਕ ਮੈਨੂੰ ਆਪਣੇ ਲਿਖੇ ਲੇਖਾਂ ਦੇ ਖਰੜੇ ਸੁਣਾਉਣ ਲੱਗ ਪਿਆ ਸੀ। 'ਪੰਚਨਦ ਦਾ ਪਾਣੀ' ਇਤਿਹਾਸਕ ਨਾਟਕ ਹੈ, ਉਹ ਪੰਜਾਬ ਦੇ ਪ੍ਰਮੁਖ ਇਤਿਹਾਸਕਾਰਾਂ ਨੂੰ ਸੁਣਾਇਆ ਜਿਨ੍ਹਾਂ ਵਿਚ ਡਾਕਟਰ ਜੇ.ਐੱਸ. ਗਰੇਵਾਲ ਅਤੇ ਡਾ. ਇੰਦੂ ਬਾਂਗਾ ਵੀ ਸ਼ਾਮਲ ਸਨ, 'ਕੈਮਲੂਪਸ ਦੀਆਂ ਮੱਛੀਆਂ' ਪਰਵਾਸੀਆਂ ਨੂੰ ਸੁਣਾਇਆ, 'ਮੈਂ ਤਾਂ ਇਕ ਸਾਰੰਗੀ ਹਾਂ' ਮਨੋਵਿਗਿਆਨੀਆਂ ਅਤੇ ਸਮਾਜ ਸ਼ਾਸਤਰੀਆਂ ਨੂੰ ਸਣਾਇਆ, ਇਵੇਂ ਹੀ 'ਮੰਗੂ ਕਾਮਰੇਡ' ਰਾਜਨੀਤੀ ਸ਼ਾਸਤਰੀਆਂ ਅਤੇ ਕੀਨੀਆਈ ਲੋਕਾਂ ਨੂੰ ਸੁਣਾਇਆ।

**ਫਿਰ ਭੂਮਿਕਾ ਦੀ ਲੋੜ ਕਿਉਂ ਪੈਂਦੀ ਹੈ?**

ਅਰੰਭ ਵਿਚ ਸ਼ਾਇਦ ਇਸ ਲਈ ਵੀ ਭੂਮਿਕਾ ਲਿਖਵਾਈ ਕਿ ਕੋਈ ਮੇਰੇ ਨਾਟਕਾਂ ਉਤੇ ੌਰ ਕਰ ਲਵੇਗਾ।

**ਤੁਸੀਂ ਆਪਣੀ ਪੁਸਤਕ ਦਾ ਕਈ ਰਿਲੀਜ਼ ਸਮਾਗਮ ਕਿਉਂ ਨਹੀਂ ਰਚਾ ਲੈਂਦੇ?**

ਪਹਿਲਾਂ ਸਮਰੱਥਾ ਨਹੀਂ ਸੀ ਹੁੰਦੀ, ਹੁਣ ਲੋੜ ਨਹੀਂ ਜਾਪਦੀ। ਉਂਜ ਕੁਝ ਸੰਸਥਾਵਾਂ ਨੇ ਇਹ ਕੰਮ ਆਪਣੇ ਤੌਰ 'ਤੇ ਜ਼ਰੂਰ ਕੀਤਾ।



ਮਿੱਤਰ ਤੇ ਪਰਿਵਾਰ

**ਹੁਣ ਜਦੋਂ ਤੁਹਾਨੂੰ ਇਹ ਡਰ ਨਹੀਂ ਕਿ ਤੁਹਾਡੇ ਨਾਟਕ ਵੱਲ ਲੋਕਾਂ ਦਾ ਧਿਆਨ ਨਹੀਂ ਜਾਵੇਗਾ ਫਿਰ ਵੀ ਭੂਮਿਕਾ ਲਿਖਵਾਉਂਦੇ ਹੋ!**

ਮੇਰੇ ਵੱਡੇ ਤੋਂ ਵੱਡੇ ਨਾਟਕ ਦਾ ਆਕਾਰ 65 ਜਾਂ 70 ਪੰਨੇ ਹੁੰਦਾ ਹੈ। ਮੇਰੀ ਇੱਛਾ ਹੁੰਦੀ ਹੈ ਕਿ ਇਹ 60 ਪੰਨਿਆਂ ਦੇ ਅੰਦਰ ਅੰਦਰ ਭੁਗਤ ਜਾਵੇ। ਸੱਠ ਪੰਨਿਆਂ ਦੇ ਮੰਚਣ ਉਤੇ ਘੱਟੋ ਘੱਟ ਦੋ ਘੰਟੇ ਲੱਗ ਜਾਂਦੇ ਹਨ। ਇਸ ਤੋਂ ਵੱਧ ਸਮਾਂ ਸਾਡੇ ਲੋਕ ਬੈਠ ਨਹੀਂ ਸਕਦੇ। ਜੇ ਭੂਮਿਕਾ ਜਾਂ ਆਪਣੇ ਵੱਲੋਂ ਕੁਝ ਨਾ ਲਿਖਿਆ ਜਾਵੇ ਤਾਂ ਪੁਸਤਕ ਦਾ ਆਕਾਰ ਬਹੁਤ ਛੋਟਾ ਰਹਿ ਜਾਂਦਾ ਹੈ, ਉਹ ਕਿਤਾਬ ਲੱਗਦੀ ਹੀ ਨਹੀਂ। ਭੂਮਿਕਾ ਦੇ ਬਹਾਨੇ ਇਕ ਵਿਦਵਾਨ ਦੀ ਰਾਏ ਵੀ ਮਿਲ ਜਾਂਦੀ ਹੈ। ਮੇਰੇ ਨਾਟਕਾਂ ਦੀਆਂ ਭੂਮਿਕਾਵਾਂ ਲਿਖਣ ਵਾਲਿਆਂ ਵਿਚ ਡਾਕਟਰ ਸੁਰਜੀਤ ਸਿੰਘ ਸੇਠੀ, ਡਾਕਟਰ ਅਤਰ ਸਿੰਘ, ਡਾਕਟਰ ਹਰਿਭਜਨ ਸਿੰਘ, ਡਾਕਟਰ ਤਰਲੋਕ ਸਿੰਘ ਕੰਵਰ, ਡਾਕਟਰ ਸੁਤਿੰਦਰ ਸਿੰਘ ਨੂਰ, ਡਾਕਟਰ ਜਗਬੀਰ ਸਿੰਘ, ਡਾਕਟਰ ਆਤਮਜੀਤ ਸਿੰਘ (ਅਮਰੀਕਾ) ਆਦਿ ਵਿਦਵਾਨ ਸ਼ਾਮਲ ਹਨ। ਜੇ ਮੈਂ ਭੂਮਿਕਾ ਨਾ ਲਿਖਵਾਉਂਦਾ ਤਾਂ ਇਨ੍ਹਾਂ ਵਿਚੋਂ ਹੀ ਕਈਆਂ ਨੇ ਮੇਰੇ ਨਾਟਕਾਂ ਬਾਰੇ ਕਦੇ ਵੀ ਕੁਝ ਨਹੀਂ ਸੀ ਲਿਖਣਾ। ਮੈਂ ਉਂਜ ਵੀ ਬਹੁਤ ਸਾਰੇ ਵਿਦਵਾਨਾਂ ਨੂੰ ਪੰਜਾਬੀ ਨਾਟਕਾਂ ਬਾਰੇ ਲਿਖਣ ਦੀ ਪ੍ਰੇਰਨਾ ਦੇਂਦਾ ਰਿਹਾ ਹਾਂ। ਡਾਕਟਰ ਰਵਿੰਦਰ ਰਵੀ ਨੇ ਮੇਰੇ ਨਾਲ ਇਕਰਾਰ ਕੀਤਾ ਸੀ ਪਰ ਪੂਰਾ ਕਰਨ ਤੋਂ ਪਹਿਲਾਂ ਚਲੇ ਗਏ। ਬਾਵਜੂਦ ਇਸ ਗੱਲ ਦੇ ਕਿ ਡਾਕਟਰ ਹਰਿਭਜਨ ਸਿੰਘ ਭਾਟੀਆ ਪ੍ਰਬੁੱਧ ਸਮੀਖਿਅਕ ਹੈ ਅਤੇ ਹਰਸਰਨ ਸਿੰਘ ਬਾਰੇ ਉਸ ਦਾ ਐਮ.ਫ਼ਿਲ ਦਾ ਮਹੱਤਵਪੂਰਨ ਥੀਸਿਸ ਹੈ, ਉਨ੍ਹਾਂ ਨਾਟਕਾਂ ਬਾਰੇ ਨਾਂ ਮਾਤਰ ਲਿਖਿਆ ਹੈ। ਮੈਂ ਉਨ੍ਹਾਂ ਪਾਸੋਂ ਆਪਣੇ ਕਿਸੇ ਨਾਟਕ ਦੀ ਭੂਮਿਕਾ ਜ਼ਰੂਰ ਲਿਖਵਾਉਣੀ ਚਾਹਾਂਗਾ।

**ਕਦੇ ਕਿਸੇ ਨੇ ਭੂਮਿਕਾ ਲਿਖਣ ਤੋਂ ਨਾਂਹ ਵੀ ਕੀਤੀ।**

ਹਾਂ, ਡਾਕਟਰ ਕੇਸਰ ਸਿੰਘ ਕੇਸਰ ਨੇ ਕੀਤੀ ਸੀ, ਨਾਟਕ ਸੀ 'ਪੂਰਨ' ਉਹ ਅਕਸਰ ਮੇਰੇ ਕੰਮ ਦੀ ਇੱਜ਼ਤ ਕਰਦੇ ਹੁੰਦੇ ਸਨ। ਭੂਮਿਕਾ ਦੀ ਨਾਂਹ ਕਰਨ ਸਮੇਂ ਵੀ ਉਨ੍ਹਾਂ ਦੇ ਚਿਹਰੇ ਉਤੇ ਜਾਂ ਜ਼ੁਬਾਨ ਵਿਚ ਕੋਈ ਤਲਖ਼ੀ ਜਾਂ ਰੁੱਖਾਪਣ ਨਹੀਂ ਸੀ। ਦਿਲ ਵਿਚ ਕੀ ਸੀ ਮੈਨੂੰ ਪਤਾ ਨਹੀਂ। ਹੋ ਸਕਦਾ ਹੈ ਉਦੋਂ ਉਨ੍ਹਾਂ ਕੋਲ ਸੱਚਮੁਚ ਸਮਾਂ ਨਾ ਹੋਵੇ।

**ਤੁਹਡੇ ਬਾਰੇ ਅਖ਼ਬਾਰਾਂ ਵਿਚ ਕਾਫ਼ੀ ਲੇਖ ਛੱਪਦੇ ਹਨ। ਅੰਗਰੇਜ਼ੀ ਦੇ ਅਖ਼ਬਾਰਾਂ ਵਿਚ ਵੀ ਬਹੁਤ ਛਪੇ ਹਨ। ਕੀ ਇਸ ਲਈ ਯਤਨ ਕਰਨਾ ਪੈਂਦਾ ਹੈ?**

ਬਹੁਤੀ ਵਾਰ ਨਹੀਂ, ਪਰ ਕਦੀ ਕਦੀ ਕਰਦਾ ਵੀ ਹਾਂ। ਮੇਰੇ ਬਾਰੇ ਅੰਗ੍ਰੇਜ਼ੀ ਟ੍ਰਿਬਿਊਨ ਵਿਚ ਸਭ ਤੋਂ ਪਹਿਲਾਂ ਨਰਿੰਜਨ ਤਸਨੀਮ ਹੋਰਾਂ ਨੇ ਲਿਖਿਆ ਸੀ, ਪਰ ਮੇਰੇ ਕਹਿਣ ਤੋਂ ਬਿਨਾਂ। ਮੈਨੂੰ ਯਾਦ ਹੈ ਕਿ ਉਹ ਇੰਟਰਵਿਊ ਲੈਣ ਆਪ ਮੇਰੇ ਘਰ ਆਏ ਸਨ। ਦਰਅਸਲ ਕੁੱਝ ਸਮਾਂ ਪਹਿਲਾਂ ਉਨ੍ਹਾਂ ਨੇ ਮੇਰੇ ਨਾਟਕ 'ਚਾਬੀਆਂ' ਦੀ ਇਕ ਵਿਸੇਸ਼ ਪੇਸ਼ਕਾਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਵੇਖੀ ਸੀ। ਉਨ੍ਹਾਂ ਨੂੰ ਜਾਪਿਆ ਕਿ ਇਹ ਨਾਟਕ ਥੀਏਟਰ ਆਫ਼ ਐਬਸਰਡ ਤੋਂ ਅਗਲੀ ਗੱਲ ਕਰ ਰਿਹਾ ਹੈ। ਇਸ ਲਈ ਉਨ੍ਹਾਂ ਨੇ ਮੇਰੇ ਨਾਟਕਾਂ ਨੂੰ ਬੀਯਾਂਡ ਦਾ ਥੀਏਟਰ ਆਫ਼ ਐਬਸਰਡ ਕਿਹਾ ਸੀ। ਡਾਕਟਰ ਚਮਨ ਲਾਲ ਆਹੂਜਾ ਨੇ ਮੇਰੇ ਬਾਰੇ ਬਹੁਤ ਸਾਰੇ ਲੇਖ ਵੱਖ ਵੱਖ ਅੰਗਰੇਜ਼ੀ ਅਖ਼ਬਾਰਾਂ ਲਈ ਲਿਖੇ ਹਨ, ਸ਼ਾਇਦ 8-9 ਲੇਖ। ਇਨ੍ਹਾਂ ਵਿਚ ਟ੍ਰਿਬਿਊਨ, ਇਕਨਾਮਿਕ ਟਾਈਮਜ਼, ਸੰਡੇ ਆਬਜ਼ਰਵਰ, ਪਾਇਨੀਅਰ ਆਦਿ ਸ਼ਾਮਲ ਹਨ। ਇਕ ਵਾਰ ਉਨ੍ਹਾਂ ਨੂੰ ਲਿਖਣ ਲਈ ਮੈਂ ਆਪ ਵੀ ਕਿਹਾ ਸੀ। ਲੱਗਦਾ ਸੀ ਕਿ ਵੀਜ਼ਾ ਮਿਲਣ ਵਿਚ ਮਦਦ ਹੋ ਜਾਵੇਗੀ। ਕਦੇ ਕਦੇ ਮੈਂ ਅਜਿਹਾ ਲਾਲਚ ਕਰਦਾ ਰਿਹਾ ਹਾਂ। ਪਰ ਵਿਦਵਾਨਾਂ ਵਲੋਂ ਜੋ ਵੀ ਲਿਖਿਆ ਜਾਂਦਾ ਹੈ ਉਸ ਲੂੰ ਸਿਰ ਮੱਥੇ ਸਵੀਕਾਰ ਕਰਦਾ ਹਾਂ। ਡਾਕਟਰ ਤੇਜਵੰਤ ਗਿੱਲ ਦੀ ਨਾਟਕ 'ਪੂਰਨ' ਦੀ ਨਿੰਦਣੀ ਸੁਰ ਵਾਲੀ ਭੂਮਿਕਾ ਨੂੰ ਛਾਪਣ ਲੱਗਿਆਂ ਮੈਨੂੰ ਜ਼ਰਾ ਵੀ ਝਿਜਕ ਮਹਿਸੂਸ ਨਹੀਂ ਸੀ ਹੋਈ,ਉਹ ਮੇਰੀ ਕਿਸੇ ਮਜਬੂਰੀ ਦੇ ਨਤੀਜੇ ਵਜੋਂ ਨਹੀਂ ਈਮਾਨਦਾਰੀ ਦੇ ਸਿੱਟੇ ਕਾਰਨ ਛਪੀ ਹੈ।

**ਤੁਹਾਡੇ ਸੁਭਾਅ ਵਿਚ ਕੋਈ ਨੁਕਸ ਹੈ?**

ਕਈਆ ਦਾ ਚਰਚਾ ਕਰ ਚੁਕਾ ਹਾਂ, ਪਰ ਸਭ ਤੋਂ ਬੁਰਾ ਨੁਕਸ ਇਹ ਹੈ ਕਿ ਕਈ ਵਾਰ ਬਹੁਤ ਜ਼ਿਆਦਾ ਗੁੱਸਾ ਆ ਜਾਂਦਾ ਹੈ ਜਿਹੜਾ ਮੈਨੂੰ ਬੇਕਾਬੂ ਕਰ ਦੇਂਦਾ ਹੈ। ਕਈ ਵਾਰ ਮੈਂ ਇਸ ਨੁਕਸ ਕਾਰਨ ਆਪਣੇ ਆਪ ਨਾਲ ਨਫ਼ਰਤ ਵੀ ਕਰਦਾ ਹਾਂ।

**ਚਰਨ ਦਾਸ ਸਿੱਧੂ ਅਤੇ ਅਜਮੇਰ ਔਲਖ ਨੇ ਆਪਣੇ ਪਰਿਵਾਰਾਂ ਨੂੰ ਰੰਗਮੰਚ ਵਿਚ ਸ਼ਾਮਲ ਕੀਤਾ, ਕੀ ਤੁਸੀਂ ਕੀਤਾ?**

ਹਾਂ ਕੀਤਾ। ਮੇਰੀ ਧਰਮ ਪਤਨੀ ਸ਼ੁਰੂ ਸ਼ੁਰੂ ਵਿਚ ਨਿੱਕੇ ਮੋਟੇ ਰੋਲ ਕਰਦੀ ਹੁੰਦੀ ਸੀ। ਮੇਰੀ ਧੀ ਅਤੇ ਪੁੱਤਰ ਵੀ ਬਚਪਨ ਵਿਚ ਭੂਮਿਕਾਵਾਂ ਕਰਦੇ ਹੁੰਦੇ ਸੀ। ਪਰ ਬੇਟੀ ਦੀ ਅਸਲ ਦੇਣ ਨਾਟਕ ਵਿਚ ਨ੍ਰਿਤ ਦੀ ਕੋਰਿਓਗਰਾਫ਼ੀ ਹੁੰਦੀ ਸੀ ਤੇ ਬੇਟੇ ਦੀ ਦੇਣ ਇਹ ਸੀ ਕਿ ਉਹ ਮੇਰੇ ਨਾਟਕਾਂ ਦੇ ਸੰਗੀਤ ਵਿਚ ਬਹੁਤ ਰੁਚੀ ਲੈਂਦਾ ਸੀ। ਉਹ ਗਾ ਵੀ ਸਕਦਾ ਹੈ ਅਤੇ ਸਾਜ਼ਿੰਦਾ ਵੀ ਹੈ।

**ਤੁਹਾਡੀ ਆਪਣੇ ਸਮਕਾਲੀਆਂ ਬਾਰੇ ਕੀ ਵਿਚਾਰ ਹਨ?**

ਮੈਂ ਉਨ੍ਹਾਂ ਦੇ ਕੰਮ ਦੀ ਕਦਰ ਕਰਦਾ ਹਾਂ। ਉਨ੍ਹਾਂ ਸਾਰਿਆਂ ਵਿਚ ਆਪਣੇ ਆਪਣੇ ਗੁਣ ਅਤੇ ਔਗੁਣ ਹਨ, ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿਖਿਆ ਹੈ। ਕਿਸੇ ਇਕ ਦਾ ਦੂਜੇ ਨਾਲ ਮੁਕਾਬਲਾ ਕਰਨਾ ਯੋਗ ਨਹੀਂ ਕਿਉਂਕਿ ਸਭ ਦੇ ਆਪੋ ਆਪਣੇ ਸਰੋਕਾਰ ਹਨ ਅਤੇ ਆਪੋ ਆਪਣੀ ਸ਼ੈਲੀ। □

Blitz Auto Canada
Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com


BIG BO'S
FURINTURE, APPLIANCE, BLINDS
ਤੁਸੀਂ ਸਾਡੇ ਕੋਲੋ ਵਧੀਆ ਫਰਨੀਚਰ, ਅਪਲਾਇੰਸਸ ਅਤੇ ਬਲਾਇੰਡਜ਼ ਖਰੀਦ ਸਕਦੇ ਹੋ।
Sectional Only $799
Leather Match Sectional only $2999
Reg. Price $4399 Now on Sale $2099
Entire bedroom at low Price!
Sesional Starting at $ 799
5 Piece Dinning Room $ 1899
5 Seats Dinning Room Includes Table & 4 chair $ 297
$499
$399
$249
Sofa or love only seat $ 399
BIG BO'S
4220 99 Street NW, Edmonton, Alberta
(780) 430-4346
TENT SALE
Store Hours : Monday-Wednesday 10 am-6pm Thursday-Friday 10am-6pm Saturday 10am-6pm Sunday 12pm-5pm


Creative Doors
& Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

# ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ

ਡਾ. ਕਰਨੈਲ ਸਿੰਘ ਥਿੰਦ

1947 ਤੋਂ ਬਾਦ ਆਜ਼ਾਦ ਭਾਰਤ ਵਿੱਚ ਕਾਂਗਰਸ ਸਰਕਾਰ ਪਾਸੋਂ ਇਹ ਆਸ ਜ਼ਰੂਰ ਸੀ ਕਿ ਹੋਰ ਰਾਜਾਂ ਦੀਆਂ ਭਾਸ਼ਾਵਾਂ ਵਾਂਗ ਪੰਜਾਬ ਵਿੱਚ ਵੀ ਪੰਜਾਬੀ ਨੂੰ ਉਸ ਦਾ ਬਣਦਾ ਸਥਾਨ ਜ਼ਰੂਰ ਮਿਲੇਗਾ। ਪਰ ਅਜਿਹਾ ਕਰਨ ਲਈ ਪੰਜਾਬੀ ਹਿਤੈਸ਼ੀਆਂ ਨੂੰ ਕਾਫ਼ੀ ਜਦੋ-ਜਹਿਦ ਕਰਨੀ ਪਈ। ਇਸ ਦੀ ਇਕ ਵਜ੍ਹਾ ਇਹ ਵੀ ਹੈ ਕਿ ਵੰਡ ਤੋਂ ਪਿਛੋਂ ਸਮੇਂ ਸਮੇਂ ਭਾਰਤੀ ਪੰਜਾਬ ਦੀਆਂ ਹੱਦਾਂ ਬਦਲਦੀਆਂ ਰਹੀਆਂ ਹਨ, ਜਿਸ ਨਾਲ ਜ਼ਬਾਨ ਦਾ ਮਸਲਾ ਵੀ ਉਲਝਿਆ ਰਿਹਾ। ਇਕ ਨਿਰੋਲ ਅਕਾਦਮਿਕ ਮਾਮਲੇ ਨੇ ਹੌਲੀ ਹੌਲੀ ਧਾਰਮਕ ਅਤੇ ਸਿਆਸੀ ਸ਼ਕਲ ਧਾਰਨ ਕਰ ਲਈ ਅਤੇ ਪੰਜਾਬੀਆਂ ਦੀ ਇੱਕ ਭਾਰੀ ਗਿਣਤੀ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਮੰਨਣ ਤੋਂ ਇਨਕਾਰ ਕਰ ਦਿਤਾ। ਸੱਚਰ ਫ਼ਾਰਮੂਲਾ ਅਤੇ ਰਿਜ਼ਨਲ ਫ਼ਾਰਮੂਲਾ ਵੀ ਕੋਈ ਹੱਲ ਨਾ ਕੱਢ ਸਕੇ। 1966 ਈ. ਵਿੱਚ ਪੰਜਾਬੀ ਸੂਬੇ ਦੀ ਕਾਇਮੀ ਸਮੇਂ ਕੁੱਝ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਪ੍ਰਾਂਤ ਅਤੇ ਕੁੱਝ ਹਿਮਾਚਲ ਪ੍ਰਦੇਸ਼ ਦਾ ਭਾਗ ਬਣਾ ਦਿੱਤੇ ਗਏ ਅਤੇ ਚੰਡੀਗੜ੍ਹ ਨੂੰ ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਬਣਾ ਕੇ ਕੇਂਦਰੀ ਰਾਜ ਖੇਤਰ (”ਅਜਰਅ ‘‘ਕਗਗਜਵਰਗਖ) ਦਾ ਦਰਜਾ ਦੇ ਦਿੱਤਾ ਗਿਆ। ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਪੰਜਾਬ ਦਾ ਕੁੱਝ ਰਕਬਾ ਹਰਿਆਣੇ ਨੂੰ ਦੇ ਕੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਦੀ ਤਜਵੀਜ਼ ਵੀ ਨੇਪਰੇ ਨਾ ਚੜ੍ਹ ਸਕੀ।

ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਦਾ ਸੰਖੇਪ ਜਾਇਜ਼ਾ ਲੈਂਦੇ ਹਾਂ,

**ਪੰਜਾਬ ਰਾਜ ਭਾਸ਼ਾ ਐਕਟ :**

ਪੰਜਾਬ ਦੀ ਵਿਧਾਨ ਸਭਾ ਨੇ 19 ਦਸੰਬਰ 1967 ਨੂੰ ਸਰਬ ਸੰਮਤੀ ਨਾਲ ਪੰਜਾਬ ਰਾਜ-ਭਾਸ਼ਾ ਬਿਲ ਪਾਸ ਕਰ ਦਿੱਤਾ, ਜਿਸ ਉਪਰ ਗਵਰਨਰ ਪੰਜਾਬ ਨੇ 29 ਦਸੰਬਰ 1967 ਨੂੰ ਸਹੀ ਪਾ ਕੇ ਐਕਟ ਦਾ ਰੂਪ ਦੇ ਦਿੱਤਾ। ਇਸ ਐਕਟ ਅਨੁਸਾਰ ਪਹਿਲੀ ਜਨਵਰੀ 1968 ਤੋਂ ਪੰਜਾਬੀ ਨੂੰ ਪੰਜਾਬ ਵਿੱਚ ਜ਼ਿਲ੍ਹਾ ਪੱਧਰ ’ਤੇ ਸਾਰੇ ਦਫ਼ਤਰੀ ਕਾਰ ਵਿਹਾਰ ਦਾ ਮਾਧਿਅਮ (ਜ਼ਰੀਆ) ਬਣਾ ਦਿੱਤਾ। 9 ਫਰਵਰੀ ਨੂੰ ਇਕ ਹੋਰ ਨੋਟੀਫਿਕੇਸ਼ਨ ਰਾਹੀਂ ਇਹ ਸਪੱਸ਼ਟ ਕਰ ਦਿੱਤਾ ਗਿਆ ਕਿ 13 ਅਪ੍ਰੈਲ 1968 ਤੋਂ ਪੰਜਾਬ ਵਿੱਚ ਰਾਜ ਪੱਧਰ ’ਤੇ ਰਾਜ-ਪ੍ਰਬੰਧ ਲਈ ਪੰਜਾਬੀ (ਗੁਰਮੁਖੀ ਲਿਪੀ) ਨੂੰ ਵਰਤਿਆ ਜਾਏਗਾ। ਭਾਵੇਂ ਹੇਠਲੀ ਪੱਧਰ ਉਪਰ ਕਾਫੀ ਹੱਦ ਤਕ ਸਰਕਾਰੀ ਕੰਮ-ਕਾਰ ਪੰਜਾਬੀ ਵਿੱਚ ਹੋਣ ਲਗ ਪਿਆ ਹੈ, ਪਰ ਸਕੱਤਰਾਂ ਦੀ ਪੱਧਰ ’ਤੇ ਇਸ ਵੇਲੇ ਵੀ ਅੰਗਰੇਜ਼ੀ ਦੀ ਹੀ ਸਰਦਾਰੀ ਹੈ। ਪੰਜਾਬੀ ਦੇ ਸਰਕਾਰੀ ਜ਼ੁਬਾਨ ਮੰਨੇ ਜਾਣ ਨਾਲ ਪੰਜਾਬੀਆਂ ਦੇ ਮਨਾਂ ਅੰਦਰ ਆਪਣੀ ਮਾਂ ਬੋਲੀ ਬਾਰੇ ਹੀਣਤਾ ਭਾਵ ਕਾਫੀ ਹੱਦ ਤਕ ਖਤਮ ਹੋ ਗਿਆ ਹੈ।

2 **ਪੰਜਾਬੀ ਦੀ ਪੜ੍ਹਾਈ :**

ੳ) ਮੁੱਢਲੀ ਸਿੱਖਿਆ : ਪੰਜਾਬ ਵਿੱਚ ਤਿੰਨ ਪ੍ਰਕਾਰ ਦੇ ਸਕੂਲ ਚਲ ਰਹੇ ਹਨ। ਸਰਕਾਰੀ ਅਤੇ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਪਹਿਲੀ ਤੋਂ ਬਾਰ੍ਹਵੀਂ ਜਮਾਤ ਤਕ ਪੰਜਾਬੀ ਦੀ ਪੜ੍ਹਾਈ ਜ਼ਰੂਰੀ ਹੈ। ਅਜਿਹੇ ਸਾਰੇ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਜੁੜੇ ਹੋਏ ਹਨ ਅਤੇ ਪਾਠਕ੍ਰਮ ਅਥਵਾ ਸਿਲੇਬਸ ਵੀ ਬੋਰਡ ਵੱਲੋਂ ਨਿਸਚਿਤ ਕੀਤਾ ਜਾਂਦਾ ਹੈ। ਦਸਵੀਂ ਤਕ ਮਾਧਿਅਮ ਵੀ ਪੰਜਾਬੀ ਹੈ। ਕਿਉਂ ਜੋ ਉਚੇਰੀ ਪੜ੍ਹਾਈ ਦੇ ਦਾਖਲੇ ਲਈ ਮੁਕਾਬਲੇ ਦੇ ਇਮਤਿਹਾਨ ਅੰਗਰੇਜ਼ੀ ਵਿਚ ਹੁੰਦੇ ਹਨ। ਇਸ ਲਈ ਬਹੁਤੇ ਵਿਦਿਆਰਥੀ ਮੈਟ੍ਰਿਕ ਅਤੇ ਹਾਇਰ ਸੈਕੰਡਰੀ ਵਿੱਚ ਸਾਇੰਸ ਦੇ ਵਿਸ਼ਿਆਂ ਲਈ ਵਧੇਰੇ ਕਰ ਕੇ ਅੰਗਰੇਜ਼ੀ ਮਾਧਿਅਮ ਦੀ ਚੋਣ ਕਰਦੇ ਹਨ। ਭਾਰਤੀ ਪੱਧਰ ’ਤੇ ਸਿਲੇਬਸ ਦੀ ਇਕਸਾਰਤਾ ਕਾਇਮ ਰੱਖਣ ਲਈ ਐਨ.ਸੀ.ਈ.ਆਰ.ਟੀ. ਨਾਂ ਦੀ ਸੰਸਥਾ ਕਾਇਮ ਕੀਤੀ ਗਈ ਹੈ ਜੋ ਵੱਖ ਵੱਖ ਵਿਸ਼ਿਆਂ ਉਪਰ ਅੰਗਰੇਜ਼ੀ ਵਿੱਚ ਪੁਸਤਕਾਂ ਤਿਆਰ ਕਰਦੀ ਹੈ, ਜਿਨ੍ਹਾਂ ਵਿੱਚੋਂ ਕੁੱਝ ਦੇ ਪੰਜਾਬੀ ਅਨੁਵਾਦ ਸਿਲੇਬਸ ਦਾ ਹਿੱਸਾ ਬਣਾ ਲਏ ਜਾਂਦੇ ਹਨ। ਤੀਜੀ ਸ਼੍ਰੇਣੀ ਅਜਿਹੇ ਮਾਡਲ, ਕਨਵੈਂਟ ਜਾਂ ਪਬਲਿਕ ਸਲੂਕਾਂ ਦੀ ਹੈ, ਜਿਨ੍ਹਾਂ ਨੂੰ ਇੰਗਲਿਸ਼ ਮੀਡੀਅਮ ਸਕੂਲ ਆਖਿਆ ਜਾਂਦਾ ਹੈ। ਅਜਿਹੇ ਸਕੂਲਾਂ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਤਕ ਅੰਗਰੇਜ਼ੀ ਦੀ ਪੜ੍ਹਾਈ ਵੀ ਲਾਜ਼ਮੀ ਹੈ ਅਤੇ ਮਾਧਿਅਮ ਵੀ ਇੰਗਲਿਸ਼ ਹੈ। ਅਜਿਹੇ ਸਕੂਲ ਭਾਰਤੀ ਪੱਧਰ ’ਤੇ ਸੀ.ਬੀ.ਐਸ.ਈ.ਅਤੇ ਆਈ.ਸੀ.ਐਸ.ਈ.ਨਾਲ ਸਬੰਧਿਤ ਹਨ। ਇਨ੍ਹਾਂ ਸੂਕਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਨਾਂ-ਮਾਤਰ ਹੀ ਹੈ। ਇਨ੍ਹਾਂ ਸਕੂਲਾਂ ਵਿੱਚ ਫੀਸਾਂ ਵੀ ਬਹੁਤ ਹਨ ਤੇ ਹੋਰ ਖਰਚੇ ਵੀ ਕਾਫ਼ੀ ਹਨ। ਫਿਰ ਵੀ ਜਿਹੜੇ ਲੋਕ ਖਰਚਾ ਕਰ ਸਕਦੇ ਹਨ, ਉਹ ਸਭ ਆਪਣੇ ਬੱਚਿਆਂ ਨੂੰ ਇੰਗਲਿਸ਼ ਮਾਧਿਅਮ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਂਦੇ ਹਨ ਅਤੇ ਹਮਾਤੜ ਲੋਕ ਜਾਂ ਗਰੀਬ ਮਾਪਿਆਂ ਦੇ ਬੱਚੇ ਸਰਕਾਰੀ ਜਾਂ ਸਰਕਾਰ ਵਲੋਂ ਮਾਨਤਾ ਪ੍ਰਾਪਤ ਪਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ। ਸੁਭਾਵਕ ਹੀ ਜਿਹੜੇ ਬੱਚੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ, ਉਹ ਪੰਜਾਬੀ ਬਹੁਤ ਹੀ ਘੱਟ ਜਾਣਦੇ ਹਨ ਜਾਂ ਮਾਂ ਬੋਲੀ ਤੋਂ ਮੂਲੋਂ ਹੀ ਕੋਰੇ ਹੁੰਦੇ ਹਨ।



ਮਾਪਿਆਂ ਦੀ ਮਾਨਸਿਕਤਾ ਵੀ ਕਿਉਂਜੋ ਅੰਗਰੇਜ਼ੀ ਨਾਲ ਜੁੜੀ ਹੋਈ ਹੈ, ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਪੜ੍ਹਨ।

ਅ) **ਉਚੇਰੀ ਸਿੱਖਿਆ :** ਜਿਥੋਂ ਤਕ ਕਾਲਜਾਂ ਵਿੱਚ ਅਤੇ ਯੂਨੀਵਰਸਿਟੀ ਪੱਧਰ ’ਤੇ ਉਚੇਰੀ ਸਿੱਖਿਆ ਵਜੋਂ ਪੜ੍ਹਾਈ ਦਾ ਸਬੰਧ ਹੈ, ਪੰਜਾਬ ਦੇ ਸਾਰੇ ਕਾਲਜਾਂ ਵਿੱਚ ਹਰ ਵਿਦਿਆਰਥੀ ਲਈ ਗ੍ਰੈਜੂਏਟ ਪੱਧਰ ’ਤੇ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੈ। ਬੀ.ਏ. ਜਾਂ ਬੀ.ਐਸ.ਸੀ ਦੀ ਡਿਗਰੀ ਹਾਸਲ ਕਰਨ ਲਈ ਪੰਜਾਬੀ ਵਿੱਚੋਂ ਪਾਸ ਹੋਣਾ ਜ਼ਰੂਰੀ ਹੈ। ਗਿਣਤੀ ਦੇ ਕੁੱਝ ਵਿਦਿਆਰਥੀ ਜਿਨ੍ਹਾਂ ਨੇ ਕਿਸੇ ਵਜ੍ਹਾ ਕਰਕੇ ਬਾਰ੍ਹਵੀਂ ਤਕ ਪੰਜਾਬੀ ਨਹੀਂ ਪੜ੍ਹੀ ਉਹ ਲਾਜ਼ਮੀ ਪੰਜਾਬੀ ਦੀ ਥਾਂ ਪੰਜਾਬੀ ਸਭਿਆਚਾਰ ਦਾ ਪਰਚਾ ਅੰਗਰੇਜ਼ੀ ਮਾਧਿਅਮ ਰਾਹੀਂ ਦੇ ਸਕਦੇ ਹਨ। ਜਿਹੜੇ ਵਿਦਿਆਰਥੀ ਚਾਹੁਣ ਉਹ ਪੰਜਾਬੀ ਦੇ ਜ਼ਰੂਰੀ ਵਿਸ਼ੇ ਦੇ ਨਾਲ ਪੰਜਾਬੀ ਇਲੈਕਟਿਵ ਜਾਂ ਪੰਜਾਬੀ ਆਪਸ਼ਨਲ ਵੀ ਲੈ ਸਕਦੇ ਹਨ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗਾਂ ਵਿੱਚ ਪੋਸਟ ਗ੍ਰੈਜੂਏਟ ਪੱਧਰ ਉਪਰ ਐਮ.ਏ. ਪੰਜਾਬੀ ਦੀ ਡਿਗਰੀ ਲਈ ਬਕਾਇਦਾ ਪੜ੍ਹਾਈ ਕਰਾਈ ਜਾਂਦੀ ਹੈ। ਇਨ੍ਹਾਂ ਯੂਨੀਵਰਸਿਟੀਆਂ ਨਾਲ ਜੁੜੇ ਲਗਭਗ ਸੱਠ ਕਾਲਜਾਂ ਵਿੱਚ ਐਮ.ਏ. ਪੰਜਾਬੀ ਦੀਆਂ ਕਲਾਸਾਂ ਦੀ ਮਨਜ਼ੂਰੀ ਵੀ ਮਿਲੀ ਹੋਈ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਇਲਾਵਾ ਵਿਦਿਆਰਥੀ ਪ੍ਰਾਈਵੇਟ ਤੌਰ ’ਤੇ ਵੀ ਐਮ.ਏ. ਪੰਜਾਬੀ ਦੀ ਪ੍ਰੀਖਿਆ ਦੇ ਸਕਦੇ ਹਨ। ਇਸ ਤਰ੍ਹਾਂ ਪੰਜਾਬ ਵਿਚ ਹਰ ਸਾਲ ਐਮ.ਏ. ਪੰਜਾਬੀ ਦੀ ਡਿਗਰੀ ਹਾਸਲ ਕਰਨ ਵਾਲੇ ਉਮੀਦਵਾਰਾਂ ਦੀ ਗਿਣਤੀ ਹਜ਼ਾਰਾਂ ਤਕ ਪੁੱਜ ਜਾਂਦੀ ਹੈ। ਪੰਜਾਬ ਤੋਂ ਬਾਹਰ ਦਿੱਲੀ, ਜੰਮੂ ਅਤੇ ਕੁਰੂਕਸ਼ੇਤਰ ਦੀਆਂ ਯੂਨੀਵਰਸਿਟੀਆਂ ਦੁਆਰਾ ਵੀ ਐਮ.ਏ. ਪੰਜਾਬੀ ਦੀਆਂ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ।

ਪੰਜਾਬ, ਚੰਡੀਗੜ੍ਹ, ਦਿੱਲੀ, ਜੰਮੂ ਅਤੇ ਕੁਰੂਕਸ਼ੇਤਰ ਦੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਦੁਆਰਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵੱਖ ਵੱਖ ਪੱਖਾਂ ਸਬੰਧੀ ਖੋਜ ਕਰਨ ਉਪਰੰਤ ਐਮ.ਫਿਲ (ਪੰਜਾਬੀ) ਅਤੇ ਪੀ.ਐਚ.ਡੀ. (ਪੰਜਾਬੀ) ਦੀਆਂ ਡਿਗਰੀਆਂ ਵੀ ਦਿੱਤੀਆਂ ਜਾਂਦੀਆਂ ਹਨ। ਐਮ.ਫਿਲ ਲਈ ਲਿਖੇ ਗਏ ਖੋਜ-ਨਿਬੰਧ ਅਤੇ ਪੀ.ਐਚ.ਡੀ.ਲਈ ਪ੍ਰਵਾਨ ਹੋਏ ਸ਼ੋਧ-ਪ੍ਰਬੰਧਾਂ ਦੀ ਗਿਣਤੀ ਤਰਤੀਬਵਾਰ ਪੰਜ ਹਜ਼ਾਰ ਅਤੇ ਇਕ ਹਜ਼ਾਰ ਤੋਂ ਉਪਰ ਹੈ। ਗਿਣਤੀ ਦੇ ਪੱਖ ਤੋਂ ਭਾਵੇਂ ਯੂਨੀਵਰਸਿਟੀਆਂ ਵੱਲੋਂ ਕਰਵਾਇਆ ਗਿਆ ਖੋਜ ਕਾਰਜ ਕਾਫ਼ੀ ਉਤਸ਼ਾਹ ਵਧਾਊ ਹੈ, ਪਰ ਕੁੱਝ ਇਕ ਖੋਜ-ਨਿਬੰਧਾਂ ਅਤੇ ਥੀਸਸਾਂ ਨੂੰ ਛੱਡ ਕੇ ਬਹੁਤਿਆਂ ਦਾ ਪੱਧਰ ਤਸੱਲੀ ਬਖਸ਼ ਨਹੀਂ ਹੈ।

ੲ) **ਪੰਜਾਬੀ ਮਾਧਿਅਮ : ਇਸ** ਸਦੀ ਦੇ ਛੇਵੇਂ ਦਹਾਕੇ ਦੇ ਅਖੀਰ ਵਿੱਚ ਭਾਰਤ ਸਰਕਾਰ ਵੱਲੋਂ ਇਹ ਯੋਜਨਾ ਬਣਾਈ ਗਈ ਸੀ ਕਿ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਯੂਨੀਵਰਸਿਟੀ ਦੀ ਪੱਧਰ ਤੇ ਸਿੱਖਿਆ ਦਾ ਮਾਧਿਅਮ ਹਰ ਰਾਜ ਦੀ ਸਥਾਨਕ ਭਾਸ਼ਾ ਹੋਣੀ ਚਾਹੀਦੀ ਹੈ। ਇਸ ਸਕੀਮ ਦਾ ਮੁੱਖ ਮੰਤਵ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰੀਖਿਆ ਦੇ ਯੋਗ ਬਣਾਉਣ ਅਤੇ ਵਿਗਿਆਨਕ ਲੀਹਾਂ ਉਤੇ ਵਿਕਾਸ ਕਰ ਕੇ ਉਨ੍ਹਾਂ ਨੂੰ ਸਿੱਖਿਆ ਦਾ ਮਾਧਿਅਮ ਬਣਾਉਣਾ ਸੀ। ਇਸ ਮਕਸਦ ਲਈ ਹਰ ਪ੍ਰਾਂਤਕ ਸਰਕਾਰ ਨੂੰ ਇਕ ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਅਤੇ ਅੱਗੋਂ ਹੋਰ ਮਾਇਕ ਸਹਾਇਤਾ ਦੇਣ ਦਾ ਵਚਨ ਵੀ ਦਿੱਤਾ ਗਿਆ । ਮਾਧਿਅਮ-ਪਰਿਵਰਤਨ ਦੀ ਇਸ ਸਕੀਮ ਅਧੀਨ ਪੰਜਾਬ ਸਰਕਾਰ ਦੁਆਰਾ 1970 ਈ. ਵਿੱਚ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ-ਬੋਰਡ ਦੀ ਸਥਾਪਨਾ ਵੀ ਕੀਤੀ ਗਈ। ਇਹ ਬੋਰਡ ਹੁਣ ਤਕ ਸਾਇੰਸ, ਸਮਾਜ-ਵਿਗਿਆਨ ਅਤੇ ਭਾਸ਼ਾ ਤੇ ਸਾਹਿਤ, ਆਦਿ ਖੇਤਰਾਂ ਵਿੱਚ ਸੈਂਕੜੇ ਪੁਸਤਕਾਂ ਤਿਆਰ ਕਰਵਾ ਕੇ ਛਾਪ ਚੁੱਕਾ ਹੈ। ਵੱਖ ਵੱਖ ਵਿਸ਼ਿਆਂ ਬਾਰੇ ਪੰਜਾਬੀ ਵਿੱਚ ਤਕਨੀਕੀ ਸ਼ਬਦਾਵਲੀਆਂ ਵੀ ਤਿਆਰ ਕੀਤੀਆਂ ਹਨ। ਕਈ ਮੌਲਿਕ ਪੁਸਤਕਾਂ ਵੀ ਲਿਖਵਾਈਆਂ ਹਨ। ਪ੍ਰਸਿੱਧ ਕਲਾਸੀਕਲ ਪੁਸਤਕਾਂ ਦੇ ਪੰਜਾਬੀ ਅਨੁਵਾਦ ਵੀ ਕਰਵਾਏ ਹਨ ਤਾਂ ਜੋ ਉਨ੍ਹਾਂ ਦੀ ਵਰਤੋਂ ਹਵਾਲਾ ਪੁਸਤਕਾਂ ਵਜੋਂ ਕੀਤੀ ਜਾ ਸਕੇ। ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਦੇ ਪ੍ਰਕਾਸ਼ਨ ਉਪਰੰਤ ਸਾਇਸ਼ ਦੇ ਕੁੱਝ ਵਿਸ਼ਿਆਂ ਦੇ ਕੋਸ਼ ਵੀ ਤਿਅਰ ਕੀਤੇ ਹਨ। ਪੈਰਾਮੈਡੀਕਲ ਅਤੇ ਆਈ.ਐਸ.ਆਈ. ਦੇ ਕੋਰਸਾਂ ਲਈ ਵੀ ਕਿਤਾਬਾਂ ਤਿਆਰ ਕਰ ਕੇ ਛਾਪੀਆਂ ਹਨ। ਡਿਕਸ਼ਨਰੀਆਂ, ਹਵਾਲਾ ਪੁਸਤਕਾਂ ਅਤੇ ਪਾਠ ਪੁਸਤਕਾਂ ਤੋਂ ਇਲਾਵਾ ਅਧਿਆਪਕਾਂ, ਲੇਖਕਾਂ ਅਤੇ ਵਿਦਿਆਰਥੀਆਂ ਨੂੰ ਠੀਕ ਅਗਵਾਈ ਦੇਣ ਲਈ ਟੈਕਸਟ ਬੁੱਕ ਬੋਰਡ ਵਲੋਂ ਸਮੇਂ ਸਮੇਂ ਸੈਮੀਨਾਰਾਂ, ਰੀ-ਓਰੀਐਂਟਸ਼ਨ ਕੋਰਸਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਰਿਹਾ ਹੈ। ਬੋਰਡ ਦੁਆਰਾ ਕੀਤੇ ਗਏ ਯਤਨਾਂ ਦੇ ਬਾਵਜੂਦ ਪੰਜਾਬੀ ਵਿੱਚ ਮਾਧਿਅਮ ਪਰਿਵਰਤਨ ਦੇ ਖੇਤਰ ਵਿਚ ਕੋਈ ਵਿਸ਼ੇਸ਼ ਪ੍ਰਗਤੀ ਨਹੀਂ ਹੋਈ। ਇਹ ਸਾਰੀਆਂ ਕੋਸ਼ਿਸ਼ਾਂ ਮੁੱਢਲੇ ਯਤਨਾਂ ਤਕ ਹੀ ਸੀਮਿਤ ਹਨ। ਜਿਹੜੀਆਂ ਪਾਠ ਪੁਸਤਕਾਂ ਅਤੇ ਹਵਾਲਾ ਪੁਸਤਕਾਂ ਛਾਪੀਆਂ ਗਈਆਂ ਹਨ, ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਨੂੰ ਛੱਡ ਕੇ ਬਾਕੀਆਂ ਦੀ ਵਿਕਰੀ ਬਹੁਤ ਘੱਟ ਹੈ। ਲੱਖਾਂ ਰੁਪਏ ਦੇ ਮੁੱਲ ਦੀਆਂ ਪੁਸਤਕਾਂ ਸਟਾਕ ਵਿੱਚ ਪਈਆਂ ਹਨ। ਇਕ ਸਰਵੇਖਣ ਅਨੁਸਾਰ ਡਿਗਰੀ ਪੱਧਰ ਉਪਰ ਸਮਾਜ ਵਿਗਿਆਨ ਦੇ ਵਿਸ਼ਿਆਂ ਵਿੱਚ 80 ਤੋਂ 85 ਪ੍ਰਤੀਸ਼ਤ ਪ੍ਰੀਖਿਆਰਥੀਆਂ ਨੇ ਇਮਤਿਹਾਨ ਦੇ ਮਾਧਿਅਮ ਲਈ ਪੰਜਾਬੀ ਜਾਂ ਹਿੰਦੀ ਦੀ ਵਰਤੋਂ ਕੀਤੀ। ਇਨ੍ਹਾਂ ਵਿੱਚੋਂ ਪੰਜਾਬੀ ਮਾਧਿਅਮ ਦੀ ਵਰਤੋਂ ਕਰਨ ਵਾਲੇ 60 ਤੋਂ 70 ਪ੍ਰਤੀਸ਼ਤ ਸਨ। ਅੰਗਰੇਜ਼ੀ ਵਿੱਚ ਉਤਰ ਲਿਖਣ ਵਾਲਿਆਂ ਦੀ ਗਿਣਤੀ ਕੇਵਲ 10 ਤੋਂ 15 ਪ੍ਰਤੀਸ਼ਤ ਸੀ। ਪਰ ਸਾਇੰਸ ਦੇ ਵਿਸ਼ਿਆਂ ਵਿੱਚ 100 ਫੀਸਦੀ ਅੰਗਰੇਜ਼ੀ ਦੀ ਵਰਤੋਂ ਹੋਈ। ਪੰਜਾਬੀ ਮਾਧਿਅਮ ਸਬੰਧੀ ਇਹ ਕੋਈ ਉਤਸ਼ਾਹਜਨਕ ਸਥਿਤੀ ਨਹੀਂ ਹੈ, ਪੰਜਾਬ ਵਿੱਚ ਮਾਧਿਅਮ ਪਰਿਵਰਤਨ ਦੀ ਯੋਜਨਾ ਨੂੰ ਪੂਰੀ ਤਰ੍ਹਾਂ ਤਾਂ ਹੀ ਅਮਲ ਵਿੱਚ ਲਿਆਂਦਾ ਜਾ ਸਕੇਗਾ ਜੇ ਹਰ ਪੰਜਾਬੀ ਆਪਣੀ ਮਾਤ-ਭਾਸ਼ਾ ਉਪਰ ਫ਼ਖ਼ਰ ਮਹਿਸੂਸ ਕਰੇ।

3 **ਪੰਜਾਬੀ ਭਾਸ਼ਾ ਦਾ ਵਿਕਾਸ : ਕੁੱਝ ਪੱਖ**

**ਸੰਸਥਾਵਾਂ ਤੇ ਅਦਾਰੇ :** ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ, ਪੰਜਾਬੀ ਸੰਸਥਾਵਾਂ ਅਤੇ ਸਾਹਿਤ ਸਭਾਵਾਂ ਨੇ ਇਸ ਦੇ ਬਹੁਪੱਖੀ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਵੀ ਪੰਜਾਬੀ ਜ਼ੁਬਾਨ, ਪੰਜਾਬੀ ਸਾਹਿਤ ਅਤੇ ਪੰਜਾਬੀ ਲੋਕਯਾਨ ਤੇ ਸਭਿਆਚਾਰ ਦੇ ਅਧਿਐਨ, ਅਧਿਆਪਨ ਤੇ ਖੋਜ ਲਈ ਵੱਡਮੁੱਲਾ ਯੋਗਦਾਨ ਪਾਇਆ ਹੈ।। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਅਧਿਐਨ ਸਕੂਲ ਵਿਚ ਸ਼ਾਮਲ ਬਾਬਾ ਫਰੀਦ ਚੇਅਰ, ਭਾਈ ਵੀਰ ਸਿੰਘ ਚੇਅਰ, ਗੁਰੂ ਨਾਨਕ ਚੇਅਰ ਅਤੇ ਸੰਤ ਰਵੀਦਾਸ ਚੇਅਰ ਵੀ ਸਥਾਪਤ ਕੀਤੀਆਂ ਗਈਆਂ ਹਨ।

ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਪ੍ਰਾਈਵੇਟ ਅਕਾਦਮੀਆਂ ਅਤੇ ਸਾਹਿਤ ਸਭਾਵਾਂ ਦਾ ਵੀ ਅਹਿਮ ਰੋਲ ਹੈ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਵੀ ਪੰਜਾਬੀ ਮਾਤ ਭਾਸ਼ਾ ਨੂੰ ਪੰਜਾਬ ਵਿਚ ਯੋਗ ਸਥਾਨ ਦਿੱਤੇ ਜਾਣ ਲਈ ਬਹੁਤ ਸੰਘਰਸ਼ ਕੀਤਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਇਹ ਜਦੋ-ਜਹਿਦ ਅੱਜ ਵੀ ਜਾਰੀ ਹੈ। ਆਪਣੇ ਉਦੇਸ਼ ਨੂੰ ਹਾਸਲ ਕਰਨ ਲਈ ਸਭਾ ਸਰਕਾਰ ਦੇ ਵਿਰੁੱਧ ਧਰਨੇ ਵੀ ਦੇਂਦੀ ਹੈ। ਇਸ ਦੇ ਅਹੁਦੇਦਾਰ ਤੇ ਮੈਂਬਰ ਰੋਸ ਮੁਜ਼ਾਹਰੇ ਵੀ ਕਰਦੇ ਹਨ ਅਤੇ ਲੋੜ ਪੈਣ ’ਤੇ ਜੇਲ ਜਾਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਪਜੰਾਬ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਦੀਆਂ ਸੈਂਕੜੇ ਪੰਜਾਬੀ ਸਭਾਵਾਂ ਜੁੜੀਆਂ ਹੋਈਆਂ ਹਨ। ਆਪਣੀ ਹੋਂਦ ਦੀ ਅੱਧੀ ਸਦੀ ਦੇ ਇਤਿਹਾਸ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਨਵੇਂ ਪੰਜਾਬੀ ਲੇਖਕਾਂ ਨੂੰ ਉਤਸ਼ਾਹ ਦੇਣ, ਪੁਸਤਕਾਂ ਸਬੰਧੀ ਗੋਸ਼ਟੀਆ ਦਾ ਪ੍ਰਬੰਧ ਕਰਨ, ਕਾਨਫ਼ਰੰਸਾਂ ਅਤੇ ਸੈਮੀਨਾਰਾਂ ਰਾਹੀਂ ਪੰਜਾਬੀ ਵਾਤਾਵਰਣ ਉਸਾਰ ਕੇ ਆਪਣੀ ਮਾਤ ਭਾਸ਼ਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਰਗਰਮੀਆਂ ਅੱਜ ਵੀ ਜਾਰੀ ਰੱਖੀਆਂ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵੀ ਇਨ੍ਹਾਂ ਲੀਹਾਂ ਉਪਰ ਹੀ ਚਲ ਰਹੀ ਹੈ। ਇਸ ਦੀਆਂ ਪ੍ਰਾਪਤੀਆਂ ਵੀ ਸ਼ਲਾਘਾ ਯੋਗ ਹਨ। ਪੰਜਾਬੀ ਸੱਥ ਲਾਂਬੜਾ, ਜਲੰਧਰ ਨੇ ਵੀ ਆਪਣੇ ਵਾਰਸ਼ਿਕ ਸਮਾਗਮਾਂ ਸਮੇਂ ਭਾਰਤ, ਪਾਕਿਸਤਾਨ ਤੇ ਪਰਵਾਸੀ ਪੰਜਾਬੀ ਲੇਖਕਾਂ ਦਾ ਸਨਮਾਨ ਕਰਕੇ, ਵੱਖ ਵੱਖ ਵਿਸ਼ਿਆਂ ਉਪਰ ਪੁਸਤਕਾਂ ਛਾਪ ਕੇ ਅਤੇ ਪੰਜਾਬ ਦੇ ਨਾਲ ਬਦੇਸ਼ਾਂ ਵਿੱਚ ਵੀ ਪੰਜਾਬੀ ਸੱਥਾਂ ਦੀ ਸਥਾਪਨਾ ਕਰ ਕੇ ਵੱਖਰੀ ਪਛਾਣ ਬਣਾ ਲਈ ਹੈ। ਕਈ ਹੋਰ ਸੰਸਥਾਵਾਂ ਵੀ ਪੰਜਾਬੀ ਦੀ ਤਰੱਕੀ ਲਈ ਕੰਮ ਕਰ ਰਹੀਆਂ ਹਨ।

ਅ) ਪੰਜਾਬੀ ਪੱਤਰਕਾਰੀ, ਰੇਡੀਉ ਅਤੇ ਟੈਲੀਵਿਜ਼ਨ : ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਰੋਜ਼ਾਨਾ ਅਖਬਾਰਾਂ, ਰਸਾਲਿਆਂ ਅਤੇ ਕਿਤਾਬ ਲੜੀਆਂ ਨੇ ਬਹੁਤ ਹਿੱਸਾ ਪਾਇਆ ਹੈ। ਪੰਜਾਹ ਦੇ ਲਗਭਗ ਰੋਜ਼ਾਨਾ ਅਖ਼ਬਾਰ ਲੱਖਾਂ ਪਾਠਕਾਂ ਤਕ ਪੁੱਜਦੇ ਹਨ। ‘ਰੋਜ਼ਾਨਾ ਅਜੀਤ’ ਹੋਰ ਰੋਜ਼ ਚਾਰ ਲੱਖ ਛਪਦਾ ਹੈ। ‘ਪੰਜਾਬੀ ਟ੍ਰਿਬਿਊਨ’ ਅਤੇ ‘ਨਵਾਂ ਜ਼ਮਾਨਾ’ ਨੇ ਪੰਜਾਬੀ ਲੇਖਕਾਂ ਦੇ ਮਨਾਂ ਅੰਦਰ ਵਿਸ਼ੇਸ਼ ਥਾ ਬਣਾ ਲਈ ਹੈ। ‘ਜੱਗ ਬਾਣੀ’ ਅਤੇ ‘ਦੇਸ਼ ਸੇਵਕ’ ਦੇ ਪਾਠਕਾਂ ਦਾ ਘੇਰਾ ਵੀ ਕਾਫ਼ੀ ਵਿਸ਼ਾਲ ਹੈ। ਹਫ਼ਤਾਵਰੀ, ਅੱਧ ਮਾਸਿਕ, ਮਾਸਿਕ, ਤ੍ਰੈ ਮਾਸਿਕ ਅਤੇ ਛਿਮਾਹੀ ਰਸਾਲਿਆਂ ਦੀ ਗਿਣਤੀ ਦੋ ਸੌ ਤੋਂ ਉਪਰ ਹੈ ਜੋ ਬਾਕਾਇਦਾ ਛਪ ਰਹੇ ਹਨ। ਇਨ੍ਹਾਂ ਪੱਤਰਾਂ ਨੇ ਪੰਜਾਬੀ ਸਾਹਿਤ ਨੂੰ ਹਰਮਨ ਪਿਆਰਾ ਬਣਾਉਣ ਅਤੇ ਵਿਸ਼ੇਸ਼ ਕਰ ਕੇ ਪੰਜਾਬੀ ਵਾਰਤਕ ਨੂੰ ਸੰਵਾਰਨ ਤੇ ਸ਼ਿੰਗਾਰਨ ਵਿੱਚ ਬਹੁਤ ਹਿੱਸਾ ਪਾਇਆ ਹੈ। ਰੇਡਿਉ ਅਤੇ ਟੀ.ਵੀ. ਚੈਨਲਾਂ ਦੇ ਪੰਜਾਬੀ ਪ੍ਰੋਗਰਾਮ ਸਰੋਤਿਆਂ ਤੇ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤੇ ਜਾਂਦੇ ਹਨ। ਕੰਪਿਊਟਰ ਉਪਰ ਵੀ ਪੰਜਾਬੀ ਦੀ ਵਰਤੋਂ ਵਧ ਰਹੀ ਹੈ।

ਪੰਜਾਬ ਤੋਂ ਬਾਹਰ ਵੀ ਪੰਜਾਬੀ ਅਕਾਦਮੀ ਦਿੱਲੀ, ਪੰਜਾਬੀ ਸਾਹਿਤ ਅਕਾਦਮੀ ਹਰਿਆਣਾ ਅਤੇ ਕਈ ਹੋਰ ਸੰਸਥਾਵਾਂ ਜਾਂ ਸਭਾਵਾਂ ਪੰਜਾਬੀ ਦੇ ਵਾਧੇ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ। ਦਿੱਲੀ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਨੇ ਆਪਣੇ ਆਪਣੇ ਰਾਜ ਵਿੱਚ ਪੰਜਾਬੀ ਵਸੋਂ ਨੂੰ ਧਿਆਨ ਵਿੱਚ ਰਖਦਿਆਂ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦਾ ਐਲਾਨ ਤਾਂ ਕੀਤਾ ਹੋਇਆ ਹੈ ਪਰ ਆਪਣੇ ਫੈਸਲੇ ਨੂੰ ਅਮਲੀ ਰੂਪ ਨਹੀਂ ਦਿੱਤਾ। ਪੰਜਾਬੀ ਸਾਹਿਤ ਦੇ ਵਖਰੇ ਵਖਰੇ ਰੂਪਾਂ ਵਿੱਚ ਪੁਸਤਕਾਂ ਤਾਂ ਬਹੁਤ ਛਪਦੀਆਂ ਹਨ ਪਰ ਲੇਖਕਾਂ ਨੂੰ ਗਿਲਾ ਹੈ ਕਿ ਪੰਜਾਬੀ ਵਿਚ ਪਾਠਕਾਂ ਦੀ ਬਹੁਤ ਘਾਟ ਹੈ। ਫਿਲਹਾਲ ਪੰਜਾਬੀ ਇਕ ਪਛੜੀ ਹੋਈ ਜ਼ਬਾਨ ਹੈ ਅਤੇ ਉਨਤ ਭਾਸ਼ਾਵਾਂ ਦੀ ਪੱਧਰ ’ਤੇ ਪੁੱਜਣ ਲਈ ਬਹੁਤ ਕੁੱਝ ਕਰਨ ਦੀ ਲੋੜ ਹੈ। □

**Best Truck Wash**
*Your Mobile Wash Professionals Edmonton & Area*
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck **anywhere in** Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

ਸੰਵਾਦ

# ਹਾਈ ਸਕੂਲ ਦੀ ਪੜ੍ਹਾਈ ਦੌਰਾਨ ਬੱਚੇ ਦਾ ਸੰਸਾਰ ਤੇ ਮਾਤਾ -ਪਿਤਾ ਦੀ ਭੂਮਿਕਾ



ਕੌਲੀਨ ਮਕਲੌ ਕਲਿੰਕ

ਦਸੰਬਰ ਬੜਾ ਵਧੀਆ ਬੀਤਣ ਕਰ ਕੇ ਮੇਰਾ ਮਨ ਆਉਣ ਵਾਲੀਆਂ ਛੁੱਟੀਆਂ ਦੇ ਮੌਸਮ ਉਪਰ ਨਾ ਕੇਵਲ ਕੇਂਦਰਿਤ ਹੀ ਹੋਇਆ ਸਗੋਂ ਯਾਦ ਆਇਆ ਕਿ 5 ਜਨਵਰੀ ਨੂੰ ਮੇਰੀ ਧੀ ਦਾ ਜਨਮ ਦਿਨ ਵੀ ਹੈ। ਉਹ 14 ਵਰ੍ਹਿਆਂ ਦੀ ਹੋ ਜਾਵੇਗੀ ਅਤੇ ਮੈਨੂੰ ਹੈਰਾਨੀ ਹੋਈ ਕਿ ਸਮਾਂ ਇੰਨੀ ਛੇਤੀ ਬੀਤ ਗਿਆ। ਅਜੇ ਕਲ ਦੀ ਗੱਲ ਹੈ ਮੈਂ ਉਸ ਨੂੰ ਆਪਣੀਆਂ ਬਾਹਾਂ ਵਿਚ ਲਈ ਫਿਰਦੀ ਸੀ-ਇਕ ਨਵਜਾਤ ਬੱਚੀ ਨੂੰ ਜਿਹੜੀ ਪੂਰੀ ਤਰ੍ਹਾਂ ਮੇਰੇ ਉਪਰ ਨਿਰਭਰ ਸੀ, ਇਸ ਦੁਨੀਆ ਵਿਚ ਆਪਣੀ ਅਗਵਾਈ ਤੇ ਹਿਫ਼ਾਜ਼ਤ ਲਈ। 14 ਵਰ੍ਹੇ ਬੀਤ ਗਏ, ਹਾਈ ਸਕੂਲ ਦੀ ਪੜ੍ਹਾਈ ਸ਼ੁਰੂ ਹੋਣੀ ਹੈ, ਅੱਗੇ ਬਹੁਤ ਸਾਰੇ ਸਵਾਲ ਹਨ, ਆਜ਼ਾਦੀ, ਜ਼ੁੰਮੇਵਾਰੀਆਂ, ਆਪਣੇ ਆਦਰਸ਼, ਖੁਦ ਪੜ੍ਹਨ ਦੀ ਘਾਟ ਆਦਿ। ਮੈਨੂੰ ਸਮਝ ਨਹੀਂ ਆਉਂਦੀ ਕਿ ਉਸ ਨੂੰ ਆਪਣੇ ਨਾਲ ਘੁੱਟੀ ਰੱਖਾਂ ਜਾਂ ਫਿਰ ਕੁੱਝ ਗਲਤੀਆਂ/ਚੋਣ ਦੀ ਖੁਲ੍ਹ ਦੇ ਦੇਵਾਂ ਤਾਂ ਕਿ ਉਹ ਜ਼ਿੰਦਗੀ ਦੇ ਸਭ ਤੋਂ ਮੁੱਲਵਾਨ ਸਬਕ ਸਿੱਖ ਸਕੇ।

ਮੈਨੂੰ ਕੁੱਝ ਹਫ਼ਤੇ ਪਹਿਲਾਂ ਕਈ ਸੁਚੇਤ ਮਾਪਿਆਂ ਨਾਲ ਗੱਲਬਾਤ ਕਰਕੇ ਬਹੁਤ ਪ੍ਰਸੰਨਤਾ ਹੋਈ ਅਤੇ ਸਾਡੀ ਗੱਲਬਾਤ ਸਕੂਲ ਤੋਂ ਮਾਪਿਆਂ ਦੀ ਭੂਮਿਕਾ ਵੱਲ ਤਬਦੀਲ ਹੋ ਗਈ ਅਤੇ ਜਦੋਂ ਹੀ ਅਗਲੇ ਦਿਨ ਮੈਂ ਸਕੂਲੋਂ ਗਈ ਮੈਂ ਆਪਣੀਆਂ ਤੇ ਆਪਣੇ ਬੱਚਿਆਂ ਦੀਆਂ ਜ਼ਿੰਦਗੀਆਂ ਨੂੰ ਘੜਨ ਵਿਚ ਮਾਪਿਆਂ ਦੀ ਉਸ ਭੂਮਿਕਾ ਬਾਰੇ ਗਹਿਰੇ ਵਿਚਾਰਾਂ ਵਿਚ ਡੁੱਬੀ ਹੋਈ ਸੀ ਜਿਹੜੀ ਉਹ ਹਾਈ ਸਕੂਲ ਵਿਚ ਆਪਣੇ ਬੱਚਿਆਂ ਨੂੰ ਦਿਸ਼ਾ ਦੇਣ ਵਿਚ ਨਿਭਾ ਸਕਦੇ ਹਨ-ਇਹੀ ਮੇਰੇ ਇਸ ਮਹੀਨੇ ਦੇ ਲੇਖ ਦਾ ਵਿਸ਼ਾ ਹੈ। ਮੈਂ ਜਾਣਦੀ ਹਾਂ ਕਿ ਉਨ੍ਹਾਂ ਦੇ ਬੱਚੇ ਇਸੇ ਰਾਹ 'ਤੇ ਹਨ ਕਿਉਂਕਿ ਉਨ੍ਹਾਂ ਦਾ ਪਰਿਵਾਰ ਨਾ ਕੇਵਲ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਸ਼ਾਮਲ ਰਿਹਾ ਹੈ ਸਗੋਂ ਉਨ੍ਹਾਂ ਨੇ ਪਰਸਪਰ ਭਰੋਸੇ ਦੀ ਭਾਵਨਾ ਵੀ ਪੈਦਾ ਕੀਤੀ।

ਅਸੀਂ ਆਪਣੇ ਬੱਚਿਆਂ ਦੀਆਂ ਜ਼ਿੰਦਗੀਆਂ ਵਿਚ ਕਿਵੇਂ ਸ਼ਾਮਲ ਹੋ ਸਕਦੇ ਹਾਂ? ਮੇਰਾ ਪੂਰਾ ਯਕੀਨ ਹੈ ਕਿ ਸਾਡੇ ਬੱਚਿਆਂ ਨੂੰ ਸਾਡੀ ਹੁਣ ਵੀ ਉਤਨੀ ਹੀ ਲੋੜ ਹੈ ਜਿੰਨੀ ਉਨ੍ਹਾਂ ਨੂੰ ਉਦੋਂ ਸੀ ਜਦੋਂ ਉਹ ਐਲੀਮੈਂਟਰੀ ਸਕੂਲ ਵਿਚ ਪੜ੍ਹਦੇ ਸਨ। ਕੀ ਤੁਹਾਨੂੰ ਉਨ੍ਹਾਂ ਦਾ ਐਲੀਮੈਂਟਰੀ ਸਕੂਲ ਜਾਣਾ ਤੇ ਅਧਿਆਪਕਾਂ ਨੂੰ ਮਿਲਣਾ ਯਾਦ ਹੈ? ਕੰਧਾਂ 'ਤੇ ਦੇਖਣਾ ਤੇ ਆਪਣੇ ਬੱਚੇ ਦੀ ਕਲਾਕ੍ਰਿਤ ਨੂੰ ਲੱਭਣਾ? ਕੀ ਤੁਹਾਨੂੰ ਉਨ੍ਹਾਂ ਤੋਂ ਉਨ੍ਹਾਂ ਦੇ ਦੋਸਤਾਂ ਦੀਆਂ ਕਹਾਣੀਆਂ ਸੁਣਨਾ ਅਤੇ ਉਨ੍ਹਾਂ ਤੋਂ ਇਹ ਸੁਣਨਾ ਕਿ ਕੌਣ ਬੁਰਾ, ਕੌਣ ਚੰਗਾ ਜਾਂ ਹਰਮਨ ਪਿਆਰਾ ਹੈ, ਯਾਦ ਆਉਂਦਾ ਹੈ? ਕਿਸ ਨੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ? ਕੀ ਤੁਸੀਂ ਉਨ੍ਹਾਂ ਨੂੰ ਖੇਡ ਮੈਦਾਨ ਵਿਚ ਖੇਡਦਿਆਂ ਤੱਕਿਆ? ਹੁਣ ਆਪਣੇ ਆਪ ਨੂੰ ਪੁੱਛੋ ਤੁਸੀਂ ਹੁਣ ਉਨ੍ਹਾਂ ਦੇ ਸੰਸਾਰ ਬਾਰੇ ਕੀ ਜਾਣਦੇ ਹੋ? ਤੁਸੀਂ ਕਦੋਂ ਤੋਂ ਉਨ੍ਹਾਂ ਦਾ ਸਕੂਲ ਦਾ ਕੰਮ ਦੇਖਣਾ ਛੱਡਿਆ ਅਤੇ ਆਪਣੇ ਆਪ ਨੂੰ ਪੁਛਿਆ ਕਿ ਕਿਉਂ? ਮੇਰਾ ਅਟੁੱਟ ਵਿਸ਼ਵਾਸ ਹੈ ਕਿ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲਣਾ ਜਾਰੀ ਰੱਖਣਾ ਸਾਡੀ ਮੁਢਲੀ ਜ਼ਿੰਮੇਵਾਰੀ ਹੈ, ਘਰ ਦਿੱਤਾ ਗਿਆ ਕੰਮ ਦੇਖਣ ਲਈ ਸਕੂਲ ਆਉਣਾ ਅਤੇ ਪ੍ਰਸ਼ਨ ਪੁੱਛਣਾ ਵੀ ਜ਼ਰੂਰੀ ਹੈ। ਸਾਨੂੰ ਇਹ ਕਰਨਾ ਹੀ ਚਾਹੀਦਾ ਹੈ। ਸਾਨੂੰ ਉਨ੍ਹਾਂ ਦੇ ਸੰਸਾਰ ਵਿਚ ਜ਼ਰੂਰ ਰੁੱਝੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦਾ ਸੰਸਾਰ ਨਵੀਂ ਤਕਨਾਲੋਜੀ, ਚੁਣੌਤੀਆਂ ਤੇ ਲਾਲਸਾਵਾਂ ਨਾਲ ਘਿਰਿਆ ਹੋਇਆ ਹੈ ਅਤੇ ਇਹ ਸੋਚਣਾ ਅਕਸਰ ਲਤ ਸਾਬਤ ਹੁੰਦਾ ਹੈ ਕਿ ਪ੍ਰੰਪਰਾਵਾਂ ਤੇ ਕਦਰਾਂ-ਕੀਮਤਾਂ ਉਹੀ ਹਨ ਜੋ ਉਹ ਮਹਿਸੂਸ ਕਰਦੇ ਹਨ। ਸਾਨੂੰ ਇਹ ਜਾਨਣ ਦੀ ਜ਼ਰੂਰਤ ਹੈ ਕਿ ਸਕੂਲ ਵਿਚ ਉਹ ਕਿਹੜੀਆਂ ਕਲਾਸਾਂ ਲਗਾਉਂਦੇ ਹਨ। ਉਨ੍ਹਾਂ ਦੇ ਦੋਸਤ ਕੌਣ ਹਨ ਅਤੇ ਕਿੱਥੇ ਕਿੱਥੇ ਉਹ ਜਾਂਦੇ ਹਨ? ਸਾਨੂੰ ਉਨ੍ਹਾਂ ਦੇ ਸਕੂਲ ਪ੍ਰਬੰਧ ਨੂੰ ਜਾਨਣ ਅਤੇ ਸਮਝਣ ਦੀ ਲੋੜ ਹੈ ਕਿਉਂਕਿ ਇਹ ਉਨ੍ਹਾਂ ਦੇ ਪਿਛਲੇ ਸਕੂਲ-ਪ੍ਰਬੰਧ ਨਾਲੋਂ ਬਿਲਕੁਲ ਵੱਖਰਾ ਹੈ। ਸਾਨੂੰ ਉਨ੍ਹਾਂ ਦੀਆਂ ਪ੍ਰੀਖਿਆਵਾਂ ਦਾ ਕਾਰਜਕ੍ਰਮ ਜਾਣਨਾ ਚਾਹੀਦਾ ਹੈ ਅਤੇ ਇਹ ਵੀ ਜਾਣਨਾ ਚਾਹੀਦਾ ਹੈ ਕਿ ਕੀ ਉਹ ਪ੍ਰੀਖਿਆ ਲਈ ਤਿਆਰ ਹੋ ਰਹੇ ਹਨ? ਇਸ ਕਲਾਸ 'ਚ ਕਰਨ ਵਾਲਾ ਕਿਹੜਾ ਕੰਮ ਬਾਕੀ ਹੈ ਤੇ ਇਹ ਕਦੋਂ ਤਕ ਮੁਕੰਮਲ ਕਰਨਾ ਹੈ? ਕੀ ਮੈਂ ਆਪਣੇ ਬੱਚੇ ਨੂੰ ਇਵੇਂ ਕਰਦਿਆਂ ਦੇਖਦੀ ਹਾਂ? ਅਸੀਂ ਆਮ ਕਰ ਕੇ ਅਜਿਹਾ ਸਵਾਲ ਨਹੀਂ ਕਰ ਸਕਦੇ ਅਤੇ ਚੰਗੇ ਦੀ ਉਮੀਦ ਰੱਖਦੇ ਹਾਂ-ਸਾਨੂੰ ਜ਼ਰੂਰ ਉਨ੍ਹਾਂ ਦੇ ਸੰਸਾਰ ਵਿਚ ਸਰਗਰਮ ਹੋਣਾ ਚਾਹੀਦਾ ਹੈ। ਅਸੀਂ ਸਾਰੇ ਚਾਹੁੰਦੇ ਹਾਂ ਕਿ ਉਹ ਸਾਡੇ ਨਾਲੋਂ ਵੀ ਵੱਡੇ ਬਣਨ ਪ੍ਰੰਤੂ ਅਸੀਂ ਇਹ ਆਸ ਨਹੀਂ ਕਰ ਸਕਦੇ ਕਿ ਉਹ ਸਾਡੀ ਸਹਾਇਤਾ ਤੋਂ ਬ ੈਰ ਇਹ ਪ੍ਰਾਪਤੀ ਕਰ ਲੈਣਗੇ।

ਮੈਂ ਜਾਣਦੀ ਹਾਂ ਕਿ ਮੈਂ ਆਪਣੀ ਧੀ ਦੀ ਜ਼ਿੰਦਗੀ ਵਿਚ ਸਰਗਰਮੀ ਨਾਲ ਰੁੱਝੀ ਹੋਈ ਮਾਂ ਹਾਂ। ਮੈਂ ਜਾਣਦੀ ਹਾਂ ਕਿ ਉਹ ਕਿਹੜੇ ਪਾਠ ਪੜ੍ਹਦੀ ਹੈ ਕਿਉਂਕਿ ਹਰ ਵੇਲੇ ਮੈਂ ਉਸ ਦੇ ਫ਼ੋਨ ਦਾ ਖਿਆਲ ਰੱਖਦੀ ਹਾਂ। ਮੈਂ ਮਹਿਸੂਸ ਕਰਦੀ ਹਾਂ ਕਿ ਮੈਨੂੰ ਇਹ ਹੱਕ ਹੈ ਕਿਉਂਕਿ ਮੈਂ ਬਿੱਲ ਦੀ ਅਦਾਇਗੀ ਕਰਦੀ ਹਾਂ ਤੇ ਮੈਂ ਚਾਹੁੰਦੀ ਹਾਂ ਕਿ ਉਸ ਦੀ ਚੋਣ ਪੂਰੀ ਤਰ੍ਹਾਂ ਪ੍ਰਤੱਖ ਹੋਵੇ। ਮੈਂ ਫੇਸ-ਬੁਕ ਦੇਖਦੀ ਹਾਂ ਅਤੇ ਫਿਰ ਇਹ ਨਿਰੀਖਣ ਕਰਦੀ ਹਾਂ ਕਿ ਉਹ ਆਪਣੇ ਆਪ ਨਾਲ ਉਹੋ ਜਿਹਾ ਵਿਹਾਰ ਕਰਦੀ ਹੈ, ਜਿਵੇਂ ਮੈਂ ਮਹਿਸੂਸ ਕਰਦੀ ਹਾਂ ਕਿ ਇਕ ਜਵਾਨ ਹੋ ਰਹੇ ਬੱਚੇ ਨੂੰ ਕਰਨਾ ਚਾਹੀਦਾ ਹੈ। ਮੈਂ ਸਕੂਲ-ਜ਼ੋਨ ਚੈਕ ਕਰਦੀ ਹਾਂ ਅਤੇ ਉਸ ਦੇ ਅਧਿਆਪਕਾਂ ਦੀ ਈ-ਮੇਲ, ਇਹ ਦੇਖਣ ਲਈ ਕਿ ਉਸ ਨਾਲ ਕੀ ਵਾਪਰ ਰਿਹਾ ਹੈ। ਪ੍ਰੰਤੂ ਅਕਸਰ ਅਸੀਂ ਗੱਲਾਂ ਹੀ ਕਰਦੀਆਂ ਹਾਂ, ਅਸੀਂ ਬਹੁਤ ਸਾਰੀਆਂ ਗੱਲਾਂ ਕਰਦੀਆਂ ਹਾਂ। ਸਖ਼ਤ ਮਿਹਨਤ ਕਰਨਾ ਤੇ ਭਰੋਸਾ ਜਿੱਤਣਾ ਉਹ ਗੱਲ ਹੈ ਜਿਹੜੀ ਉਹ ਮੈਨੂੰ ਦੱਸ ਸਕਦੀ ਹੈ ਅਤੇ ਮੇਰਾ ਭਰੋਸਾ ਜਿੱਤਣ ਲਈ ਉਹ ਸਖ਼ਤ ਮਿਹਨਤ ਕਰਦੀ ਹੈ। ਮੈਂ ਖਹਿਬੜਦੀ ਨਹੀਂ ਪਰ ਮੈਂ ਠੀਕ ਸਵਾਲ ਪੁੱਛਦੀ ਹਾਂ ਅਤੇ ਉਹ ਇਹ ਜਾਣਦੀ ਹੈ ਕਿ ਮੈਂ ਉਸ ਦੀ ਸਹਾਇਤਾ ਲਈ ਹਾਂ। ਉਹ ਕਦੇ ਮਹਿਸੂਸ ਨਹੀਂ ਕਰਦੀ ਕਿ ਮੈਂ ਕੋਈ ਘੁਸਪੈਠ ਕਰਦੀ ਹਾਂ ਪ੍ਰੰਤੂ ਮੈਂ ਖ਼ੁਦ ਉਹ ਸਾਰੇ ਮੁੱਦੇ ਖੋਹ ਲੈਂਦੀ ਹਾਂ ਜਿਨ੍ਹਾਂ ਦਾ ਉਹ ਸਾਹਮਣਾ ਕਰ ਰਹੀ ਹੁੰਦੀ ਹੈ-ਨਸ਼ੀਲੀਆਂ ਦਵਾਈਆਂ, ਸਿਗਰੇਟ ਸੇਵਨ, ਕਿਸੇ ਸਾਥੀ ਦਾ ਦਬਾਅ, ਫ਼ਰੇਬ-ਤਜਰਬੇ ਲਈ ਇਹ ਸਭ ਕੁੱਝ ਹੈ। ਮੈਂ ਅਵੇਸਲੀ ਨਹੀਂ ਰਹਿ ਸਕਦੀ ਅਤੇ ਚੰਗੀ ਚੋਣ ਦੀ ਆਸ ਕਰਦੀ ਹਾਂ ਪ੍ਰੰਤੂ ਮੈਂ ਉਸ ਨੂੰ ਜ਼ਰੂਰ ਪੜ੍ਹਾਉਣਾ ਹੈ ਅਤੇ ਮੈਨੂੰ ਜ਼ਰੂਰ ਉਨ੍ਹਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਉਸ ਨੂੰ ਦੇਸ਼ ਦਾ ਸ਼ਾਨਦਾਰ ਤੇ ਉਪਯੋਗੀ ਨਾਗਰਿਕ ਬਣਾਉਣਾ ਮੇਰਾ ਫ਼ਰਜ਼ ਹੀ ਨਹੀਂ ਸਗੋਂ ਉਸ ਪ੍ਰਤੀ ਮੇਰੀ ਜ਼ੁੰਮੇਵਾਰੀ ਵੀ ਹੈ।

ਦੱਸੋ ਤਾਂ ਫਿਰ ਆਪਣੇ ਬੱਚਿਆਂ ਲਈ ਤੁਹਾਡਾ ਨਵੇਂ ਵਰ੍ਹੇ 2011 ਦਾ ਪ੍ਰਸਤਾਵ ਕੀ ਹੋਵੇਗਾ? ਸਭਨਾ ਨੂੰ ਕ੍ਰਿਸਮਿਸ ਦੀਆਂ ਮੁਬਾਰਕਾਂ! □

# ਓਪਟੀਮਮ ਗਰੁੱਪ ਵੱਲੋਂ 'ਓਪਟੀਮਮ ਕਮਿਸ਼ਨਰੀਜ਼' ਅਤੇ 'ਏਸ਼ੀਅਨ ਟ੍ਰਿਬਿਊਨ' ਅਖਬਾਰ ਜਾਰੀ



ਐਡਮਿੰਟਨ (ਨ.ਦ.ਬ) ਐਡਮਿੰਟਨ ਦੇ ਓਪਟੀਮਮ ਗਰੁੱਪ ਵੱਲੋਂ ਸ਼ਾਨਦਾਰ 'ਵਾਈਨ ਐਂਡ ਚੀਜ਼' ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਗਰੁੱਪ ਨੇ 'ਓਪਟੀਮਮ ਕਮਿਸ਼ਨਰੀਜ਼' ਅਤੇ 'ਏਸ਼ੀਅਨ ਟ੍ਰਿਬਿਊਨ' ਜਾਰੀ ਕਰਨ ਦਾ ਐਲਾਨ ਕੀਤਾ। ਗਰੁੱਪ ਦੇ ਡਾਇਰੈਕਟਰ ਨਵਜੀਵਨ ਕੈਬਰਵਾਲ ਨੇ ਦੱਸਿਆ, ਅਸੀਂ ਆਰ.ਸੀ.ਐਮ.ਪੀ. ਵੱਲੋਂ ਮਨਜ਼ੂਰਸ਼ੁਦਾ ਅਜਿਹੀ ਆਸਾਨ ਜਗ੍ਹਾ ਮੁਹੱਈਆ ਕਰਾਉਂਦੇ ਹਾਂ, ਜਿਥੇ ਡਿਜੀਟਲ ਫਿੰਗਰਪ੍ਰਿੰਟਿੰਗ (ਉਂਗਲਾ ਦੇ ਨਿਸ਼ਾਨ), ਨੇਮ ਚੈੱਕ, ਪੁਲੀਸ ਕਲੀਰੈਂਸ ਅਤੇ ਨੌਕਰੀ ਲਈ ਅਰਜ਼ੀਆਂ ਦੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਨਾਲ ਦੱਖਣੀ ਹਿੱਸੇ ਵਿੱਚ ਰਹਿੰਦੇ ਲੋਕਾਂ ਨੂੰ ਹੁਣ ਇਨ੍ਹਾਂ ਕੰਮਾਂ ਲਈ ਸੇਂਟ ਐਲਬਰਟ ਅਤੇ ਸ਼ੇਰਵੁੱਡ ਨਹੀਂ ਜਾਣਾ ਪਏਗਾ ਜੋ ਕਿ ਬਹੁਤ ਹੀ ਅਸੁਵਿਧਾਜਨਕ ਅਤੇ ਸਮੇਂ ਤੇ ਪੈਸੇ ਦੀ ਬਰਬਾਦੀ ਹੈ ਕਿਉਂਕਿ ਸਾਡਾ ਭਾਈਚਾਰਾ ਜ਼ਿਆਦਾਤਰ ਦੱਖਣ ਵਿੱਚ ਵਸਿਆ ਹੋਇਆ ਹੈ।

ਏਸ਼ੀਅਨ ਟ੍ਰਿਬਿਊਨ ਦੇ ਮੈਨੇਜਿੰਗ ਡਾਇਰੈਕਟਰ ਯਸ਼ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਅਖ਼ਬਾਰ ਇਕ ਗੈਰ-ਪੱਖਪਾਤੀ ਅਖ਼ਬਾਰ ਹੋਵੇਗੀ ਜੋ ਸਿਰਫ਼ ਸੱਚ ਛਾਪੇਗੀ। ਉਨ੍ਹਾਂ ਇਹ ਵੀ ਆਖਿਆ ਕਿ ਪੱਤਰਕਾਰੀ ਦਾ ਟੀਚਾ ਸੱਚ ਅਤੇ ਤੱਥਾਂ ਦੀ ਖੋਜ ਕਰਕੇ, ਸੱਚਾਈ ਲੋਕਾਂ ਸਾਹਮਣੇ ਪੇਸ਼ ਕਰਨਾ ਹੁੰਦਾ ਹੈ ਤੇ ਸਾਰੀਆਂ ਅਖ਼ਬਾਰਾਂ ਨੂੰ ਆਪਣੀ ਇਹ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਮੀਡੀਆ ਦੇ ਪ੍ਰਤੀਨਿਧੀਆਂ ਅਤੇ ਪੰਜਾਬੀ ਮੀਡੀਆ ਐਸੋਸੀਏਸ਼ਨ ਅੱਗੇ ਅਪੀਲ ਕੀਤੀ ਕਿ ਮੀਡੀਆ ਨੂੰ ਆਪਣਾ ਕੰਮ ਇਮਾਨਦਾਰੀ ਨਾਲ ਕਰਨ ਲਈ ਸਹਿਯੋਗ ਦੇਣ ਤਾਂ ਜੋ ਅਫ਼ਵਾਹਾਂ ਅਤੇ ਗੁੰਮਰਾਹ ਕਰਨ ਵਾਲੀਆਂ ਖ਼ਬਰਾਂ ਛਾਪਣ ਵਾਲੇ ਅਦਾਰਿਆਂ 'ਤੇ ਰੋਕ ਲੱਗ ਸਕੇ। ਇਸ ਮੌਕੇ ਐਮ ਐਲ ਏਜ ਕਾਰਲ ਬੈਨੀਟੋ, ਨਰੇਸ਼ ਭਾਰਦਵਾਜ ਅਤੇ ਨਾਲ ਨਾਲ ਅਮਰਜੀਤ ਸੋਹੀ ਵੀ ਮੌਜੂਦ ਸਨ। □

Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL
REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।





Laddi Padda

Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257

# ਗੱਡੀ ਤੋਂ ਬਗੈਰ ਡਰਾਇਵਿੰਗ ਸਿਖਾਉਂਦੀ ਹੈ "ਸਿਮੂਲੇਟਰ" ਤਕਨੀਕ: ਬਾਜਵਾ

ਸਿਮੂਲੇਟਰ ਜ਼ਰੀਏ ਇਕ ਨਵਾਂ ਡਰਾਇਵਰ ਕਾਰ ਜਾਂ ਕਿਸੇ ਵਾਹਨ ਦੇ ਵੱਖ-ਵੱਖ ਪੁਰਜ਼ਿਆਂ (Components) ਬਾਰੇ ਅਤੇ ਉਨ੍ਹਾਂ ਦੇ ਕੰਮ ਕਾਰ ਸਬੰਧੀ ਜਾਣਕਾਰੀ ਲੈਣ ਦੇ ਨਾਲ ਨਾਲ ਸਟਿਅਰਿੰਗ ਵੀਲ, ਬਰੇਕਾਂ, ਸਪੀਡ ਆਦਿ ਦੀ ਸੁਚੱਜੀ ਵਰਤੋਂ ਕਰਦਿਆਂ ਦੁਰਘਟਨਾ-ਗ੍ਰਸਤ ਹੋਣ ਤੋਂ ਬਚਾਉ ਕਰ ਸਕਦਾ ਹੈ।ਸਿਮੂਲੇਟਰ ਰਾਹੀਂ ਵੱਖ-ਵੱਖ ਟਰੈਫਿਕ ਹਾਲਤਾਂ ਚੋਂ ਗੁਜ਼ਰਦਿਆਂ, ਤੁਸੀਂ ਉਨ੍ਹਾਂ ਦਾ ਅਨੁਭਵ ਅਸਲੀ ਹਾਲਤਾਂ ਵਾਂਗ ਹੀ ਕਰਦੇ ਹੋ। ਇਸ ਤਕਨੀਕ ਦੁਆਰਾ ਅਲੱਗ ਅਲੱਗ ਮੌਸਮ ਹਾਲਤਾਂ, ਟਰੈਫਿਕ ਦਰ ਅਤੇ ਵੱਖ ਵੱਖ ਥਾਵਾਂ (ਸ਼ਹਿਰ, ਪਿੰਡ, ਹਾਈਵੇ) ਆਦਿ 'ਚ ਡਰਾਇਵਿੰਗ ਦਾ ਸਿਮੂਲੇਟਿਡ ਤਜ਼ਰਬਾ ਕੀਤਾ ਜਾ ਸਕਦਾ ਹੈ।




ਪਹਿਲਾਂ ਤੋਂ ਸਿਖਿਅਤ ਡਰਾਇਵਰ ਇਸ ਤਕਨੀਕ ਰਾਹੀਂ ਆਪਣੀ ਡਰਾਇਵਿੰਗ ਦੀ ਮੁਹਾਰਤ ਨੂੰ, ਇਹ ਜਾਣਕੇ ਕਿ ਕਿਹੜੀਆਂ ਸੜਕੀ ਹਾਲਤਾਂ 'ਚ ਉਨ੍ਹਾਂ ਦੇ ਵਾਹਨ ਤੇ ਬਰੇਕ/ਰਫਤਾਰ ਆਦਿ ਕਿਸ ਢੰਗ ਨਾਲ ਅਸਰ ਕਰੇਗਾ ਹੋਰ ਬੇਹਤਰ ਅਤੇ ਸੁਰੱਖਿਅਤ ਬਣਾ ਸਕਦੇ ਹਨ।

ਇਸ ਤਕਨੀਕ ਨੂੰ ਐਡਬਰਟਾ 'ਚ ਇੱਕਲੇ ਵਰਤਣ ਵਾਲੇ ਏ ਐਂਡ ਜੇ ਡਰਾਇਵਿੰਗ ਸਕੂਲ ਦੇ ਪ੍ਰਬੰਧਕ ਰਾਜ ਬਾਜਵਾ ਨੇ ਦਸਿਆ ਕਿ ਸਿਮੁਲੇਟਡ ਡਰਾਇਵਿੰਗ ਤਕਨੀਕ ਨਵੇਂ ਅਤੇ ਸਿਖਿਅਤ ਡਰਾਇਵਰਾਂ ਦੋਹਾਂ ਲਈ ਇਕੋ ਜਿੰਨੀ ਲਾਭਦਾਇਕ ਹੈ।ਐਲਬਰਟਾ 'ਚ ਬਹੁਤ ਜ਼ਿਆਦਾ ਬਰਫਬਾਰੀ, ਨਾ-ਸਾਜ਼ਗਾਰ ਸੜਕੀ ਹਾਲਤਾਂ 'ਚ ਵਧੀਆ ਡਰਾਇਵਰਜ਼ ਟ੍ਰੇਨਿੰਗ ਹੀ ਸੁਰੱਖਿਅਤ ਸਫਰ ਯਕੀਨੀ ਬਣਾਉਣ 'ਚ ਸਹਾਈ ਹੋ ਸਕਦੇ ਹਨ।ਰਾਜ ਬਾਜਵਾ ਨੇ ਅੱਗੇ ਦੱਸਿਆ ਕਿ ਸਿਮੂਲੇਟਰ ਤਕਨੀਕ ਦੁਆਰਾ ਟਰੇਂਡ ਡਰਾਇਵਰਜ਼ ਦੇ ਹਾਦਸਾ-ਗ੍ਰਸਤ ਹੋਣ ਦੇ ਘੱਟ ਆਸਾਰ ਹਨ।ਬਾਜਵਾ ਨੇ ਕਿਹਾ ਕਿ ਇਸ ਤਕਨੀਕ ਸਬੰਧੀ ਹੋਰ ਜਾਣਕਾਰੀ ਲਈ 780 221 8004 ਜਾਂ raj@aj-drivingschool.com ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਵੱਲੋਂ ਸਰਗਰਮੀਆਂ ਦੀ ਸਮੀਖਿਆ

ਐਡਮਿੰਟਨ (ਨ.ਦ.ਬ) ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਨੇ ਆਪਣੀ ਮੀਟਿੰਗ ਜਸਵੀਰ ਬਖਸ਼ ਸੰਘਾ ਦੇ ਘਰ ਕੀਤੀ। ਦਰਸ਼ਨ ਖਹਿਰਾ ਦੀ ਪ੍ਰਧਾਨਗੀ ਵਿੱਚ ਹੋਈ ਇਸ ਮੀਟਿੰਗ ਵਿੱਚ ਫਾਊਂਡੇਸ਼ਨ ਵੱਲੋਂ ਪਿਛਲੇ ਸਮੇਂ ਵਿੱਚ ਕੀਤੀਆਂ ਗਤੀਵਿਧੀਆਂ ਦੀ ਸਮੀਖਿਆ ਕੀਤੀ। ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ, ਜੋ ਕਿ ਬੱਚਿਆਂ ਵਿੱਚ ਸੌਕਰ ਦੀ ਖੇਡ ਨੂੰ ਪ੍ਰਫੁਲਤ ਕਰਨ ਅਤੇ ਉਨ੍ਹਾਂ ਦੀ ਭਾਈਚਾਰੇ ਦੇ ਕੰਮਾਂ ਵਿੱਚ ਸ਼ਮੂਲੀਅਤ ਲਈ ਇਕ ਉਪਰਾਲਾ ਹੈ, ਲਈ ਪੱਕੀਆਂ ਤਾਰੀਕਾਂ ਨਿਸ਼ਚਿਤ ਕਰਨ ਸਬੰਧੀ ਵੀ ਮੈਂਬਰਾਂ ਨੇ ਸਲਾਹ ਮਸ਼ਵਰਾ ਕੀਤਾ। ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਸਮਾਗਮਾਂ, ਵਲੰਟੀਅਰਾਂ ਦੀ ਭਾਈਵਾਲੀ ਨੂੰ ਵਧਾਉਣ ਲਈ ਤਾਲਮੇਲ ਤੇਜ਼ ਕਰਨ 'ਤੇ ਜ਼ੋਰ ਦਿੱਤਾ ਗਿਆ। ਫਾਊਂਡੇਸ਼ਨ ਦੇ ਸਮਾਗਮਾਂ ਵਿੱਚ ਆਉਣ ਵਾਲੇ ਲੋਕਾਂ, ਖਿਡਾਰੀਆਂ, ਮਾਪਿਆਂ ਅਤੇ ਟੂਰਨਾਮੈਂਟ ਵਧੀਆ ਢੰਗ ਨਾਲ ਚਲਾਉਣ ਲਈ ਸਰਗਰਮ ਵਲੰਟੀਅਰਾਂ ਦਾ ਡਾ. ਪੀ.ਆਰ.ਕਾਲੀਆ ਨੇ ਧੰਨਵਾਦ ਕੀਤਾ। ਮੀਟਿੰਗ ਮਗਰੋਂ ਕਵੀ ਦਰਬਾਰ ਹੋਇਆ ਜਿਸ ਵਿੱਚ ਡਾ. ਪੀ.ਆਰ. ਕਾਲੀਆ, ਪਵਿੱਤਰ ਧਾਲੀਵਾਲ, ਪਰਮਿੰਦਰ ਧਾਲੀਵਾਲ, ਦਰਸ਼ਨ ਖਹਿਰਾ, ਦਲਬੀਰ ਸਾਂਗਿਆਣ, ਜਸਵੀਰ ਸੰਘਾ, ਬਖ਼ਸ਼ ਸੰਘਾ ਅਤੇ ਰਵੀ ਸੰਧੂ ਨੇ ਹਿੱਸਾ ਲਿਆ।

### ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ ਸ਼ਾਨਦਾਰ ਕਦਮ

# ਪਬਲਿਕ ਸਕੂਲਾਂ ਵਿੱਚ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰਵਾਈਆਂ

ਕੈਲਗਰੀ(ਤਰਲੋਚਨ ਸੈਂਭੀ)- ਫਾਲਕਿਨਰਿਜ/ਕੈਸਲਰਿਜ ਕਮਿਊਨਿਟੀ ਹਾਲ ਵਿੱਚ ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਗੁਰ-ਬਚਨ ਬਰਾੜ, ਡਾ: ਮਹਿੰਦਰ ਸਿੰਘ ਹੱਲਣ, ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ ਜਨਾਗਲ, ਪ੍ਰੋ: ਸਾਧੂ ਬਿਨਿੰਗ ਅਤੇ ਪ੍ਰੋ: ਸੁਖਵੰਤ ਹੁੰਦਲ ਦੀ ਪ੍ਰਧਾਨਗੀ ਹੇਠ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਪਬਲਿਕ ਸਕੂਲਾਂ ਵਿੱਚ ਪੰਜਾਬੀ ਦੀਆਂ ਕਲਾਸਾਂ ਸੁਰੂ ਕਰਵਾਉਣ ਸਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ। ਡਾ: ਮਹਿੰਦਰ ਸਿੰਘ ਹੱਲਣ ਨੇ ਜੀ ਆਇਆਂ ਨੂੰ ਕਿਹਾ। ਬਲਵੀਰ ਗੋਰਾ ਨੇ "ਮੈਂ ਪੰਜਾਬੀ ਬੋਲੀ ਮੇਰੀ ਕਦਰ ਘਟਾਵੋ ਨਾ" ਗੀਤ ਨਾਲ ਪੰਜਾਬੀ ਮਾਂ ਬੋਲੀ ਪ੍ਰਤੀ ਫਿਕਰ ਜਾਹਿਰ ਕੀਤਾ। ਲੋਕ ਗਾਇਕ ਰਾਜ ਰਣਯੋਧ ਨੇ "ਅੱਜ ਕੱਲ ਕੌਣ ਪੰਜਾਬੀ ਪੜ੍ਹਦੈ"ਗੀਤ ਸੁਰੀਲੀ ਅਤੇ ਬੁਲੰਦ ਅਵਾਜ ਵਿੱਚ ਗਾਕੇ ਸਰੋਤਿਆਂ ਲਈ ਸੁਆਲ ਛੱਡਿਆ। ਭੋਲਾ ਚੌਹਾਨ, ਤਰਲੋਚਨ ਸੈਂਭੀ ਅਤੇ ਬਲਵਿਰ ਗੋਰਾ ਨੇ"ਜਿੰਨਾ ਕਰੀਏ ਥੋੜੈ,ਮਾਣ ਪੰਜਾਬੀ ਬੋਲੀ ਦਾ" ਨੂੰ ਕਵੀਸ਼ਰੀ ਰੰਗ ਵਿੱਚ ਗਾਇਆ। ਯੂਨੀਵਰਸਿਟੀ ਆਫ ਬ੍ਰਿਟਿਸ ਕੋਲੰਬੀਆ ਵਿੱਚ ਪੰਜਾਬੀ ਦਾ ਵਿਸ਼ਾ ਪੜ੍ਹਾ ਰਹੇ ਪ੍ਰੋ: ਸੁਖਵੰਤ ਹੁੰਦਲ ਨੇ ਦੱਸਿਆ ਕਿ ਇਸ ਵੇਲੇ






ਕਨੇਡਾ ਵਿੱਚ ਪੰਜਾਬੀ ਬੋਲੀ ਇੰਗਲਿਸ,ਫਰੈਂਚ,ਚੀਨੀ ਤੋਂ ਬਾਅਦ ਚੌਥੇ ਨੰਬਰ ਉੱਪਰ ਆਉਂਦੀ ਹੈ। ਇਸ ਦਰਜੇ ਨੂੰ ਬਰਕਰਾਰ ਰੱਖਣ ਲਈ ਸਾਡੇ ਬੱਚਿਆਂ ਨੂੰ ਪੰਜਾਬੀ ਬਾਰੇ ਗਿਆਨ ਸਕੂਲਾਂ ਵਿੱਚ ਸੁਰੂ ਕਰਵਾਉਣ ਦੀ ਲੋੜ ਹੈ। ਉਹਨਾਂ ਇਹ ਵਿਚਾਰ ਪੇਸ਼ ਕੀਤਾ ਕਿ ਸਾਨੂੰ ਸੰਸਾਰ ਪੱਧਰ ਤੇ ਸੋਚਣਾ ਚਾਹੀਦਾ ਹੈ ਪਰ ਕੰਮ ਸਥਾਨਕ ਪੱਧਰ ਉਪਰ ਕਰਨਾ ਚਾਹੀਦਾ ਹੈ। ਪ੍ਰੋ: ਸਾਧੂ ਬਿਨਿੰਗ ਨੇ ਆਉਣ ਵਾਲੇ ਕੁਝ ਸਾਲਾਂ ਵਿੱਚ ਪੰਜਾਬੀ ਦੇ ਖਤਮ ਹੋ ਜਾਣ ਦੇ ਖਦਸ਼ੇ ਨੂੰ ਗਲਤ ਦਸਦਿਆਂ ਕਿਹਾ ਕਿ ਜਦ ਤੱਕ ਪੰਜਾਬੀ ਜਿਉਂਦੇ ਹਨ, ਪੰਜਾਬੀ ਵੀ ਜਿੰਦਾ ਰਹੇਗੀ । ਆਖਰ 'ਤੇ ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਗੁਰ-ਬਚਨ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਤੋਂ ਸਹਿਯੋਗ ਦੀ ਮੰਗ ਕੀਤੀ। ਸਟੇਜ ਸਕੱਤਰ ਦੀ ਜਿੰਮੇਵਾਰੀ ਨਿਭਾਉਂਦਿਆਂ ਤਰਲੋਚਨ ਸੈਂਭੀ ਨੇ ਇਸ ਸਮਾਗਮ ਦੇ ਸਪਾਂਸਰ ਹਰਚਰਨ ਸਿੰਘ, ਰੋਮੀ ਸਿੱਧੂ, ਰਘਵੀਰ ਬਸਾਤੀ, ਮੇਜਰ ਬਰਾੜ, ਪਾਲੀ ਵਿਰਕ ਦਾ ਧੰਨਵਾਦ ਕੀਤਾ।


# Matrimonial

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਖੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

**ਕੰਨਿਆ ਦੀ ਲੋੜ**

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1" ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਗੁਰਸਿੱਖ ਕੰਨਿਆ ਦੀ ਲੋੜ**

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਕੰਨਿਆ ਦੀ ਲੋੜ**

ਜੱਟ ਸਿੱਖ ਮੱਲ੍ਹੀ 5'9" 2.1. 30 ਸਾਲਾ ਕਲੀਨਸ਼ੇਵ, ਹੈਂਡਸਮ, ਵੈਸ਼ਨੋਂ,ਫਾਰਮਹਾਉਸ ਦੇ ਮਾਲਕ ਲੜਕੇ ਲਈ ਅਮਰੀਕਾ/ਕੈਨੇਡਾ ਦੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਕੋਈ ਜਾਤੀ ਬੰਧਨ ਨਹੀਂ, ਤਲਾਕਸ਼ੁਦਾ ਵੀ ਵਿਚਾਰਨਯੋਗ। 011-91-99159 99435 ਜਾਂ zadwinderfarm@yahoo.in 'ਤੇ ਸੰਪਰਕ ਕੀਤਾ ਜਾ ਸਕਦਾ ਹੈ।

--------------------

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

--------------------

ਜੱਟ ਸਿੱਖ 31 ਸਾਲਾ ਪੰਜ ਫੁੱਟ 9 ਇੰਚ ਇੰਗਲੈਂਡ ਵਿਚ ਵਰਕ ਪਰਮਟ 'ਤੇ ਰਹਿ ਰਹੇ ਕਲੀਨ ਸ਼ੇਵ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਚਾਹੀਦੀ ਹੈ। ਲੜਕੇ ਦਾ ਭਰਾ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ। ਸੰਪਰਕ : 780-200-1791



# Classified **Plus**

**Your guide to every search**

## HOUSE FOR SALE/RENT

1100 Sq. ft. Half Duplex with Fully Finished Basement; Close to Bus Stop, School and other Amenities available for RENT/SALE in Millwoods. Contact 780 566 8532.

-----------

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

* * * *

### House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ। ਸੰਪਰਕ: 011 91 97813 60066

Sold

* * * *

### 2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale

* Don't Miss this Great opportunity… Must See the House

* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door,

4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments Contact 780 964 7001.

****



# City Estates

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**

SCO 123, Phase 7, Mohali (Punjab)

011 91 98147 11263 or

011 91 98729 73304

# ਗਦਰ ਪਾਰਟੀ ਅਤੇ ਗਦਰ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਮਹਾਨ ਸ਼ਹੀਦ ਸ. ਕਰਤਾਰ ਸਿੰਘ ਸਰਾਭਾ

ਗਿਆਨ ਸਿੰਘ ਬਿਲਗਾ 661-397-7330

**ਮਾਂਦ ਪੈ ਜਾਂਦਾ ਹੈ ਸੂਰਜ ਆਪਣੇ ਅੰਤਮ ਸਮੇਂ**
**ਦਾਰ ਤੇ ਚੜ੍ਹ ਕੇ ਵੀ ਕੈਸੀ ਹੈ, ਮੇਰੀ ਰੰਗਤ ਤਾਂ ਵੇਖ**
**ਬੇੜੀਆਂ ਪੈਰੀਂ ਦੁਆਲੇ ਤੇਜ਼ ਸੰਗੀਨਾਂ ਦੀ ਛਾਂ**
**ਜਾ ਰਿਹਾ ਕੋਈ ਸਜ ਧਜ ਕੇ ਇਕ ਨਜ਼ਰ ਫੱਬਤ ਤਾਂ ਵੇਖ**

(ਜਗਤਾਰ)

16 ਨਵੰਬਰ 1915 ਨੂੰ ਸਿਰਲੱਥ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਆਪਣੇ ਹੋਰ ਛੇ ਗਦਰ ਪਾਰਟੀ ਦੇ ਯੋਧਿਆਂ, ਜਗਤ ਸਿੰਘ ਸੁਰ ਸਿੰਘ, ਵਿਸ਼ਨੂੰ ਗਨੇਸ਼ ਪਿੰਗਲੇ, ਹਰਨਾਮ ਸਿੰਘ, ਬਖ਼ਸ਼ੀਸ਼ ਸਿੰਘ, ਭਾਈ ਸਰੈਣ ਸਿੰਘ ਤੇ ਸਰੈਣ ਸਿੰਘ ਗਿਲਵਾਲੀ ਸੈਂਟਰਲ ਜੇਲ ਲਾਹੌਰ ਵਿੱਚ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ੀ ਸਾਮਰਾਜ ਤੋਂ ਬੰਦ ਖਲਾਸੀ ਕਰਾਉਣ ਤੇ ਭਾਰਤ ਮਾਂ ਦੇ ਗੁਲਾਮੀ ਦੇ ਸੰਗਲ ਕੱਟਣ ਹਿਤ ਗਦਰ ਦੀ ਗੂੰਜ ਦੀਆਂ ਵਾਰਾਂ ਗਾਉਂਦੇ ਬੜੇ ਚਾਅ ਨਾਲ ਹੱਸ ਫਾਂਸੀ ਚੜ੍ਹ ਗਏ। ਕਰਤਾਰ ਸਿੰਘ ਸਰਾਭੇ ਨੇ ਤਾਂ ਹਾਲੇ ਅਪਾਣੀ ਉਮਰ ਦੇ ਵੀਹ ਸਾਲ ਵੀ ਪੂਰੇ ਨਹੀਂ ਕੀਤੇ ਸਨ। ਉਸ ਦੇ ਰੋਮ ਰੋਮ ਵਿੱਚ ਦੇਸ਼ ਦੀ ਆਜ਼ਾਦੀ ਦੀ ਤੜਫ਼ ਸਮੋਈ ਹੋਈ ਸੀ ਤੇ ਉਹ ਆਜ਼ਾਦੀ ਦੀ ਸ਼ਮਾ 'ਤੇ ਭਸਮ ਹੋ ਜਾਣ ਲਈ ਬੜਾ ਉਤਾਵਲਾ ਸੀ।

**ਕੌਮਾਂ ਮਰਦੀਆਂ ਨਹੀਂ ਜੋ ਮਰਨ ਜਾਨਣ,**
**ਉਹੀ ਮਰਦੀਆਂ ਜੋ ਮਰਨੋ ਡਰਦੀਆਂ ਨੇ।**

ਸ਼ਹੀਦ ਇਤਿਹਾਸ ਦੇ ਪਹੀਏ ਦੀ ਧੁਰੀ ਹੁੰਦੇ ਹਨ ਜਿਨ੍ਹਾਂ ਦੇ ਆਤਮ ਬਲ ਤੇ ਵਿਸ਼ਵਾਸ਼ ਪ੍ਰਤੀਬੱਧਤਾ, ਦ੍ਰਿੜਤਾ, ਨਿਰੰਤਰ ਅੱਕਣ, ਥੱਕਣ ਤੋਂ ਬਿਨਾਂ ਨਿਰਭੈ ਹੋ ਕੇ ਨਿਸ਼ਾਨੇ ਦੀ ਪ੍ਰਾਪਤੀ ਹਿੱਤ ਅੱਗੇ ਹੀ ਅੱਗੇ ਵਧਦੇ ਰਹਿਣ ਤੋਂ ਲੈ ਕੇ ਆਮ ਲੋਕਾਂ ਤੇ ਵਿਸਤ੍ਰਿਤ ਜਨ ਸਮੂਹ ਜਥੇਬੰਦ ਹੋ ਕੇ ਆਜ਼ਾਦੀ ਤੇ ਬਰਾਬਰਤਾ ਦੇ ਸੰਘਰਸ਼ ਦੇ ਇਤਿਹਾਸ ਦੇ ਪਹੀਏ ਨੂੰ ਅੱਗੇ ਤੋਰਨ ਵਿੱਚ ਆਪਣਾ ਨਿਰਨਾਇਕ ਇਤਿਹਾਸਕ ਰੋਲ ਅਦਾ ਕਰਦੇ ਹਨ।

ਭਾਰਤ ਦੀ ਆਜ਼ਾਦੀ ਦੇ ਕੌਮੀ ਮੁਕਤੀ ਘੋਲ ਦੇ ਇਤਿਹਾਸ ਵਿੱਚ ਗਦਰ ਪਾਰਟੀ ਦਾ ਅਹਿਮ ਸਥਾਨ ਹੈ। ਕਰਤਾਰ ਸਿੰਘ ਸਰਾਭਾ ਨੂੰ ਗਦਰ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੋਣ ਦਾ ਮਾਣ ਵੀ ਜਾਂਦਾ ਹੈ। ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਆਦਮ ਕੱਦ ਚਿੱਤਰ ਲਾਹੌਰ ਵਿਖੇ ਭਾਰਤ ਨੌਜਵਾਨ ਸਭਾ ਦੇ ਕੇਂਦਰੀ ਦਫ਼ਤਰ ਵਿੱਚ ਲਾਇਆ ਗਿਆ। ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਅਰਪਤ ਕਰਦਿਆਂ ਦੁਰਗਾ ਭਾਬੀ ਅਤੇ ਸ਼ੀਲਾ ਦੀਦੀ ਨੇ ਇਸ ਦੇ ਲਿਸ਼ਕਦੇ ਮੱਥੇ 'ਤੇ ਆਪਣੇ ਤਾਜ਼ਾ ਗਰਮ ਖੂਨ ਨਾਲ ਤਿਲਕ ਲਾਇਆ ਸੀ।

ਗਰਦ ਪਾਰਟੀ ਦੇ ਸੰਸਥਾਪਕ ਪ੍ਰਧਾਨ ਬਾਬਾ ਸੋਹਣ ਸਿੰਘ ਜੀ ਭਕਨਾ, ਸ਼ਹੀਦ ਕਰਤਾਰ ਸਿੰਘ ਸਰਾਭੇ ਬਾਰੇ ਬੜੇ ਹੀ ਮਾਣ ਨਾਲ ਜ਼ਿਕਰ ਕਰਦੇ ਸਨ, "ਉਹ ਇਕ ਮਹਾਨ ਦੇਸ਼ ਭਗਤ ਸੀ ਜਿਸ ਦੇ ਮਨ ਵਿੱਚੋਂ ਭੈਅ ਅਤੇ ਮੌਤ ਦਾ ਡਰ ਦੂਰ ਹੋ ਚੁੱਕਾ ਸੀ। ਬੇਮਿਸਾਲ ਤਿਆਗੀ ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਉਹ ਦੋਸਤਾਂ ਦਾ ਦੋਸਤ ਸੀ, ਦੁਨੀਆ ਦੇ ਇਤਿਹਾਸ ਵਿੱਚ ਸ਼ਾਇਦ ਹੀ ਐਨੀ ਛੋਟੀ ਉਮਰ ਦਾ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ।'' ਕਰਤਾਰ ਸਿੰਘ ਸਰਾਭੇ ਨੇ ਆਪਣੀ ਫਾਂਸੀ ਵਾਲੀ ਕੋਠੜੀ ਦੀ ਕੰਧ 'ਤੇ ਲਿਖਿਆ ਸੀ- ਸ਼ਹੀਦ ਕਾ ਖੂਨ ਕਭੀ ਖਾਲੀ ਨਹੀਂ ਜਾਤਾ। ਬਾਬਾ ਜੀ ਨੇ ਲਾਹੌਰ ਸੈਂਟਰਲ ਜੇਲ ਵਿਚ ਸ਼ਹੀਦ ਭਗਤ ਸਿੰਘ ਨਾਲ ਆਪਣੀ ਇਕ ਮਿਲਣੀ ਸਮੇਂ ਕਿਹਾ ਸੀ, "ਮੈਨੂੰ ਤਾਂ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਵਿੱਚ ਕੋਈ ਫਰਕ ਨਜ਼ਰ ਨਹੀਂ ਆਇਆ। ਇਵੇਂ ਲਗਦਾ ਹੈ ਦੋ ਸਰੀਰ ਤੇ ਇਕ ਰੂਹ ਹੋਣ।''

ਇਸ ਮਹਾਨ ਆਪਾ ਤਿਆਗੀ, ਸਾਹਸ ਦੇ ਮੱਜਸਮੇ ਸਿਰਮੌਰ ਸ਼ਹੀਦ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭੇ ਵਿਖੇ 1896 ਈ ਨੂੰ ਹੋਇਆ ਸੀ। ਉਹ ਮਾਤਾ ਪਿਤਾ ਦੀ ਇਕਲੌਤੀ ਔਲਾਦ ਸਨ ਅਤੇ ਪਿਤਾ ਦਾ ਸਾਇਆ ਵੀ ਛੋਟੀ ਉਮਰ ਵਿੱਚ ਹੀ ਸਿਰ ਤੋਂ ਉਠ ਗਿਆ। ਆਪ ਦੇ ਬਾਬਾ ਜੀ ਨੇ ਆਪ ਨੂੰ ਸਖਤ ਮਿਹਨਤ ਤੇ ਚਾਅ ਨਾਲ ਪਾਲਿਆ। ਮੁਢਲੀ ਵਿਦਿਆ ਦੀ ਪ੍ਰਾਪਤੀ ਤੋਂ ਬਾਅਦ ਉੜੀਸਾ ਆਪਣੇ ਚਾਚਾ ਜੀ ਕੋਲ ਚਲਾ ਗਿਆ। ਮੈਟ੍ਰਿਕ ਪਾਸ ਕੀਤੀ। ਉਹਨਾਂ ਕੇਵਲ ਸਕੂਲੀ ਵਿਦਿਆ ਤਕ ਹੀ ਆਪਣੇ ਆਪ ਨੂੰ ਨਹੀਂ ਸੰਕੋੜਿਆ ਸਗੋਂ ਕੌਮੀ ਅਤੇ ਅੰਤਰਰਾਸ਼ਟਰੀ ਕ੍ਰਾਂਤੀਕਾਰੀ ਲਹਿਰਾਂ ਦੇ ਇਤਿਹਾਸ ਤੋਂ ਜਾਣੂ ਹੋਣ ਤੇ ਦੇਸ਼ ਦੀ ਗਰੀਬੀ ਮੰਦਹਾਲੀ ਤੇ ਗੁਲਾਮੀ ਬਾਰੇ ਵੀ ਅਧਿਐਨ ਕਰਦੇ ਸਨ।

ਇਹ ਸਮਾਂ ਬੜਾ ਸੰਕਟ ਦਾ ਸਮਾਂ ਸੀ, ਪੰਜਾਬ ਵਿੱਚ ਲਾਲਾ ਲਾਜਪਤ ਰਾਏ, ਅਜੀਤ ਸਿੰਘ, ਅੰਬਾ ਪ੍ਰਸ਼ਾਦ ਸੂਫੀ ਦੀ ਅਗਵਾਈ ਵਿੱਚ ਪਗੜੀ ਸੰਭਾਲ ਜੱਟਾ ਦੀ ਜਦੋ-ਜਹਿਦ ਚਲ ਰਹੀ ਸੀ। ਅੰਗਰੇਜ਼ ਸਰਕਾਰ ਨੇ ਸਾਂਦਲ ਬਾਰ, ਨੀਤੀ ਬਾਰ, ਦੂਲਾ ਬਾਰ, ਸਾਹੀਵਾਲ ਆਬਾਦ ਤੇ ਖੇਤੀਯੋਗ ਬਣਵਾ ਲਈਆਂ ਪਰ ਮਾਲਕੀ ਦਾ ਹੱਕ ਖੋਹਣ ਲਈ ਕਾਲੋਨਾਈਜੇਸ਼ਨ ਕਾਨੂੰਨ ਪਾਸ ਕਰ ਦਿੱਤਾ ਜਿਸ ਰਾਹੀਂ ਕੋਈ ਵੀ ਕਿਸਾਨ ਆਪਣੇ ਖੇਤ ਵਿੱਚੋਂ ਦਰਖੱਤ ਨਹੀਂ ਪੁੱਟ ਸਕਦਾ ਸੀ। ਸਰਕਾਰ ਇਸ ਸ਼ਾਤਰਾਨਾ ਚਾਲ ਨਾਲ ਕਿਸਾਨਾਂ ਨੂੰ ਮੁਜਾਰੇ ਸਿਧ ਕਰਨਾ ਚਾਹੁੰਦੀ ਸੀ। ਅੰਗਰੇਜ਼ ਸਰਕਾਰ ਨੂੰ ਕਿਸਾਨਾਂ ਦੇ ਦ੍ਰਿੜ ਸੰਘਰਸ਼ ਅੱਗੇ ਗੋਡੇ ਟੇਕਣੇ ਪਏ। ਸ. ਅਜੀਤ ਤੇ ਸੂਫੀ ਅੰਬਾ ਪ੍ਰਸ਼ਾਦ ਨੂੰ ਸਾਰਾ ਜੀਵਨ ਜਲਾਵਤਨੀ ਵਿੱਚ ਗੁਜ਼ਾਰਨਾ ਪਿਆ। ਵੀਹਵੀਂ ਸਦੀ ਦੇ ਆਰੰਭਕ ਸਾਲ ਮੰਦਵਾੜੇ ਦੇ ਦਿਨ ਸਨ। ਸਨਅਤ ਬਰਬਾਦ ਹੋ ਚੁੱਕੀ ਸੀ। ਪੰਜਾਬ ਦੇ ਕਿਸਾਨ ਦਾ ਮੰਦਾ ਹਾਲ ਸੀ। ਤਨ ਦੇ ਕਪੜੇ ਸੁੰਗੜ ਕੇ ਤੇੜ ਲੰਗੋਟੀ ਹੀ ਰਹਿ ਗਈ ਸੀ। ਸ਼ਾਹੂਕਾਰਾਂ ਨੇ ਕਰਜ਼ਾ ਨਾ ਮੋੜ ਸਕਣ ਕਾਰਨ ਕਿਸਾਨਾਂ ਦੀਆਂ ਜ਼ਮੀਨਾਂ ਹਥਿਆ ਲਈਆਂ ਸਨ। ਇਸੇ ਹੀ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਕਰਤਾਰ ਸਿੰਘ ਸਰਾਭਾ 1912 ਈ. ਨੂੰ ਹੋਰ ਪੰਜਾਬੀਆਂ ਦੀ ਤਰ੍ਹਾਂ ਸਾਨਫ਼ਰਾਂਸਿਸਕੋ ਅਮਰੀਕਾ ਵਿੱਚ ਆ ਗਏ। ਸਾਨਫ਼ਰਾਂਸਿਸਕੋ ਨੇੜੇ ਬਰਕਲੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਨਾਲ ਨਾਲ ਹਮਵਤਨੀ ਖੇਤ ਮਜ਼ਦੂਰਾਂ ਨਾਲ ਰਲ ਕੇ ਮਜ਼ਦੂਰੀ ਕਰਨ ਲੱਗੇ। ਇਥੇ ਆ ਕੇ ਨਸਲੀ ਵਿਤਕਰੇ ਕਾਰਨ ਦੇਸ਼ ਦੀ ਗੁਲਾਮੀ ਦਾ ਅਹਿਸਾਸ ਹੋਇਆ। ਅਮਰੀਕਨ ਮਜ਼ਦੂਰ ਗੁਲਾਮ ਕੌਮਾਂ ਦੇ ਮਜ਼ਦੂਰਾਂ ਤੇ ਹਮਲੇ ਕਰਦੇ। ਕਿਤੇ ਕੋਈ ਸੁਣਵਾਈ ਨਾ ਹੁੰਦੀ। ਨਸਲ ਪ੍ਰਸਤ ਗੋਰੇ ਵਿਦਿਆਰਥੀ ਦੁਨੀਆਂ ਭਰ ਦੇ ਝੰਡਿਆਂ ਵਿੱਚ ਭਾਰਤ ਦਾ ਵਖਰਾ ਝੰਡਾ ਨਾ ਹੋਣ ਦਾ ਮਜ਼ਾਕ ਉਡਾਉਂਦਿਆਂ ਗੁਲਾਮੀ ਦਾ ਤਾਹਨਾ ਮਾਰਦੇ। ਹਿੰਦੀ ਸਲੇਵ ਕਹਿ ਕੇ ਪੁਕਾਰਦੇ। ਇਥੇ ਹੀ ਕਰਤਾਰ ਸਿੰਘ ਸਰਾਭੇ ਦੇ ਮਨ ਅੰਦਰ ਜਥੇਬੰਦ ਹੋ ਕੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਦੀ ਚਿਣਗ ਪੈਦਾ ਹੋਈ।




ਪੋਰਟ ਲੈਂਡ ਦੀਆਂ ਮੁਢਲੀਆਂ ਮੀਟਿੰਗਾਂ ਤੋਂ ਬਾਅਦ ਸੈਂਟ ਜੌਹਨ ਦੀ ਇਨਕਲਾਬੀ ਕਾਨਫ਼ਰੰਸ ਵਿੱਚ ਠੋਸ ਤੇ ਜਮਹੂਰੀ ਅਧਾਰ ਵਾਲੀ ਜਥੇਬੰਦੀ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ'' ਜੋ ਪਿਛੋਂ ਜਾ ਕੇ ਗਦਰ ਪਾਰਟੀ ਬਣੀ ਦੀ ਸਿਰਜਣਾ ਕੀਤੀ ਜਾ ਸਕੀ। ਕਰਤਾਰ ਸਿੰਘ ਸਰਾਭਾ ਇਸ ਦੇ ਸਰਗਰਮ ਮੈਂਬਰ ਬਣ ਗਏ। ਇਸ ਨੇ ਚੌਦਾਂ ਨੁਕਤਿਆਂ ਵਾਲੇ ਆਪਣੇ ਨਿਸ਼ਾਨਿਆਂ ਦਾ ਐਲਾਨ ਕੀਤਾ। ਇਸ ਦਾ ਮੁੱਖ ਮੰਤਵ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਅੰਗਰੇਜ਼ੀ ਸਾਮਰਾਜ ਦੇ ਜੂਲੇ ਹੇਠੋਂ ਕੱਢਣਾ ਸੀ। ਬਰਾਬਰੀ ਦੇ ਅਧਾਰ 'ਤੇ ਕੌਮੀ ਜਮਹੂਰੀ ਹਕੂਮਤ ਕਾਇਮ ਕਰਨਾ ਸੀ, ਜਿਸ ਦਾ ਸਰੂਪ ਧਰਮ ਨਿਰਪੱਖ ਹੋਵੇ। ਧਰਮ ਦੇ ਹਰ ਇਕ ਦਾ ਨਿੱਜੀ ਮਾਮਲਾ ਸੀ ਤੇ ਪਾਰਟੀ ਮੀਟਿੰਗਾਂ ਵਿਚ ਇਸ ਵਿਸ਼ੇ 'ਤੇ ਬਹਿਸ ਦੀ ਮਨਾਹੀ ਸੀ। ਗਦਰ ਨਾਂ ਦਾ ਅਖ਼ਬਾਰ ਉਰਦੂ, ਹਿੰਦੀ ਤੇ ਪੰਜਾਬੀ ਤਿੰਨ ਭਾਸ਼ਾਵਾਂ ਵਿੱਚ ਕੱਢਣ ਦਾ ਫੈਸਲਾ ਹੋਇਆ। ਪਾਰਟੀ ਦਾ ਮੁੱਖ ਨਾਹਰਾ ਬੰਦੇ ਮਾਤਰਮ ਸੀ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਲਾਲਾ ਹਰਦਿਆਲ ਸਿੰਘ ਜਨਰਲ ਸਕੱਤਰ, ਕਾਂਸੀ ਰਾਮ ਖਜ਼ਾਨਚੀ, ਹਰਨਾਮ ਸਿੰਘ ਟੁੰਡੀਲਾਟ ਮੀਤ ਖਜ਼ਾਨਚੀ, ਕਰੀਮ ਬਖਸ਼ ਤੇ ਮੁਨਸ਼ੀ ਰਾਮ ਆਰਗੇਨਾਈਜ਼ਰ ਚੁਣੇ ਗਏ। ਕਰਤਾਰ ਸਿੰਘ ਸਰਾਭੇ ਸਮੇਤ 14 ਮੈਂਬਰੀ ਇੰਤਜਾਮੀਆਂ ਕਮੇਟੀ ਬਣੀ। ਸੈਕਰਾਮੈਂਟੋ ਦੀ ਮੀਟਿੰਗ ਵਿੱਚ ਇਕੱਤਰ ਜੁਆਲਾ ਸਿੰਘ ਮੀਤ ਪ੍ਰਧਾਨ ਦੀ ਨਿਯੁਕਤੀ ਕਰਦੇ 10 ਮੈਂਬਰ ਇੰਤਜ਼ਾਮੀਟਾਂ ਕਮੇਟੀ ਨਾਲ ਜੋੜ ਕੇ ਇਸ ਦਾ ਸਰੂਪ ਕੁਲ ਅਮਰੀਕਾ ਪੱਧਰ ਦਾ ਬਣਾ ਦਿੱਤਾ ਗਿਆ।

ਕਰਤਾਰ ਸਿੰਘ ਸਰਾਭਾ ਦੇ ਅਣਥਕ ਯਤਨਾਂ ਸਦਕਾ ਹੀ ਨਵੰਬਰ 1913 ਨੂੰ ਗਦਰ ਦਾ ਪਹਿਲਾ ਪਰਚਾ ਪ੍ਰਕਾਸ਼ਿਤ ਹੋ ਸਕਿਆ। ਆਪ ਐਡੀਟੋਰੀਅਲ ਬੋਰਡ ਦੇ ਮੈਨੇਜਰ ਸਨ। ਉਰਦੂ ਭਾਸ਼ਾ ਤੋਂ ਪੰਜਾਬੀ ਵਿੱਚ ਉਲਥਾਉਣ ਦਾ ਕੰਮ ਤੇ ਦੂਰ ਦੁਰਾਡੇ ਦੇਸ਼ਾਂ ਜਿਥੇ ਵੀ ਭਾਰਤੀ ਵਸਦਾ ਸੀ, ਪਰਚਾ ਭੇਜਣ ਦੀ ਜ਼ਿੰਮੇਵਾਰੀ ਵੀ ਕਰਤਾਰ ਸਿੰਘ ਸਰਾਭੇ ਦੀ ਹੀ ਸੀ। ਕਰਤਾਰ ਸਿੰਘ ਗਦਰ ਦੀ ਗੂੰਜਾਂ ਗਾਉਂਦਾ-

**ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ**
**ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ।**
**ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,**
**ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।**

ਉਹ ਪਰਚੇ ਦੇ ਹਰ ਕੰਮ ਨੂੰ ਬੜੇ ਉਤਸ਼ਾਹ ਨਾਲ ਕਰਦਾ। 25 ਜੁਲਾਈ 1914 ਨੂੰ ਪਹਿਲੀ ਸੰਸਾਰ ਜੰਗ ਦਾ ਐਲਾਨ ਹੋ ਗਿਆ। ਗਦਰੀਆਂ ਨੇ ਅੰਗਰੇਜ਼ ਦੇ ਜੰਗ ਵਿਚ ਫਸ ਜਾਣ ਨੂੰ ਅਧਾਰ ਬਣਾ ਕੇ ਫੈਸਲਾ ਕੀਤਾ ਕਿ ਇਹ ਹੀ ਮੌਕਾ ਹੈ ਦੇਸ਼ ਦੀ ਆਜ਼ਾਦੀ ਲਈ ਦੁਸ਼ਮਣ 'ਤੇ ਸੱਟ ਮਾਰਨ ਦਾ। 5 ਅਗਸਤ 1914 ਗਰਦ ਅਖ਼ਬਾਰ ਵਿਚ ਆਜ਼ਾਦੀ ਦਾ ਬਿਗਲ ਬਜਾ ਦਿਤਾ ਗਿਆ। 9 ਅਗਸਤ ਫਰਿਜਨੋ, 10 ਅਗਸਤ ਸੈਕਰਾਮੈਂਟੋ ਆਜ਼ਾਦੀ ਦੀ ਜੰਗ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਪ੍ਰਵਾਸੀ ਭਾਰਤੀਆਂ ਦੀਆਂ ਵਿਸ਼ਾਲ ਕਾਨਫ਼ਰੰਸਾਂ ਹੋਈਆਂ। ਦੇਸ਼ ਪਰਤ ਕੇ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਦਾ ਫੈਸਲਾ ਹੋਇਆ। ਹੋਰ ਮੁਲਕਾਂ ਵਿਚ ਵਸੇ ਭਾਰਤੀ ਪ੍ਰਵਾਸੀਆਂ ਨੂੰ ਗਦਰ ਦੇ ਐਲਾਨ ਦੇ ਸੁਨੇਹੇ ਭੇਜ ਦਿਤੇ ਗਏ।

ਕਰਤਾਰ ਸਿੰਘ ਸਰਾਭਾ ਤਾਂ ਐਨਾ ਉਤਾਵਲਾ ਸੀ ਕਿ ਕਿਸੇ ਵੀ ਫੈਸਲੇ ਨੂੰ ਉਡੀਕੇ ਬਗੈਰ 9, 10 ਅਗਸਤ ਦੀ ਕਾਨਫਰੰਸ ਤੋਂ ਅਗੇਤਰੇ ਹੀ ਰਘਬੀਰ ਦਿਆਲ ਗੁਪਤਾ ਅਤੇ ਜੈਕ ਨੂੰ ਨਾਲ ਲੈ ਕੇ ਨਿਪਨ ਮਾਰੂ ਜਹਾਜ਼ ਰਾਹੀਂ ਦੇਸ਼ ਨੂੰ ਤੁਰ ਪਿਆ।

ਨਿਪਨ ਮਾਰੂ, ਫੁਯਾਗ, ਨਾਮ ਸੈਗ, ਕੋਰੀਆ, ਸਾਇਬੇਰੀਆ, ਮਾਸਿਮਾ ਮਾਰੂ, ਕਵਾਚੀ ਮਾਰੂ ਅਤੇ ਹੋਰ ਅਨੇਕਾਂ ਜਹਾਜ਼ਾਂ ਰਾਹੀਂ ਕੈਨੇਡਾ, ਅਮਰੀਕਾ, ਅਸਟੇਰਲੀਆ, ਸੰਘਈ, ਅਫ਼ਰੀਕਾ, ਮਨੀਲਾ, ਸਿੰਘਾਪੁਰ, ਪੀਨਾਂਗ ਤੇ ਹਾਂਗਕਾਂਗ ਤੋਂ ਦੇਸ਼ ਆਜ਼ਾਦ ਕਰਵਾਉਣ ਲਈ ਗਰਦ ਪਾਰਟੀ ਦੇ ਸੂਰਮੇ ਸਿਰ ਤਲੀ 'ਤੇ ਧਰ ਕੇ ਦੇਸ਼ ਪਰਤ ਕੇ ਗਰਦ ਮਚਾਉਣ ਲਈ ਚਲ ਪਏ।

ਕਾਮਾਗਾਟਾ ਮਾਰੂ ਜਹਾਜ਼ ਦਾ ਸਾਕਾ ਪਹਿਲਾਂ ਹੀ ਵਾਪਰ ਚੁੱਕਾ ਸੀ, ਜਿਸ ਨੇ ਅੰਗਰੇਜ਼ ਵਿਰੁਧ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਲੋਕਾਂ ਦਾ ਗੁੱਸਾ ਹੋਰ ਭੜਕ ਪਿਆ। ਅੰਗਰੇਜ਼ ਸਰਕਾਰ ਵੀ ਇਸ ਲੋਕ ਰੋਹ ਤੋਂ ਜਾਣੂ ਸੀ। ਉਹ ਵੀ ਪਹਿਲਾਂ ਹੀ ਗਦਰੀਆਂ ਨੂੰ ਫੜਨ ਲਈ ਜਾਲ ਵਿਛਾਈ ਬੈਠੀ ਸੀ। ਬਹੁਤ ਸਾਰੇ ਆਗੂ ਦੇਸ਼ ਦੀ ਧਰਤੀ 'ਤੇ ਪੈਰ ਧਰਨ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਏ ਗਏ। ਕਰਤਾਰ ਸਿੰਘ ਸਰਾਭਾ ਕੋਲੰਬੋ ਰਾਹੀਂ ਇਨਕਲਾਬੀ ਲੁਕਟ ਮੀਟੀ ਦੇ ਢੰਗ ਤਰੀਕੇ ਅਪਨਾ ਕੇ ਪੰਜਾਬ ਪੁੱਜਣ ਵਿਚ ਸਫਲ ਹੋ ਗਿਆ।

ਗ੍ਰਿਫਤਾਰੀ ਤੋਂ ਬਚੇ ਗਦਰੀਆਂ ਨੇ ਪਾਰਟੀ ਦਾ ਜਥੇਬੰਦਕ ਢਾਂਚਾ ਨਵੇਂ ਸਿਰਿਉਂ ਉਣ-ਬੁਣ ਕੇ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ, ਬੁੱਧੀਜੀਵੀਆਂ, ਪ੍ਰਸ਼ਾਸਨ ਅਦਾਰਿਆਂ ਖਾਸ ਕਰ ਕੇ ਫੌਜੀਆਂ ਵਿਚ ਧੁਰ ਅੰਦਰ ਤਕ ਗਦਰ ਮਚਾਉਣ ਹਿਤ ਇਨਕਲਾਬੀ ਕੰਮ ਕਰਨਾ ਆਰੰਭ ਕੀਤਾ। ਕਰਤਾਰ ਸਿੰਘ ਸਰਾਭੇ ਨੇ ਜਿਥੇ ਜਥੇਬੰਦੀ ਦੇ ਸੰਗਨਆਤਮਕ ਕੰਮ ਵਿਚ ਆਪਣੀ ਪ੍ਰਵੀਨ ਬੁਧੀ ਤੇ ਯੋਗਤਾ ਦਾ ਸਬੂਤ ਦਿੱਤਾ, ਉਥੇ ਪਾਰਟੀ ਨੂੰ ਕੁਲ ਹਿੰਦ ਪੱਧਰ ਤਕ ਫੈਲਾਉਣ ਲਈ ਬੰਗਾਲ ਦੇ ਇਨਕਲਾਬੀ ਰਾਸ ਬਿਹਾਰੀ ਬੋਸ, ਸਚਿੰਦਰ ਨਾਥ ਅਤੇ ਪੂਨੇ ਦੇ ਵਿਸ਼ਨੂੰ ਗਨੇਸ਼ ਪਿੰਗਲੇ ਨਾਲ ਸਚਾਰੂ ਸੰਪਰਕ ਕਾਇਮ ਕਰ ਕੇ ਬਨੂਕੁਹਾਟ ਛਾਉਣੀ ਤੋਂ ਲੈ ਕੇ ਬੰਗਾਲ ਤਕ ਗਦਰ ਨੂੰ ਜਥੇਬੰਦ ਕੀਤਾ।

21 ਫਰਵਰੀ 1915 ਦਾ ਦਿਨ ਮਿਥਿਆ ਗਿਆ। ਕ੍ਰਿਪਾਲ ਜਹੇ ਗੱਦਾਰਾਂ ਦੀ ਗੱਦਾਰੀ ਕਾਰਨ ਅੰਗਰੇਜ਼ ਹਕੂਮਤ ਚੰਗਾੜੀ ਫੁੱਟਣ ਤੋਂ ਪਹਿਲਾਂ ਹੀ ਨੱਪ ਲੈਣ ਵਿਚ ਸਫਲ ਰਹੀ। ਨਿਰਾਸ਼ਤਾ ਦੇ ਆਮਲ ਵਿਚ ਫੌਜੀ ਜਿਥੇ ਸਨ ਦੜ ਵੱਟ ਕੇ ਬਹਿ ਗਏ। ਪੁਲਿਸ ਲਾਹੌਰ ਤੇ ਹੋਰ ਥਾਈਂ ਆਦਮ ਬੋ ਆਦਮ ਬੋ ਕਰਦੀ ਫਿਰਦੀ ਸੀ। ਬਦਨਾਮ ਡੀਫੈਂਸ ਆਫ਼ ਇੰਡੀਆ ਰੂਲ ਅਧੀਨ ਆਗੂ ਗ੍ਰਿਫ਼ਤਾਰ ਕਰ ਕੇ ਜੇਲੀਂ ਸੁੱਟ ਦਿੱਤੇ ਗਏ। ਪੰਜਾਬ ਦਾ ਗਵਰਨਰ ਜਨਰਲ ਓਡਵਾਇਰ ਆਪਣੀ ਕਿਤਾਬ 'ਜਿਵੇਂ ਮੈਂ ਹਿੰਦ ਨੂੰ ਜਾਣਿਆ' ਵਿਚ ਸਫ਼ਾ 189 'ਤੇ ਲਿਖਦਾ ਹੈ-"ਗਦਰ ਲਹਿਰ ਭਾਰਤ ਵਿੱਚੋਂ ਅੰਗਰੇਜ਼ੀ ਰਾਜ ਨੂੰ ਉਲਟਾਉਣ ਦਾ ਕਿਤੇ ਹੀ ਜ਼ਿਆਦਾ ਖਤਰਨਾਕ ਯਤਨ ਸੀ।'' ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਨੇ ਸਲਾਹ ਕਰ ਕੇ ਕਾਬਲ ਵਾਲੇ ਪਾਸੇ ਆਜ਼ਾਦ ਖੇਤਰ ਵਿਚ ਨਿਕਲਣ ਦੀ ਸਕੀਮ ਬਣਾਈ। ਅਫਗਾਨਿਸਤਾਨ ਦੀ ਸਰਹੱਦ 'ਤੇ ਮਿਚਨੀ ਕੋਲ ਪਹੁੰਚੇ ਤਾਂ ਮੁੜ ਕੇ ਦੁਬਾਰਾ ਲੋਕਾਂ ਨੂੰ ਗਦਰ ਲਈ ਜਥੇਬੰਦ ਕਰਨ ਦਾ ਮਨ ਬਣਾ ਕੇ ਮੁੜ ਗਏ। ਗਦਰ ਦੀ ਗੂੰਜ ਦੀ ਕਵਿਤਾ ਉਨ੍ਹਾਂ ਦੀ ਮਨੋਅਵਸਥਾ ਦਾ ਉਲੇਖ ਕਰਦੀ ਹੈ।

**ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ,**
**ਯੁਧ ਵਿਚ ਪਵੇਗਾ ਜ਼ਰੂਰ ਮਰਨਾ।**
**ਪੈਂਦੇ ਲਲਕਾਰੇ ਸ਼ੇਰਾਂ ਵਾਂਗ ਗਰਜ ਕੇ,**
**ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।**
**ਸ਼ੇਰ ਹੋ ਕੇ ਗਿੱਦੜਾਂ ਦੇ ਕਰੋ ਕੰਮ ਉਏ,**
**ਸੁਣ ਕੇ ਗਦਰ ਦਿਲ ਖਾਉ ਗਮ ਉਏ।**
**ਗੀਦੀ ਬੋਵੇ ਸ਼ੇਰੋ ਕਿਉਂ ਮੈਦਾਨ ਭਜ ਕੇ,**
**ਬਦੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।**
**ਪਿਛਲੀ ਕਲੰਕੀ ਸਾਡੀ ਚੁੱਕੀ ਜਾਊਗੀ,**
**ਹੋਊਗੀ ਆਜ਼ਾਦ ਨਸਲ ਸੁਖ ਪਾਊਗੀ।**
**ਬੰਦੇ ਮਾਤਰਮ ਸਭ ਬੋਲੇ ਗੱਜ ਕੇ,**
**ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।**

ਗੰਡਾ ਸਿੰਘ ਰਸਾਲਪੁਰ ਦੇ ਮੁਖਬਰੀ ਕਰਨ 'ਤੇ ਤਿੰਨੇ ਸੂਰਮੇਂ ਸਰਗੋਧੇ ਦੀ ਬਾਰ ਚੱਕ ਨੰਬਰ 5 ਤੋਂ 2 ਮਾਰਚ 1915 ਨੂੰ ਗ੍ਰਿਫਤਾਰ ਕਰ ਲਏ ਗਏ। 26 ਅਪ੍ਰੈਲ 1915 ਨੂੰ ਪਹਿਲਾਂ ਲਾਹੌਰ ਸਾਜ਼ਸ਼ ਕੇਸ ਤਿੰਨ ਮੈਂਬਰੀ ਟਰੀਬਿਊਨਲ ਜਿਸ ਦੇ ਪ੍ਰਧਾਨ ਇਰਵਨ, ਮੈਂਬਰ ਐਲਸ ਤੇ ਸਿਵਨਰੈਣ ਸਨ, ਲਾਹੌਰ ਦੇ ਸ਼ਾਹੀ ਕਿਲੇ ਵਿਚ ਆਰੰਭ ਹੋਇਆ। ਜਿਸ ਦਾ ਫੈਸਲਾ 13 ਸਤੰਬਰ 1915 ਨੂੰ ਹੋਇਆ। ਸ. ਕਰਤਾਰ ਸਿੰਘ ਸਰਾਭੇ ਸਮੇਤ 7 ਨੂੰ ਫਾਂਸੀ, 38 ਨੂੰ ਉਮਰ ਕੈਦ 12 ਹੋਰ ਨੂੰ ਘਟ ਸਜ਼ਾਵਾਂ ਸੁਣਾਈਆਂ ਗਈਆਂ।

ਸੀ.ਆਈ.ਡੀ. ਦੇ ਸੁਪਰਡੈਂਟ ਹੇਅਰ ਸਕਾਟ ਤੇ ਟਾਮਕਨ ਵਰਗੇ ਅੰਗਰੇਜ਼ ਅਫਸਰ ਕਰਤਾਰ ਸਿੰਘ ਸਰਾਭੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ ਕਰਨ ਤੋਂ ਧਰਕਦੇ ਸਨ। ਉਨ੍ਹਾਂ ਨੂੰ ਸਰਾਭੇ ਦੀ ਬੁਧੀਵਿਵੇਕ, ਸਾਫਗੋਈ ਤੇ ਨਿਰਭੈਅਤਾ ਤੋਂ ਡਰ ਆਉਂਦਾ ਸੀ। ਇਨ੍ਹਾਂ ਸੂਰਮਿਆਂ ਤੇ ਤਾਂ ਜਿਰਾ ਤੇ ਹਿੰਦ ਦੀਆਂ ਧਾਰਾਵਾਂ 121, 127 ਏ ਹਕੂਮਤ ਦੇ ਖਿਲਾਫ ਬਾਗ਼ਵਤ, ਸਲਤਨਤ ਇੰਗਲਿਸਤਾਨ ਦਾ ਤਖਤਾ ਉਲਟਾਉਣ ਦਾ ਦੋਸ਼ ਲਾਇਆ ਗਿਆ। ਸਰਕਾਰੀ ਗਵਾਹਾਂ ਦੇ ਭੁਗਤਣ ਤੋਂ ਬਾਅਦ ਇੰਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਦੇ ਬਿਆਨ ਕਲਮਬੰਦ ਹੋ ਗਏ। ਕਰਤਾਰ ਸਿੰਘ ਸਰਾਭਾ ਨੇ ਸਾਫ ਸ਼ਬਦਾਂ ਵਿਚ ਇਨਬਾਲ ਕੀਤਾ, "ਮੈਂ ਅੰਗਰੇਜ਼ਾਂ ਦੀ ਗੁਲਾਮੀ ਤੋਂ ਭਾਰਤ ਨੂੰ ਨਜਾਤ ਦਿਵਾਉਣੀ ਚਾਹੁੰਦਾ ਸਾਂ। ਫੌਜਾਂ ਨੂੰ ਨਾਲ ਜੋੜਿਆ, ਭਾਰਤੀਆਂ ਨੂੰ ਜਥੇਬੰਦ ਕਰ ਕੇ ਸਰਕਾਰ ਦਾ ਤਖਤਾ ਉਲਟਾਉਣ ਦਾ ਯਤਨ ਕੀਤਾ, ਜੋ ਵੀ ਕੀਤਾ ਮੈਂ ਠੀਕ ਕੀਤਾ ਹੈ। ਇਸ 'ਤੇ ਮੈਨੂੰ ਫਖਰ ਹੈ।''

**ਕੋਈ ਪੂਛੇ ਕੌਨ ਹੋ ਤੁਮ ਤੋ**
**ਕਹਿ ਦੋ ਬਾਗੀ ਜਿਹ ਨਾਮ ਆਪਨਾ**
**ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,**
**ਗਦਰ ਕਾ ਕਰਨਾ ਜਿਹ ਕਾਮ ਆਪਨਾ**
**ਨਵਾਜ ਸੰਧਿਆ ਜਹੀ ਹਮਾਰੀ,**
**ਔਰ ਪਾਠ ਪੂਜਾ ਭੀ ਸਭ ਜਹੀ ਹੈ**
**ਧਰਮ ਕਰਮ ਸਭ ਜਹੀ ਹੈ ਪਿਆਰੋ,**
**ਜਹੀ ਖੁਦਾ ਔਰ ਨਾਮ ਆਪਨਾ।**

(ਕਰਤਾਰ ਸਿੰਘ ਸਰਾਭਾ)

ਜੱਜ ਨੇ ਕਰਤਾਰ ਸਿੰਘ ਸਰਾਭੇ ਨੂੰ ਕਿਹਾ, "ਤੂੰ ਅਜੇ ਬੱਚਾ ਹੈਂ। ਜੁਰਮ ਦਾ ਇਕਬਾਲ ਨਾ ਕਰ ਅਤੇ ਮੁਆਫੀ ਲਈ ਬੇਨਤੀ ਕਰ ਤਾਂ.. .. ..।''

ਉਤਰ ਸੀ, "ਮੈਂ ਬੇਗਾਨੀ ਦੁਸ਼ਟ ਹਕੂਮਤ ਉਲਟਾਉਣ ਲਈ ਕੀਤੇ ਕਾਰਨਾਮੇ ਲੁਕਾ ਕੇ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।''

ਜੱਜਾਂ ਨੇ ਕਰਤਾਰ ਨੂੰ ਸੋਚਣ ਦਾ ਮੌਕਾ ਦੇਣ ਹਿਤ ਫੈਸਲਾ ਦੇਣ ਲਈ ਇਕ ਦਿਨ ਦੀ ਦੇਰੀ ਕੀਤੀ। ਦੂਸਰੇ ਦਿਨ ਕਰਤਾਰ ਸਿੰਘ ਸਰਾਭੇ ਨੇ ਫਿਰ ਪਹਿਲੇ ਵਾਲਾ ਬਿਆਨ ਦੂਹਰਾ ਦਿੱਤਾ। ਭਾਈ ਪਰਮਾਨੰਦ ਝਾਂਸੀ ਨੂੰ ਜੇਲ ਵਿਚ ਕਰਤਾਰ ਸਿੰਘ ਸਰਾਭੇ ਵਲੋਂ ਇਸ ਸਬੰਧੀ ਸੁਣਾਈ ਉਰਦੂ ਕਵਿਤਾ ਦੀਆਂ ਲਾਈਨਾਂ ਕਰਤਾਰ ਸਿੰਘ ਦੀ ਪੁਖਤਾ ਦਿਲੀ ਤੇ ਇਰਾਦੇ ਦੀ ਦ੍ਰਿੜਤਾ ਦਾ ਪ੍ਰਗਟਾਵਾ ਕਰਦੀ ਹੈ।

**ਜਹੀ ਪਾਉਗੇ ਮਹਿਸ਼ਰ ਮੇਂ ਜ਼ਬਾਂ ਮੇਰੀ ਬਿਆਨ ਮੇਰਾ**
**ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੁਸਤਾਨ ਮੇਰਾ।**
**ਮੈਂ ਹਿੰਦੀ ਠੇਠ ਹਿੰਦੀ ਖੂਨ ਹਿੰਦੀ ਜਾਤ ਹਿੰਦੀ ਹੂੰ**
**ਜਹੀ ਮਜ਼ਹਬ ਜਹੀ ਫਿਰਕਾ ਜਹੀ ਹੈ ਖਾਨਦਾਨ ਮੇਰਾ।**
**ਮੈਂ ਉਜੜੇ ਹੂਏ ਭਾਰਤ ਕੇ ਖੰਡਰ ਕਾ ਇਕ ਜ਼ੱਰਾ ਹੂੰ**
**ਜਹੀ ਬਸ ਇਕ ਪਤਾ ਮੇਰਾ ਜਹੀ ਨਾਮੋ ਨਿਸ਼ਾਨ ਮੇਰਾ।**
**ਕਦਮ ਛੂ ਲੂੰ ਮਾਦਰੇ ਭਾਰਤ ਤੇਰੇ ਮੈਂ ਉਠਤੇ ਔਰ ਬੈਠਤ।**
**ਕਹਾਂ ਕਿਸਮਤ ਮੇਰੀ ਐਸੀ, ਨਸੀਬ ਜੇਹ ਕਹਾਂ ਮੇਰਾ**
**ਤੇਰੀ ਖਿਦਮਤ ਮੇਂ ਐ ਭਾਰਤ ਜੇਹ ਸਰ ਜਾਏ ਜੇਹ ਜਾਨ ਜਾਏ**
**ਤੋ ਸਮਝੂੰਗਾ ਜੇਹ ਮਰਨਾ ਹੂਆ ਤੇ ਚਾਦਮਾ ਮੇਰਾ**

(ਕਰਤਾਰ ਸਿੰਘ ਸਰਾਭਾ)

ਜੱਜਾਂ ਨੇ ਕਰਤਾਰ ਸਿੰਘ ਸਰਾਭਾ ਨੂੰ ਪ੍ਰਸ਼ਨ ਕੀਤਾ, "ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਇਕਬਾਲੀਆ ਬਿਆਨ ਨਾਲ ਤੁਹਾਨੂੰ ਕੀ ਸਜ਼ਾ ਹੋ ਸਕਦੀ ਹੈ।'' ਉਤਰ ਸੀ, "ਫਾਂਸੀ ਜਾਂ ਉਮਰ ਕੈਦ ਪਰ ਮੈਂ ਫਾਂਸੀ ਲਗਣ ਨੂੰ ਤਰਜੀਹ ਦਿੰਦਾ ਹਾਂ। ਮੇਰਾ ਪੁਨਰ ਜਨਮ ਵਿਚ ਵਿਸ਼ਵਾਸ ਤਾਂ ਨਹੀਂ ਫਿਰ ਵੀ ਮੈਂ ਛੇਤੀ ਫਾਂਸੀ ਲਗਣਾ ਲੋਚਦਾ ਹਾਂ ਤਾਂ ਜੋ ਮੁੜ ਜਨਮ ਲੈ ਕੇ ਦੇਸ਼ ਦੀ ਆਜ਼ਾਦੀ ਲਈ ਲੜ ਸਕਾਂ। ਰਹਿਮ ਲਈ ਅਪੀਲ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।'' 16 ਨਵੰਬਰ 1915 ਲਾਹੌਰ ਸੈਂਟਰਲ ਜੇਲ ਵਿਚ ਇਹ ਸਭ ਯੋਧੇ ਕਰਤਾਰ ਸਿੰਘ ਸਰਾਭਾ ਸਮੇਤ ਮੌਤ ਨੂੰ ਮਖੌਲ ਕਰਦੇ ਗਦਰ ਦੀਆਂ ਗੂੰਜਾਂ ਦੀਆਂ ਵਾਰਾਂ ਗਾਉਂਦੇ ਫਾਂਸੀ ਦੇ ਫੰਦੇ ਗਲ 'ਚ ਪਾ ਕੇ ਸ਼ਹੀਦ ਹੋ ਗਏ।

**ਜਿਸ ਧਜ ਸੇ ਕੋਈ ਮਕਤਲ ਮੇਂ ਗਿਆ**
**ਵੋਹ ਸ਼ਾਨ ਸਲਾਮਤ ਰਹਿਤੀ ਹੈ**
**ਜੇਹ ਜਾਨ ਤੋ ਆਨੀ ਜਾਨੀ ਹੈ,**
**ਇਸ ਜਾਨ ਕੀ ਕੋਈ ਬਾਤ ਨਹੀਂ।**

ਗਦਰ ਪਾਰਟੀ ਦੇ ਸੂਰਮਿਆਂ ਦੀਆਂ ਕੁਰਬਾਨੀਆਂ ਤੱਤਕਾਲ ਤਾਂ ਕੋਈ ਨਤੀਜੇ ਨਾ ਕੱਢ ਸਕੀਆਂ ਪਰ ਕੌਮੀ ਮੁਕਤੀ ਘੋਲ ਦੀ ਹਰ ਲਹਿਰ ਵਿਚ ਉਸ ਦਾ ਪਰਤੌਅ ਜ਼ਰੂਰ ਵੇਖਣ ਨੂੰ ਮਿਲਿਆ, ਜਿਸ ਦੇ ਸਿੱਟੇ ਵਜੋਂ 15 ਅਗਸਤ 1947 ਨੂੰ ਅੰਗਰੇਜ਼ ਨੂੰ ਆਪਣਾ ਬੋਰੀਆ ਬਿਸਤਰਾ ਸਮੇਟ ਕੇ ਭਾਰਤ ਨੂੰ ਛੱਡ ਕੇ ਜਾਣਾ ਪਿਆ। ਗਦਰ ਪਾਰਟੀ ਦੇ ਸੂਰਬੀਰਾਂ ਜਿਨ੍ਹਾਂ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ, ਉਮਰ ਕੈਦਾਂ ਕੱਟੀਆਂ, ਦੀਆਂ ਕੁਰਬਾਨੀਆਂ ਅੱਗੇ ਸਿਰ ਨੀਵਾਂ ਕਰੀਏ ਤੇ ਯਾਦ ਨੂੰ ਤਾਜ਼ਾ ਰਖੀਏ। ਹਰ ਭਾਰਤੀ ਦਾ ਫਰਜ਼ ਬਣਦਾ ਹੈ।

**ਮੈਂ ਸਲਾਮ ਕਰਦਾ ਹਾਂ**
**ਬੀਤੇ ਵੇਲਿਆਂ ਦਾ ਵੱਗਿਆ ਹੋਇਆ ਖੂਨ**
**ਜ਼ਿੰਦਗੀ ਦੀ ਧਰਤੀ ਤੋਂ ਚੁੱਕ ਕੇ**
**ਮਥਿਆਂ 'ਤੇ ਲਾਇਆ ਜਾਏਗਾ।**

(ਪਾਸ਼)

# NIRVANA

**Restaurant ✲ Lounge ✲ Hall**

**North America's first exclusive east indian restuarant &cocktail lounge.**

*Professionally giving you the hospitality of India.*








*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**

# ਕੋਈ ਨਈਂ ਕਿਸੇ ਦਾ ਬੇਲੀ



ਪ੍ਰੋ. ਨਵੀਨ ਰਮਨ

ਉਹ ਵੇਲੇ ਚਿਰੋਕਣੇ ਲੱਦ ਗਏ ਹਨ ਜਦੋਂ ਗਾਇਕ ਤੇ ਉਸ ਦੀ ਗਾਇਕੀ ਜੁਦਾ ਜੁਦਾ ਨਹੀਂ ਹੁੰਦੇ ਸਨ। ਜਿੱਧਰ ਗਾਇਕ ਜਾਂਦਾ ਸੀ ਓਧਰ ਹੀ ਉਸ ਦੀ ਗਾਇਕੀ ਵੀ ਜਾਂਦੀ ਸੀ। ਲੋਕ, ਗਾਇਕੀ ਦਾ ਅਨੰਦ ਮਾਣਨ ਲਈ ਖੁਦ ਕੋਹਾਂ ਪੈਂਡਾਂ ਤਹਿ ਕਰ ਕੇ ਗਾਇਕ ਕੋਲ ਪਹੁੰਚੇ ਸਨ। ਗਾਇਕੀ ਦੇ ਖੇਤਰ ਵਿਚ ਉਸਤਾਦੀ-ਸ਼ਗਿਰਦੀ ਦੀ ਪ੍ਰੰਪਰਾ ਸਥਾਪਤ ਸੀ। ਸ਼ਗਿਰਦ ਆਪਣੇ ਉਸਤਾਦ ਪਾਸੋਂ ਗਾਇਕੀ ਦੀਆਂ ਬਾਰੀਕੀਆਂ ਸਾਲਾਂ-ਬੱਧੀ ਸਿੱਖਦੇ ਸਨ। ਪੂਰੇ ਪ੍ਰਬੀਨ ਹੋ ਕੇ, ਸੁਰਾਂ ਦੇ ਮਾਹਿਰ ਹੋ ਕੇ, ਅਖਾੜਿਆਂ ਵਿਚ ਉਤਰਦੇ ਸਨ। ਆਪਣੇ ਤੇ ਆਪਣੇ ਉਸਤਾਦ ਦੇ ਫਨ ਲਈ ਲੋਕਾਂ ਦਾ ਜੱਸ ਖਟਦੇ ਸਨ। ਅਖਾੜਿਆਂ 'ਚ ਇਕੱਤਰ ਅਸ਼ ਅਸ਼ ਕਰਨ ਵਾਲੇ ਸਰੋਤੇ ਉਸ ਦੇ ਉਸਤਾਦ ਦੀ ਵੀ ਭਰਵੀਂ ਸਿਫ਼ਤ ਕਰਦੇ ਸਨ। ਗਾਇਕੀ ਦਾ ਸਫ਼ਰ ਯੁਗਾਂ-ਯੁਗਾਂ ਤਕ ਇਸੇ ਤਰ੍ਹਾਂ ਹੀ ਚਲਦਾ ਰਿਹਾ।



ਫਿਰ ਗਾਇਕੀ ਨੂੰ ਸਾਂਭਣ ਵਾਲੇ ਲਾਖ ਦੇ ਬਣੇ ਹੋਏ ਤਵੇ ਆ ਗਏ। ਤਵਿਆਂ ਦੇ ਆਉਣ ਨਾਲ ਹੀ ਗਾਇਕ ਤੇ ਉਸ ਦੀ ਗਾਇਕੀ ਵਿਚਕਾਰ ਨਿਖੇੜ ਦਾ ਅਮਲ ਵੀ ਸ਼ੁਰੂ ਹੋ ਗਿਆ। ਗਾਇਕ ਲਾਖ ਦੇ ਤਵਿਆਂ ਵਿਚ ਉਪਲਬਧ ਹੋ ਗਿਆ। ਗ੍ਰਾਮੋਫੋਨ ਰਾਹੀਂ ਉਨ੍ਹਾਂ ਨੂੰ ਕੋਠੋ 'ਤੇ ਮੰਜੀਆਂ ਜੋੜ ਕੇ ਟੰਗੇ ਸਪੀਕਰ ਰਾਹੀਂ ਘਰ ਘਰ ਸੁਣਿਆ ਜਾਣ ਲੱਗ ਪਿਆ। ਲਾਖ ਦੇ ਵੱਡੇ ਤਵਿਆਂ ਤੋਂ ਮਗਰੋਂ ਛੋਟੇ ਤੇਵੇ ਆ ਗਏ ਤੇ ਕੈਸਿਟ ਦੇ ਆਉਣ ਤਕ ਤਵਿਆਂ ਦੀ ਸਰਦਾਰੀ ਬਣੀ ਰਹੀ। ਤਵਿਆਂ ਨੂੰ ਤਿਅਰ ਕਰ ਕੇ ਬਾਜ਼ਾਰ ਵਿਚ ਭੇਜਣ ਵਾਲੀ ਕੁੱਤੇ ਵਾਲੀ ਕੰਪਨੀ (ਐਚ.ਐਮ.ਵੀ.) ਗਾਇਕੀ ਦੀ ਜਾਂ ਗਾਇਕੀ ਸਨਅਤ ਦੀ ਸਮਾਨਰਥੀ ਹੀ ਬਣ ਗਈ। ਫਿਰ ਟੇਪ ਰਿਕਾਰਡ ਦਾ ਜ਼ਮਾਨਾ ਆ ਗਿਆ ਤਾਂ ਨਿਕਚੂ ਜਿਹੀ ਕੈਸਿਟ ਨੇ ਤਵਿਆਂ ਨੂੰ ਅਜਾਇਬ ਘਰਾਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ। ਛੋਟਾ ਜਿਹਾ ਕੈਸਿਟ ਪਲੇਅਰ, ਛੋਟੀ ਜਿਹੀ ਕੈਸਿਟ, ਕਿੰਨੇ ਸਾਰੇ ਗੀਤ। ਆਪਣਾ ਨਿੱਜੀ ਕੈਸਿਟ ਪਲੇਅਰ ਵੀ ਆਮ ਆਦਮੀ ਦੀ ਪਹੁੰਚ ਵਿਚ ਹੋ ਗਿਆ। ਗਾਇਕੀ ਦੇ ਲੁਤਫ ਲਈ ਮੰਜੀਆਂ ਜੋੜ ਕੇ ਟੰਗੇ ਸਪੀਕਰ 'ਤੇ ਕੋਈ ਨਿਰਭਰਤਾ ਨਾ ਰਹੀ।

ਗਾਇਕੀ ਦੀ ਰਿਕਾਰਡਿੰਗ ਦੇ ਇਸ ਸਮੁੱਚੇ ਅਮਲ ਵਿਚ ਗਾਇਕ ਦੀ ਅਹਿਮੀਅਤ ਫਿਰ ਵੀ ਬਣੀ ਰਹੀ। ਸਰੋਤੇ ਦੇ ਮਨ ਵਿਚ ਉਸ ਵਿਅਕਤੀ ਨੂੰ ਦੇਖਣ ਤੇ ਗਾਉਂਦਿਆਂ ਸੁਣਨ ਦੀ ਜਗਿਆਸਾ ਪੈਦਾ ਹੁੰਦੀ ਰਹੀ, ਜਿਸ ਨੇ ਉਸ ਦੇ ਮਨ ਨੂੰ ਟੁੰਬਣ ਵਾਲੇ ਸੁਹਣੇ ਤੇ ਸੁਰੀਲੇ ਬੋਲ ਗਾਏ ਹਨ ਜਾਂ ਰੀਲਾਂ ਵਿਚ ਭਰਵਾਏ ਸਨ। ਇਸੇ ਜਗਿਆਸਾ ਕਾਰਨ ਹੀ ਗਾਇਕੀ ਦੇ ਅਖਾੜੇ ਤੇ ਸਭਿਆਚਾਰਕ ਮੇਲੇ ਲਗਦੇ ਰਹੇ। ਗਾਇਕ ਲੋਕਾਂ ਦੀ ਹਜ਼ੂਰੀ ਵਿੱਚ ਹਾਜ਼ਰੀ ਭਰਦੇ ਰਹੇ। ਪਰ ਗਾਇਕ ਦੀ ਇਨ੍ਹਾਂ ਅਖਾੜਿਆਂ ਤੇ ਮੇਲਿਆਂ ਵਿਚ ਹਾਜ਼ਰੀ ਪ੍ਰਬੰਧਕਾਂ ਦੀ ਮੁਥਾਜ ਬਣ ਕੇ ਰਹਿ ਗਈ। ਗਾਇਕੀ ਦੇ ਖੇਤਰ ਵਿਚ ਕਈ ਪ੍ਰਬੰਧਕਾਂ ਦੀ ਪਦਵੀ ਤਾਂ ਨਾਮੀ ਗਾਇਕਾਂ ਤੋਂ ਵੀ ਉਚੀ ਹੋ ਗਈ। ਜਗਦੇਵ ਸਿੰਘ ਜੱਸੋਵਾਲ ਵਰਗੇ ਪ੍ਰਬੰਧਕਾਂ ਨੂੰ ਗਾਇਕੀ ਦੇ ਪੈਗੰਬਰ ਵਾਂਗ ਗਾਇਕਾਂ ਵਲੋਂ ਪੂਜਿਆ ਜਾਣ ਲੱਗ ਪਿਆ।

ਗੀਤਾਂ ਦੀ ਵੀਡਿਓਗ੍ਰਾਫ਼ੀ ਦਾ ਦੌਰ ਸ਼ੁਰੂ ਹੋਣ ਨਾਲ ਗਾਇਕੀ-ਸਨਅਤ ਵਿੱਚ ਇਕ ਨਵੀਂ ਤੇ ਸਿਫ਼ਤੀ ਤਬਦੀਲੀ ਆਈ। ਹੁਣ ਗੀਤ ਸੁਣੇ ਘੱਟ ਤੇ ਦੇਖੇ ਵੱਧ ਜਾਣ ਲੱਗ ਪਏ। ਚੈਨਲਾਂ 'ਤੇ ਪੇਸ਼ ਗੀਤ ਹੀ ਇਨ੍ਹਾਂ ਦੇ ਗਾਇਕ ਦੀ ਹਰਮਨ ਪਿਆਰਤਾ ਦਾ ਆਧਾਰ ਬਣ ਗਏ। ਗਾਇਕ ਨੂੰ ਇਹ ਸੌਦਾ ਮਹਿੰਗਾ ਪੈਂਦਾ ਸੀ। ਕਈ ਸੁਰੀਲੇ ਗਾਇਕ ਇਸ ਮਹਿੰਗਾਈ ਦੀ ਮਾਰ ਹੇਠ ਆ ਗਏ, ਜਿਨ੍ਹਾਂ ਨੂੰ ਇਹ ਸੌਦਾ ਪੁੱਗਦਾ ਸੀ ਉਹ ਬੇਸੁਰੇ ਵੀ ਚਲ ਨਿਕਲੇ। ਚੈਨਲਾਂ ਦੀ ਮਹਿੰਗਾਈ ਨੇ ਕਈ ਗਾਇਕਾਂ ਨੂੰ ਘਰ ਬੈਠ ਕੇ ਸਬਰ ਕਰਨ ਤੇ ਕਈਆਂ ਨੂੰ ਤਾਂ ਘਰ ਪੱਟੇ ਜਾਣ ਉਪਰੰਤ ਖੁਦਕੁਸ਼ੀਆਂ ਲਈ ਵੀ ਮਜਬੂਰ ਕਰ ਦਿਤਾ। ਇਸ ਸਮੇਂ ਜੇਕਰ ਕਿਸੇ ਗਾਇਕ ਨੇ ਆਪਣੀ ਕੈਸਿਟ/ਸੀਡੀ ਦਾ ਪ੍ਰੋਮੋ ਟੀ.ਵੀ. ਚੈਨਲ 'ਤੇ ਦੇਣਾ ਹੋਵੇ ਤਾਂ ਉਸ ਨੂੰ ਪ੍ਰਤੀ 10 ਸੈਕੰਡ ਇਕ ਸੌ ਪੰਜਾਹ ਤੋਂ ਲੈ ਕੇ ਚਾਰ ਸੌ ਰੁਪਏ ਤਕ ਦੀ ਅਦਾਇਗੀ ਚੈਨਲ ਮਾਲਕਾਂ ਨੂੰ ਕਰਨੀ ਪੈਂਦੀ ਹੈ। ਗਾਇਕੀ ਸਨਅਤ 'ਚ ਕੋਈ ਕਿਸੇ ਦਾ ਸਕਾ ਨਹੀਂ, ਸੱਭ ਪੈਸੇ ਲੈਂਦੇ ਹਨ। ਢੋਲ ਮਾਸਟਰ ਤੋਂ ਲੈ ਕੇ ਇਸਤਰੀ-ਗਾਇਕਾ ਤਕ ਸਭ ਲੋਕਾਂ ਨੂੰ ਪੈਸੇ ਦੇਣੇ ਪੈਂਦੇ ਹਨ ਤੇ ਅਕਸਰ ਇਹ ਪੈਸੇ ਗਾਇਕ ਹੀ ਦਿੰਦਾ ਹੈ। ਦੂਜੇ ਪਾਸੇ ਸਰੋਤੇ ਦੀ ਗਾਇਕ ਲਈ ਕੋਈ ਜਗਿਆਸਾ ਨਹੀਂ ਰਹੀ। ਉਹ ਆਪਣਾ ਗਾਇਕੀ ਨਾਲ ਸਬੰਧਤ ਸਾਰਾ ਸ਼ੌਕ ਛੋਟੀ ਸਕਰੀਨ ਤੋਂ ਪੂਰਾ ਕਰ ਲੈਂਦਾ ਹੈ। ਫਿਰ ਵੀ ਗਾਇਕ ਪੈਸੇ ਖਰਚਦੇ ਰਹੇ। ਇਹ ਸੋਚ ਕੇ ਕਿ ਚੱਲੋ ਰੀਲ ਨਿਕਲੇਗੀ, ਪ੍ਰੋਗਰਾਮ ਬੁਕ ਹੋ ਜਾਣਗੇ ਆਦਿ। ਪਰ ਆਉਣ ਵਾਲੇ ਖਤਰੇ ਦਾ ਤਾਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ।






ਫਿਰ ਬਾਜ਼ਾਰ ਵਿਚ ਸੀਡੀ ਆ ਗਈ, ਕੈਸਿਟ ਤਾਂ ਜਿਵੇਂ ਛੂ-ਮੰਤਰ ਹੀ ਹੋ ਗਈ। ਕਿੰਨੀਆਂ ਸਾਰੀਆਂ ਰੀਲਾਂ ਇਕੋ ਸੀਡੀ ਵਿਚ ਪਾਇਰੇਸੀ ਰਾਹੀਂ ਵਿਕਣ ਲੱਗੀਆਂ ਤਾਂ ਗਾਇਕ ਵਿਸ਼ੇਸ਼ ਦੀ, ਵਿਸ਼ੇਸ਼ ਸੀਡੀ ਦੀ ਵੀ ਕੋਈ ਵਿੱਕਰੀ ਨਾ ਰਹੀ। ਇਕੋ 10-12 ਰੁਪਏ ਦੀ ਸੀਡੀ ਵਿਚ 20-20 ਸੀਡੀਆਂ ਮਿਲਣ ਲੱਗੀਆਂ ਤਾਂ ਗਾਇਕਾਂ ਵਲੋਂ ਸੀਡੀ ਕਰਵਾਉਣ (ਰਿਕਾਰਡ) ਦਾ ਧੰਦਾ ਵੀ ਚੌਪਟ ਹੋ ਗਿਆ। ਇਸ ਸਮੇਂ ਪੰਜਾਬੀ ਗਾਇਕੀ ਦੇ ਖੇਤਰ ਵਿਚ ਗਾਹ ਜਿਹਾ ਪਿਆ ਹੋਇਆ ਹੈ। ਸ਼ੋਰ ਤੇ ਸ਼ਾਤਰਤਾ ਪ੍ਰਧਾਨ ਹੈ। ਗਾਇਕੀ ਮਹਿਜ਼ ਤਮਾਸ਼ਾ ਜਿਹਾ ਬਣ ਕੇ ਰਹਿ ਗਈ ਹੈ। ਕੋਈ ਗਾਇਕ ਦੁੱਧ ਦੇ ਧੰਦੇ ਵਿਚ ਪੈ ਗਿਆ ਸੁਣੀਦਾ ਹੈ, ਕੋਈ ਆਪਣੀ ਅਧੂਰੀ ਪਈ ਪੜ੍ਹਾਈ ਪੂਰੀ ਕਰ ਕੇ ਮਾਸਟਰ ਲੱਗਣ ਦੀ ਸੋਚ ਰਿਹਾ ਹੈ। ਕੋਈ ਸਭਿਆਚਾਰਕ ਗਾਇਕੀ ਛੱਡ ਕੇ ਜਗਰਾਤੇ ਲਾਉਣ ਲੱਗ ਪਿਆ ਹੈ। ਹਰ ਕੋਈ ਗਾਇਕੀ ਤੋਂ ਉਕਤਾ ਜਿਹਾ ਗਿਆ ਪ੍ਰਤੀਤ ਹੋ ਰਿਹਾ ਹੈ।। ਪੰਜਾਬੀ ਮਿਊਜ਼ਿਕ ਚੈਨਲ ਪੰਜਾਬੀ ਸਰੋਤਿਆਂ ਦੀ ਪਸੰਦ ਨਹੀਂ ਰਹੇ। ਸੀਡੀ ਕਲਚਰ ਨੂੰ ਪੈਨ ਡਰਾਈਵ ਨੇ ਸਮੇਟ ਦਿੱਤਾ ਜਾਪਦਾ ਹੈ। ਕੰਪਿਊਟਰ ਦਾ ਡਾਊਨਲੋਡ ਗਾਇਨ ਸਰੋਤਿਆਂ ਨੂੰ ਵੱਡੀ ਮਾਤਰਾ 'ਚ ਉਪਲਬਧ ਹੈ। ਇਸ ਮਾਹੌਲ ਵਿਚ ਵੱਡੇ ਵੱਡੇ ਗਾਇਕ ਹਾਸ਼ੀਏ 'ਤੇ ਜਾ ਰਹੇ ਹਨ। ਜਿਹੜੇ ਉਭਰੇ ਵੀ ਹਨ, ਉਨ੍ਹਾਂ ਦੇ 'ਉਭਾਰ' ਉਪਰ ਵੀ 'ਉਤਾਰ' ਦੇ ਸੰਕਟ ਮੰਡਰਾ ਰਹੇ ਹਨ।

ਜੀ.ਐਚ.ਜੀ. ਖਾਲਸਾ ਕਾਲਜ
ਗੁਰੂਸਰ ਸੁਧਾਰ (ਲੁਧਿਆਣਾ)

## ਪੰਜਾਬੀ ਫਿਲਮ 'ਕੌਣ ਦਿਲਾਂ ਦੀਆਂ ਜਾਣੇ' ਦੀ ਡੀ.ਵੀ.ਡੀ. ਰੀਲੀਜ਼




'ਕੌਣ ਦਿਲਾਂ ਦੀਆਂ ਜਾਣੇ' ਦੀ ਡੀਵੀਡੀ ਰਿਲੀਜ਼ ਕਰਦੇ ਹੋਏ ਲਿਖਾਰੀ ਸਭਾ ਦੇ ਅਹੁਦੇਦਾਰ।

ਕੈਲਗਰੀ(ਨ ਦ ਬ )-ਸੰਦਲ ਪ੍ਰਡੋਕਸ਼ਨ ਕੈਲਗਰੀ ਦੀ ਪੇਸ਼ਕਸ਼ ਲੇਖਕ ਬਲਜਿੰਦਰ ਸੰਘਾ ਦੀ ਲਿਖੀ ਪੰਜਾਬੀ ਫਿਲਮ 'ਕੌਣ ਦਿਲਾਂ ਦੀਆਂ ਜਾਣੇ' ਸ਼ੁਮਾਰੋਂ ਕੰਪਨੀ ਵੱਲੋਂ ਦੁਨੀਆਂ ਭਰ ਵਿਚ ਰੀਲੀਜ਼ ਕਰ ਦਿੱਤੀ ਗਈ ਹੈ ਜਿਸ ਦਾ ਰੀਲੀਜ਼ ਸਮਾਰੋਹ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਗਵਾਈ ਹੇਠ ਕੋਸੋ ਦੇ ਹਾਲ ਵਿਚ ਕੀਤਾ ਗਿਆ। ਸਭਾ ਦੇ ਪ੍ਰਧਾਨ ਗੁਰਬਚਨ ਬਰਾੜ, ਜਨਰਲ ਸਕੱਤਰ ਤਰਲੋਚਨ ਸੈਂਭੀ ਨੇ ਪਰਮਜੀਤ ਸੰਦਲ ਦੇ ਪਰਿਵਾਰ ਨਾਲ ਇਸ ਫਿਲਮ ਦੀ ਡੀ.ਵੀ.ਡੀ ਰੀਲੀਜ਼ ਕੀਤੀ। ਹਰਕੰਵਲਜੀਤ ਸਾਹਿਲ ਨੇ ਫਿਲਮ ਨੂੰ ਬਣਾਉਣ ਵਿਚ ਹੋਈ ਮਿਹਨਤ ਤੇ ਚਾਣਨਾ ਪਾਇਆ। ਉਪਰੰਤ ਫਿਲਮ ਦੇ ਲੇਖਕ ਬਲਜਿੰਦਰ ਸੰਘਾ ਨੇ ਕਿਹਾ ਕਿ ਇਸ ਫਿਲਮ ਦੀ ਸੂਟਿੰਗ ਕੈਨੇਡਾ ਤੋਂ ਇਲਾਵਾ ਦਿੱਲੀ ,ਜਲੰਧਰ, ਵਡਾਲਾ, ਤਾਜਪੁਰ, ਤਲਵੰਡੀ ਭਾਈ ਤੇ ਪਿੰਡ ਢੁੱਡੀ ( ਫਰਦੀਕੋਟ) ਹੋਈ ਹੈ ਤੇ ਇਹ ਇਕ ਕਮੇਡੀ ਭਰਪੂਰ ਤੇ ਪੂਰੀ ਤਰ੍ਹਾਂ ਪਰਿਵਾਰਕ ਫਿਲਮ ਹੈ। ਦੀਪਸ਼ਿਖਾ ਬਰਾੜ ਨੇ ਆਪਣੇ ਵਿਚਾਰ ਪੇਸ਼ ਕਰਦਿਆ ਹੋਇਆਂ ਪ੍ਰੋਡਿਊਸਰ ਪਰਮਜੀਤ ਸੰਦਲ ਤੇ ਲੇਖਕ ਬਲਜਿੰਦਰ ਸੰਘਾ ਨੂੰ ਵਧਾਈ ਦਿੱਤੀ। ਐਮ.ਐਲ .ਏ . ਦਰਸ਼ਨ ਸਿੰਘ ਨੇ ਵੀ ਇਸ ਫਿਲਮ ਲਈ ਵਧਾਈ ਦਿੱਤੀ ਤੇ ਨਾਲ ਹੀ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਪਬਲਿਕ ਸਕੂਲਾਂ ਵਿਚ ਪੰਜਾਬੀ ਕਲਾਸਾਂ ਸ਼ੁਰੂ ਕਰਵਾਉਣ ਲਈ ਕੀਤੇ ਸੈਮੀਨਾਰ ਲਈ ਧੰਨਵਾਦ ਕੀਤਾ। ਅਖੀਰ ਵਿਚ ਪਰਮਜੀਤ ਸੰਦਲ ਨੇ ਇਸ ਦੇ ਦੂਸਰੇ ਭਾਗ ਦੇ ਰੂਪ ਵਿਚ ਆ ਰਹੀ ਫਿਲਮ 'ਦਿਲ ਦਰਿਆਂ ਸਮੁੰਦਰੋਂ ਡੂੰਘੇ' ਬਾਰੇ ਸਭ ਨੂੰ ਜਾਣਕਾਰੀ ਦਿੱਤੀ।

### ਖੇਡ ਅੰਗਰੇਜ਼ੀ ਪਰ ਸੁਆਦ ਪੰਜਾਬੀ 'ਚ

## ਹੁਣ ਸੀ ਬੀ ਸੀ ਹਾਕੀ ਨਾਈਟ ਦਾ ਆਨੰਦ ਪੰਜਾਬੀ ਵਿੱਚ ਮਾਣਿਆ ਜਾ ਸਕੇਗਾ



ਕੈਲਗਰੀ(ਹਰਬੰਸ ਬੁੱਟਰ) : ਦੁਨੀਆ ਦੇ ਹਰ ਖਿੱਤੇ ਵਿੱਚ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਅਤੇ ਆਪਣੀਆਂ ਖੇਡਾਂ ਨੂੰ ਵੀ ਆਪਣੇ ਨਾਲ ਨਾਲ ਹੀ ਰੱਖਿਆ ਹੈ। ਪਰ ਕਈ ਵਾਰ ਮੌਸਮ ਅਤੇ ਮੁਲਕ ਬਦਲ ਜਾਣ ਕਾਰਨ ਖੇਡਾਂ ਵਿੱਚ ਬਦਲਾਅ ਆਇਆ ਹੈ। ਜਿਵੇਂ ਕਨੇਡਾ ਵਿੱਚ ਫੀਲਡ ਹਾਕੀ ਦਾ ਰਿਵਾਜ਼ ਬਹੁਤਾ ਨਹੀਂ ਪਰ ਬਰਫ ਪੈਣ ਕਾਰਨ ਇੱਥੇ "ਆਈਸ ਹਾਕੀ" ਜੋ ਕਿ ਜੰਮੀ ਹੋਈ ਬਰਫ ਉੱਪਰ ਹੀ ਖੇਡੀ ਜਾਂਦੀ ਹੈ, ਦਾ ਬਹੁਤ ਹੀ ਕਰੇਜ਼ ਹੈ। ਪੰਜਾਬੀ ਵੀ ਇਸ ਖੇਡ ਵਿੱਚ ਪਿੱਛੇ ਨਹੀਂ ਹਨ। ਨਵੀਂ ਪੀੜੀ ਦੇ ਕਾਫੀ ਨੌਜਵਾਨ ਆਈਸ ਹਾਕੀ ਖੇਡ ਰਹੇ ਹਨ। ਨਵੀਂ ਪਨੀਰੀ ਵਿੱਚੋਂ ਹੀ ਕੈਲਗਰੀ ਨਿਵਾਸੀ ਪੂਰਨ ਗੁਰਸਿੱਖ ਨੌਜਵਾਨ ਹਰਨਰੈਣ ਸਿੰਘ ਅਤੇ ਸੁਖਪ੍ਰੀਤ ਸਿੰਘ ਨੇ ਪਿਛਲੇ ਸਮੇਂ ਦੌਰਾਨ ਇੰਗਲਿਸ ਟੀ ਵੀ ਚੈਨਲ ਸੀ ਬੀ ਸੀ ਉੱਪਰ ਇਸ ਖੇਡ ਦਾ ਪੰਜਾਬੀ ਵਿੱਚ ਲਾਈਵ ਪ੍ਰਸਾਰਣ ਸੁਰੂ ਕੀਤਾ ਸੀ, ਜਿਸ ਨੂੰ ਪੰਜਾਬੀਆਂ ਨੇ ਬਹੁਤ ਹੀ ਪਸੰਦ ਕੀਤਾ ਸੀ, ਪਰ ਫੰਡਾਂ ਦੀ ਘਾਟ ਦੇ ਬਹਾਨੇ ਕਰਕੇ ਇਸ ਦਾ ਪ੍ਰਸਾਰਣ ਬੰਦ ਕਰ ਦਿੱਤਾ ਗਿਆ ਸੀ, ਜਿਸਦਾ ਸਮੁੱਚੇ ਪੰਜਾਬੀ ਭਾਈਚਾਰੇ ਵਿੱਚ ਕਾਫੀ ਰੋਸ ਪਾਇਆ ਗਿਆ ਸੀ। ਸਿੱਟੇਂ ਵੱਜੋਂ ਐਨ ਡੀ ਪੀ ਮੈਂਬਰ ਪਾਰਲੀਮੈਂਟ ਪੀਟਰ ਜੂਲੀਅਨ, ਪੰਜਾਬੀਆਂ ਅਤੇ ਹੋਰ ਖੇਡ ਪ੍ਰੇਮੀਆਂ ਨੇ ਆਨ ਲਾਈਨ ਪਟੀਸਨਾਂ/ਡੀਮਾਂਡ ਪਾਕੇ ਇਸ ਚੈਨਲ ਨੂੰ ਦੁਬਾਰਾ ਫਿਰ ਸੁਰੂ ਕਰਨ ਦੀ ਬੇਨਤੀ ਕੀਤੀ ਸੀ ਜੋ ਕਿ ਸੀ ਬੀ ਸੀ ਨੇ ਮੰਨ ਲਈ ਹੈ। 4 ਦਸੰਬਰ 2010 ਦਿਨ ਸਨਿਚਰਵਾਰ ਤੋਂ ਫਿਰ "C.B.C'S HOCKEY NIGHT IN CANADA" ਦਾ ਲਾਈਵ ਪ੍ਰਸਾਰਣ ਹਰ ਸਨਿੱਚਰਵਾਰ ਸ਼ੁਰੂ ਹੋ ਗਿਆ ਹੈ। Shaw cable 328 & Roger cable 385 ਰਾਹੀਂ ਵੀ ਤੁਸੀਂ ਇਸ ਦਾ ਆਨੰਦ ਮਾਣ ਸਕਦੇ ਹੋ। ਹਰਨਰੈਣ ਸਿੰਘ ਅਤੇ ਸੁਖਪ੍ਰੀਤ ਸਿੰਘ ਤੋਂ ਇਲਾਵਾ ਨਵੇਂ ਹੋਸਟ ਅਮਰਇੰਦਰ ਸਿੰਘ ਠੇਠ ਪੰਜਾਬੀ ਬੋਲੀ ਵਿੱਚ ਤੁਹਾਡੇ ਰੂਬਰੂ ਹੁੰਦੇ ਹਨ।

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985

Experts in Interior & Exterior Paint



Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070

RESIDENTIAL | COMMERCIAL | INVESTMENT PROPERTIES

HOMELIFE

**Harinder Hundal** M.Sc. Eco. M.B.A.

Sales Representative

Cell: 647-818-6880

Bus: 905-672-1234

Fax: 905-672-0672

hpshundal@gmail.com



HomeLife/United Realty Inc. Brokerage

Independently Owned & Operated

50 Sunnyvale Gate, Unit # 7, Brampton, ON L6S 0C4

*Higher Standards Agents... Higher Results*

# Mulaquat PRODUCTIONS

*TV Program Mulaqat*

*Aired on VISION TV (Channel 60)*

*3.00 p.m. to 3.30 p.m. (Every Saturday)*

*Charanjit Brar*

Producer & Host

647-300-8436



# ਸਾਲ ਦੀ ਸਭ ਤੋਂ ਵੱਡੀ ਸੇਲ!

## ਕੀਮਤਾਂ ਬਹੁਤ ਹੀ ਘੱਟ
## ਅੱਜ ਹੀ ਫਾਇਦਾ ਉਠਾਓ




# STANDARD AWD. PERFECT FOR OUR WINTERS

## 2011 KIZASHI SX iAWD

STANDARD iAWD

ALL-IN-ONE-PRICE
Includes destination, delivery and fees

$190 Bi-Weekly payments plus tax | $0 DOWN | 1.9%* Purchase Financing

STANDARD FEATURES
- 18-inch alloy wheels
- Push button Start
- Heated, leather, 10-way driver's seat
- Bluetooth & USB integration
- Rockford-Fosgate premium audio system
- Smartpass keyless entry
- Power Sunroof
- Automatic Transmission CVT



## CLEAROUT OFFERS ON SELECT 2010 MODELS
OR UP TO $4,500* SAVINGS

0% Purchase Financing for 72 Months

### 2010 SX4 HATCHBACK JX iAWD
MOST FUEL EFFICIENT COMPACT AWD IN CANADA*

STANDARD iAWD

ALL-IN-ONE-PRICE
Includes destination, delivery and fees

$129 Bi-Weekly payments plus tax | $0 DOWN | 0%* Purchase Financing

STANDARD FEATURES
- Air conditioning
- Power Package
- Auxiliary input jack
- ABS with EBD
- Cruise control
- Roof rails
- Heated mirrors
- Steering wheel audio controls



### 2010 GRAND VITARA JX 4WD

STANDARD 4WD

ALL-IN-ONE-PRICE
Includes destination, delivery and fees

$165 Bi-Weekly payments plus tax | $0 DOWN | 0%* Purchase Financing

STANDARD FEATURES
- Keyless Entry and Start System
- Automatic Climate Control
- Cruise Control
- Automatic Transmission
- Alloy Wheels
- ABS with EBD
- Auxiliary input jack



WARRANTY All Suzuki vehicles come with a 5-year, 100,000 kilometre powertrain limited warranty and 3-year unlimited kilometre roadside assistance.

CONSUMERS SHOULD READ THE FOLLOWING: INCLUSIVE PRICING means there are no surprises; our Purchase Financing and Savings offers include Delivery & Destination ($1,495 for Kizashi/$1,395 for SX4/$1,595 for Grand Vitara models), $100 A/C Excise Tax (where applicable), $20 Tire tax, $399 Dealer Administration Fee. Offers do not include PPSA up to $72 (when financing), applicable taxes, license, registration and insurance. Vehicles may not be exactly as shown. Limited time offers are subject to change without notice. *Limited time finance offers available O.A.C.. Special bi-weekly purchase finance offers are available on 2011 Kizashi SX Model 6823141 (Selling Price $32,509), 2010 SX4 Hatchback JX AWD with manual transmission Model (Selling Price $23,509) and 2010 Grand Vitara JX automatic transmission Model L2WB510 (Selling Price $30,109) for a 60 month term, amortized over 84 months. Remaining balance after 60 months must be refinanced or repaid in full, 2011 Kizashi $9,748.98, 2010 SX4 Hatchback JX AWD $6,716 and 2010 Grand Vitara JX $8,602 plus applicable taxes. The bi-weekly 60 month payments amortized over 84 months interest rates are based on 2011 Kizashi SX @1.9%, 2010 SX4 Hatchback JX AWD @0% and 2010 Grand Vitara JX @ 0% purchase financing, bi-weekly payments are $190/$129/$165 with $0 down payment over a 60 month term. Dealers may sell for less. †CASH CLEARANCE SAVINGS of $4,500 is available on a 2010 Grand Vitara JLX with automatic transmission Model L2WB5V0. Certain conditions apply. All offers valid November 1, 2010 through November 30, 2010.

SHOP 24/7 @ MILLWOODSSUZUKI.COM
SPECIAL TOLL FREE 1-866-897-4500
ON THE AUTO ROW 3403-93 ST.

BBB ACCREDITED BUSINESS
Alberta Motor Vehicle Industry Council

SHOP 24/7 @ WESTENDSUZUKI.COM
SPECIAL TOLL FREE 1-888-702-8363
17431-102 AVENUE



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

**ਸੁਪਰੀਮ ਪੀਜ਼ਾ**

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

**ਪੰਜਾਬੀ ਸਟਾਈਲ ਪੀਜ਼ਾ**



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal In Town
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

BRIDGEPORT HOMES LTD.

**BEST PRICES IN TOWN
WE ASSURE BEATING MARKET PRICE**

## Now Lots available for big houses
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**





Lots available for bi-Level homes in Silverberry Area

For more information call: **Dolly Chauhan @ 780-935-7718**